PANJAB TIMES

# ਪੰਜਾਬ ਟਾਈਮਜ਼

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

£2

20th - 27th March 2025 • Issue No. 3072

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

## ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਭਾਰਤ ਦੇ ਦੌਰੇ ਦੌਰਾਨ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਦਿੱਲੀ ਵਿਖੇ ਰਕਾਬ ਗੰਜ ਗੁਰਦੁਆਰਾ ਸਾਹਿਬ ਪਹੁੰਚੇ – ਗੁਰੂ ਘਰ ਵਿਖੇ ਮੱਥਾ ਟੇਕਣ ਉਪਰੰਤ ਗੁਰੂ ਘਰ ਵੱਲੋਂ ਕੀਤਾ ਸਨਮਾਨ








## ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਬਣਾਈ ਪੰਜ ਮੈਂਬਰੀ ਕਮੇਟੀ ਦੁਆਰਾ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸ਼ੁਰੂ, ਸਿੱਖ ਵੱਡੀ ਗਿਣਤੀ ਵਿੱਚ ਮੈਂਬਰ ਬਣਨ ਲਈ ਅੰਮ੍ਰਿਤਸਰ ਪਹੁੰਚੇ

### ਸ਼੍ਰੋ: ਅਕਾਲੀ ਦਲ (ਬਾਦਲ) ਨੇ ਭਰਤੀ ਦਾ ਵਿਰੋਧ ਕਰਦੇ ਕਿਹਾ, "ਭਰਤੀ ਫਾਰਮ ਮੁਕੰਮਲ ਈ ਨਹੀਂ ਹਨ, ਜਿਨ੍ਹਾਂ ਉਤੇ ਕੋਈ ਅਤਾ ਪਤਾ ਹੀ ਨਹੀਂ"













## ਅਨੰਦਪੁਰ ਸਾਹਿਬ ਵਿਖੇ ਹੋਲੇ ਮੁਹੱਲੇ ਮੌਕੇ ਗੁਰੂ ਕੀਆਂ ਲਾਡਲੀਆਂ ਫੌਜਾਂ ਨਿਹੰਗ ਸਿੰਘਾਂ ਨੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ਼ੁਰੂ ਕੀਤੀਆਂ ਰਿਵਾਇਤਾਂ ਦੇ ਉਲਟ ਹੋਲੇ ਮਹੱਲੇ ਦੇ ਥਾਂ ਹੋਲੀ ਮਨਾਉਣੀ ਸ਼ੁਰੂ ਕਰਤੀ – ਮਸਨੂਈ ਜੰਗਾਂ ਯੁੱਧਾਂ ਦਾ ਤਿਓਹਾਰ ਰੰਗਾਂ ਦੇ ਤਿਓਹਾਰ ਵਿੱਚ ਬਦਲ ਦਿੱਤਾ ਗਿਆ







# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ




## ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਥਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।

## HALAL OR KUTTHA MEAT SERVED

### IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

## ਆਪ ਦੇ ਅਤੀ ਧੰਨਵਾਦੀ ਹੋਵਾਂਗੇ

ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ

# ਪੰਜ ਮੈਂਬਰੀ ਕਮੇਟੀ ਨੇ ਅਕਾਲੀ ਦਲ ਦੀ ਭਰਤੀ ਕੀਤੀ ਸ਼ੁਰੂ

## ✪ ਅਕਾਲ ਤਖ਼ਤ ਸਾਹਿਬ 'ਤੇ ਗਿਆਨੀ ਹਰਪ੍ਰੀਤ ਸਿੰਘ ਨੇ ਅਰਦਾਸ ਕਰਕੇ ਕਰਵਾਈ ਭਰਤੀ ਦੀ ਸ਼ੁਰੂਆਤ





ਅੰਮ੍ਰਿਤਸਰ-ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ਾਂ ਅਨੁਸਾਰ ਅਕਾਲੀ ਦਲ ਦੀ ਭਰਤੀ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਸੀ। ਪੰਜ ਮੈਂਬਰੀ ਕਮੇਟੀ ਵੱਲੋਂ ਕਿਹਾ ਗਿਆ ਸੀ ਕਿ 18 ਮਾਰਚ ਨੂੰ ਸਵੇਰੇ ਉਹ ਅਕਾਲ ਤਖ਼ਤ ਸਾਹਿਬ 'ਤੇ ਅਰਦਾਸ ਕਰਕੇ ਅਕਾਲੀ ਦਲ ਦੀ ਭਰਤੀ ਮੁਹਿੰਮ ਦੀ ਸ਼ੁਰੂਆਤ ਕਰਨਗੇ। ਇਸ ਦੌਰਾਨ ਬੀਬੀ ਜਗੀਰ ਕੌਰ ਅਤੇ ਹੋਰ ਅਕਾਲੀ ਆਗੂਆਂ ਨੇ ਕਿਹਾ ਕਿ ਇਹ ਪੰਜ ਮੈਂਬਰੀ ਕਮੇਟੀ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਹੋਏ ਹੁਕਮਨਾਮੇ ਅਨੁਸਾਰ ਬਣਾਈ ਗਈ ਸੀ। ਉਨ੍ਹਾਂ ਕਿਹਾ ਕਿ ਅੱਜ ਦੀ ਇਸ ਭਰਤੀ ਮੁਹਿੰਮ ਵਿਚ ਸਾਰੇ ਅਕਾਲੀਆਂ ਨੂੰ ਇੱਕਜੁੱਟ ਹੋ ਕੇ ਨਵੀਂ ਭਰਤੀ ਕਰਨੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਅਕਾਲੀ ਦਲ ਦੀ ਭਰਤੀ ਨੂੰ ਲੈ ਕੇ ਪੂਰੇ ਪੰਜਾਬ ਵਿਚ ਲੋਕਾਂ ਦਾ ਬਹੁਤ ਸਾਰਾ ਉਤਸ਼ਾਹ ਹੈ ਅਤੇ ਇਸ ਭਰਤੀ ਨਾਲ 2027 ਵਿਚ ਅਕਾਲੀ ਦਲ ਨੂੰ ਹੋਰ ਮਜ਼ਬੂਤੀ ਮਿਲੇਗੀ।

ਇਸ ਦੌਰਾਨ ਪੰਜ ਮੈਂਬਰੀ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ ਅਕਾਲੀ ਦਲ ਦੀ ਨਵੀਂ ਭਰਤੀ ਦਾ ਹੁਕਮ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਉਨ੍ਹਾਂ ਨੂੰ ਮਿਲਿਆ ਸੀ ਅਤੇ ਹੁਣ ਉਨ੍ਹਾਂ ਵੱਲੋਂ ਅਰਦਾਸ ਕਰਕੇ ਅਕਾਲੀ ਦਲ ਦੀ ਨਵੀਂ ਭਰਤੀ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਦੇ ਨਾਲ ਹੀ ਅਕਾਲੀ ਦਲ ਦੀ ਭਰਤੀ ਦੀ ਸ਼ੁਰੂਆਤ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਪਹਿਲੀ ਰਸੀਦ ਕਟਵਾ ਕੇ ਕੀਤੀ। ਉਨ੍ਹਾਂ ਕਿਹਾ ਕਿ ਇਸ ਭਰਤੀ ਲਈ ਸਾਨੂੰ ਪੰਥ ਤੇ ਸਿੱਖ ਸੰਗਠਨਾਂ ਦੇ ਸਮਰਥਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 5 ਮੈਂਬਰ ਕਮੇਟੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਰਦੇਸ਼ਾਂ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਭਰਤੀ ਸ਼ੁਰੂ ਕਰਨਗੇ ਤੇ ਇਹ ਮੈਂਬਰਸ਼ਿਪ ਮੈਂਬਰ ਦੇ ਆਧਾਰ ਕਾਰਡ ਰਿਕਾਰਡ ਦੇ ਨਾਲ ਸਾਫ਼-ਸੁਥਰੀ ਹੋਵੇਗੀ। ਉਨ੍ਹਾਂ ਕਿਹਾ ਕਿ ਅਸੀਂ ਸ਼੍ਰੋਮਣੀ ਅਕਾਲੀ ਦਲ ਤੇ ਸਿੱਖ ਸੰਗਠਨਾਂ ਦੇ ਹਰੇਕ ਮੈਂਬਰ ਨਾਲ ਮੁਲਾਕਾਤ ਕਰਾਂਗੇ ਅਤੇ ਇਹ ਭਰਤੀ 6 ਮਹੀਨਿਆਂ ਤੱਕ ਜਾਰੀ ਰਹੇਗੀ।

### ਪੰਜ ਮੈਂਬਰੀ ਕਮੇਟੀ ਨੇ ਜਥੇਦਾਰ ਨੂੰ ਮਾਨਤਾ ਦਿੱਤੀ

2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਲਈ ਬਣਾਈ ਗਈ ਕਮੇਟੀ ਦੇ ਪੰਜ ਮੈਂਬਰ ਮਨਪ੍ਰੀਤ ਸਿੰਘ ਇਯਾਲੀ, ਗੁਰਪ੍ਰਤਾਪ ਸਿੰਘ ਵਡਾਲਾ, ਸੰਤਾ ਸਿੰਘ ਉਮੈਦਪੁਰੀ, ਇਕਬਾਲ ਸਿੰਘ ਝੂੰਦਾ ਤੇ ਬੀਬੀ ਸਤਵੰਤ ਕੌਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਰਤੀ ਮੁਹਿੰਮ ਸ਼ੁਰੂ ਕਰਨ ਤੋਂ ਬਾਅਦ ਜਥੇਦਾਰ ਵੱਲੋਂ ਭੇਜੇ ਗਏ ਸੱਦੇ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚੇ। ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਪੰਜ ਮੈਂਬਰੀ ਕਮੇਟੀ ਅੱਗੇ ਪੰਥਕ ਏਕਤਾ ਅਤੇ ਆਪਸ ਵਿਚ ਚੱਲ ਕੇ ਪੰਥ ਲਈ ਸੇਵਾਵਾਂ ਕਰਨ ਲਈ ਕਿਹਾ। ਜਦਕਿ ਭਰਤੀ ਮੁਹਿੰਮ ਦੀ ਅਰਦਾਸ ਕਰਨ ਉਪਰੰਤ ਹੀ ਪੰਜ ਮੈਂਬਰੀ ਕਮੇਟੀ ਨੂੰ ਜਥੇਦਾਰ ਨੇ ਚਾਹ 'ਤੇ ਚਰਚਾ ਲਈ ਸੱਦਾ ਭੇਜਿਆ।

ਜਥੇਦਾਰ ਮਿਲਣੀ ਤੋਂ ਬਾਅਦ ਮਨਪ੍ਰੀਤ ਸਿੰਘ ਇਆਲੀ ਨੇ ਕਿਹਾ ਕਿ ਜਥੇਦਾਰ ਵੱਲੋਂ ਪੰਥਕ ਏਕਤਾ ਦੀ ਗੱਲ ਕੀਤੀ ਗਈ ਹੈ ਜਿਸ ਦੇ ਅਸੀਂ ਵੀ ਹਾਮੀ ਹਾਂ ਪਾਰਟੀ ਵਿੱਚ ਡਿਕਟੇਟਰਸ਼ਿਪ ਨਹੀਂ ਹੋਣੀ ਚਾਹੀਦੀ , ਪੰਥ ਦੀ ਆਵਾਜ਼ ਅਤੇ ਸੰਸਥਾਵਾਂ ਆਜ਼ਾਦ ਹੋਣੀਆਂ ਚਾਹੀਦੀਆਂ ਹਨ। ਅਸੀਂ ਹਮੇਸ਼ਾ ਹੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹਾਂ। ਸਾਨੂੰ ਮੌਜੂਦਾ ਜਥੇਦਾਰ ਦਾ ਸੱਦਾ ਮਿਲਿਆ ਸੀ ਅਤੇ ਅਸੀਂ ਉਸ ਸੱਦੇ ਨੂੰ ਪ੍ਰਵਾਨ ਕਰਦੇ ਹੋਏ ਮੀਟਿੰਗ ਲਈ ਪਹੁੰਚੇ।

ਅਰਦਾਸ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਖਿਆ ਕਿ ਇਹ ਭਰਤੀ ਸ੍ਰੀ ਅਕਾਲ ਤਖਤ ਦੇ ਆਦੇਸ਼ ਅਨੁਸਾਰ ਹੋਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਨਾਂ ਹੇਠ ਹੋਣ ਵਾਲੀ ਭਰਤੀ ਵਾਸਤੇ ਮੈਂਬਰਾਂ ਕੋਲੋਂ ਕੋਈ ਫੀਸ ਨਹੀਂ ਲਈ ਜਾਵੇਗੀ। ਇਹ ਭਰਤੀ ਬਿਨਾਂ ਫੀਸ ਦੇ ਹੋਵੇਗੀ। ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖਤ ਵੱਲੋਂ ਦਿੱਤੇ ਗਏ ਸਮੇਂ ਮੁਤਾਬਕ ਇਹ ਭਰਤੀ ਪ੍ਰਕਿਰਿਆ ਮੁਕੰਮਲ ਕੀਤੀ ਜਾਵੇਗੀ। ਭਰਤੀ ਤੋਂ ਬਾਅਦ ਡੈਲੀਗੇਟ ਚੁਣੇ ਜਾਣਗੇ ਅਤੇ ਡੈਲੀਗੇਟ ਪ੍ਰਧਾਨ ਦੀ ਚੋਣ ਕਰਨਗੇ।

ਇਸ ਮੌਕੇ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਬਾਬਾ ਸਰਬਜੋਤ ਸਿੰਘ ਬੇਦੀ, ਪਰਮਿੰਦਰ ਸਿੰਘ ਢੀਂਡਸਾ, ਭਾਈ ਮਨਜੀਤ ਸਿੰਘ, ਬੀਬੀ ਕਿਰਨਜੋਤ ਕੌਰ, ਡਾਕਟਰ ਰਤਨ ਸਿੰਘ, ਅਜਨਾਲਾ ਕਰਨੈਲ ਸਿੰਘ ਪੰਜੋਲੀ, ਐਡਵੋਕੇਟ ਜਸਵਿੰਦਰ ਸਿੰਘ ਮੌਜੂਦ ਸਨ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਦਾਅਵੇ ਅਨੁਸਾਰ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਅਨੁਸਾਰ ਹੀ ਚੋਣ ਅਫਸਰ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ 20 ਜਨਵਰੀ ਤੋਂ 28 ਫਰਵਰੀ 2025 ਤੱਕ 25 ਲੱਖ ਤੋਂ ਵੱਧ ਮੈਂਬਰ ਭਰਤੀ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ। ਦੂਜੇ ਪਾਸੇ ਅਕਾਲੀ ਦਲ ਦੇ ਮੈਂਬਰਾਂ ਦੀ ਭਰਤੀ ਸ਼ੁਰੂ ਕਰਨ ਨਾਲ ਸਿੱਖ ਦੁਚਿੱਤੀ ਵਿਚ ਪੈ ਜਾਣਗੇ, ਜਿਸ ਨਾਲ ਅਕਾਲੀ ਦਲ ਵਿਚ ਇਕ ਵਾਰ ਫਿਰ ਆਪਸੀ ਵਿਵਾਦ ਹੋਰ ਡੂੰਘਾ ਹੋ ਜਾਵੇਗਾ। ਦੱਸਣ ਯੋਗ ਹੈ ਕਿ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਹੋਰਨਾਂ ਵੱਲੋਂ ਇਸ ਭਰਤੀ 'ਤੇ ਇਤਰਾਜ਼ ਕੀਤਾ ਜਾ ਚੁੱਕਾ ਹੈ।

### ਬਾਦਲ ਦਲ ਵਲੋਂ ਭਰਤੀ ਦਾ ਵਿਰੋਧ

ਸ਼੍ਰੋਮਣੀ ਅਕਾਲੀ ਦਲ ਸੰਸਦੀ ਬੋਰਡ ਅਤੇ ਭਰਤੀ ਕਮੇਟੀ ਅਬਜ਼ਰਬਰਾਂ ਦੀ ਅਹਿਮ ਮੀਟਿੰਗ ਬੀਤੇ ਦਿਨੀਂ ਪਾਰਟੀ ਮੁੱਖ ਦਫ਼ਤਰ ਵਿਖੇ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਹੋਈ, ਜਿਸ ਵਿਚ ਸ਼੍ਰੋਮਣੀ ਅਕਾਲੀ ਦਲ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵਨਿਯੁਕਤ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਸੰਦੇਸ਼ ਨੂੰ ਮੁੱਖ ਰੱਖਦਿਆਂ ਪਾਰਟੀ ਤੋਂ ਨਾਰਾਜ਼ ਆਗੂਆਂ ਨੂੰ ਪਾਰਟੀ ਵਿਚ ਮੁੜ ਸ਼ਾਮਿਲ ਹੋ ਕੇ ਇਕਜੁੱਟ ਹੋਣ ਦਾ ਸੱਦਾ ਦਿੱਤਾ। ਮੀਟਿੰਗ ਉਪਰੰਤ ਬਲਵਿੰਦਰ ਸਿੰਘ ਭੂੰਦੜ ਅਤੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਬਣਾਈ ਭਰਤੀ ਕਮੇਟੀ ਸਮੇਤ ਸਾਰੇ ਮੈਂਬਰਾਂ ਨੂੰ ਅਪੀਲ ਕਰਦੇ ਹਨ ਕਿ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਤੇ ਪੰਥਕ ਤਾਕਤਾਂ ਨੂੰ ਮਜ਼ਬੂਤ ਕਰਨ ਵਾਸਤੇ ਸਾਰੇ ਮਤਭੇਦ ਭੁਲਾ ਕੇ ਪੰਥ ਦੀ ਏਕਤਾ ਵਾਸਤੇ ਕੰਮ ਕਰਨ। ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਹੋਲੇ ਮਹੱਲੇ 'ਤੇ ਦਿੱਤੇ ਗਏ ਸੰਦੇਸ਼ ਦੀ ਗੱਲ ਕਰਦਿਆਂ ਬਲਵਿੰਦਰ ਸਿੰਘ ਭੂੰਦੜ ਅਤੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਇਹ ਸੱਚਾਈ ਹੈ ਕਿ ਸਿੱਖ ਇਤਿਹਾਸ ਵਿਚ ਅਜਿਹੇ ਅਨੇਕਾਂ ਹਵਾਲੇ ਹਨ ਕਿ ਜਦੋਂ ਕੌਮ ਇਕਜੁੱਟ ਹੋਈ ਤਾਂ ਇਸ ਨੂੰ ਅਨੇਕਾਂ ਲਾਭ ਹੋਏ ਤੇ ਸਾਨੂੰ ਇਤਿਹਾਸਕ ਤੱਥਾਂ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਸੰਸਦੀ ਬੋਰਡ ਤੇ ਜ਼ਿਲ੍ਹਾ ਅਬਜ਼ਰਵਰਾਂ ਨੇ ਭਰਤੀ ਮੁਹਿੰਮ ਦੀ ਸਮੀਖਿਆ ਕੀਤੀ ਅਤੇ ਮੈਂਬਰਸ਼ਿਪ ਭਰਤੀ ਫਾਰਮ ਜਮ੍ਹਾਂ ਕਰਵਾਉਣ ਦੀ ਤਰੀਕ 25 ਮਾਰਚ ਤੱਕ ਵਧਾ ਦਿੱਤੀ ਗਈ ਹੈ। ਡਾਕਟਰ ਦਲਜੀਤ ਚੀਮਾ ਨੇ ਮਨਪ੍ਰੀਤ ਸਿੰਘ ਇਆਲੀ ਵੱਲੋਂ ਸਾਂਝਾ ਕੀਤਾ ਭਰਤੀ ਦਾ ਫਾਰਮ ਦਿਖਾਉਂਦਿਆਂ ਉਹਨਾਂ ਕਿਹਾ ਕੇ ਇਹ ਫਾਰਮ ਤੇ ਲੀਡਰ ਐਲਾਨ ਕਰ ਰਹੇ ਨੇ ਕੇ ਸ੍ਰੋਮਣੀ ਅਕਾਲੀ ਦਲ ਦੀ ਭਰਤੀ ਹੋ ਰਹੀ ਹੈ ਪਰ ਫਾਰਮ ਤੇ ਸ਼੍ਰੋਮਣੀ ਅਕਾਲੀ ਦਲ ਪੂਰਾ ਸ਼ਬਦ ਹੀ ਨਹੀਂ ਹੈ. ਮੈਂਬਰਸ਼ਿਪ ਅਕਾਲੀ ਦਲ ਲਿਖਿਆ ਹੋਇਆ ਹੈ ਅਤੇ ਇਹ ਪਾਰਟੀ ਕਦੋਂ ਬਣੀ, ਕਦੋਂ ਰਜਿਸਟਰ ਹੋਈ, ਕਿੱਥੇ ਬਣੀ, ਕਦੋਂ ਇਸਦਾ ਵਿਧਾਨ ਪਾਸ ਕੀਤਾ ਗਿਆ ਇਹ ਦੱਸੋ ?

ਫਾਰਮ ਤੇ ਦਫਤਰ ਦਾ ਪਤਾ ਤੇ ਨੰਬਰ ਨਹੀਂ ਹੈ, ਲੋਕਾਂ ਤੋਂ ਆਧਾਰ ਕਾਰਡ ਸਮੇਤ ਸਾਰੀ ਜਾਣਕਾਰੀ ਮੰਗਦੇ ਨੇ ਪਰ ਆਪ ਕੁਝ ਨਹੀਂ ਦੱਸਿਆ, ਨਾ ਪਾਰਟੀ ਦਾ ਦਫਤਰ ਦਾ ਪਤਾ ਤੇ ਨਾ ਹੀ ਕੋਈ ਨੰਬਰ। ਉਹਨਾਂ ਪੁੱਛਿਆ ਕਿ ਜਿਹੜਾ ਪੈਸੇ ਇਕੱਠਾ ਕਰਨਾ ਹੈ ਉਹ ਕਿਸ ਖਾਤੇ ਵਿਚ ਜਾਵੇਗਾ? ਉਹਨਾਂ ਕਿਹਾ ਕੇ ਪਰਚੀ ਥੱਲੇ ਲਿਖ ਦਿੱਤਾ ਕਿ 5 ਮੈਂਬਰੀ ਭਰਤੀ ਕਮੇਟੀ, ਇਹ ਕਿਸ ਨੇ ਬਣਾਈ ਹੈ, ਇਹ ਵੀ ਦੱਸੋ ? ਉਹਨਾਂ ਕਿਹਾ ਕੇ ਤੁਹਾਡੇ ਇਸੇ ਵਤੀਰੇ ਕਰਕੇ 2 ਟਾਪ ਦੇ ਮੈਂਬਰ 7 ਮੈਂਬਰੀ ਕਮੇਟੀ ਛੱਡ ਗਏ. ਉਹਨਾਂ ਕਿਹਾ ਕਿ ਅਸੀਂ ਇਕੱਠੇ ਹੋ ਕੇ ਅਕਾਲ ਤਖ਼ਤ ਸਾਹਿਬ ਸਾਰੇ ਸਬੂਤ ਅਤੇ ਦਸਤਾਵੇਜ ਲੈਕੇ ਗਏ ਸੀ ਕਿ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਹਰ ਹੁਕਮ ਪ੍ਰਵਾਨ ਕਰ ਲਿਆ ਪਰ ਬੇਨਤੀ ਹੈ ਕੇ ਦੇਸ਼ ਦੇ ਕਾਨੂੰਨ ਕਰਕੇ ਸਾਡੀ ਮਾਨਤਾ ਰੱਦ ਹੋ ਸਕਦੀ ਹੈ। ਉਹਨਾਂ ਕਿਹਾ ਕੇ ਫੇਰ ਸਿੰਘ ਸਾਬ ਨੇ ਸਾਡੀ ਗੱਲ ਸਮਝ ਕੇ ਕਿਹਾ ਸੀ ਕਿ ਵਰਕਿੰਗ ਕਮੇਟੀ ਭਰਤੀ ਵਾਲਾ ਇਹ ਕੰਮ ਕਰ ਲਵੇ। ਉਹਨਾਂ ਇਯਾਲੀ ਧੜ੍ਹੇ ਨੂੰ ਕਿਹਾ ਕਿ ਅਸੀਂ ਅਕਾਲ ਤਖ਼ਤ ਤੋਂ ਨਹੀਂ ਭੱਜੇ ਸਗੋਂ ਇਹ ਤਾਂ ਜੰਮਣ ਤੋਂ ਪਹਿਲਾਂ ਹੀ ਭੱਜ ਗਏ। ਉਹਨਾਂ ਇਸ ਪਿੱਛੇ ਦਿੱਲੀ ਦੀਆਂ ਸ਼ਕਤੀਆਂ ਦੀ ਸ਼ਮੂਲੀਅਤ ਦੀ ਗੱਲ ਵੀ ਕੀਤੀ। ਅਖੀਰ ਵਿਚ ਉਹਨਾਂ ਕਿਹਾ ਕਿ ਤੁਸੀਂ ਇਹ ਤਰਾਂ ਦੀ ਜਾਅਲਸਾਜ਼ੀ ਅਤੇ 2 ਨੰਬਰ ਦਾ ਕੰਮ ਦਰਬਾਰ ਸਾਹਿਬ ਤੋਂ ਦੂਰ ਜਾ ਕੇ ਕਰੋ, ਕਿਰਪਾ ਕਰਕੇ ਇਸ ਧਰਤੀ ਤੇ ਇਹ ਸਭ ਨਾ ਕਰੋ।

# ਧਰਮ ਪਰਿਵਰਤਨ ਨੂੰ ਠਲ ਪਾਉਣ ਲਈ ਸਿੱਖ ਲਹਿਰ ਦਾ ਸੱਦਾ

## ✪ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਿੱਤਾ ਪੰਥ ਦੇ ਨਾਂਅ ਸੰਦੇਸ਼

ਸ੍ਰੀ ਅਨੰਦਪੁਰ ਸਾਹਿਬ-ਖ਼ਾਲਸਾਈ ਜਾਹੋ ਜਲਾਲ ਦਾ ਪ੍ਰਤੀਕ ਕੌਮੀ ਜੋੜ ਮੇਲਾ ਹੋਲਾ ਮਹੱਲਾ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵਲੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਪੰਥ ਦੇ ਨਾਂਅ ਸੰਦੇਸ਼ ਜਾਰੀ ਕੀਤਾ ਗਿਆ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਕੱਢਣ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਨੂੰ ਵਿਲੱਖਣ ਅਤੇ ਨਿਆਰੇ ਤਿਉਹਾਰ ਦਿੱਤੇ। ਜਿਸ ਤਹਿਤ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਹੋਲਾ ਮਹੱਲਾ ਮਨਾਇਆ ਜਾਂਦਾ ਹੈ।



ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਜਿਸ ਤਰ੍ਹਾਂ ਅਸੀਂ ਆਪਣੀਆਂ ਟਰੈਕਟਰ-ਟਰਾਲੀਆਂ ਸਜਾਉਂਦੇ ਹਾਂ, ਉਸੇ ਤਰ੍ਹਾਂ ਅਗਲੇ ਮੇਲੇ 'ਤੇ ਬਾਣੀ ਅਤੇ ਬਾਣੇ ਦੇ ਧਾਰਨੀ ਬਣ ਕੇ ਸ੍ਰੀ ਅਨੰਦਪੁਰ ਸਾਹਿਬ ਆਈਏ। ਉਨ੍ਹਾਂ ਕਿਹਾ ਕਿ ਇਸ ਨਿਆਰੇ ਪੰਥ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਨਸ਼ਿਆਂ ਦਾ ਦਰਿਆ ਵਗ ਰਿਹਾ ਹੈ ਤੇ ਨੌਜਵਾਨ ਮੜ੍ਹੀਆਂ ਵੱਲ ਨੂੰ ਜਾ ਰਹੇ ਹਨ। ਜਦੋਂਕਿ ਗੁਰੂ ਸਾਹਿਬਾਨ ਦਾ ਸਿਧਾਂਤ ਬਾਣੀ ਦੇ ਨਸ਼ੇ ਨਾਲ ਜੋੜਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ 'ਤੇ ਵੱਡੇ ਪੱਧਰ 'ਤੇ ਧਰਮ ਪਰਿਵਰਤਨ ਹੋ ਰਿਹਾ ਹੈ। ਜਿਸ ਵਿਚ ਸਿੱਖੀ ਦਾ ਸਾਰਿਆਂ ਤੋਂ ਵੱਡਾ ਗੜ੍ਹ ਮਾਝਾ ਸ਼ਾਮਿਲ ਹੈ। ਅੱਜ ਲੋੜ ਹੈ ਅਸੀਂ ਆਪਣੇ ਧਰਮ ਵਿਚ ਪਰਪੱਕ ਹੋਈਏ। ਗਿਆਨੀ ਗੜਗੱਜ ਨੇ ਕਿਹਾ ਕਿ ਅੱਜ ਅਸੀਂ ਆਪਣੀ ਮਾਂ ਬੋਲੀ ਪੰਜਾਬੀ ਤੋਂ ਵਿੱਛੜੇ ਹੋਏ ਹਾਂ ਅਤੇ ਪੰਜਾਬੀ ਤੋਂ ਦੂਰ ਹੁੰਦੇ ਜਾ ਰਹੇ ਹਾਂ। ਉਨ੍ਹਾਂ ਸ਼੍ਰੋਮਣੀ ਕਮੇਟੀ ਨੂੰ ਤਾਕੀਦ ਕੀਤੀ ਕਿ ਜਿਹੜੀ ਸਰਕਾਰ ਨੇ ਸਿੱਖਿਆ ਨੀਤੀ ਬਣਾਈ ਹੈ, ਇੱਕ ਵਿੱਦਿਅਕ ਕੌਂਸਲ ਬਣਾ ਕੇ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਦੇਖੇ ਕਿ ਇਹ ਪੰਜਾਬ ਦੇ ਹਿਤ ਵਿਚ ਹੈ ਕਿ ਨਹੀਂ। ਉਨ੍ਹਾਂ ਕਿਹਾ ਕਿ ਗੁਰਮੁਖੀ ਨਾਲ ਜੁੜਦਿਆਂ ਗੁਰੂ, ਗਤਕਾ ਤੇ ਗੁਰਬਾਣੀ ਨਾਲ ਜੁੜ ਕੇ ਸਾਨੂੰ ਕੋਈ ਤਾਕਤ ਹਰਾ ਨਹੀਂ ਸਕਦੀ। ਗਿਆਨੀ ਗੜਗੱਜ ਨੇ ਕਿਹਾ ਕਿ 1947 ਵਿਚ ਪੰਜਾਬੀਆਂ ਦਾ ਉਜਾੜਾ ਹੋਇਆ। ਪਰੰਤੂ ਦੁੱਖ ਦੀ ਗੱਲ ਹੈ ਕਿ ਹਿਮਾਚਲ ਪ੍ਰਦੇਸ਼ ਤੇ ਮਨੀਪੁਰ ਵਿਚ ਅਸੀਂ ਜ਼ਮੀਨ ਨਹੀਂ ਖ਼ਰੀਦ ਸਕਦੇ। ਜੇਕਰ ਪੰਜਾਬੀ ਅਜਿਹੀ ਗੱਲ ਕਰਨ ਤਾਂ ਉਹ ਫ਼ਿਰਕੂ ਹੋ ਜਾਂਦੇ ਹਨ। ਉਨ੍ਹਾਂ ਕਿਹਾ ਸੰਵਿਧਾਨ ਕਹਿੰਦਾ ਹੈ ਕਿ ਪੰਜਾਬ ਵਿਚ ਪੰਥ ਦੇ ਬੋਲਬਾਲੇ ਹੋਣ। ਪਰੰਤੂ ਹਿੰਦੂ ਤੇ ਮੁਸਲਮਾਨ ਵੀ ਸਾਡੇ ਭਰਾ ਹਨ ਤੇ ਉਹ ਪੰਜਾਬੀਆਂ ਨੂੰ ਅਪੀਲ ਕਰਦੇ ਹਨ ਜੋ ਪੰਜਾਬ ਨੂੰ ਬਸਤੀ ਬਣਾਇਆ ਜਾ ਰਿਹਾ ਹੈ ਉਸ ਬਾਰੇ ਸੋਚਿਆ ਜਾਵੇ। ਉਨ੍ਹਾਂ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਸਾਡੇ ਗੁਰਧਾਮਾਂ 'ਤੇ ਕਬਜ਼ਾ ਕਰਨਾ ਚਾਹੁੰਦੀਆਂ ਹਨ। ਉਹ ਇਸ ਫ਼ਸੀਲ ਤੋਂ ਵਾਅਦਾ ਕਰਦੇ ਹਨ ਕਿ ਇਨ੍ਹਾਂ ਪੰਥ ਵਿਰੋਧੀ ਤਾਕਤਾਂ ਦਾ ਗੁਰਧਾਮਾਂ 'ਤੇ ਕਬਜ਼ਾ ਨਹੀਂ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਇਹ ਗੁਰੂ ਘਰ ਪੰਥ ਦੇ ਸੀ ਤੇ ਪੰਥ ਦੇ ਰਹਿਣਗੇ। ਉਨ੍ਹਾਂ ਅੱਗੇ ਕਿਹਾ ਕਿ ਸਾਡਾ ਧੁਰਾ ਗੁਰੂ ਗ੍ਰੰਥ ਤੇ ਗੁਰੂ ਪੰਥ ਹੈ। ਇਸ ਤੋਂ ਪਰੇ ਉਜਾੜ ਹੈ। ਇਸ ਲਈ ਪੰਥਕ ਏਕਤਾ ਬਹੁਤ ਜ਼ਰੂਰੀ ਹੈ। ਉਨ੍ਹਾਂ ਅੱਗੇ ਕਿਹਾ ਕਿ ਸਮਾਜਿਕ ਅਲਾਮਤਾਂ ਖ਼ਿਲਾਫ਼ ਖ਼ਾਲਸਾ ਸਾਜਨਾ ਦਿਵਸ ਵਿਸਾਖੀ ਵਾਲੇ ਦਿਨ ਇੱਕ ਵੱਡੀ ਧਰਮ ਪ੍ਰਚਾਰ ਲਹਿਰ ਸ਼ੁਰੂ ਕੀਤੀ ਜਾਵੇਗੀ। ਇਹ ਲਹਿਰ ਗ਼ਰੀਬ ਸਿੱਖਾਂ ਦੇ ਘਰ ਤੋਂ ਸ਼ੁਰੂ ਹੋਵੇਗੀ। ਉਨ੍ਹਾਂ ਨਿਹੰਗ ਜਥੇਬੰਦੀਆਂ, ਮਿਸ਼ਨਰੀ, ਨਿਰਮਲੇ, ਦਮਦਮੀ ਟਕਸਾਲ, ਕਾਰ ਸੇਵਾ, ਸ਼੍ਰੋਮਣੀ ਕਮੇਟੀ ਤੇ ਸਾਰੀਆਂ ਸਿੱਖ ਸੰਸਥਾਵਾਂ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ ਕਿ ਆਓ ਰਲ ਮਿਲ ਕੇ ਚੱਲੀਏ ਤੇ ਗੁਰੂ ਦੇ ਹੁਕਮ ਨੂੰ ਮੰਨੀਏ।

ਇਥੇ ਜ਼ਿਕਰਯੋਗ ਹੈ ਕਿ ਦਮਦਮੀ ਟਕਸਾਲ ਦੇ ਸੰਭਾਵੀ ਵਿਰੋਧ ਕਾਰਣ ਸ਼੍ਰੋਮਣੀ ਕਮੇਟੀ ਵਲੋਂ ਸਜਾਏ ਨਗਰ ਕੀਰਤਨ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵ-ਨਿਯੁਕਤ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਸ਼ਾਮਿਲ ਨਹੀਂ ਹੋਏ।

# ਮਾਰਕ ਕਾਰਨੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਵਜੋਂ ਚੁਕੀ ਸੌਂਹ

## ✪ ਇਮੀਗ੍ਰੇਸ਼ਨ ਮੰਤਰੀ ਬਦਲਿਆ, ਕਮਲ ਖਹਿਰਾ ਸਿਹਤ ਮੰਤਰੀ ਤੇ ਅਨੀਤਾ ਅਨੰਦ ਉਦਯੋਗ ਮੰਤਰੀ ਬਣੇ

ਟੋਰਾਂਟੋ-ਬੈਂਕ ਆਫ਼ ਕੈਨੇਡਾ ਤੇ ਬੈਂਕ ਆਫ਼ ਇੰਗਲੈਂਡ ਦੇ ਗਵਰਨਰ ਰਹਿ ਚੁੱਕੇ ਨਾਮਵਰ ਅਰਥ ਸ਼ਾਸਤਰੀ ਮਾਰਕ ਕਾਰਨੀ (60) ਨੇ ਕੈਨੇਡਾ ਦੇ 24ਵੇਂ ਪ੍ਰਧਾਨ ਮੰਤਰੀ ਵਜੋਂ ਰਾਜਧਾਨੀ ਓਟਾਵਾ ਵਿਖੇ ਅਹੁਦਾ ਸੰਭਾਲ ਲਿਆ। ਇਸ ਬਾਰੇ ਦੇਸ਼ ਦੀ ਗਵਰਨਰ ਜਨਰਲ ਮੈਰੀ ਸਾਈਮਨ ਦੀ ਅਗਵਾਈ 'ਚ ਰੀਡੂ ਹਾਲ ਵਿਖੇ ਸਹੁੰ-ਚੁੱਕ ਸਮਾਗਮ ਹੋਇਆ, ਜਿਸ ਵਿਚ ਬੀਤੇ 9 ਸਾਲ ਤੇ ਚਾਰ ਕੁ ਮਹੀਨੇ ਦੇਸ਼ ਦੇ 23ਵੇਂ ਪ੍ਰਧਾਨ ਮੰਤਰੀ ਰਹੇ ਜਸਟਿਨ ਟਰੂਡੋ ਵੀ ਸ਼ਾਮਿਲ ਹੋਏ। ਇਸ ਤੋਂ ਪਹਿਲਾਂ ਟਰੂਡੋ ਦੇ ਅਸਤੀਫ਼ੇ ਨਾਲ ਉਨ੍ਹਾਂ ਦੇ 37 ਮੰਤਰੀਆਂ ਵਾਲੇ ਮੰਤਰੀ ਮੰਡਲ ਦੀ ਮਿਆਦ ਵੀ ਖਤਮ ਹੋ ਗਈ।

ਮਾਰਕ ਕਾਰਨੀ ਨੇ ਆਪਣੇ ਮੰਤਰੀ ਮੰਡਲ 'ਚ ਮੰਤਰੀਆਂ ਦੀ ਗਿਣਤੀ 23 ਤੱਕ ਸੀਮਤ ਰੱਖਦੇ ਹੋਏ ਕੁਝ ਨਵੇਂ ਮੰਤਰੀ ਸ਼ਾਮਿਲ ਕੀਤੇ ਹਨ ਅਤੇ ਟਰੂਡੋ ਦੇ ਕੁਝ ਮੰਤਰੀਆਂ ਦੇ ਅਹੁਦੇ ਬਦਲੇ ਗਏ ਹਨ। ਕਾਰਨੀ ਦੀ ਘੱਟ-ਗਿਣਤੀ ਸਰਕਾਰ ਨੂੰ ਇਸ ਸਮੇਂ ਆਰਜੀ ਸਰਕਾਰ ਸਮਝਿਆ ਜਾ ਰਿਹਾ, ਜਿਸ ਵਾਸਤੇ ਕੈਨੇਡਾ ਅਤੇ ਅਮਰੀਕਾ ਵਿਚਕਾਰ ਚੱਲ ਰਹੀ ਵਪਾਰਕ ਜੰਗ ਸਭ ਤੋਂ ਵੱਡੀ ਚੁਣੌਤੀ ਹੈ। ਤਿੱਖੀ ਹੋ ਰਹੀ ਵਪਾਰਕ ਜੰਗ ਨਾਲ ਕੈਨੇਡਾ 'ਚ ਕਾਰੋਬਾਰਾਂ ਦੀ ਮੰਦੀ ਅਤੇ ਰੁਜ਼ਗਾਰ ਦਾ ਸੰਕਟ ਪੈਦਾ ਹੋਣ ਦੀਆਂ ਕਿਆਸ ਅਰਾਈਆਂ ਸਿਖਰਾਂ 'ਤੇ ਹਨ। ਕਾਰਨੀ ਨੇ ਕਿਹਾ ਹੈ ਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਗੱਲਬਾਤ ਕਰਨ ਲਈ ਤਿਆਰ ਹਨ ਪਰ ਕੈਨੇਡਾ ਦੀ ਪ੍ਰਭੂਸੱਤਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਨੂੰ ਕੈਨੇਡਾ ਦੀ ਹੋਂਦ ਅਤੇ ਇਸ ਦੇਸ਼ ਦੀ ਏਕਤਾ ਅਤੇ ਅਖੰਡਤਾ ਦਾ ਸਤਿਕਾਰ ਕਰਨਾ ਪਵੇਗਾ ਕਾਰਨੀ ਬੀਤੇ ਐਤਵਾਰ ਨੂੰ ਲਿਬਰਲ ਪਾਰਟੀ ਦੇ ਆਗੂ ਦੀ ਚੋਣ ਪਾਰਟੀ ਦੇ ਮੈਂਬਰਾਂ ਵਲੋਂ ਪਾਈਆਂ ਗਈਆਂ ਵੋਟਾਂ (85 ਫ਼ੀਸਦ ਤੋਂ ਵੱਧ) ਲੈ ਕੇ ਧੜੱਲੇ ਨਾਲ ਚੋਣ ਜਿੱਤੇ ਸਨ। ਉਨ੍ਹਾਂ ਦੀ ਜਿੱਤ ਤੋਂ ਬਾਅਦ ਦੇਸ਼ 'ਚ ਲਿਬਰਲ ਪਾਰਟੀ ਦੀ ਹਰਮਨ ਪਿਆਰਤਾ ਵਧਣੀ ਵੀ ਜਾਰੀ ਹੈ। ਜਾਣਕਾਰੀ ਅਨੁਸਾਰ ਕਾਰਨੀ ਵਿਰੋਧੀ ਪਾਰਟੀਆਂ ਦੇ ਰੌਂਅ ਨੂੰ ਭਾਂਪ ਚੁੱਕੇ ਹਨ ਅਤੇ ਟਰੂਡੋ ਵਲੋਂ 6 ਜਨਵਰੀ ਤੋਂ 24 ਮਾਰਚ ਤੱਕ ਮੁਅੱਤਲ ਕੀਤੀ ਹੋਈ ਸੰਸਦ ਦੇ ਬਹਾਲ ਹੋਣ ਦਾ ਇੰਤਜ਼ਾਰ ਨਹੀਂ ਕਰਨਗੇ ਅਤੇ ਅਗਲੇ ਦਿਨਾਂ 'ਚ ਦੇਸ਼ 'ਚ ਸੰਸਦੀ ਚੋਣਾਂ ਦਾ ਐਲਾਨ ਕਰ ਦੇਣਗੇ। ਬੀਤੇ ਕੁਝ ਸਾਲਾਂ ਤੋਂ ਕੈਨੇਡਾ 'ਚ ਮਹਿੰਗਾਈ, ਜੁਰਮ, ਘਰਾਂ ਦੀ ਘਾਟ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਆਦਿ ਸਮੱਸਿਆਵਾਂ ਤੇਜ਼ੀ ਨਾਲ ਵਧਦੀਆਂ ਰਹੀਆਂ ਹਨ ਪਰ



ਸਰਕਾਰ ਵਲੋਂ ਸਮੱਸਿਆਵਾਂ ਹੱਲ ਕਰਨ ਤੇ ਵੱਡੀਆਂ ਹੋਣ ਤੋਂ ਰੋਕਣ ਪ੍ਰਤੀ ਢਿੱਲਮੱਠ ਦੀ ਨੀਤੀ ਅਪਣਾਈ ਰੱਖੀ ਗਈ। ਇਸ ਕਰਕੇ ਲੋਕ ਲਿਬਰਲ ਪਾਰਟੀ ਅਤੇ ਵਿਸ਼ੇਸ਼ ਤੌਰ 'ਤੇ ਟਰੂਡੋ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਸਨ ਪਰ ਲੰਬੀ ਜੱਕੋ-ਤੱਕੀ ਤੋਂ ਬਾਅਦ ਟਰੂਡੋ ਪਾਸੇ ਹੋਏ ਹਨ ਤਾਂ ਹੁਣ ਕਾਰਨੀ ਦੀ ਅਗਵਾਈ 'ਚ ਲੋਕਾਂ ਦਾ ਪ੍ਰਭਾਵ ਬਣ ਰਿਹਾ ਹੈ, ਜਿਸ ਕਰਕੇ ਵਿਰੋਧੀ ਪਾਰਟੀਆਂ ਦੀਆਂ ਗਿਣਤੀਆਂ-ਮਿਣਤੀਆਂ ਵੀ ਬਦਲ ਰਹੀਆਂ ਹਨ। ਕਾਰਨੀ ਨੇ ਮਾਰਕ ਮਿੱਲਰ ਨੂੰ ਮੰਤਰੀ ਮੰਡਲ 'ਚ ਸ਼ਾਮਿਲ ਨਹੀਂ ਕੀਤਾ ਅਤੇ ਰਾਚੇਲ ਬੇਂਡਿਯਾਨ ਨੂੰ ਦੇਸ਼ ਦੀ ਇਮੀਗ੍ਰੇਸ਼ਨ, ਸ਼ਰਨਾਰਥੀ, ਨਾਗਰਿਕਤਾ ਮੰਤਰੀ ਬਣਾਇਆ ਹੈ। ਲੋਕਾਂ ਦੇ ਵੱਡੇ ਗੁੱਸੇ ਦਾ ਕਾਰਨ ਟਰੂਡੋ ਵਲੋਂ ਲਗਾਇਆ ਗਿਆ ਕਾਰਬਨ ਟੈਕਸ ਰਿਹਾ ਹੈ ਅਤੇ ਉਸ ਟੈਕਸ ਦੀ ਪੁਸ਼ਤਪਨਾਹੀ ਕਰਨ ਵਾਲੇ ਵਾਤਾਵਰਨ ਮੰਤਰੀ ਸਟੀਵਨ ਗਿਲਬੋਲਟ ਦਾ ਮੰਤਰਾਲਾ ਬਦਲ ਕੇ ਵਿਰਾਸਤ ਵਿਭਾਗ ਕਰ ਦਿੱਤਾ ਗਿਆ ਹੈ। ਵਿੱਤ ਮੰਤਰੀ ਡੋਮੀਨੀਕ ਲੇਬਲਾਂਕ ਨੂੰ ਅੰਤਰਰਾਸ਼ਟਰੀ ਵਪਾਰ ਮੰਤਰੀ ਬਣਾਇਆ ਗਿਆ ਫ਼ੇਰਾਂਸੁਆ ਫਿਲਿਪ ਸ਼ੈਂਪੇਨ ਨੂੰ ਵਿੱਤ ਮੰਤਰਾਲਾ ਸੌਂਪਿਆ ਗਿਆ ਹੈ। ਕਾਰਨੀ ਦੇ ਖ਼ਿਲਾਫ਼ ਪਾਰਟੀ ਆਗੂ ਦੀ ਚੋਣ ਉਮੀਦਵਾਰ ਰਹੀ ਕ੍ਰਿਸਟੀਆ ਫਰੀਲੈਂਡ ਨਵੀਂ ਸਰਕਾਰ 'ਚ ਆਵਾਜਾਈ ਮੰਤਰੀ ਹੋਣਗੇ। ਬਿੱਲ ਬਲੇਅਰ ਦੇਸ਼ ਦੇ ਰੱਖਿਆ ਮੰਤਰੀ ਬਣੇ ਰਹਿਣਗੇ। ਅੰਦਰੂਨੀ ਵਪਾਰ ਮੰਤਰੀ ਇੰਦਰਾ ਅਨੀਤਾ ਆਨੰਦ ਦਾ ਵਿਭਾਗ ਬਦਲ ਕੇ ਉਨ੍ਹਾਂ ਨੂੰ ਉਦਯੋਗ, ਕਾਢ, ਸਾਇੰਸ ਮੰਤਰੀ ਬਣਾਇਆ ਗਿਆ ਹੈ। ਕਮਲ ਖਹਿਰਾ ਨੂੰ ਸਿਹਤ ਮੰਤਰਾਲਾ ਦਿੱਤਾ ਗਿਆ ਹੈ। ਰੂਬੀ ਸਹੋਤਾ ਤੇ ਹਰਜੀਤ ਸਿੰਘ ਸੱਜਣ ਨੂੰ ਕਾਰਨੀ ਨੇ ਕੈਬਨਿਟ 'ਚ ਨਹੀਂ ਲਿਆ। ਇਹ ਵੀ ਕਿ ਅਮਰੀਕਾ ਨਾਲ ਦੂਰੀਆਂ ਵਧਣ ਕਾਰਨ ਕੈਨੇਡਾ ਸਰਕਾਰ ਯੂਰਪੀ ਦੇਸ਼ਾਂ ਨਾਲ ਨੇੜਤਾ ਵਧਾ ਰਹੀ ਅਤੇ ਕਾਰਨੀ ਅਗਲੇ ਹਫ਼ਤੇ ਫਰਾਂਸ ਤੇ ਬਰਤਾਨੀਆ ਦੇ ਦੌਰੇ 'ਤੇ ਜਾ ਰਹੇ ਹਨ।

# ਸੁਖਬੀਰ ਬਾਦਲ ਧਾਮੀ ਨੂੰ ਮਨਾਉਣ ਵਿਚ ਕਾਮਯਾਬ, ਬੰਦ ਕਮਰੇ ਵਿਚ ਮੀਟਿੰਗ

## ✪ ਧਾਮੀ ਸ਼੍ਰੋਮਣੀ ਕਮੇਟੀ ਦੀ ਹੁਣ ਪ੍ਰਧਾਨਗੀ ਸੰਭਾਲਣਗੇ ✪ ਆਖਿਰ ਬਾਦਲ ਵਲੋਂ ਧਾਮੀ ਨੂੰ ਮਨਾਉਣ ਪਿਛੇ ਕੀ ਕਾਰਣ ਸੀ ?



ਹੁਸ਼ਿਆਰਪੁਰ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਆਪਣਾ ਅਸਤੀਫ਼ਾ ਵਾਪਸ ਲੈਣ ਲਈ ਰਾਜ਼ੀ ਹੋ ਗਏ ਹਨ। ਧਾਮੀ ਨੇ ਕਿਹਾ ਕਿ ਉਹ ਅਗਲੇ ਤਿੰਨ ਚਾਰ ਦਿਨਾਂ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਵਜੋਂ ਅਹੁਦਾ ਸੰਭਾਲ ਲੈਣਗੇ। ਧਾਮੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਇਥੇ ਆਪਣੀ ਰਿਹਾਇਸ਼ 'ਤੇ ਬੰਦ ਕਮਰਾ ਮੀਟਿੰਗ ਮਗਰੋਂ ਇਹ ਗੱਲ ਕਹੀ।

ਕਾਬਿਲੇਗੌਰ ਹੈ ਕਿ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕ ਅਹਿਮ ਮੀਟਿੰਗ ਸਥਾਨਕ ਸੈਕਟਰ 5 ਸਥਿਤ ਉਪ ਦਫ਼ਤਰ ਵਿਖੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ ਦੀ ਅਗਵਾਈ ਹੇਠ ਹੋਈ ਸੀ, ਜਿਸ ਵਿਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਅਸਤੀਫ਼ਾ ਅੰਤ੍ਰਿੰਗ ਕਮੇਟੀ ਵਲੋਂ ਨਾਮਨਜ਼ੂਰ ਕਰ ਦਿੱਤਾ ਗਿਆ। ਮੀਟਿੰਗ ਉਪਰੰਤ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਅਸਤੀਫ਼ਾ ਨਾਮਨਜ਼ੂਰ ਕਰਕੇ ਉਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਅਹੁਦੇ ਦੀਆਂ ਸੇਵਾਵਾਂ ਤੁਰੰਤ ਸੰਭਾਲਣ ਲਈ ਉਨ੍ਹਾਂ ਦੇ ਘਰ ਜਾ ਕੇ ਬੇਨਤੀ ਕੀਤੀ ਜਾਵੇਗੀ।

ਇਸਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਸੁਰਜੀਤ ਸਿੰਘ ਤੁਗਲਵਾਦ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਅਸਤੀਫ਼ਾ ਵਾਪਸ ਲੈਣ ਵਾਸਤੇ ਮਨਾਉਣ ਲਈ ਬੀਤੇ ਦਿਨੀਂ ਉਨ੍ਹਾਂ ਦੀ ਹੁਸ਼ਿਆਰਪੁਰ ਸਥਿਤ ਰਿਹਾਇਸ਼ 'ਤੇ ਪੁੱਜੇ ਸਨ। ਕਮੇਟੀ ਮੈਂਬਰਾਂ ਨੇ ਪੂਰਾ ਜ਼ੋਰ ਲਗਾਇਆ ਕਿ ਧਾਮੀ ਆਪਣਾ ਅਸਤੀਫ਼ਾ ਵਾਪਸ ਲੈਣ ਦਾ ਐਲਾਨ ਕਰ ਦੇਣ, ਪਰ ਉਹ ਅਜਿਹਾ ਕਰਾਉਣ ਵਿਚ ਅਸਫਲ ਰਹੇ। ਪਰ ਸੁਖਬੀਰ ਸਿੰਘ ਬਾਦਲ ਆਖਿਰ ਉਨ੍ਹਾਂ ਨੂੰ ਮਨਾਉਣ ਵਿਚ ਸਫਲ ਹੋਏ। ਇਸ ਮੌਕੇ ਧਾਮੀ ਨੇ ਸੁਖਬੀਰ ਸਿੰਘ ਬਾਦਲ ਦਾ ਸਵਾਗਤ ਕਰਦਿਆਂ ਨਿੱਘੀ ਜੱਫੀ ਪਾਈ ਅਤੇ ਉਨ੍ਹਾਂ ਨੂੰ ਅੰਦਰ ਲੈ ਕੇ ਗਏ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਵੀ ਉਨ੍ਹਾਂ ਦੇ ਨਾਲ ਹਨ। ਇਸ ਮੌਕੇ ਬਾਦਲ ਨੇ ਮੀਡੀਆ ਨਾਲ ਗੱਲਬਾਤ ਕਰਨ ਤੋਂ ਗੁਰੇਜ਼ ਕੀਤਾ ਅਤੇ ਸਿੱਧੇ ਹੀ ਅੰਦਰ ਚਲੇ ਗਏ। ਧਾਮੀ ਦੀ ਸੁਖਬੀਰ ਬਾਦਲ ਨਾਲ ਬੰਦ ਕਮਰਾ ਮੀਟਿੰਗ ਹੋਈ।

ਹੁਣ ਧਾਮੀ ਨੇ ਕਿਹਾ ਕਿ ਅੰਤਰਿੰਗ ਕਮੇਟੀ ਵਲੋਂ ਅਸਤੀਫਾ ਰੱਦ ਕਰ ਦੇਣ ਉਪਰੰਤ ਸਮੁੱਚੀ ਅਕਾਲੀ ਲੀਡਰਸ਼ਿਪ ਤੇ ਪੰਥਕ ਧਿਰਾਂ ਨਿਹੰਗ ਸਿੰਘ ਸੰਪਰਦਾਵਾਂ ਦੇ ਮੁਖੀ, ਦਮਦਮੀ ਟਕਸਾਲ, ਸਿੱਖ ਸੰਸਥਾਵਾਂ, ਸ਼੍ਰੋਮਣੀ ਕਮੇਟੀ ਮੈਂਬਰ ਦੇ ਆਖਣ 'ਤੇ ਉਨ੍ਹਾਂ ਸ਼੍ਰੋਮਣੀ ਕਮੇਟੀ ਪ੍ਰਧਾਨ ਵਜੋਂ ਅਹੁਦਾ ਮੁੜ ਸੰਭਾਲਣ ਦਾ ਫੈਸਲਾ ਕੀਤਾ ਹੈ ਅਤੇ ਉਹ ਦੋ ਚਾਰ ਦਿਨਾਂ ਅੰਦਰ ਇਹ ਸੇਵਾ ਸੰਭਾਲ ਲੈਣਗੇ।

## ਸ਼੍ਰੋਮਣੀ ਕਮੇਟੀ ਦਾ ਬਜਟ ਸੈਸ਼ਨ ਹੰਗਾਮੇ ਭਰਪੂਰ ਹੋਵੇਗਾ

### ✪ ਬਾਦਲ ਦਲ ਵਿਰੋਧੀ ਧਿਰ ਜਥੇਦਾਰਾਂ ਨੂੰ ਹਟਾਉਣ ਵਿਰੁੱਧ ਮਸਲਾ ਉਛਾਲੇਗੀ



ਇਹ ਤੈਅ ਹੈ ਕਿ 28 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਸਤਾਵਿਤ ਬਜਟ ਸੈਸ਼ਨ ਵਿੱਚ ਹਫੜਾ-ਦਫੜੀ ਹੋਵੇਗੀ। ਇਜਲਾਸ ਦੇ ਤਹਿਤ, ਐਸਜੀਪੀਸੀ ਮੈਂਬਰਾਂ ਦਾ ਇੱਕ ਸਮੂਹ ਤਖ਼ਤਾਂ ਦੇ ਜਥੇਦਾਰਾਂ ਨੂੰ ਹਟਾਉਣ ਦੇ ਵਿਰੋਧ ਵਿੱਚ ਇੱਕ ਮਤਾ ਲਿਆਉਣ ਦੀ ਤਿਆਰੀ ਕਰ ਰਿਹਾ ਹੈ। ਇਸੇ ਇਜਲਾਸ ਵਿੱਚ, ਪ੍ਰਸਤਾਵ ਤਹਿਤ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੌਜੂਦਾ ਕਾਰਜਕਾਰੀ ਜਥੇਦਾਰ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਉਨ੍ਹਾਂ ਦੇ ਅਹੁਦੇ ਤੋਂ ਹਟਾਉਣ ਅਤੇ ਸਾਬਕਾ ਜਥੇਦਾਰਾਂ ਗਿਆਨੀ ਰਖਬੀਰ ਸਿੰਘ, ਗਿਆਨੀ ਸੁਲਤਾਨ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਬਹਾਲ ਕਰਨ ਲਈ ਆਵਾਜ਼ ਬੁਲੰਦ ਹੋਣੀ ਯਕੀਨੀ ਹੈ। ਪੰਥਕ ਸੂਤਰਾਂ ਅਨੁਸਾਰ, ਮਤੇ ਨੂੰ ਪਾਸ ਕਰਵਾਉਣ ਦੇ ਹੱਕ ਵਿੱਚ ਅਤੇ ਵਿਰੋਧੀ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਇਸ ਸੰਭਾਵੀ ਮਤੇ ਨੂੰ ਰੱਦ ਕਰਨ ਲਈ ਲਾਬਿੰਗ ਸ਼ੁਰੂ ਹੋ ਗਈ ਹੈ। ਦੇਖਣਾ ਇਹ ਹੈ ਕਿ ਹਰਜਿੰਦਰ ਸਿੰਘ ਧਾਮੀ ਪ੍ਰਧਾਨਗੀ ਦਾ ਅਹੁਦਾ ਸੰਭਾਲਣ ਬਾਅਦ ਕਿਵੇਂ ਸਥਿਤੀ ਸੰਭਾਲਦੇ ਹਨ। ਇਹੀ ਕਾਰਣ ਸੀ ਕਿ ਸੁਖਬੀਰ ਸਿੰਘ ਬਾਦਲ ਵਲੋਂ ਧਾਮੀ ਨੂੰ ਮਨਾਉਣ ਦਾ ਯਤਨ ਕੀਤਾ ਗਿਆ। ਸਮਝਿਆ ਜਾਂਦਾ ਹੈ ਕਿ ਬਾਦਲ ਧੜੇ ਕੋਲ ਧਾਮੀ ਸਿਵਾਇ ਕੋਈ ਤਜਰਬੇਕਾਰ ਪੰਥਕ ਲੀਡਰ ਨਹੀਂ ਹੈ ਜੋ ਉਲਝੀ ਸਥਿਤੀ ਸੰਭਾਲ ਸਕੇ। ਸੁਖਬੀਰ ਸਿੰਘ ਬਾਦਲ ਦੇ ਵਿਰੋਧ ਵਿਚ ਖੜੀ ਦਮਦਮੀ ਟਕਸਾਲ ਤੇ ਨਿਹੰਗ ਸਿੰਘ ਜਥੇਬੰਦੀਆਂ ਉਪਰ ਧਾਮੀ ਦਾ ਪ੍ਰਭਾਵ ਹੈ।

ਦੂਜੇ ਪਾਸੇ, ਸੂਤਰਾਂ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਬਾਦਲ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਵੱਲੋਂ ਵੀ ਵਿਰੋਧੀ ਧਿਰ ਦੇ ਇਸ ਸੰਭਾਵੀ ਪ੍ਰਸਤਾਵ ਦੇ ਵਿਰੁੱਧ ਇਸ ਪ੍ਰਸਤਾਵ ਨੂੰ ਪੇਸ਼ ਨਾ ਹੋਣ ਦੇਣ ਲਈ ਤਿਆਰ ਕੀਤਾ ਜਾ ਰਿਹਾ ਹੈ।

ਸੂਤਰਾਂ ਅਨੁਸਾਰ 70-80 ਤੋਂ ਵੱਧ ਐਸਜੀਪੀਸੀ ਮੈਂਬਰ ਸਾਬਕਾ ਪਾਰਟੀ ਮੁਖੀ ਸੁਖਬੀਰ ਬਾਦਲ ਦੇ ਸੰਪਰਕ ਵਿੱਚ ਹਨ ਅਤੇ ਬਾਦਲ ਤੋਂ ਇਲਾਵਾ ਬਲਵਿੰਦਰ ਸਿੰਘ ਭੂੰਦੜ ਵੀ ਉਨ੍ਹਾਂ ਨੂੰ ਮਨਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਬਜਟ ਵਾਲੇ ਦਿਨ ਹਫੜਾ-ਦਫੜੀ ਦੀ ਸੰਭਾਵਨਾ ਦੇ ਵਿਚਕਾਰ ਸ਼੍ਰੋਮਣੀ ਕਮੇਟੀ ਦੇ ਸਾਲਾਨਾ ਬਜਟ ਦੇ ਪਾਸ ਹੋਣ ਦੀਆਂ ਸੰਭਾਵਨਾਵਾਂ ਕਾਫ਼ੀ ਘੱਟ ਗਈਆਂ ਹਨ।

ਪਿਛਲੇ ਸਾਲ ਦਾ ਬਜਟ 1260 ਕਰੋੜ ਰੁਪਏ ਸੀ ਜਦੋਂ ਕਿ ਇਸ ਵਾਰ ਇਸਨੂੰ ਵਧਾ ਕੇ 1350 ਕਰੋੜ ਰੁਪਏ ਕੀਤੇ ਜਾਣ ਦੀ ਸੰਭਾਵਨਾ ਹੈ। ਪਰ ਜੇਕਰ ਇਸ ਬਜਟ ਸੈਸ਼ਨ ਦੌਰਾਨ ਟਕਰਾਅ ਦੀ ਸਥਿਤੀ ਪੈਦਾ ਹੁੰਦੀ ਹੈ, ਤਾਂ ਇਹ ਸੰਭਵ ਹੈ ਕਿ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ਼ੇਰ ਸਿੰਘ ਬਜਟ ਭਾਸ਼ਣ ਨਾ ਦੇ ਸਕਣ ਅਤੇ ਬਜਟ ਸਦਨ ਵਿੱਚ ਪੇਸ਼ ਨਾ ਕੀਤਾ ਜਾ ਸਕੇ। ਕਿਉਂਕਿ ਇਸ ਵਾਰ ਅਕਾਲੀ ਦਲ ਸਮਰਥਿਤ ਐਸਜੀਪੀਸੀ ਮੈਂਬਰ ਪਾਰਟੀ ਹਾਈਕਮਾਨ ਦਾ ਖੁੱਲ੍ਹ ਕੇ ਵਿਰੋਧ ਕਰਨ ਦੇ ਮੂਡ ਵਿੱਚ ਹਨ। ਇਸ ਹੰਗਾਮੇ ਦੌਰਾਨ ਜੇਕਰ ਬਾਦਲ-ਸਮਰਥਿਤ ਐਸਜੀਪੀਸੀ ਦੇ ਮੈਂਬਰ ਵੀ ਵਾਕਆਊਟ ਕਰ ਦਿੰਦੇ ਹਨ, ਤਾਂ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ।

# ਸਿੱਟ ਵੱਲੋਂ ਦੂਜੇ ਦਿਨ ਵੀ ਮਜੀਠੀਆ ਤੋਂ ਅੱਠ ਘੰਟੇ ਪੁੱਛਗਿੱਛ

## ✪ ਮਾਨ ਸਰਕਾਰ ਮੈਨੂੰ ਜ਼ਲੀਲ ਕਰ ਰਹੀ ਹੈ-ਮਜੀਠਿਆ

ਪਟਿਆਲਾ-ਦਸੰਬਰ 2021 ਵਿਚ ਦਰਜ ਹੋਏ ਨਸ਼ਾ ਤਸਕਰੀ ਦੇ ਦੋਸ਼ ਤਹਿਤ ਕੇਸ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਗਠਿਤ ਕੀਤੀ ਗਈ ਸਿੱਟ ਵੱਲੋਂ ਲਗਾਤਾਰ ਦੂਜੇ ਦਿਨ ਵੀ ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਕੋਲੋਂ ਇਥੇ ਪੁਲੀਸ ਲਾਈਨ ਵਿਚ ਅੱਠ ਘੰਟੇ ਪੁੱਛਗਿੱਛ ਕੀਤੀ ਗਈ। ਸਿੱਟ ਨੇ ਉਨ੍ਹਾਂ ਕੋਲੋਂ ਵਿੱਤੀ ਮਾਮਲਿਆਂ 'ਤੇ ਆਧਾਰਿਤ ਸਵਾਲ ਪੁੱਛੇ। ਪੁੱਛਗਿੱਛ ਕਰਨ ਵਾਲੀ ਇਸ ਸਿੱਟ ਦੇ ਮੈਂਬਰਾਂ 'ਚ ਚੇਅਰਮੈਨ ਹਰਚਰਨ ਸਿੰਘ ਭੁੱਲਰ (ਡੀਆਈਜੀ), ਵਰੁਣ ਸ਼ਰਮਾ (ਆਈਪੀਐਸ), ਯੋਗੇਸ਼ ਸ਼ਰਮਾ (ਐਸਪੀ ਇਨਵੈਸ਼ਟੀਗੇਸ਼ਨ), ਇੰਸਪੈਕਟਰ ਦਰਬਾਰਾ ਸਿੰਘ ਅਤੇ ਏਡੀਏ ਅਨਮੋਲਜੀਤ ਸਿੰਘ ਮੌਜੂਦ ਸਨ।



ਪੁੱਛਗਿੱਛ ਮਗਰੋਂ ਪੁਲੀਸ ਲਾਈਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਜੀਠਿਆ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ ਕਿ ਉਸ ਦੀ ਜ਼ਮਾਨਤ ਰੱਦ ਕਰਵਾ ਕੇ ਜੇਲ੍ਹ ਭੇਜਣ ਲਈ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਪਰ ਉਨ੍ਹਾਂ ਨੂੰ ਨਿਆਂ ਪਾਲਿਕਾ 'ਤੇ ਪੂਰਾ ਭਰੋਸਾ ਹੈ ਕਿ ਉਸ ਨੂੰ ਇਨਸਾਫ਼ ਜ਼ਰੂਰ ਮਿਲੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਵੀ ਆਖ ਚੁੱਕੀ ਹੈ ਕਿ ਉਨ੍ਹਾਂ ਤੋਂ ਜੋ ਸਵਾਲ ਪੁੱਛਣੇ ਹਨ ਉਨ੍ਹਾਂ 'ਤੇ ਦੋ ਘੰਟਿਆਂ ਤੋਂ ਵੱਧ ਸਮਾਂ ਨਹੀਂ ਲੱਗਦਾ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਅੱਜ ਸੱਤਵੀਂ ਅੱਠਵੀਂ ਵਾਰ ਸੱਦਿਆ ਗਿਆ ਹੈ। ਸਰਕਾਰ ਉਨ੍ਹਾਂ ਨੂੰ ਜ਼ਲੀਲ ਕਰਨ ਲਈ ਅਜਿਹਾ ਕਰ ਰਹੀ ਹੈ।

# ਹਿਮਾਚਲ ਵਿਚ ਸਿੱਖ ਨੌਜਵਾਨਾਂ ਨੂੰ ਭਗਵੇਂ ਪਹਾੜੀਏ ਤੇ ਪੁਲਿਸ ਕਰ ਰਹੀ ਏ ਤੰਗ

## ✪ ਮੋਟਰਸਾਈਕਲ ਉਪਰ ਸਿੱਖ ਝੰਡਿਆਂ ਦੇ ਹੋ ਰਹੇ ਨੇ ਵੱਡੇ ਚਲਾਨ ✪ ਧੱਕਾ ਹਰਗਿਜ਼ ਪ੍ਰਵਾਨ ਨਹੀਂ, ਸ਼੍ਰੋਮਣੀ ਕਮੇਟੀ ਹਿਮਾਚਲ ਸਰਕਾਰ ਕੋਲ ਚੁੱਕੇ ਮੁੱਦਾ-ਜਥੇਦਾਰ ਗੜਗੱਜ

ਅੰਮ੍ਰਿਤਸਰ-ਹਿਮਾਚਲ ਪ੍ਰਦੇਸ਼ ਵਿਚ ਬੀਤੇ ਦਿਨੀਂ ਜ਼ਬਰਦਸਤ ਹੰਗਾਮਾ ਹੋਇਆ ਹੈ। ਸਥਾਨਕ ਫਿਰਕੂ ਲੋਕਾਂ ਅਤੇ ਪੰਜਾਬ ਤੋਂ ਗਏ ਨੌਜਵਾਨਾਂ ਵਿਚਾਲੇ ਤਿੱਖੀ ਤਕਰਾਰ ਹੋਈ ਹੈ। ਜਿਸ ਦੀ ਵੀਡੀਓ ਵੀ ਸਾਹਮਣੇ ਆਈ ਹੈ। ਦੱਸਿਆ ਜਾ ਰਿਹਾ ਹੈ ਕਿ ਇਹ ਵਿਵਾਦ ਸੰਤ ਭਿੰਡਰਾਂਵਾਲੇ ਦੀ ਤਸਵੀਰ ਵਾਲੇ ਝੰਡੇ ਉਤਾਰਨ ਨੂੰ ਲੈ ਕੇ ਹੋਇਆ ਹੈ। ਸਥਾਨਕ ਫਿਰਕੂ ਲੋਕਾਂ 'ਤੇ ਇਨ੍ਹਾਂ ਨੌਜਵਾਨਾਂ ਦੇ ਮੋਟਰਸਾਈਕਲਾਂ ਤੋਂ ਝੰਡੇ ਉਤਾਰਨ ਦਾ ਇਲਜ਼ਾਮ ਹੈ। ਜਿਸ ਤੋਂ ਬਾਅਦ ਝੰਡਾ ਵਾਪਸ ਲੈਣ ਲਈ ਪੰਜਾਬੀ ਨੌਜਵਾਨ ਲੋਕਾਂ ਨਾਲ ਭਿੜ ਗਏ। ਸਥਾਨਕ ਲੋਕਾਂ ਵੱਲੋਂ ਇਨ੍ਹਾਂ ਨੌਜਵਾਨਾਂ 'ਤੇ ਪੁਲਿਸ ਤੋਂ ਕਾਰਵਾਈ ਦੀ ਮੰਗ ਕੀਤੀ ਗਈ ਹੈ। ਹਿਮਾਚਲ ਪੁਲੀਸ ਝੰਡਿਆਂ ਕਾਰਣ ਸਿੱਖ ਨੌਜਵਾਨਾਂ ਦੇ ਵ ਚਲਾਨ ਵੀ ਕਰ ਰਹੀ ਹੈ।

ਡੀਐਸਪੀ ਮਨਾਲੀ ਕੇਡੀ ਸ਼ਰਮਾ ਨੇ ਕਿਹਾ ਕਿ ਬਾਈਕ ਸਵਾਰਾਂ ਖ਼ਿਲਾਫ਼ ਭਾਰਤੀ ਨਿਆਂ ਕੋਡ 2023 ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਇਨ੍ਹਾਂ ਬਾਈਕ ਸਵਾਰਾਂ ਨੇ ਆਪਣੀਆਂ ਬਾਈਕਾਂ 'ਤੇ ਪਾਬੰਦੀਸ਼ੁਦਾ ਸੰਤ ਭਿੰਡਰਾਂਵਾਲੇ ਦੇ ਝੰਡੇ ਲਗਾਏ ਸਨ। ਪੁਲਿਸ ਨੇ ਇਹ ਝੰਡੇ ਹਟਾ ਦਿੱਤੇ ਹਨ। ਪੁਲਿਸ ਨੇ ਕਿਹਾ ਕਿ ਸੁਭਾਸ਼ ਠਾਕੁਰ ਨੂੰ ਝੰਡਾ ਉਤਾਰਨ ਲਈ ਕਹਿਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਪੁਲਿਸ ਨੇ ਕਾਰਵਾਈ ਕੀਤੀ ਤੇ ਮੁਲਜ਼ਮਾਂ ਵਿਰੁੱਧ ਬੀਐਨਐਸ ਦੀ ਧਾਰਾ 152, 351(2) ਤੇ 3(5) ਤਹਿਤ ਮਾਮਲਾ ਦਰਜ ਕੀਤਾ। ਡਿਪਟੀ ਸੁਪਰਡੈਂਟ ਕੇਡੀ ਸ਼ਰਮਾ ਨੇ ਕਿਹਾ ਕਿ ਪੁਲਿਸ ਇਸ ਮਾਮਲੇ ਵਿੱਚ ਨੌਜਵਾਨ ਤੋਂ ਪੁੱਛਗਿੱਛ ਕਰ ਰਹੀ ਹੈ। ਉਧਰ, ਝੰਡੇ ਲਗਾਉਣ ਵਾਲਿਆਂ ਨੂੰ ਜਲਦੀ ਹੀ ਗ੍ਰਿਫ਼ਤਾਰ ਕੀਤੇ ਜਾਣ ਦੀ ਸੰਭਾਵਨਾ ਹੈ। ਡੀਐਸਪੀ ਨੇ ਇਲਾਕੇ ਦੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਇਸ ਤੋਂ ਇਲਾਵਾ, ਪੁਲਿਸ ਨੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 180 ਬਾਈਕ ਸਵਾਰਾਂ ਦੇ ਚਲਾਨ ਜਾਰੀ ਕੀਤੇ ਹਨ। ਇਨ੍ਹਾਂ ਵਿੱਚ ਬਿਨਾਂ ਹੈਲਮੇਟ ਤੇ ਤੇਜ਼ ਰਫ਼ਤਾਰ ਨਾਲ ਸਾਈਕਲ ਚਲਾਉਣ ਵਾਲੇ ਸ਼ਾਮਲ ਹਨ।



ਇਸ ਕਾਰਣ ਸਿੱਖ ਪੰਥ ਵਿਚ ਹਿਮਾਚਲ ਸਰਕਾਰ ਵਿਰੁੱਧ ਗੁੱਸਾ ਪਾਇਆ ਜਾ ਰਿਹਾ ਹੈ। ਦੂਜੇ ਪਾਸੇ ਦਲ ਖਾਲਸਾ ਨੇ ਪ੍ਰਤੀਕਰਮ ਵਜੋਂ ਹਿਮਾਚਲ ਦੀਆਂ ਬੱਸਾਂ ਉਪਰ ਸੰਤ ਭਿੰਡਰਾਂਵਾਲਿਆਂ ਦੇ ਪੋਸਟਰ ਲਗਾਉਣੇ ਸ਼ੁਰੂ ਕਰ ਦਿੱਤੇ ਹਨ।

ਇਸ ਮਾਮਲੇ ਵਿੱਚ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਅਕਾਲ ਤਖਤ ਸਾਹਿਬ ਨੇ ਸਖ਼ਤ ਨੋਟਿਸ ਲੈਂਦਿਆਂ ਕਿਹਾ ਕਿ ਇਸ ਨੂੰ ਹਰਗਿਜ਼ ਪ੍ਰਵਾਨ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਦੋਂ ਪੁਲਿਸ ਕਿਸੇ ਨੌਜਵਾਨ ਨੂੰ ਉਨ੍ਹਾਂ ਦੇ ਵਾਹਨ ਦੇ ਕਾਗਜ਼ਾਂ ਦੀ ਜਾਂਚ ਕਰਨ ਲਈ ਰੋਕਦੀ ਹੈ ਤਾਂ ਉਸ ਮੌਕੇ ਕਿਸੇ ਵੀ ਸਥਾਨਕ ਸ਼ਰਾਰਤੀ ਅਨਸਰਾਂ ਦਾ ਕੋਈ ਹੱਕ ਨਹੀਂ ਬਣਦਾ ਕਿ ਉਹ ਸਿੱਖ ਨੌਜਵਾਨਾਂ ਨਾਲ ਜ਼ੋਰ ਜ਼ਬਰਦਸਤੀ ਕਰਨ ਅਤੇ ਉਨ੍ਹਾਂ ਦੇ ਵਾਹਨਾਂ ਉੱਤੇ ਲੱਗੇ ਸਿੱਖਾਂ ਨਾਲ ਸਬੰਧਤ ਝੰਡਿਆਂ ਨੂੰ ਪਾੜਣ। ਉਨ੍ਹਾਂ ਕਿਹਾ ਕਿ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਹਿਮਾਚਲ ਪ੍ਰਦੇਸ਼ ਦੀ ਪੁਲਿਸ ਨੂੰ ਜਿਵੇਂ ਸਥਾਨਕ ਗੁੰਡਾ ਤੇ ਸ਼ਰਾਰਤੀ ਅਨਸਰ ਚਲਾ ਰਹੇ ਹੋਣ।

ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਿੱਖ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਜਦੋਂ ਉਹ ਹਿਮਾਚਲ ਪ੍ਰਦੇਸ਼ ਜਾਣ ਤਾਂ ਆਪਣੇ ਵਾਹਨਾਂ ਦੇ ਕਾਗਜ਼ ਪੂਰੇ ਕਾਇਮ ਰੱਖਣ ਅਤੇ ਇਕੱਲੇ ਸਫ਼ਰ ਕਰਨ ਤੋਂ ਗੁਰੇਜ਼ ਕਰਨ। ਜਥੇਦਾਰ ਗੜਗੱਜ ਨੇ ਹਿਮਾਚਲ ਪ੍ਰਦੇਸ਼ ਦੀ ਕਾਂਗਰਸ ਸਰਕਾਰ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੂੰ ਕਿਹਾ ਕਿ ਉਹ ਇਨ੍ਹਾਂ ਘਟਨਾਵਾਂ ਦਾ ਨੋਟਿਸ ਲੈਂਦਿਆਂ ਸੂਬੇ ਦੀ ਪੁਲਿਸ ਨੂੰ ਕਾਨੂੰਨ ਅਨੁਸਾਰ ਜ਼ਾਬਤਾ ਕਾਇਮ ਰੱਖਣ ਲਈ ਆਦੇਸ਼ ਕਰਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਜ਼ਿੰਮੇਵਾਰੀ ਹਰ ਧਰਮ ਤੇ ਫਿਰਕੇ ਦੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਹੁੰਦੀ ਹੈ ਨਾ ਕਿ ਕਿਸੇ ਇੱਕ ਧਰਮ ਦੇ ਲੋਕਾਂ ਵਿਰੁੱਧ ਕੀਤੀ ਜਾ ਰਹੀ ਨਫ਼ਰਤ ਨੂੰ ਸ਼ਰੇਆਮ ਹੋਣ ਦੇਣ ਦੀ।

ਉਨ੍ਹਾਂ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਸਿੱਖਾਂ ਦੇ ਕੌਮੀ ਸ਼ਹੀਦ ਤੇ ਨਾਇਕ ਹਨ, ਜਿਨ੍ਹਾਂ ਨੂੰ ਸਿੱਖ ਕੌਮ ਦੇ ਸਰਵਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼ਹੀਦ ਐਲਾਨਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਵਿੱਚ ਸਿੱਖ ਆਪਣੇ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਂਦੇ ਹਨ, ਪਰ ਸ਼ਰਧਾਲੂਆਂ ਨੂੰ ਰੋਕ ਕੇ ਉਨ੍ਹਾਂ ਦੀਆਂ ਗੱਡੀਆਂ ਤੋਂ ਨਿਸ਼ਾਨ ਸਾਹਿਬ ਅਤੇ ਸਿੱਖ ਸ਼ਹੀਦਾਂ ਦੀਆਂ ਤਸਵੀਰਾਂ ਜਬਰੀ ਲੁਹਾਈਆਂ ਜਾ ਰਹੀਆਂ ਹਨ। ਦੁੱਖ ਦੀ ਗੱਲ ਹੈ ਕਿ ਇਸ ਮਾਮਲੇ 'ਤੇ ਪੁਲਿਸ ਪ੍ਰਸ਼ਾਸ਼ਨ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਅ ਰਿਹਾ ਬਲਕਿ ਸਿੱਖਾਂ ਖਿਲਾਫ਼ ਸਿਰਜੇ ਜਾ ਰਹੇ ਨਫ਼ਰਤੀ ਮਾਹੌਲ ਨੂੰ ਹਵਾ ਦੇ ਰਿਹਾ ਹੈ।

# ਭਾਈ ਅੰਮ੍ਰਿਤਪਾਲ ਸਿੰਘ ਦੇ 7 ਸਾਥੀਆਂ ਨੂੰ ਪੰਜਾਬ ਲਿਆਉਣ ਲਈ ਪੰਜਾਬ ਪੁਲਿਸ ਅਸਾਮ ਪਹੁੰਚੀ

## ✪ ਡੀਜੀਪੀ ਦਾ ਸੰਕੇਤ ਅਜਨਾਲਾ ਕਾਂਡ ਕਾਰਣ ਹੋ ਸਕਦੀਆਂ ਨੇ ਗ੍ਰਿਫ਼ਤਾਰੀਆਂ

ਡਿਬਰੂਗੜ੍ਹ (ਅਸਾਮ)-ਭਾਈ ਅੰਮ੍ਰਿਤਪਾਲ ਸਿੰਘ ਦੇ 7 ਸਾਥੀਆਂ ਨੂੰ ਪੰਜਾਬ ਲਿਆਉਣ ਲਈ ਪੰਜਾਬ ਪੁਲਿਸ ਦੀ ਇਕ 25 ਮੈਂਬਰੀ ਟੀਮ ਪਿਛਲੇ 2 ਦਿਨਾਂ ਤੋਂ ਅਸਾਮ ਦੇ ਡਿਬਰੂਗੜ੍ਹ ਵਿਚ ਹੈ। ਅਧਿਕਾਰੀਆਂ ਨੇ ਉਨ੍ਹਾਂ ਦੀ ਵਾਪਸੀ ਸੰਬੰਧੀ ਕਿਸੇ ਮਿਤੀ ਦਾ ਅਧਿਕਾਰਤ ਤੌਰ 'ਤੇ ਖੁਲਾਸਾ ਨਾ ਕਰਦੇ ਹੋਏ ਕਿਹਾ ਕਿ ਅਗਲੇ 2 ਤੋਂ 3 ਦਿਨਾਂ ਦੇ ਅੰਦਰ ਵਾਪਸੀ ਦੀ ਸੰਭਾਵਨਾ ਹੈ। ਜਾਣਕਾਰੀ ਅਨੁਸਾਰ ਬਸੰਤ ਸਿੰਘ, ਭਗਵੰਤ ਸਿੰਘ ਉਰਫ਼ ਪ੍ਰਧਾਨ ਮੰਤਰੀ ਬਾਜੇਕੇ, ਗੁਰਮੀਤ ਸਿੰਘ ਗਿੱਲ ਉਰਫ਼ ਗੁਰਮੀਤ ਬੁੱਕਣਵਾਲਾ, ਸਰਬਜੀਤ ਸਿੰਘ ਕਲਸੀ ਉਰਫ਼ ਦਲਜੀਤ ਸਿੰਘ ਕਲਸੀ, ਗੁਰਿੰਦਰਪਾਲ ਸਿੰਘ ਔਜਲਾ ਉਰਫ਼ ਗੁਰੀ ਔਜਲਾ, ਅੰਮ੍ਰਿਤਪਾਲ ਦੇ ਚਾਚਾ ਹਰਜੀਤ ਸਿੰਘ ਅਤੇ ਕੁਲਵੰਤ ਸਿੰਘ ਧਾਲੀਵਾਲ ਨੂੰ ਪੰਜਾਬ ਲਿਆਂਦਾ ਜਾ ਰਿਹਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਪੰਜਾਬ ਪੁਲਿਸ ਦੀ ਟੀਮ, ਜਿਸਦੀ ਅਗਵਾਈ ਪੁਲਿਸ ਸੁਪਰਡੈਂਟ ਹਰਿੰਦਰ ਸਿੰਘ ਗਿੱਲ ਕਰ ਰਹੇ ਹਨ, ਪੂਰਬੀ ਅਸਾਮ ਦੇ ਇਕ ਕਸਬੇ ਡਿਬਰੂਗੜ੍ਹ 'ਚ ਕਾਨੂੰਨੀ ਰਸਮਾਂ ਪੂਰੀਆਂ ਕਰਨ ਵਿਚ ਰੁੱਝੀ ਹੋਈ ਹੈ। ਵਾਪਸੀ ਲਈ ਤੈਅ ਕੀਤੇ ਗਏ ਨਜ਼ਰਬੰਦਾਂ ਵਿਚ ਦਲਜੀਤ ਸਿੰਘ ਕਲਸੀ, ਕੁਲਵੰਤ ਸਿੰਘ ਧਾਲੀਵਾਲ, ਗੁਰਮੀਤ ਸਿੰਘ ਬੁੱਕਣਵਾਲਾ, ਹਰਜੀਤ ਸਿੰਘ, ਭਗਵੰਤ ਸਿੰਘ ਉਰਫ਼ 'ਪ੍ਰਧਾਨ ਮੰਤਰੀ ਬਾਜੇਕੇ', ਬਸੰਤ ਸਿੰਘ ਤੇ ਗੁਰਿੰਦਰਪਾਲ ਸਿੰਘ ਸ਼ਾਮਿਲ ਹਨ। ਹਾਲਾਂਕਿ ਭਾਈ ਅੰਮ੍ਰਿਤਪਾਲ ਸਿੰਘ, ਪਪਲਪ੍ਰੀਤ ਸਿੰਘ ਅਤੇ ਵਰਿੰਦਰ ਸਿੰਘ ਜੌਹਲ ਫਿਲਹਾਲ ਇੱਥੇ ਐਨ.ਐਸ.ਏ. ਅਧੀਨ ਰੱਖੇ ਜਾਣਗੇ, ਉਨ੍ਹਾਂ ਦੀ ਨਜ਼ਰਬੰਦੀ ਜੂਨ 2025 ਵਿਚ ਖ਼ਤਮ ਹੋਣ ਵਾਲੀ ਹੈ। ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਜ਼ਰਬੰਦੀ ਦੀ ਮਿਆਦ ਦੇ ਅੰਤ 'ਤੇ ਐਨ.ਐਸ.ਏ. ਨੂੰ ਮੁੜ ਲਾਗੂ ਨਾ ਕਰਨ ਦਾ ਫੈਸਲਾ ਕਰਨ ਤੋਂ ਬਾਅਦ ਉਨ੍ਹਾਂ ਦੇ 7 ਸਾਥੀਆਂ ਨੂੰ ਵਾਪਸ ਲਿਆਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ 2023 ਦੇ ਅਜਨਾਲਾ ਪੁਲਿਸ ਸਟੇਸ਼ਨ ਹਮਲੇ ਦੀ ਘਟਨਾ 'ਚ ਰਸਮੀ ਤੌਰ 'ਤੇ ਗ੍ਰਿਫ਼ਤਾਰ ਕੀਤਾ ਜਾਵੇਗਾ ਤੇ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।


ਦਫਤਰ ਦਾ ਅਡਰੈਸ ਬਦਲਣ ਬਾਰੇ ਸੂਚਨਾ

ਇਮੀਗ੍ਰੇਸ਼ਨ ਅਡਵਾਈਸ ਬਿਊਰੋ ਵੱਲੋਂ ਸਾਰੇ ਗਾਹਕਾਂ ਤੇ ਸ਼ੁੱਭ ਚਿੰਤਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਦਫਤਰ ਦਾ ਪਤਾ ਬਦਲ ਗਿਆ ਹੈ। ਇਮੀਗ੍ਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੇ ਮਸਲੇ ਬਾਰੇ ਸਾਡੇ ਨਾਲ ਨਵੇਂ ਪਤੇ 'ਤੇ ਸੰਪਰਕ ਕਰੋ ਜੀ।



Established since 1989 we continue to serve the community and assist in any matter relating to UK Immigraton law. Free initial consultation.

IMMIGRATION ADVICE BUREAU

Has moved to :
112A The Green, Second Floor, Southall, UB2 4BQ
(above IWA office next to Dominion Centre).

For enquiries or appointments contact
Mr. Sukhindra Singh Rai on 020 85716680 / Mo: 07774 194 004

# ਚੋਣ ਅਧਿਕਾਰ ਸੰਸਥਾ ਏਡੀਆਰ ਅਨੁਸਾਰ ਭਾਰਤ ਦੇ 45% ਵਿਧਾਇਕਾਂ ਵਿਰੁੱਧ ਅਪਰਾਧਿਕ ਮਾਮਲੇ

## ✪ 1,205 ਉੱਤੇ ਕਤਲ ਦੀ ਕੋਸ਼ਿਸ਼, ਅਗਵਾ ਤੇ ਔਰਤਾਂ ਵਿਰੁੱਧ ਅਪਰਾਧ ਵਰਗੇ ਗੰਭੀਰ ਦੋਸ਼

ਨਵੀਂ ਦਿੱਲੀ-ਚੋਣ ਅਧਿਕਾਰ ਸੰਸਥਾ ਏਡੀਆਰ ਦੇ ਇੱਕ ਵਿਸ਼ਲੇਸ਼ਣ ਅਨੁਸਾਰ, 4,092 ਵਿਧਾਇਕਾਂ ਵਿੱਚੋਂ ਘੱਟੋ-ਘੱਟ 45% ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲੇ ਐਲਾਨੇ ਹਨ। ਚੋਣ ਸੁਧਾਰਾਂ 'ਤੇ ਕੰਮ ਕਰਨ ਵਾਲੀ ਇੱਕ ਗੈਰ-ਸਰਕਾਰੀ ਸੰਸਥਾ ਐਸੋਸੀਏਸ਼ਨ ਆਫ ਡੈਮੋਕ੍ਰੇਟਿਕ ਰਿਫਾਰਮਜ਼ (ਏਡੀਆਰ) ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਦੇਸ਼ ਦੇ 45% ਵਿਧਾਇਕਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਏਡੀਆਰ ਨੇ 28 ਰਾਜਾਂ ਅਤੇ ਵਿਧਾਨ ਸਭਾਵਾਂ ਵਾਲੇ ਤਿੰਨ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਕੁੱਲ 4123 ਵਿਧਾਇਕਾਂ ਵਿੱਚੋਂ 4092 ਦੇ ਚੋਣ ਹਲਫਨਾਮਿਆਂ ਦਾ ਵਿਸ਼ਲੇਸ਼ਣ ਕੀਤਾ।

ਆਂਧਰਾ ਪ੍ਰਦੇਸ਼ ਵਿੱਚ 174 ਵਿਧਾਇਕਾਂ ਵਿੱਚੋਂ ਸਭ ਤੋਂ ਵੱਧ 138 (79%) ਹਨ, ਜਦੋਂ ਕਿ ਸਿੱਕਮ ਵਿੱਚ ਸਭ ਤੋਂ ਘੱਟ 32 ਵਿਧਾਇਕ (3%) ਹਨ ਜਿਨ੍ਹਾਂ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲੇ ਐਲਾਨੇ ਹਨ। ਤੇਲਗੂ ਦੇਸ਼ਮ ਪਾਰਟੀ (ਟੀਡੀਪੀ) ਦੇ 134 ਵਿਧਾਇਕਾਂ ਵਿੱਚੋਂ ਸਭ ਤੋਂ ਵੱਧ 115 (86%) ਅਪਰਾਧਿਕ ਮਾਮਲੇ ਦਰਜ ਹਨ।

ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 1861 ਵਿਧਾਇਕਾਂ ਨੇ ਆਪਣੇ ਖਿਲਾਫ ਅਪਰਾਧਿਕ ਮਾਮਲੇ ਦਰਜ ਹੋਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚੋਂ 1,205 ਉੱਤੇ ਕਤਲ, ਕਤਲ ਦੀ ਕੋਸ਼ਿਸ਼, ਅਗਵਾ ਅਤੇ ਔਰਤਾਂ ਵਿਰੁੱਧ ਅਪਰਾਧ ਵਰਗੇ ਗੰਭੀਰ ਦੋਸ਼ ਹਨ। 24 ਵਿਧਾਇਕਾਂ ਦੇ ਹਲਫਨਾਮਿਆਂ ਦਾ ਵਿਸ਼ਲੇਸ਼ਣ ਮਾੜੀ ਸਕੈਨਿੰਗ ਕਾਰਨ ਨਹੀਂ ਕੀਤਾ ਜਾ ਸਕਿਆ, ਜਦੋਂ ਕਿ ਵਿਧਾਨ ਸਭਾਵਾਂ ਵਿੱਚ ਸੱਤ ਸੀਟਾਂ ਖਾਲੀ ਹਨ।

### 127 ਵਿਧਾਇਕਾਂ 'ਤੇ ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲੇ

ਰਿਪੋਰਟ ਦੇ ਅਨੁਸਾਰ, 54 ਵਿਧਾਇਕਾਂ 'ਤੇ ਭਾਰਤੀ ਦੰਡਾਵਲੀ (ਆਈਪੀਸੀ) ਦੀ ਧਾਰਾ 302 ਦੇ ਤਹਿਤ ਕਤਲ ਦੇ ਦੋਸ਼ ਹਨ। ਜਦੋਂ ਕਿ, 226 ਲੋਕਾਂ 'ਤੇ ਆਈਪੀਸੀ ਦੀ ਧਾਰਾ 307 ਅਤੇ ਭਾਰਤੀ ਦੰਡਾਵਲੀ (ਬੀਐਨਐਸ) ਦੀ ਧਾਰਾ 109 ਦੇ ਤਹਿਤ ਕਤਲ ਦੀ ਕੋਸ਼ਿਸ਼ ਦਾ ਦੋਸ਼ ਲਗਾਇਆ ਗਿਆ ਹੈ। ਇਸ ਤੋਂ ਇਲਾਵਾ 127 ਵਿਧਾਇਕਾਂ ਵਿਰੁੱਧ ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲੇ ਦਰਜ ਹਨ। ਇਨ੍ਹਾਂ ਵਿੱਚੋਂ 13 ਉੱਤੇ ਆਈਪੀਸੀ ਦੀ ਧਾਰਾ 376 ਅਤੇ 376 (2) (ਐਨ) ਦੇ ਤਹਿਤ ਬਲਾਤਕਾਰ ਦਾ ਦੋਸ਼ ਲਗਾਇਆ ਗਿਆ ਹੈ। ਧਾਰਾ 376(2) (ਐਨ) ਇੱਕੋ ਪੀੜਤ 'ਤੇ ਵਾਰ-ਵਾਰ ਜਿਨਸੀ ਹਮਲੇ ਨਾਲ ਸੰਬੰਧਿਤ ਹੈ।

### 1,205 ਵਿਧਾਇਕਾਂ 'ਤੇ ਗੰਭੀਰ ਅਪਰਾਧਿਕ ਦੋਸ਼

ਏਡੀਆਰ ਦੀ ਤਾਜ਼ਾ ਰਿਪੋਰਟ ਦੇ ਅਨੁਸਾਰ, 1,861 ਵਿਧਾਇਕਾਂ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲੇ ਐਲਾਨੇ ਹਨ। ਇਨ੍ਹਾਂ ਵਿੱਚੋਂ 1,205 ਵਿਧਾਇਕਾਂ 'ਤੇ ਗੰਭੀਰ




ਅਪਰਾਧਿਕ ਦੋਸ਼ ਹਨ, ਜਿਨ੍ਹਾਂ ਵਿੱਚ ਕਤਲ, ਕਤਲ ਦੀ ਕੋਸ਼ਿਸ਼, ਅਗਵਾ ਅਤੇ ਔਰਤਾਂ ਵਿਰੁੱਧ ਅਪਰਾਧਾਂ ਨਾਲ ਸਬੰਧਤ ਮਾਮਲੇ ਸ਼ਾਮਲ ਹਨ। ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, ਆਂਧਰਾ ਪ੍ਰਦੇਸ਼ ਇਸ ਸੂਚੀ ਵਿੱਚ ਸਭ ਤੋਂ ਉੱਪਰ ਹੈ, ਜਿੱਥੇ 138 ਵਿਧਾਇਕਾਂ (79%) ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲੇ ਦਰਜ ਕੀਤੇ ਹਨ। ਇਸ ਤੋਂ ਬਾਅਦ ਕੇਰਲ ਅਤੇ ਤੇਲੰਗਾਨਾ ਦਾ ਨੰਬਰ ਆਉਂਦਾ ਹੈ, ਜਿੱਥੇ 69-69 ਪ੍ਰਤੀਸ਼ਤ ਵਿਧਾਇਕਾਂ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲੇ ਐਲਾਨੇ ਹਨ।

ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, ਹੋਰ ਰਾਜ ਜਿੱਥੇ ਵਿਧਾਇਕਾਂ ਨੇ ਆਪਣੇ ਵਿਰੁੱਧ ਅਪਰਾਧਿਕ ਮਾਮਲੇ ਐਲਾਨੇ ਹਨ, ਉਨ੍ਹਾਂ ਵਿੱਚ ਬਿਹਾਰ (66 ਪ੍ਰਤੀਸ਼ਤ), ਮਹਾਰਾਸ਼ਟਰ (65 ਪ੍ਰਤੀਸ਼ਤ) ਅਤੇ ਤਾਮਿਲਨਾਡੂ (59 ਪ੍ਰਤੀਸ਼ਤ) ਸ਼ਾਮਲ ਹਨ। ਆਂਧਰਾ ਪ੍ਰਦੇਸ਼ ਵੀ 98 (56 ਪ੍ਰਤੀਸ਼ਤ) ਗੰਭੀਰ ਅਪਰਾਧਿਕ ਮਾਮਲਿਆਂ ਦਾ ਐਲਾਨ ਕਰਨ ਵਾਲੇ ਵਿਧਾਇਕਾਂ ਦੀ ਸੂਚੀ ਵਿੱਚ ਸਭ ਤੋਂ ਉੱਪਰ ਹੈ। ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, ਹੋਰ ਰਾਜ ਜਿੱਥੇ ਵਿਧਾਇਕ ਗੰਭੀਰ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ, ਉਹ ਹਨ ਤੇਲੰਗਾਨਾ (50 ਪ੍ਰਤੀਸ਼ਤ), ਬਿਹਾਰ (49 ਪ੍ਰਤੀਸ਼ਤ), ਓਡੀਸ਼ਾ (45 ਪ੍ਰਤੀਸ਼ਤ), ਝਾਰਖੰਡ (45 ਪ੍ਰਤੀਸ਼ਤ) ਅਤੇ ਮਹਾਰਾਸ਼ਟਰ (41 ਪ੍ਰਤੀਸ਼ਤ)।

### ਕਿਸ ਪਾਰਟੀ ਦੇ ਕਿੰਨੇ ਵਿਧਾਇਕਾਂ ਵਿਰੁੱਧ ਅਪਰਾਧਿਕ ਮਾਮਲੇ ਹਨ?

ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, 1,653 ਭਾਜਪਾ ਵਿਧਾਇਕਾਂ ਵਿੱਚੋਂ 39 ਪ੍ਰਤੀਸ਼ਤ ਜਾਂ 638 ਨੇ ਅਪਰਾਧਿਕ ਮਾਮਲੇ ਐਲਾਨੇ ਹਨ। ਇਨ੍ਹਾਂ ਵਿੱਚੋਂ 436 (26 ਪ੍ਰਤੀਸ਼ਤ) ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, 646 ਕਾਂਗਰਸੀ ਵਿਧਾਇਕਾਂ ਵਿੱਚੋਂ 339 (52 ਪ੍ਰਤੀਸ਼ਤ) ਨੇ ਅਪਰਾਧਿਕ ਮਾਮਲੇ ਐਲਾਨੇ ਹਨ, ਜਿਨ੍ਹਾਂ ਵਿੱਚੋਂ 194 (30 ਪ੍ਰਤੀਸ਼ਤ) ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਏਡੀਆਰ ਦੇ ਵਿਸ਼ਲੇਸ਼ਣ ਦੇ ਅਨੁਸਾਰ, ਤੇਲਗੂ ਦੇਸ਼ਮ ਪਾਰਟੀ (ਟੀਡੀਪੀ) ਕੋਲ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਵਿਧਾਇਕਾਂ ਦਾ ਸਭ ਤੋਂ ਵੱਧ ਅਨੁਪਾਤ ਹੈ। ਇਸ ਦੇ 134 ਵਿਧਾਇਕਾਂ ਵਿੱਚੋਂ 115 ਨੇ ਆਪਣੇ ਨਾਵਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹੋਣ ਦਾ ਐਲਾਨ ਕੀਤਾ ਹੈ। ਇਨ੍ਹਾਂ ਵਿੱਚੋਂ 82 ਵਿਧਾਇਕ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਏਡੀਆਰ ਦੇ ਵਿਸ਼ਲੇਸ਼ਣ ਦੇ ਅਨੁਸਾਰ, ਤਾਮਿਲਨਾਡੂ ਵਿੱਚ ਸੱਤਾਧਾਰੀ ਦ੍ਰਾਵਿੜ ਮੁਨੇਤਰ ਕੜਗਮ (ਡੀਐਮਕੇ) ਦੇ 74 ਪ੍ਰਤੀਸ਼ਤ (132 ਵਿੱਚੋਂ 98) ਵਿਧਾਇਕਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ, ਜਿਨ੍ਹਾਂ ਵਿੱਚੋਂ 42 ਉੱਤੇ ਗੰਭੀਰ ਦੋਸ਼ ਹਨ। ਪੱਛਮੀ ਬੰਗਾਲ ਵਿੱਚ ਸੱਤਾਧਾਰੀ ਤ੍ਰਿਣਮੂਲ ਕਾਂਗਰਸ (ਟੀਐਮਸੀ) ਦੇ 230 ਵਿੱਚੋਂ 95 ਵਿਧਾਇਕ ਅਪਰਾਧਿਕ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਵਿੱਚੋਂ 78 ਉੱਤੇ ਗੰਭੀਰ ਦੋਸ਼ ਹਨ। ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, ਆਮ ਆਦਮੀ ਪਾਰਟੀ (ਆਪ) ਦੇ 123 ਵਿਧਾਇਕਾਂ ਵਿੱਚੋਂ 69 (56 ਪ੍ਰਤੀਸ਼ਤ) ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਇਹਨਾਂ ਵਿੱਚੋਂ 35 (28 ਪ੍ਰਤੀਸ਼ਤ) ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ। ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, ਸਮਾਜਵਾਦੀ ਪਾਰਟੀ ਕੋਲ 110 ਵਿਧਾਇਕ ਹਨ ਅਤੇ ਉਨ੍ਹਾਂ ਵਿੱਚੋਂ 68 (62 ਪ੍ਰਤੀਸ਼ਤ) ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਏਡੀਆਰ ਦੇ ਵਿਸ਼ਲੇਸ਼ਣ ਅਨੁਸਾਰ, ਇਨ੍ਹਾਂ ਵਿੱਚੋਂ 48 (44 ਪ੍ਰਤੀਸ਼ਤ) ਵਿਰੁੱਧ ਗੰਭੀਰ ਅਪਰਾਧਾਂ ਦੇ ਮਾਮਲੇ ਦਰਜ ਹਨ।

### -ਮਾਮਲਾ ਕਰਨਲ ਤੇ ਉਸਦੇ ਬੇਟੇ ਨੂੰ ਕੁਟਮਾਰ ਕਰਨ ਦਾ-

# ਪਟਿਆਲਾ ਪੁਲਿਸ ਦੇ 12 ਮੁਲਾਜ਼ਮਾਂ ਨੂੰ ਕੀਤਾ ਸਸਪੈਂਡ

ਪਟਿਆਲਾ (ਪਰਗਟ ਸਿੰਘ )-ਬੀਤੇ 14 ਮਾਰਚ ਦੀ ਰਾਤ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਬਾਹਰ ਬਣੇ ਢਾਬੇ 'ਤੇ ਭਾਰਤੀ ਫੌਜ ਦੇ ਕਰਨਲ ਰੈਂਕ ਦੇ ਅਧਿਕਾਰੀ ਤੇ ਉਸਦੇ ਲੜਕੇ ਨਾਲ ਪੁਲਿਸ ਅਧਿਕਾਰੀਆਂ ਤੇ ਮੁਲਾਜ਼ਮਾਂ ਦੀ ਹੋਈ ਝੜਪ ਮਾਮਲੇ ਵਿੱਚ ਪੁਲਿਸ ਵਿਭਾਗ ਨੇ 12 ਪੁਲਿਸ ਮੁਲਾਜ਼ਮਾਂ ਨੂੰ ਸਸਪੈਂਡ ਕਰ ਦਿੱਤਾ ਹੈ। ਇਸ ਮਾਮਲੇ ਵਿੱਚ ਪੁਲਿਸ ਨੇ ਦੋਨਾਂ ਧਿਰਾਂ ਦੇ ਬਿਆਨਾ ਦੇ ਅਧਾਰ 'ਤੇ ਪੁਲਿਸ ਕਾਰਵਾਈ ਕਰਦਿਆਂ ਮਾਮਲਾ ਦਰਜ ਕੀਤਾ ਹੈ ਤੇ ਮਾਮਲੇ ਦੀ ਪੜਤਾਲ ਜਾਰੀ ਹੈ।

ਇਸ ਸਬੰਧੀ ਪੁਸ਼ਟੀ ਕਰਦਿਆਂ ਐਸ ਐਸ ਪੀ ਪਟਿਆਲਾ ਡਾ. ਨਾਨਕ ਸਿੰਘ ਨੇ ਦੱਸਿਆ ਕਿ ਬੀਤੇ 13 ਤੇ 14 ਮਾਰਚ ਦੀ ਰਾਤ ਨੂੰ ਕਰਨਲ ਬਾਠ ਅਤੇ ਉਸਦੇ ਬੇਟੇ ਦੀ ਕਿਸੇ ਗੱਲ ਨੂੰ ਲੈ ਕੇ ਪੁਲਿਸ ਅਧਿਕਾਰੀਆਂ ਨਾਲ ਝੜਪ ਹੋਈ ਸੀ। ਜਿਸ ਸਬੰਧੀ ਦੋਨਾਂ ਧਿਰਾਂ ਦੇ ਵਿਅਕਤੀ ਜ਼ਖ਼ਮੀ ਹੋਏ ਸਨ ਤੇ ਇਨ੍ਹਾਂ ਦੇ ਬਿਆਨਾਂ ਦੇ ਅਧਾਰ 'ਤੇ ਕਾਰਵਾਈ ਕਰਦਿਆਂ 12 ਪੁਲਿਸ ਮੁਲਾਜ਼ਮਾਂ ਨੂੰ ਤੁਰੰਤ ਬਰਖਾਸਤ




ਕਰਦਿਆਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫੌਜ ਨਾਲ ਸਾਡੇ ਸਬੰਧ ਹਮੇਸ਼ਾ ਵਧੀਆ ਰਹੇ ਹਨ ਤੇ ਅਜਿਹੇ ਘਟਨਾਕ੍ਰਮ ਦੀ ਉਹ ਮਾਫੀ ਵੀ ਮੰਗਦੇ ਹਨ। ਉਨ੍ਹਾਂ ਕਿਹਾ ਕਿ ਸਾਰੇ ਮਾਮਲੇ ਦੀ ਵਿਭਾਗੀ ਜਾਂਚ 45 ਦਿਨਾਂ ਦੇ ਅੰਦਰ ਪੂਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਸਸਪੈਂਡ ਕੀਤੇ ਗਏ ਪੁਲਿਸ ਵਾਲਿਆਂ ਵਿੱਚ ਇੰਸਪੈਕਟਰ, ਏਐਸਆਈ, ਸਿਪਾਹੀ ਰੈਂਕ ਦੇ ਮੁਲਾਜ਼ਮ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਇਸ ਮਾਮਲੇ ਵਿੱਚ ਕਰਨਲ ਪੁਸ਼ਪਿੰਦਰ ਸਿੰਘ ਬਾਠ ਤੇ ਉਨ੍ਹਾਂ ਦੇ ਬੇਟੇ ਅੰਗਤ ਸਿੰਘ ਬਾਠ ਨੂੰ ਸੱਟਾਂ ਲੱਗੀਆਂ ਸਨ ਤੇ ਇਸ ਸਬੰਧੀ ਬੀਜੇਪੀ ਦੇ ਸੀਨੀਅਰ ਆਗੂ ਗੁਰਤੇਜ ਸਿੰਘ ਢਿੱਲੋਂ ਨੇ ਵੀ ਪੁਲਿਸ ਤੇ ਧੱਕੇਸ਼ਾਹੀ ਤੇ ਗੁੰਡਾਗਰਦੀ ਦੇ ਇਲਜ਼ਾਮ ਲਗਾਏ ਸਨ।

ਵਿਚਾਰ :– ਸਿੱਖਿਆ ਉਹੀ ਹੈ ਜਿਸ ਨਾਲ ਮਨੁੱਖ ਨੂੰ ਆਪਣੇ ਆਪੇ ਦੀ ਪਹਿਚਾਣ ਹੋਵੇ ।



ਰਜਿੰਦਰ ਸਿੰਘ ਪੁਰੇਵਾਲ

# ਮੁਗਲ, ਤੁਗਲਕ, ਅਕਬਰ ਅਤੇ ਔਰੰਗਜ਼ੇਬ ਦੇ ਨਾਵਾਂ ਨਾਲ ਹਿੰਦੂਤਵੀਆਂ ਦੀ ਸਮੱਸਿਆ ਕਿਉਂ ?

ਫਿਰਕੂ ਤਾਕਤਾਂ ਇਤਿਹਾਸ ਤੋਂ ਸਬਕ ਨਹੀਂ ਲੈਣਾ ਚਾਹੁੰਦੀਆਂ, ਉਹ ਇਤਿਹਾਸ ਵਿਚ ਹੋਏ ਜ਼ੁਲਮਾਂ ਨੂੰ ਆਧਾਰ ਬਣਾ ਕੇ ਬਦਲੇ ਦੀ ਸਿਆਸਤ ਕਰਨਾ ਚਾਹੁੰਦੀਆਂ ਹਨ ਅਤੇ ਭਾਰਤੀ ਸਮਾਜ ਨੂੰ ਪਿੱਛੇ ਧੱਕਦਿਆਂ ਮੁੜ ਫਿਰਕੂ ਤੇ ਨਸਲਵਾਦ ਵਾਲੇ ਯੁੱਗ ਵਿੱਚ ਪਹੁੰਚਾਉਣਾ ਚਾਹੁੰਦੀਆਂ ਹਨ। ਭਾਜਪਾ ਮੁਸਲਮਾਨਾਂ ਨੂੰ ਅਜਿਹੇ ਕਾਲਪਨਿਕ ਦੁਸ਼ਮਣ ਵਜੋਂ ਪੇਸ਼ ਕਰਦੀ ਹੈ ਕਿ ਉਨ੍ਹਾਂ ਦਾ ਇੱਥੇ ਰਹਿਣਾ ਹੀ ਇਸ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ। 1857 ਤੋਂ ਪਹਿਲਾਂ ਇਸ ਦੇਸ਼ ਵਿੱਚ ਕਈ ਰਾਜਿਆਂ-ਬਾਦਸ਼ਾਹਾਂ, ਸਮਰਾਟਾਂ ਤੇ ਸ਼ਹਿਨਸ਼ਾਹਾਂ ਨੇ ਰਾਜ ਕੀਤਾ, ਆਪਣੇ ਰਾਜ ਦੌਰਾਨ ਉਨ੍ਹਾਂ ਮੰਦਰ ਤੇ ਮਸਜਿਦਾਂ ਤੋੜੀਆਂ ਤੇ ਲੁੱਟੀਆਂ, ਪਰ ਕਿਸੇ ਨੇ ਵੀ ਆਪਣੇ ਰਾਜ ਨੂੰ ਪੱਕਾ ਕਰਨ ਲਈ ਧਰਮ ਦੇ ਆਧਾਰ ’ਤੇ ਫੁੱਟ ਪਾਉਣ ਦਾ ਕੰਮ ਨਹੀਂ ਕੀਤਾ। ਰਾਜ-ਪਾਟ ਦੀ ਦੁਸ਼ਮਣੀ ਨੂੰ ਧਾਰਮਕ ਦੁਸ਼ਮਣੀ ਦੇ ਰੂਪ ਵਿੱਚ ਪੇਸ਼ ਕਰਕੇ ਇਤਿਹਾਸ ਨੂੰ ਨਕਾਰਨ ਦਾ ਕੰਮ ਅੱਜ ਸੰਘ-ਭਾਜਪਾ ਕਰ ਰਹੇ ਹਨ ।

ਅਜੇ ਔਰੰਗਜ਼ੇਬ ਦਾ ਵਿਵਾਦ ਸ਼ਾਂਤ ਵੀ ਨਹੀਂ ਹੋਇਆ ਹੈ ਕਿ ਤੁਗਲਕ ਨੂੰ ਕਬਰ ਵਿੱਚੋਂ ਕੱਢ ਲਿਆ ਹੈ ਭਾਜਪਾ ਨੇ। ਇਸ ਦੇ ਰਾਜ ਸਭਾ ਦੇ ਮੈਂਬਰ ਡਾ. ਦਿਨੇਸ਼ ਸ਼ਰਮਾ, ਫਰੀਦਾਬਾਦ ਦੇ ਸਾਂਸਦ ਗੁਰਜਰ ਤੇ ਵਾਈਸ ਐਡਮਿਰਲ ਕਿਰਣ ਦੇਸ਼ਮੁਖ ਨੇ ਆਪਣੇ ਨਿਵਾਸਾਂ ’ਤੇ ਤੁਗਲਕ ਲੇਨ ਦੀ ਥਾਂ ਸਵਾਮੀ ਵਿਵੇਕਾਨੰਦ ਮਾਰਗ ਦੀਆਂ ਨੇਮ ਪਲੇਟਾਂ ਲਗਵਾ ਲਈਆਂ ਹਨ। ਹਾਲਾਂਕਿ, ਅਧਿਕਾਰਤ ਤੌਰ ’ਤੇ ਉਸ ਸੜਕ ਦਾ ਨਾਮ ਅਜੇ ਵੀ ਤੁਗਲਕ ਲੇਨ ਹੈ। ਇਹ ਸੱਚ ਹੈ ਕਿ ਮੋਦੀ ਰਾਜ ਵਿਚ ਕੁਝ ਇਸਲਾਮੀ ਨਾਮ ਵੀ ਬਦਲ ਦਿੱਤੇ ਗਏ ਹਨ। ਇੱਥੋਂ ਤੱਕ ਕਿ ਕਈ ਸ਼ਹਿਰਾਂ ਦੇ ਨਾਮ ਵੀ ਬਦਲ ਦਿੱਤੇ ਗਏ ਹਨ। ਇਹ ਨਾਮ ਭਾਰਤ ਵਿੱਚ ਮੁਗਲ ਸ਼ਾਸਨ ਦਾ ਪ੍ਰਤੀਕ ਹਨ।

ਜਿੱਥੋਂ ਤੱਕ ਮੁਗਲਾਂ ਜਾਂ ਦਿੱਲੀ ਸਲਤਨਤ ਦੇ ਹੋਰ ਰਾਜਵੰਸ਼ਾਂ ਦਾ ਸਵਾਲ ਹੈ ਜਿਨ੍ਹਾਂ ਨੇ 11ਵੀਂ ਸਦੀ ਤੋਂ 19ਵੀਂ ਸਦੀ ਤੱਕ ਭਾਰਤ ’ਤੇ ਰਾਜ ਕੀਤਾ, ਕੀ ਉਨ੍ਹਾਂ ਦੇ ਰਾਜ ਨੂੰ ਇਤਿਹਾਸ ਦੇ ਪੰਨਿਆਂ ਤੋਂ ਮਿਟਾਇਆ ਜਾ ਸਕਦਾ। ਤੁਗਲਕ ਰਾਜਵੰਸ਼ ਨੇ ਭਾਰਤ ਦੇ ਇਤਿਹਾਸ ਵਿੱਚ ਲਗਭਗ ਸੌ ਸਾਲ (1320-1413) ਰਾਜ ਕੀਤਾ। ਆਰਥਿਕ ਵਿਕਾਸ ਤੋਂ ਇਲਾਵਾ, ਤੁਗਲਕ ਰਾਜਵੰਸ਼ ਦੇ ਸ਼ਾਸਕਾਂ ਨੇ ਕਲਾ ਅਤੇ ਸੱਭਿਆਚਾਰ ਦੇ ਵਿਕਾਸ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਤੁਗਲਕ ਰਾਜਵੰਸ਼ ਦੇ ਰਾਜ ਦੌਰਾਨ ਦਿੱਲੀ ਸਲਤਨਤ ਇੱਕ ਮਹੱਤਵਪੂਰਨ ਵਪਾਰਕ ਕੇਂਦਰ ਬਣ ਗਈ। ਖੇਤੀਬਾੜੀ ਨੂੰ ਬਿਹਤਰ ਬਣਾਉਣ ਲਈ ਵਿਗਿਆਨਕ ਯਤਨ ਕੀਤੇ ਗਏ।

ਇਤਿਹਾਸਕਾਰਾਂ ਅਨੁਸਾਰ ਜਾਤ, ਸੰਪਰਦਾ ਜਾਂ ਧਰਮ ਦੇ ਆਧਾਰ ’ਤੇ ਵਿਤਕਰਾ ਨਹੀਂ ਕੀਤਾ। ਇਲਾਹਾਬਾਦ ਯੂਨੀਵਰਸਿਟੀ ਵਿੱਚ ਮੱਧਕਾਲੀਨ ਅਤੇ ਆਧੁਨਿਕ ਇਤਿਹਾਸ ਵਿਭਾਗ ਦੇ ਮੁਖੀ ਡਾ. ਹਰੰਬ ਚਤੁਰਵੇਦੀ ਦਾ ਕਹਿਣਾ ਹੈ ਕਿ ਤੁਗਲਕ ਰਾਜਵੰਸ਼ ਦੇ ਸ਼ਾਸਕਾਂ ਕੋਲ ਸਭ ਤੋਂ ਵਧੀਆ ਧਾਰਮਿਕ ਅਤੇ ਪ੍ਰਸ਼ਾਸਨਿਕ ਨੀਤੀਆਂ ਸਨ। ਉਨ੍ਹਾਂ ਨੇ ਕਈ ਮੰਦਰਾਂ ਵਿੱਚ ਯਾਤਰਾ ਕਰਕੇ ਦਾਨ ਦਿੱਤਾ। ਉਸਦੇ ਸ਼ਾਸਨ ਦੌਰਾਨ, ਕੁੱਲ 36 ਬਗਾਵਤਾਂ ਹੋਈਆਂ ਪਰ ਇੱਕ ਵੀ ਹਿੰਦੂ ਬਗਾਵਤ ਨਹੀਂ ਹੋਈ। ਪਹਿਲੀ ਵਾਰ, ਹਿੰਦੂਆਂ ਨੂੰ ਉੱਚ ਅਹੁਦੇ ਦਿੱਤੇ ਗਏ।

ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਤਾਂ ਔਰੰਗਾਬਾਦ ਵਿੱਚ ਔਰੰਗਜ਼ੇਬ ਦੇ ਮਕਬਰੇ ਨੂੰ ਹਟਾਉਣ ਦੀ ਗੱਲ ਵੀ ਕਰ ਰਹੇ ਹਨ, ਜੋ ਇਸ ਸਮੇਂ ਭਾਰਤੀ ਪੁਰਾਤੱਤਵ ਸਰਵੇਖਣ ਦੀ ਸੁਰੱਖਿਆ ਹੇਠ ਹੈ। ਔਰੰਗਾਬਾਦ ਸ਼ਹਿਰ ਦਾ ਨਾਮ ਪਹਿਲਾਂ ਹੀ ਬਦਲ ਕੇ ਸੰਭਾਜੀ ਨਗਰ ਕਰ ਦਿੱਤਾ ਗਿਆ ਹੈ। ਇਨ੍ਹਾਂ ਸ਼ਾਸਕਾਂ ਦੇ ਭਗਵੇਂਵਾਦੀਆਂ ਵਲੋਂ ਵਿਰੋਧ ਦਾ ਮੁੱਖ ਕਾਰਨ ਇਹ ਹੈ ਕਿ ਉਹ ਮੁਸਲਮਾਨ ਹਨ ਕਿਉਂਕਿ ਅਕਬਰ ਵਰਗੇ ਸਹਿਣਸ਼ੀਲ ਸ਼ਾਸਕ ਵੀ ਅਜਿਹੇ ਲੋਕਾਂ ਦੀ ਆਲੋਚਨਾ ਤੋਂ ਨਹੀਂ ਬਚੇ।

ਜਿੱਥੋਂ ਤੱਕ ਤੁਗਲਕ ਲੇਨ ਦਾ ਨਾਮ ਬਦਲਣ ਦਾ ਸਵਾਲ ਹੈ, ਇਸ ਪੂਰੇ ਖੇਤਰ ਨੂੰ ਬਹੁਤ ਹੀ ਯੋਜਨਾਬੱਧ ਢੰਗ ਨਾਲ ਵਿਕਸਤ ਕੀਤਾ ਗਿਆ ਸੀ ਅਤੇ ਸੜਕਾਂ ਦੇ ਨਾਮ ਵੀ ਭਾਰਤ ਦੇ ਇਤਿਹਾਸ, ਸੱਭਿਆਚਾਰ ਅਤੇ ਪਰੰਪਰਾ ਨਾਲ ਜੁੜੇ ਲੋਕਾਂ ਦੇ ਨਾਮ ’ਤੇ ਰੱਖੇ ਗਏ ਸਨ। ਇੱਥੇ ਪ੍ਰਸ਼ਾਸਨ ਐਨਡੀਐਮਸੀ ਦਾ ਹੈ। ਇਸ ਇਲਾਕੇ ਦੇ ਕਈ ਨਾਮ ਬ੍ਰਿਟਿਸ਼ ਕਾਲ ਦੌਰਾਨ ਦਿੱਤੇ ਗਏ ਸਨ। ਜੋ ਵੀ ਨਾਮ ਦਿੱਤੇ ਗਏ ਹਨ, ਉਹ ਦਿੱਲੀ ’ਤੇ ਰਾਜ ਕਰਨ ਵਾਲਿਆਂ ਨੂੰ ਧਿਆਨ ਵਿੱਚ ਰੱਖ ਕੇ ਦਿੱਤੇ ਗਏ ਹਨ। ਆਜ਼ਾਦੀ ਅੰਦੋਲਨ ਨਾਲ ਜੁੜੇ ਲੋਕਾਂ ਦੇ ਨਾਮ ਵੀ ਹਨ। ਇੱਥੇ ਸੜਕਾਂ ਦੇ ਨਾਮ ਭਾਈ ਵੀਰ ਸਿੰਘ ਵਰਗੇ ਸਾਹਿਤ ਨਾਲ ਜੁੜੇ ਲੋਕਾਂ ਦੇ ਨਾਮ ’ਤੇ ਰੱਖੇ ਗਏ ਹਨ। ਹਾਂ, ਜਿਹੜੇ ਨਾਮ ਹਟਾਏ ਗਏ ਹਨ ਉਹ ਬ੍ਰਿਟਿਸ਼ ਕਾਲ ਨਾਲ ਜੁੜੇ ਲੋਕਾਂ ਦੇ ਨਾਮ ਸਨ, ਜਿਨ੍ਹਾਂ ਦੇ ਨਾਵਾਂ ’ਤੇ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਪਰ ਹੁਣ ਮੋਦੀ ਰਾਜ ਵਿਚ ਫਿਰਕੂ ਰਾਜਨੀਤੀ ਕੀਤੀ ਜਾ ਰਹੀ ਹੈ। ਔਰੰਗਜ਼ੇਬ, ਅਕਬਰ, ਬਾਬਰ ਤੇ ਹੁਣ ਤੁਗਲਕ ਦੀ ਵਾਰੀ ਹੈ, ਕਿਉਂਕਿ ਸੰਘ-ਭਾਜਪਾ ਦੀ ਫਿਰਕਾਪ੍ਰਸਤੀ ਨਾਲ ਆੜੀ ਹੈ। ਮੁੱਦਿਆਂ ’ਤੇ ਬਹਿਸ ਸ਼ੁਰੂ ਹੋ ਸਕੇ।

ਹਾਲਾਤ ਇਹ ਹੈ ਕਿ ਇਕੱਲੇ ਲੜ ਕੇ ਕੋਈ ਵੀ ਰਾਜਨੀਤਕ ਪਾਰਟੀ ਜਾਂ ਧੜਾ ਫਾਸ਼ੀਵਾਦੀ ਸ਼ਕਤੀਆਂ ਨੂੰ ਹਰਾਉਣ ਦੇ ਸਮਰੱਥ ਨਹੀਂ। ਇਸ ਲਈ ਵਿਸ਼ਾਲ ਅਗਾਂਹਵਧੂ ਲੋਕਤੰਤਰਿਕ ਅਤੇ ਧਰਮ ਨਿਰਪੱਖ ਮੋਰਚੇ ਦੀ ਜ਼ਰੂਰਤ ਹੈ। ਲੋਕਤੰਤਰ ਵਿਚ ਵਿਸ਼ਵਾਸ ਰੱਖਣ ਵਾਲੀਆਂ ਸਾਰੀਆਂ ਰਾਜਨੀਤਕ ਧਿਰਾਂ ਅਤੇ ਲੋਕਾਂ ਨੂੰ 1930-40ਵਿਆਂ ਦੇ ਯੂਰੋਪ ਦੇ ਇਤਿਹਾਸ ਤੋਂ ਸਬਕ ਸਿੱਖਣ ਦੀ ਲੋੜ ਹੈ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# GLOBAL SIKH NATION GUIDED BY *SOVEREIGN* MIRI-PIRI INSTITUTION OF SRI AKAL TAKHT SAHIB



Gurmukh Singh OBE

Sirdar Kapur Singh wrote that *Darbar Sahib complex* [including Sr Akal Takht Sahib] *is the capital of Sikh theocracy* [rule guided by religious principles] *but it is very much more***.*

The other important aspect is that *Sikhi has no ordained priestly class and, therefore, there can be no theocratic political state of the Sikhs in which the priests rule in the name of an invisible God. They have no corpus of civil law of divine origin and sanction and they, therefore, must have a state based on secular non-theocratic laws**.*

It follows that, wherever the Sikhs live, including Panjab, they will back any state based on secular just laws. That must be a state where there is secular democratic rule of law which protects the rights of all citizens without distinction. Where the rights of minorities are protected. Regarding these matters, the global Sikhs will be guided by the sovereign Institution of Sri Akal Takht Sahib served and defended (*seva-sambhal*) by the Khalsa Panth.

The concept of Sikhs as a global nation makes eminent sense in the modern world. Organisational aspects of such a nation, with Sri Guru Granth Sahib as the Constitution, can be worked out. The guiding central Authority of the Sikh nation is Sri Akal Takht Sahib. By tradition, it is geographically located in Darbar Sahib Complex. The foundation is built on thousands of Sikh sacrifices.

Sirdar Kapur Singh argued that the Sikhs have a well-earned historical right to the location and its independence from outside political or legal control. The rule of Maharaja Ranjit Singh did not include Darbar Sahib complex. The same goes for Delhi rule and law. Sikh tradition to-date shows that when the independence of the Takht is challenged, the Panth has risen to take back control. That process has been going on for decades and the current crisis is part of it.

Therefore, firstly Sikhs will always assert the sovereign status of the Takht. They will only accept any direction from the Takht which is truly based on the Guidance of the Guru (Gurbani) as interpreted by the collective Khalsa Panth. The sevadars at the Takht (called jathedars) deliberate on Gurmat Guidance applicable to the circumstances. That is the process of this sovereign Institution, the Takht of the Timeless Being. The authority of the Jathedars derives from their role.

Like policy civil servants, the Jathedars second-guess the wishes of the Higher Authority, in their case, the Guru Granth and Panth. In government the policy civil servants are doing this all the time where the Authority is the ministers (government). Otherwise, like the civil servants, the Takht sevadars or jathedars, have no powers of their own. Yet, the respect they derive from their highest role in the Khalsa Panth, is great.

What happens when the jathedars fail in their duty to ascertain the wishes of Guru and the Panth, has been well illustrated in recent times. For example, in the Sauda Saadh case the Takht Jathedar was removed due to the reaction from the Panth. Sooner or later, those who defy the Will of the Guru Granth and Panth as proclaimed from the Institution of the Takht, are rejected by the Panth.

Those who have defied the Hukamnama of 2 December 2024, surely await that fate in due course.

** *The Golden Temple [Darbar Sahib]: Its Theo-Political Status* (Dharam Parchar Committee 1988 and, earlier, *The Sikh Review* (Kolkata) August 1974.)


**Gurmukh Singh OBE**, Ret'd Principal Civil Servant (UK) sewauk2005@yahoo.co.uk

# ਦਮਦਮੀ ਟਕਸਾਲ, ਦਲ ਖਾਲਸਾ ਤੇ ਹੋਰ ਜਥੇਬੰਦੀਆਂ ਨੇ ਜਥੇਦਾਰ ਹਟਾਉਣ ਬਾਰੇ ਛੇੜੀ ਮੁਹਿੰਮ

**ਪੰਥਕ ਹੱਲਚਲ**

**✪ ਸਮੂਹ ਪੰਥਕ ਜਥੇਬੰਦੀਆਂ ਦੀ ਮੰਗ ਸ਼੍ਰੋਮਣੀ ਕਮੇਟੀ ਸਿੰਘ ਸਾਹਿਬਾਨ ਨੂੰ ਲਾਉਣ ਤੇ ਹਟਾਉਣ ਦੇ ਨਿਯਮ ਬਣਾਵੇ**

**✪ ਸ਼੍ਰੋਮਣੀ ਕਮੇਟੀ ਵਲੋਂ ਫੈਸਲਾ ਬਦਲਣ ਦੀ ਸੰਭਾਵਨਾ ਨਹੀਂ ✪ ਹਾਲੇ ਤੱਕ ਵਿਰੋਧੀ ਧੜੇ ਇਕਮੁੱਠ ਨਹੀਂ ਹੋ ਸਕੇ**





ਇਸ ਵੇਲੇ ਅਕਾਲੀ ਦਲ ਤੇ ਬਾਦਲ ਦਲ ਵਿਰੋਧੀ ਪੰਥਕ ਧਿਰਾਂ ਦੀ ਸਾਰੀ ਲੜਾਈ ਮੀਰੀ ਭਾਵ ਰਾਜਸੱਤਾ 'ਤੇ ਕਾਬਜ਼ ਹੋਣ ਦੀ ਹੀ ਦਿਖਾਈ ਦੇ ਰਹੀ ਹੈ, ਕਿਤੇ ਵੀ ਸਿਧਾਂਤਕ ਪੱਖ ਲਾਗੂ ਕਰਨ ਦੀ ਮੁਹਿੰਮ ਨਹੀਂ ਚਲ ਰਹੀ। ਦਮਦਮੀ ਟਕਸਾਲ, ਸੁਧਾਰ ਲਹਿਰ ਤੇ ਦਲ ਖਾਲਸਾ ਵਲੋਂ ਬਾਦਲ ਦਲ ਤੇ ਸ਼੍ਰੋਮਣੀ ਕਮੇਟੀ ਵਿਰੁਧ ਜਥੇਦਾਰਾਂ ਨੂੰ ਬਹਾਲ ਕਰਨ ਦੀ ਮੁਹਿੰਮ ਜਾਰੀ ਹੈ। ਦਮਦਮੀ ਟਕਸਾਲ ਦੇ ਮੁਖੀ ਹੋਲੇ ਮਹੱਲੇ ਉਪਰ ਵੱਡਾ ਇਕੱਠ ਕਰਨ ਵਿਚ ਅਸਫਲ ਰਹੇ ਹਨ। ਹੋਲਾ ਮਹੱਲਾ ਮੌਕੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਹੋਈ ਪੰਥਕ ਇਕੱਤਰਤਾ ਵਿਚ ਛੇ ਮਤੇ ਪਾਸ ਕੀਤੇ ਗਏ। ਜਿਸ ਵਿਚ ਸਾਰਿਆਂ ਤੋਂ ਪਹਿਲਾਂ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਤਖ਼ਤ ਕੇਸਗੜ੍ਹ ਸਾਹਿਬ ਤੇ ਕਾਰਜਕਾਰੀ ਜਥੇਦਾਰ ਅਕਾਲ ਤਖ਼ਤ ਸਾਹਿਬ ਅਤੇ ਬਾਬਾ ਟੇਕ ਸਿੰਘ ਧਨੌਲਾ ਦੀ ਤਖ਼ਤ ਦਮਦਮਾ ਸਾਹਿਬ ਵਿਖੇ ਹੋਈ ਨਿਯੁਕਤੀ ਨੂੰ ਰੱਦ ਕਰਨ ਦਾ ਜੈਕਾਰਿਆਂ ਦੀ ਗੂੰਜ ਵਿਚ ਐਲਾਨ ਕੀਤਾ ਗਿਆ। ਇਸ ਦੇ ਇਲਾਵਾ ਦੂਜੇ ਮਤੇ ਵਿਚ ਕਿਹਾ ਗਿਆ ਕਿ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖ਼ਤ ਸਾਹਿਬ, ਗਿਆਨੀ ਸੁਲਤਾਨ ਸਿੰਘ ਨੂੰ ਤਖ਼ਤ ਕੇਸਗੜ੍ਹ ਸਾਹਿਬ ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਤੁਰੰਤ ਸੇਵਾ ਸੰਭਾਲ ਸੌਂਪ ਕੇ ਸ਼੍ਰੋਮਣੀ ਕਮੇਟੀ ਪੰਥ ਦੀਆਂ ਭਾਵਨਾਵਾਂ ਦਾ ਸਤਿਕਾਰ ਕਰੇ। ਤੀਜੇ

ਮਤੇ ਵਿਚ ਅੰਤਰਿਮ ਕਮੇਟੀ ਦੇ ਤਿੰਨ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਜਿੰਨ੍ਹਾਂ ਸਿੰਘ ਸਾਹਿਬਾਨ ਨੂੰ ਹਟਾਉਣ ਦਾ ਵਿਰੋਧ ਕੀਤਾ ਸੀ ਅਤੇ ਬਾਕੀ 11 ਅੰਤਰਿਮ ਕਮੇਟੀ ਦੇ ਮੈਂਬਰਾਂ ਨੂੰ ਅਪੀਲ ਕੀਤੀ ਗਈ ਕਿ 17 ਮਾਰਚ ਤੋਂ ਪਹਿਲਾਂ ਪੁਰਾਣੇ ਜਥੇਦਾਰ ਸਾਹਿਬਾਨ ਦੀ ਸੇਵਾ ਸੰਭਾਲ ਅਤੇ ਨਵੇਂ ਜਥੇਦਾਰ ਦੀ ਨਿਯੁਕਤੀ ਨੂੰ ਰੱਦ ਕਰਵਾਉਣ ਲਈ ਯਤਨਸ਼ੀਲ ਹੋਵੇ।

ਗਿਆਨੀ ਹਰਦੀਪ ਸਿੰਘ ਵਲੋਂ ਪੜ੍ਹੇ ਗਏ ਚੌਥੇ ਮਤੇ ਵਿਚ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਕਿ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਸੰਭਾਲ ਲਈ ਸਿੱਖ ਪੰਥ ਦੀ ਪ੍ਰਵਾਨਗੀ ਨਾਲ ਲਿਖਤੀ ਵਿਧੀ ਵਿਧਾਨ ਬਣਾਇਆ ਜਾਵੇ। ਪੰਜਵੇਂ ਮਤੇ ਵਿਚ ਹਰੇਕ ਸਿੱਖ ਆਪਣੇ ਹਲਕੇ ਦੇ ਸ਼੍ਰੋਮਣੀ ਕਮੇਟੀ ਮੈਂਬਰ ਨੂੰ 28 ਮਾਰਚ ਨੂੰ ਹੋਣ ਵਾਲੇ ਬਜਟ ਇਜਲਾਸ ਤੋਂ ਪਹਿਲਾਂ ਮਿਲ ਕੇ ਅੰਤਰਿਮ ਕਮੇਟੀ ਵਲੋਂ ਕੀਤੇ ਪੰਥ ਵਿਰੋਧੀ ਫ਼ੈਸਲਿਆਂ ਨੂੰ ਰੱਦ ਕਰਵਾਉਣ ਲਈ ਆਪਣਾ ਯੋਗਦਾਨ ਪਾਉਣ ਦੀ ਅਪੀਲ ਕਰੇ। ਜੇਕਰ ਇਹ ਸ਼੍ਰੋਮਣੀ ਕਮੇਟੀ ਮੈਂਬਰ ਆਪਣਾ ਫ਼ਰਜ਼ ਨਹੀਂ ਨਿਭਾਉਂਦੇ ਤਾਂ ਸੰਗਤ ਇਨ੍ਹਾਂ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਵਿਰੋਧ ਕਰੇ। ਇਸ ਤੋਂ ਇਲਾਵਾ ਸੰਗਤਾਂ 28 ਮਾਰਚ ਦੇ ਬਜਟ ਇਜਲਾਸ ਵਿਚ ਵਹੀਰਾਂ ਘੱਤ ਕੇ ਅੰਮ੍ਰਿਤਸਰ ਪਹੁੰਚਣ।

ਛੇਵੇਂ ਮਤੇ ਵਿਚ ਸੰਗਤ ਵਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੂੰ ਅਪੀਲ ਕੀਤੀ ਗਈ ਕਿ ਉਹ ਸੰਤ ਮਹਾਂਪੁਰਸ਼, ਸਿੱਖ ਸੰਪਰਦਾਵਾਂ ਅਤੇ ਸਮੁੱਚੀਆਂ ਜਥੇਬੰਦੀਆਂ ਨੂੰ ਨਾਲ ਲੈ ਕੇ ਸਿੱਖ ਪੰਥ ਨੂੰ ਇਨ੍ਹਾਂ ਦਰਪੇਸ਼ ਸੰਕਟਾਂ ਤੋਂ ਬਾਹਰ ਕੱਢਣ ਲਈ ਅਗਵਾਈ ਕਰਨ। ਇਸ ਮੌਕੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ, ਗੁਰਪ੍ਰਤਾਪ ਸਿੰਘ ਵਡਾਲਾ, ਚਰਨਜੀਤ ਸਿੰਘ ਬਰਾੜ, ਹਰਬੰਸ ਸਿੰਘ ਮੰਝਪੁਰ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸੁੱਚਾ ਸਿੰਘ ਛੋਟੇਪੁਰ, ਸਮੇਤ ਹੋਰ ਵੀ ਸ਼ਖ਼ਸੀਅਤਾਂ ਹਾਜ਼ਰ ਸਨ।

ਦਲ ਖ਼ਾਲਸਾ ਦੇ ਮੁਖੀ ਪਰਮਜੀਤ ਸਿੰਘ ਮੰਡ ਦੀ ਅਗਵਾਈ ਹੇਠ ਪਾਰਟੀ ਵਰਕਰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਪਹੁੰਚੇ ਤੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ, ਗਿਆਨੀ ਹਰਪ੍ਰੀਤ ਸਿੰਘ ਤੇ ਗਿਆਨੀ ਸੁਲਤਾਨ ਸਿੰਘ ਨੂੰ ਬਹਾਲ ਕਰਨ ਦੀ ਮੰਗ ਕੀਤੀ। ਮੰਡ ਨੇ ਇਕ ਸਰਿੰਜ ਦੀ ਵਰਤੋਂ ਕਰ ਕੇ ਆਪਣੀ ਬਾਂਹ ਤੋਂ ਖ਼ੂਨ ਕੱਢਿਆ ਤੇ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਮੁੱਖ ਗੇਟ ਸਾਹਮਣੇ ਖ਼ੂਨ ਡੋਲ੍ਹ ਦਿੱਤਾ। ਪਰਮਜੀਤ ਸਿੰਘ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਨੂੰ ਐੱਸਜੀਪੀਸੀ ਪ੍ਰਬੰਧ ਤੋਂ ਵੱਖਰਾ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਜਥੇਦਾਰ ਸਾਹਿਬਾਨ ਸ਼੍ਰੋਮਣੀ ਕਮੇਟੀ ਅਧੀਨ ਨਹੀਂ ਹਨ।

ਦੂਜੇ ਪਾਸੇ ਅਕਾਲੀ ਲੀਡਰ ਅਤੇ ਸੁਖਬੀਰ ਬਾਦਲ ਦੇ ਬੇਹੱਦ ਕਰੀਬੀ ਮੰਨੇ ਜਾਂਦੇ ਪਰਮਬੰਸ ਸਿੰਘ ਬੰਟੀ ਰੋਮਾਣਾ ਨੇ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਸੀ ਕਿ ਪਹਿਲਾਂ ਨੀਲੀ ਪੱਗ ਤੇ ਗਲ ਵਿਚ ਪਰਨਾ ਪਾਉਂਦਾ ਸੀ, ਹਰ ਇਕ ਨੂੰ ਭਾਈ ਜੀ ਗੁਰੂ ਫਤਿਹ ਬਲਾਉਂਦਾ ਸੀ, ਭਗਵੀਂ ਪੱਗ ਤੇ ਭਗਵਾਂ ਪਰਨਾ ਗਲ ਵਿਚ ਹੁਣ ਸਰਕਾਰਾਂ ਦੇ, ਨਿੱਤ ਰੰਗ ਬਦਲਦੇ ਬਾਬੇ ਧੁੰਮੇ ਦੀਆਂ ਦਸਤਾਰਾਂ ਦੇ ਨਿੱਤ ਰੰਗ ਬਦਲਦੇ।ਫੇਰ ਇਸਦੇ ਨਾਲ ਹੀ ਉਹਨਾਂ ਲਿਖਿਆ ਕਿ ਕੀ ਚੜ੍ਹਦੇ ਸੂਰਜ ਨੂੰ ਸਲਾਮਾਂ ਕਰਨ ਵਾਲੇ ਯਾ ਹਵਾ ਦੇ ਰੁੱਖ ਮੁਤਾਬਿਕ ਆਪਣਾ ਸਟੈਂਡ ਬਦਲਣ ਵਾਲੇ ਲੋਕ ਪੰਥਕ ਆਗੂ ਕਹਾਉਣ ਦਾ ਯਾ ਦਮਦਮੀ ਟਕਸਾਲ ਵਰਗੀ ਮਹਾਨ ਜਥੇਬੰਦੀ ਦੀ ਅਗਵਾਈ ਕਰਨ ਦਾ ਹੱਕ ਰੱਖਦੇ ਨੇ ?

ਬਾਦਲ ਦਲ ਦੇ ਸੀਨੀਅਰ ਨੇਤਾ ਦਲਜੀਤ ਸਿੰਘ ਚੀਮਾ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਸਿੱਖਾਂ ਦੇ ਵਿੱਚ ਖਾਨਾਜੰਗੀ ਕਰਾਉਣ ਵਿੱਚ ਲੱਗੀਆਂ ਹੋਈਆਂ ਹਨ। ਉਹਨਾਂ ਕਿਹਾ ਕਿ ਸੂਬਾ ਤੇ ਕੇਂਦਰ ਦੋਵਾਂ ਸਰਕਾਰਾਂ ਨੂੰ ਬੀਤੇ ਸਮੇਂ ਤੋਂ ਸਬਕ ਸਿੱਖਣਾ ਚਾਹੀਦਾ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪਰਮਜੀਤ ਸਿੰਘ ਸਰਨਾ ਦਮਦਮੀ ਟਕਸਾਲ ਨੂੰ ਕਿਹਾ ਕਿ, ਜਦੋਂ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਨਤਮਸਤਕ ਹੋਣ ਆਈ ਹੋਵੇ ਅਤੇ ਉਦੋਂ ਪੂਰਾ ਜ਼ੋਰ ਲਗਾਉਣ ਦੇ ਬਾਵਜੂਦ 200 ਲੋਕ ਵੀ ਨਾ ਪਹੁੰਚਣ ਇਸ ਤੋਂ ਇਹ ਗੱਲ ਸਾਫ ਅਤੇ ਸਪੱਸ਼ਟ ਹੋ ਜਾਂਦੀ ਹੈ ਕਿ ਸਮੁੱਚੀ ਸਿੱਖ ਕੌਮ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋ ਕੀਤੇ ਫੈਸਲੇ ਨੂੰ ਸਹੀ ਮੰਨਦੀ ਹੈ।

ਪੰਥਕ ਵਿਚਾਰਵਾਨਾਂ ਦਾ ਮੰਨਣਾ ਹੈ ਕਿ ਇਸ ਲੜਾਈ ਨੂੰ ਉਲਝਾਉਣ ਲਈ ਭਾਜਪਾ ਕੁਝ ਆਪਣੇ ਹੱਥਠੋਕੇ ਲੀਡਰਾਂ ਰਾਹੀਂ ਇਸ ਲੜਾਈ ਵਿਚ ਘੁਸਪੈਠ ਕਰ ਚੁਕੀ ਹੈ।

ਇਸ ਵੇਲੇ ਭਾਵੇਂ ਭਾਜਪਾ ਲੀਡਰਸ਼ਿਪ ਲਗਾਤਾਰ ਇਹ ਬਿਆਨ ਦੇ ਰਹੀ ਹੈ ਕਿ ਉਹ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਇਕੱਲੇ ਤੌਰ 'ਤੇ ਲੜ ਕੇ ਸਰਕਾਰ ਬਣਾਏਗੀ। ਪਰ ਪੰਜਾਬ ਦੀ ਸਥਿਤੀ ਦੇਸ਼ ਤੋਂ ਵੱਖਰੀ ਹੈ ਇਥੇ ਧਾਰਮਿਕ ਆਬਾਦੀ ਦਾ ਤਨਾਸਬ ਦੇਸ਼ ਵਾਂਗ 80-20 ਦਾ ਨਹੀਂ ਹੈ। ਇਸ ਲਈ ਇਹ ਸਾਫ਼ ਸਪੱਸ਼ਟ ਹੈ ਕਿ ਭਾਜਪਾ ਪੰਜਾਬ ਵਿਚ ਰਾਜ ਸੱਤਾ 'ਤੇ ਕਾਬਜ਼ਾ ਕਰਨ ਲਈ ਅਕਾਲੀ ਦਲ ਦੇ ਇਕ ਧੜੇ ਨਾਲ ਸਮਝੌਤਾ ਜ਼ਰੂਰ ਕਰੇਗੀ ਪਰ ਸੁਖਬੀਰ ਸਿੰਘ ਬਾਦਲ ਵਾਲੇ ਧੜੇ ਨਾਲ ਸਮਝੌਤਾ ਨਹੀਂ ਕਰੇਗੀ।

ਦੂਸਰੀ ਧਿਰ ਦੇ ਕੁਝ ਨੇਤਾ ਸਪੱਸ਼ਟ ਇਸ਼ਾਰੇ ਵੀ ਦੇ ਚੁੱਕੇ ਹਨ ਕਿ ਉਨ੍ਹਾਂ ਦਾ ਭਾਜਪਾ ਨਾਲ ਸਮਝੌਤਾ ਹੋਣਾ ਤੈਅ ਹੈ। ਜਦੋਂ ਕਿ ਇਹ ਵੀ ਪੱਕਾ ਜਾਪਦਾ ਹੈ ਕਿ ਸੁਖਬੀਰ ਸਿੰਘ ਬਾਦਲ ਵਾਲਾ ਧੜਾ ਹਥਿਆਰ ਨਹੀਂ ਸੁੱਟੇਗਾ ਤੇ ਰਾਜ ਸੱਤਾ ਦੀ ਇਹ ਲੜਾਈ ਅਜੇ ਜਾਰੀ ਰਹੇਗੀ। ਵੈਸੇ ਇਹ ਸਿਰਫ਼ ਪੰਜਾਬ ਦੀ ਰਾਜਸੀ ਸੱਤਾ ਦੀ ਹੀ ਲੜਾਈ ਨਹੀਂ ਹੈ, ਸਗੋਂ ਇਹ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਬਣਾਈ ਰੱਖਣ ਅਤੇ ਕਬਜ਼ਾ ਕਰਨ ਦੀ ਵੀ ਲੜਾਈ ਹੈ। ਪਰ ਇਸ ਲੜਾਈ ਨਾਲ ਸਿੱਖਾਂ ਤੇ ਦਰਬਾਰ ਸਾਹਿਬ ਦਾ ਅਕਸ ਵਿਗੜ ਰਿਹਾ ਹੈ ,ਕਿਉਂਕਿ ਕਿ ਸ਼੍ਰੋਮਣੀ ਕਮੇਟੀ ਦੇ ਦਫਤਰ ਅਗੇ ਧਰਨੇ ਮਾਰੇ ਜਾ ਰਹੇ ਹਨ। ਦੂਸਰਾ ਇਸ ਲੜਾਈ ਵਿਚ ਅਕਾਲ ਤਖ਼ਤ ਸਾਹਿਬ ਦੀ ਪਰੰਪਰਾ ਦਾ ਘਾਣ ਹੋ ਰਿਹਾ ਹੈ।

## ਵਿਰੋਧ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਵਲੋਂ ਫੈਸਲੇ ਬਦਲਣ ਦੀ ਸੰਭਾਵਨਾ ਘੱਟ

ਜਥੇਦਾਰਾਂ ਨੂੰ ਮਨਮਰਜ਼ੀ ਅਨੁਸਾਰ ਹਟਾਉਣ ਤੇ ਲਾਉਣ ਦਾ ਵੀ ਇਹ ਪਹਿਲਾ ਮੌਕਾ ਨਹੀਂ ਹੈ ਤੇ ਕਈ ਜਥੇਦਾਰਾਂ ਦੇ ਫ਼ੈਸਲੇ ਸੰਗਤ ਵਿਚ ਅਪ੍ਰਵਾਨ ਵੀ ਹੋਏ ਹਨ। ਅਜਿਹੀ ਸਥਿਤੀ ਵਿਚ ਇਸ ਗੱਲ ਦੀ ਲੋੜ ਹੋਰ ਜ਼ਿਆਦਾ ਜਾਪਦੀ ਹੈ ਕਿ ਸ਼੍ਰੋਮਣੀ ਕਮੇਟੀ ਖ਼ੁਦ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਾਨ ਦੀ ਪੱਕੀ ਬਹਾਲੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹੋਰ ਤਖ਼ਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਯੋਗਤਾ, ਚੋਣ ਵਿਧੀ, ਕਾਰਜ ਖੇਤਰ, ਅਧਿਕਾਰ, ਡਿਊਟੀਆਂ ਤੇ ਨਿਯੁਕਤੀ 'ਤੇ ਰਹਿਣ ਦਾ ਸਮਾਂ ਅਤੇ ਅਜਿਹੀਆਂ ਸਥਿਤੀਆਂ ਜਿਨ੍ਹਾਂ ਵਿਚ ਜਥੇਦਾਰ ਨੂੰ ਸਮੇਂ ਤੋਂ ਪਹਿਲਾਂ ਲਾਹੁਣ ਦੀ ਜ਼ਰੂਰਤ ਪੈ ਸਕਦੀ ਹੈ ਆਦਿ ਦਾ ਤਰੀਕਾ ਨਿਰਧਾਰਿਤ ਕਰੇ। ਇਹ ਤਰੀਕਾ ਅਜਿਹਾ ਹੋਵੇ ਕਿ ਜਥੇਦਾਰਾਂ ਦੀ ਨਿਯੁਕਤੀ ਲਈ ਸ਼੍ਰੋਮਣੀ ਕਮੇਟੀ ਵਿਸ਼ਵ ਲੈਵਲ ਦਾ ਸਿੱਖ ਢਾਂਚਾ ਸਥਾਪਤ ਕਰੇ ਕਿ ਜਥੇਦਾਰ ਖ਼ੁਦ-ਬਖ਼ੁਦ ਹੀ ਸਰਬੱਤ ਦੇ ਪ੍ਰਵਾਨਿਤ ਜਥੇਦਾਰ ਬਣ ਜਾਣ।

ਪਿਛਲੇ 10 ਸਾਲਾਂ ਵਿਚ ਸਿੱਖਾਂ ਦੀ ਪ੍ਰਤੀਨਿਧਤਾ ਵੀ ਦੇਸ਼ ਦੀ ਰਾਜਨੀਤੀ ਵਿਚ ਕਾਫੀ ਘਟੀ ਹੈ, ਪਰ ਫਿਰ ਵੀ ਸਿੱਖ ਸਿਰਫ਼ 2 ਕਰੋੜ ਹੋਣ ਦੇ ਬਾਵਜੂਦ ਅਜੇ ਵੀ ਸੱਤਾ ਵਿਚ ਕਿਸੇ ਹੱਦ ਤੱਕ ਹਿੱਸੇਦਾਰ ਹਨ ਤਾਂ ਉਹ ਸਿਰਫ਼ ਇਸ ਲਈ ਕਿ ਸਿੱਖਾਂ ਨੇ ਕਿਸੇ ਪਾਰਟੀ ਨੂੰ ਅਛੂਤ ਕਰਾਰ ਨਹੀਂ ਦਿੱਤਾ। ਸਿੱਖ ਹਰ ਪਾਰਟੀ ਵਿਚ ਸ਼ਾਮਿਲ ਹੋ ਕੇ ਅੱਗੇ ਆਉਣ ਲਈ ਤਤਪਰ ਰਹਿੰਦੇ ਹਨ। ਅਜਿਹਾ ਉਹ ਸਿਰਫ਼ ਭਾਰਤ ਵਿਚ ਹੀ ਨਹੀਂ ਕਰਦੇ ਸਗੋਂ ਵਿਸ਼ਵ ਦੇ ਕਈ ਹੋਰ ਦੇਸ਼ਾਂ ਵਿਚ ਵੀ ਇਸੇ ਕਾਰਨ ਉਹ ਸੱਤਾ ਵਿਚ ਹਿੱਸੇਦਾਰ ਹਨ। ਮੁਸਲਮਾਨ ਹੀ ਨਹੀਂ ਅੱਜਕਲ੍ਹ ਤਾਂ ਇਸਾਈ ਜੋ ਸਿੱਖਾਂ ਨਾਲੋਂ ਡਿਉਢੇ ਹਨ, ਵੀ ਸੱਤਾ ਤੋਂ ਕਾਫੀ ਦੂਰ ਹਨ। ਇਸ ਲਈ ਸਾਨੂੰ ਸਿੱਖਾਂ ਦੀਆਂ ਧਾਰਮਿਕ, ਸਮਾਜਿਕ ਸਮੱਸਿਆਵਾਂ ਦੇ ਹੱਲ ਲਈ ਰਾਜਨੀਤੀ ਨੂੰ ਵਰਤਣ ਦੀ 'ਜੁਗਤ' ਉਸਾਰਨੀ ਪਵੇਗੀ। ਸਾਨੂੰ ਕਿਸੇ ਇਕ ਪਾਰਟੀ ਵਿਚ ਰਹਿਣ ਦੇ ਹੁਕਮ ਨਹੀਂ ਹੋਣੇ ਚਾਹੀਦੇ। ਪਰ ਇਹ ਸਮਝ ਤੇ ਸੋਚ ਬਣਾਉਣੀ ਪਵੇਗੀ ਕਿ ਅਸੀਂ ਕਿਤੇ ਵੀ ਰਹੀਏ ਆਪਣੇ ਧਾਰਮਿਕ ਅਕੀਦੇ ਤੇ ਧਾਰਮਿਕ ਸਮਾਜਿਕ ਸਰੋਕਾਰਾਂ ਸੰਬੰਧੀ ਸੁਚੇਤ ਰਹੀਏ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਨੂੰ ਜਿਥੇ ਧਾਰਮਿਕ ਤੇ ਸਮਾਜਿਕ ਅਗਵਾਈ ਦੇਵੇ ਉਥੇ ਹੀ ਜਦੋਂ ਸਿੱਖ ਧਰਮ ਲਈ ਕੋਈ ਸਾਂਝੀ ਮੁਸ਼ਕਿਲ ਜਾਂ ਕੋਈ ਧਾਰਮਿਕ ਧੱਕਾ ਹੋਵੇ, ਉਸ ਵੇਲੇ ਰਾਜਸੀ ਅਗਵਾਈ ਵੀ ਦੇਵੇ, ਪਰ ਅਜਿਹਾ ਤਦ ਹੀ ਹੋ ਸਕੇਗਾ ਜਦੋਂ ਹਰ ਪਾਰਟੀ ਵਿਚਲਾ ਸਿੱਖ ਆਪਣੇ-ਆਪ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਸਮਝੇ।

**ਬਾਕੀ ਹਿਸਾ ਸਫਾ 10 ਤੇ ਪੜ੍ਹੋ →**

#### 9 ਸਫ਼ੇ ਦੀ ਬਾਕੀ-ਜਥੇਦਾਰ ਸਿੱਖੀ ਦਾ ਪ੍ਰਚਾਰ ਨਾ ਕਰ ਸਕੇ

ਹੁਣ ਦੇਖਣ ਵਾਲੀ ਗੱਲ ਹੈ ਕਿ ਇਸ ਵੇਲੇ ਜਥੇਦਾਰ ਸਾਹਿਬਾਨ ਸਮੁੱਚੇ ਸਿੱਖ ਜਗਤ ਨੂੰ ਧਾਰਮਿਕ ਤੇ ਰਾਜਨੀਤਕ ਅਗਵਾਈ ਨਹੀਂ ਦੇ ਰਹੇ, ਸਗੋਂ ਸਿਰਫ਼ ਇਕ ਪਾਰਟੀ ਅਕਾਲੀ ਦਲ ਬਾਦਲ ਦੀ ਪ੍ਰਧਾਨਗੀ ਦੀ ਚੋਣ ਦੇ ਮਸਲੇ ਵਿਚ ਹੀ ਉਲਝ ਗਏ ਹਨ। ਜਦਕਿ ਜਥੇਦਾਰਾਂ ਨੂੰ ਤਾਂ ਸਮੁੱਚੀ ਕੌਮ ਨੂੰ ਆਪਣੇ ਕਲਾਵੇ ਵਿਚ ਲੈ ਕੇ ਅਕਾਲੀ ਤੇ ਪੰਥਕ ਏਕਤਾ ਵਿਚ ਪਰੋਣਾ ਚਾਹੀਦਾ ਸੀ ਪਰ ਅਫ਼ਸੋਸ ਕਿ ਅਸਲ ਵਿਚ ਅਜਿਹਾ ਹੋਇਆ ਨਹੀਂ। ਇਸ ਨਾਲ ਅਕਾਲ ਤਖਤ ਸਾਹਿਬ ਦੀ ਮਾਣ ਮਰਿਆਦਾ ਢਹਿ ਢੇਰੀ ਹੋ ਰਹੀ ਹੈ। ਇਹ ਜਥੇਦਾਰ ਸਿਖੀ ਪ੍ਰਚਾਰ ਵਿਚ ਅਜੇ ਤਕ ਹਿਸਾ ਨਹੀਂ ਪਾ ਸਕੇ। ਇਨ੍ਹਾਂ ਦੀ ਦੌੜ ਵਿਦੇਸ਼ ਯਾਤਰਾਵਾਂ ਤੇ ਸੰਤ ਸਮਾਜ ਦੇ ਡੇਰਿਆਂ ਤੱਕ ਸੀਮਤ ਰਹੀ ਹੈ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਹੋਰ ਜਥੇਦਾਰਾਂ ਨੂੰ ਹਟਾਏ ਜਾਣ ਅਤੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਦਾ ਸੁਖਬੀਰ ਸਿੰਘ ਬਾਦਲ ਦੇ ਨਜ਼ਦੀਕੀ ਰਿਸ਼ਤੇਦਾਰ ਅਤੇ ਪ੍ਰਮੁੱਖ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਤੇ ਸਾਥੀਆਂ ਵਲੋਂ ਵਿਰੋਧ ਕੀਤੇ ਜਾਣ ਤੋਂ ਬਾਅਦ ਇਕ ਵਾਰ ਤਾਂ ਤਰਥੱਲੀ ਜਿਹੀ ਮਚ ਗਈ ਸੀ। ਇਹ ਪ੍ਰਭਾਵ ਵੀ ਬਣਨ ਲੱਗਾ ਸੀ ਕਿ ਸ਼੍ਰੋਮਣੀ ਕਮੇਟੀ ਇਹ ਫ਼ੈਸਲਾ ਵਾਪਸ ਲੈ ਸਕਦੀ ਹੈ ਪਰ ਹੁਣ ਸੂਤਰਾਂ ਰਾਹੀਂ ਪਤਾ ਲੱਗਾ ਹੈ ਕਿ ਅਜਿਹਾ ਹੋਣ ਦੇ ਅਸਾਰ ਨਾ-ਮਾਤਰ ਹੀ ਹਨ। ਅਜਿਹਾ ਨਹੀਂ ਹੋਵੇਗਾ, ਸਗੋਂ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਅਤੇ ਅਕਾਲੀ ਦਲ ਬਾਦਲ ਵੀ ਇਸ ਫ਼ੈਸਲੇ 'ਤੇ ਕਾਇਮ ਰਹੇਗਾ। ਹਾਂ, ਇਸ ਦਰਮਿਆਨ ਮਜੀਠੀਆ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਜ਼ਰੂਰ ਤੇਜ਼ ਹੋ ਗਈਆਂ ਹਨ। ਮਜੀਠੀਆ ਦਾ ਇਕ ਵਾਰ ਇਸ ਬਾਰੇ ਬਿਆਨ ਦੇਣ ਤੋਂ ਬਾਅਦ ਚੁੱਪ ਰਹਿਣਾ ਵੀ ਇਹੀ ਪ੍ਰਭਾਵ ਦੇ ਰਿਹਾ ਹੈ ਕਿ ਉਹ ਸ਼ਾਇਦ ਅਕਾਲੀ ਦਲ ਬਾਦਲ ਨਹੀਂ ਛੱਡਣਗੇ। ਪੰਥਕ ਜਥੇਬੰਦੀਆਂ ਵਲੋਂ ਵੀ ਮਜੀਠਿਆ ਨੂੰ ਸਮਰਥਨ ਨਹੀਂ ਦਿਤਾ ਗਿਆ। ਹਾਲੇ ਤਕ ਬਾਦਲ ਵਿਰੋਧੀ ਧੜੇ ਇਕ ਨਹੀਂ ਹੋ ਸਕੇ।

## ਫਾਜ਼ਿਲਕਾ ਪੁਲਿਸ ਵਲੋਂ ਦੇਹ ਵਪਾਰ ਦੇ ਦੋਸ਼ਾਂ ਹੇਠ 10 ਫੜੇ, ਸਰਗਨਾ ਬੀਬੀ ਵੀ ਗ੍ਰਿਫ਼ਤਾਰ

ਫਾਜ਼ਿਲਕਾ-ਫਾਜ਼ਿਲਕਾ ਸ਼ਹਿਰ ਵਿੱਚ ਦੇਹ ਵਪਾਰ ਚਲਾਉਣ ਦੇ ਦੋਸ਼ਾਂ ਹੇਠ ਪੰਜ ਔਰਤਾਂ ਸਮੇਤ ਦਸ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲੀਸ ਸੂਤਰਾਂ ਨੇ ਦੱਸਿਆ ਕਿ ਇਕ ਪੁਲੀਸ ਪਾਰਟੀ ਨੇ ਰਾਧਾ ਸਵਾਮੀ ਕਲੋਨੀ ਦੀ ਰਹਿਣ ਵਾਲੀ ਸਰੋਜ ਰਾਣੀ ਦੇ ਘਰ ਛਾਪਾ ਮਾਰਿਆ, ਜੋ ਕਥਿਤ ਤੌਰ 'ਤੇ ਦੇਹ ਵਪਾਰ ਚਲਾ ਰਹੀ ਸੀ। ਇਸ ਮੌਕੇ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸਰੋਜ ਰਾਣੀ, ਰੇਖਾ, ਜਸਵਿੰਦਰ ਕੌਰ ਉਰਫ਼ ਪਰਮਜੀਤ ਕੌਰ, ਆਸ਼ਾ ਰਾਣੀ, ਪ੍ਰਿਯੰਕਾ, ਸੋਨੂੰ, ਪਵਨ ਕੁਮਾਰ, ਸੁਨੀਲ ਕੁਮਾਰ, ਗੌਰਵ ਅਤੇ ਸੌਰਵ ਵਜੋਂ ਹੋਈ ਹੈ। ਅਧਿਕਾਰੀਆਂ ਨੇ ਦੱਸਿਆ ਕਿ ਮਾਮਲੇ ਸਬੰਧੀ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

## ਹਿਮਾਚਲ ਪ੍ਰਦੇਸ਼ 'ਚ ਸਿੱਖ ਸ਼ਰਧਾਲੂਆਂ ਨਾਲ ਧੱਕਾ ਬਰਦਾਸ਼ਤ ਨਹੀਂ- ਐਡਵੋਕੇਟ ਧਾਮੀ ਫਿਰਕੂ ਅਨਸਰਾਂ ਵਿਰੁੱਧ ਸਰਕਾਰ ਕੋਲੋਂ ਸਖ਼ਤ ਕਾਰਵਾਈ ਦੀ ਮੰਗ



ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਿਮਾਚਲ ਪ੍ਰਦੇਸ਼ ਅੰਦਰ ਸਿੱਖ ਵਿਰੋਧੀ ਹਰਕਤਾਂ ਦੀ ਕਰੜੀ ਨਿੰਦਾ ਕਰਦਿਆਂ ਉੱਥੋਂ ਦੀ ਸਰਕਾਰ ਨੂੰ ਫਿਰਕੂ ਅਨਸਰਾਂ ਵਿਰੁੱਧ ਕਾਰਵਾਈ ਕਰਨ ਲਈ ਕਿਹਾ ਹੈ। ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਜਾਰੀ ਪ੍ਰੈੱਸ ਬਿਆਨ ਵਿੱਚ ਐਡਵੋਕੇਟ ਧਾਮੀ ਨੇ ਆਖਿਆ ਕਿ ਸਿੱਖ ਸ਼ਰਧਾਲੂ ਦੇਸ਼ ਦੇ ਵੱਖ-ਵੱਖ ਹਿੱਸਿਆਂ 'ਚ ਸਥਿਤ ਪਾਵਨ ਗੁਰਧਾਮਾਂ ਦੇ ਦਰਸ਼ਨਾਂ ਲਈ ਅਕਸਰ ਜਾਂਦੇ ਹਨ, ਪਰੰਤੂ ਦੁੱਖ ਦੀ ਗੱਲ ਹੈ ਕਿ ਹਿਮਾਚਲ ਪ੍ਰਦੇਸ਼ ਸੂਬੇ ਅੰਦਰ ਸਿੱਖਾਂ ਨੂੰ ਕੁਝ ਲੋਕਾਂ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਹ ਲੋਕ ਸਿੱਖ ਯਾਤਰੂਆਂ ਦੇ ਵਾਹਨਾਂ ਉੱਤੇ ਲੱਗੇ ਨਿਸ਼ਾਨ ਸਾਹਿਬ ਤੇ ਕੌਮੀ ਸ਼ਹੀਦ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਸਮੇਤ ਹੋਰ ਸਿੱਖ ਨਾਇਕਾਂ ਦੀਆਂ ਤਸਵੀਰਾਂ ਅਤੇ ਝੰਡੇ ਜਬਰੀ ਪਾੜ ਰਹੇ ਹਨ। ਇਸ ਨਾਲ ਸਿੱਖ ਸ਼ਰਧਾਲੂਆਂ ਅੰਦਰ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਵਰਤਾਰਾ ਦੇਸ਼ ਹਿੱਤ ਵਿੱਚ ਨਹੀਂ। ਉਨ੍ਹਾਂ ਕਿ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਅੱਜ ਜੇਕਰ ਦੇਸ਼ ਦਾ ਬਹੁ-ਧਰਮੀ ਤੇ ਬਹੁ-ਕੌਮੀ ਸੱਭਿਆਚਾਰ ਜ਼ਿੰਦਾ ਹੈ ਤਾਂ ਉਹ ਸਿੱਖਾਂ ਦੀਆਂ ਦੇਸ਼ ਲਈ ਸ਼ਹਾਦਤਾਂ ਦੀ ਬਦੌਲਤ ਹੈ। ਉਨ੍ਹਾਂ ਕਿਹਾ ਕਿ ਹਰ ਇੱਕ ਨੂੰ ਆਪਣੇ ਧਰਮ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦੇਣ ਅਤੇ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦਿਦਾਰੇ ਕਰਨ ਦਾ ਪੂਰਾ ਹੱਕ ਹੈ। ਹਿਮਾਚਲ ਪ੍ਰਦੇਸ਼ ਵਿੱਚ ਸਿੱਖ ਸ਼ਰਧਾਲੂਆਂ ਨਾਲ ਵਾਪਰ ਰਹੀਆਂ ਘਟਨਾਵਾਂ ਤੋਂ ਸਪਸ਼ਟ ਹੈ ਕਿ ਉੱਥੋਂ ਦੀ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਗੰਭੀਰ ਮਾਮਲੇ ਉੱਤੇ ਚੁੱਪ ਰਹਿਣਾ ਵੀ ਸੂਬੇ ਦੇ ਲੋਕਾਂ ਵਿਰੋਧੀ ਭੁਗਤਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਲੋਕਾਂ ਦੀ ਤਰਜਮਾਨੀ ਕਰੇ ਅਤੇ ਉਨ੍ਹਾਂ ਨਾਲ ਹੋ ਰਹੇ ਧੱਕੇ ਦਾ ਮਾਮਲਾ ਹਿਮਾਚਲ ਪ੍ਰਦੇਸ਼ ਸਰਕਾਰ ਕੋਲ ਉਠਾਏ।ਐਡਵੋਕੇਟ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਸਪਸ਼ਟ ਤੌਰ 'ਤੇ ਆਖਦੀ ਹੈ ਕਿ ਉਹ ਇਸ ਗੰਭੀਰ ਮੁੱਦੇ 'ਤੇ ਸੰਜੀਦਾ ਪਹੁੰਚ ਅਪਣਾਏ ਅਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰੇ

# ਮੁਸਲਮਾਨਾਂ ਦੀ ਨੁਕਤਾਚੀਨੀ ਦੇ ਕਥਿਤ ਦੋਸ਼ ਕਾਰਨ ਯੂਟਿਊਬਰ ਦੇ ਘਰ 'ਤੇ ਗਰਨੇਡ ਹਮਲਾ

## ✪ ਹਮਲੇ ਵਿਚ ਪੰਜ ਵਿਅਕਤੀਆਂ ਦੇ ਸ਼ਾਮਲ ਹੋਣ ਦਾ ਦਾਅਵਾ ਕੀਤਾ ਗਿਆ

ਜਲੰਧਰ-ਜਲੰਧਰ ਦੇ ਰਾਏਪੁਰ ਰਸੂਲਪੁਰ ਵਿੱਚ ਇੱਕ ਯੂਟਿਊਬਰ ਦੇ ਘਰ 'ਤੇ ਗਰਨੇਡ ਨਾਲ ਹਮਲਾ ਕੀਤਾ ਗਿਆ। ਯੂਟਿਊਬਰ ਹਿੰਦੂ ਭਾਈਚਾਰੇ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ। ਉਸ 'ਤੇ ਮੁਸਲਿਮ ਭਾਈਚਾਰੇ ਖ਼ਿਲਾਫ਼ ਅਪਮਾਨਜਨਕ ਟਿੱਪਣੀ ਕਰਨ ਦਾ ਦੋਸ਼ ਹੈ। ਇਸ ਹਮਲੇ ਸਬੰਧੀ ਪਾਕਿਸਤਾਨੀ ਡੌਨ ਸ਼ਹਿਜ਼ਾਦ ਭੱਟੀ ਨੇ ਇਕ ਵੀਡੀਓ ਜਾਰੀ ਕਰ ਕੇ ਜ਼ਿੰਮੇਵਾਰੀ ਲਈ ਹੈ। ਉਸ ਨੇ ਵੀਡੀਓ ਵਿੱਚ ਕਿਹਾ ਕਿ ਜਲੰਧਰ ਵਿਚ ਗਰਨੇਡ ਹਮਲਾ ਉਸ ਨੇ ਕਰਵਾਇਆ ਹੈ। ਉਸ ਨੇ ਦਾਅਵਾ ਕੀਤਾ ਕਿ ਯੂਟਿਊਬਰ ਇਸਲਾਮ ਖ਼ਿਲਾਫ਼ ਅਪਮਾਨਜਨਕ ਸ਼ਬਦਾਵਲੀ ਵਰਤਦਾ ਸੀ। ਵੀਡੀਓ ਵਿਚ ਦਾਅਵਾ ਕੀਤਾ ਗਿਆ ਕਿ ਜੇਕਰ ਉਹ ਵਿਅਕਤੀ ਬਚ ਗਿਆ ਤਾਂ ਮੁੜ ਹਮਲਾ ਕੀਤਾ ਜਾਵੇਗਾ। ਵੀਡੀਓ ਵਿਚ ਉਸ ਨੇ ਜੀਸ਼ਾਨ ਉਰਫ਼ ਜੈਸੀ ਪੁਰੇਵਾਲ (ਜੋ ਬਾਬਾ ਸਿੱਦੀਕੀ ਕਤਲ ਦਾ ਸਾਜ਼ਿਸ਼ਘਾੜਾ ਹੈ) ਅਤੇ ਖਾਲਿਸਤਾਨੀ ਖਾੜਕੂ ਹੈਪੀ ਪਸ਼ੀਆ ਦਾ ਧੰਨਵਾਦ ਕੀਤਾ। ਹਮਲੇ ਵਿਚ ਪੰਜ ਵਿਅਕਤੀਆਂ ਦੇ ਸ਼ਾਮਲ ਹੋਣ ਦਾ ਦਾਅਵਾ ਕੀਤਾ ਗਿਆ ਹੈ।

ਵੀਡੀਓ ਵਿਚ ਭੱਟੀ ਨੇ ਕਿਹਾ, "ਜੇ ਤੁਸੀਂ ਚਾਹੁੰਦੇ ਹੋ ਕਿ ਅਜਿਹਾ ਖੂਨ-ਖਰਾਬਾ ਨਾ ਹੋਵੇ ਤਾਂ ਉਸ (ਯੂਟਿਊਬਰ) ਨੂੰ ਗ੍ਰਿਫ਼ਤਾਰ ਕਰ



ਲਓ, ਨਹੀਂ ਤਾਂ ਅਜਿਹੀ ਕਾਰਵਾਈ ਮੁੜ ਕੀਤੀ ਜਾਵੇਗੀ।" ਉਸ ਨੇ ਕਿਹਾ ਕਿ ਇਸਲਾਮ ਖ਼ਿਲਾਫ਼ ਬੋਲਣ ਵਾਲਿਆਂ ਦਾ ਇਹੀ ਹਸ਼ਰ ਹੋਵੇਗਾ। ਘਟਨਾ ਦੀ ਸੂਚਨਾ ਮਿਲਦੇ ਹੀ ਥਾਣਾ ਜਲੰਧਰ ਦੇ ਐੱਸਐੱਸਪੀ ਗੁਰਮੀਤ ਸਿੰਘ ਆਪਣੀ ਟੀਮ ਸਮੇਤ ਘਟਨਾ ਸਥਾਨ 'ਤੇ ਪੁੱਜ ਗਏ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲੀਸ ਨੇ ਵਾਰਦਾਤ ਵਾਲੀ ਥਾਂ ਤੋਂ ਗਰਨੇਡ ਬਰਾਮਦ ਕਰ ਲਿਆ ਹੈ। ਗਰਨੇਡ ਦੀ ਪਿੰਨ ਬਾਹਰ ਕੱਢੀ ਹੋਈ ਸੀ। ਹਾਲਾਂਕਿ, ਗਰਨੇਡ ਨਾ ਫਟਣ ਕਾਰਨ ਬਚਾਅ ਹੋ ਗਿਆ।ਜ਼ਿਕਰਯੋਗ ਹੈ ਕਿ ਇੱਕ ਦਿਨ ਪਹਿਲਾਂ ਅੰਮ੍ਰਿਤਸਰ ਵਿੱਚ ਇੱਕ ਮੰਦਰ ਦੇ ਬਾਹਰ ਧਮਾਕਾ ਕੀਤਾ ਗਿਆ ਸੀ।

### ਪੇਸ਼ੇਵਰ ਦੁਸ਼ਮਣੀ ਕਾਰਨ ਘਟਨਾ ਨੂੰ ਅੰਜਾਮ ਦਿੱਤਾ ਗਿਆ: ਡੀਆਈਜੀ

ਡੀਆਈਜੀ ਜਲੰਧਰ ਰੇਂਜ ਨਵੀਨ ਸਿੰਗਲਾ ਨੇ ਕਿਹਾ ਕਿ ਪੇਸ਼ੇਵਰ ਦੁਸ਼ਮਣੀ ਕਾਰਨ ਜਲੰਧਰ ਵਿੱਚ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ ਜਿਸਦੀ ਜ਼ਿੰਮੇਵਾਰੀ ਪਾਕਿਸਤਾਨੀ ਗੈਂਗਸਟਰ ਸਹਿਜ਼ਾਦ ਭੱਟੀ ਨੇ ਲਈ ਹੈ। ਦੋਵੇਂ ਨੌਜਵਾਨ ਇੱਕ-ਦੂਜੇ 'ਤੇ ਇਸਲਾਮ ਅਤੇ ਸਿੱਖ ਧਰਮ ਵਿਰੁੱਧ ਸਮੱਗਰੀ ਪੋਸਟ ਕਰਨ ਦੇ ਦੋਸ਼ ਲਾ ਰਹੇ ਹਨ। ਇਹ ਮਾਮਲਾ ਦੋਵਾਂ ਨੌਜਵਾਨਾਂ ਵਿਚਕਾਰ ਪੁਰਾਣੀ ਦੁਸ਼ਮਣੀ ਦਾ ਜਾਪਦਾ ਹੈ। ਇੱਕ ਧਾਤ ਦੀ ਚੀਜ਼ ਸੁੱਟੀ ਗਈ ਸੀ, ਜੋ ਗ੍ਰਨੇਡ ਨਹੀਂ ਸੀ ਤੇ ਨਾ ਹੀ ਕੋਈ ਧਮਾਕਾ ਹੋਇਆ ਸੀ। ਵਸਤੂ ਨੂੰ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਹੈ। ਗੈਂਗਸਟਰ ਜੀਸ਼ਾਨ ਅਖਤਰ ਅਤੇ ਹੈਪੀ ਪਾਸੀ ਦੀ ਘਟਨਾ ਵਿੱਚ ਸ਼ਮੂਲੀਅਤ ਦੇ ਦਾਅਵਿਆਂ ਦਾ ਜਵਾਬ ਦਿੰਦਿਆਂ ਡੀਆਈਜੀ ਨੇ ਕਿਹਾ ਕਿ ਉਹ ਦਾਅਵਿਆਂ ਦੀ ਜਾਂਚ ਕਰ ਰਹੇ ਹਨ। ਹੁਣ ਤੱਕ ਇਹ ਇੱਕ ਗੰਭੀਰ ਹਮਲੇ ਨਾਲੋਂ ਡਰ ਪੈਦਾ ਕਰਨ ਵਾਲੀ ਘਟਨਾ ਹੈ। ਨਵਦੀਪ ਸੰਧੂ ਦੇ ਬਿਆਨ ਦਰਜ ਹੋਣ ਤੋਂ ਬਾਅਦ ਐੱਫਆਈਆਰ ਦਰਜ ਕੀਤੀ ਜਾਵੇਗੀ।

### ਯੂ-ਟਿਊਬਰ ਨੇ ਇਸਲਾਮ ਵਿਰੁੱਧ ਸਮੱਗਰੀ ਪਾਉਣ ਤੋਂ ਕੀਤਾ ਇਨਕਾਰ

ਰੋਜਰ ਸੰਧੂ ਨਾਮ 'ਤੇ ਯੂ-ਟਿਊਬ ਚੈਨਲ ਚਲਾ ਰਹੇ ਨਵਦੀਪ ਸੰਧੂ ਨੇ ਜਵਾਬ ਦਿੰਦਿਆਂ ਦਾਅਵਾ ਕੀਤਾ ਹੈ ਕਿ ਇਹ ਹਮਲਾ ਪ੍ਰਸਿੱਧੀ ਲਈ ਕੀਤਾ ਗਿਆ ਸੀ। ਉਸ ਨੇ ਇਸਲਾਮ ਵਿਰੁੱਧ ਸਮੱਗਰੀ ਪੋਸਟ ਕਰਨ ਤੋਂ ਇਨਕਾਰ ਕੀਤਾ ਹੈ।

# ਪੁਤਿਨ ਜੰਗ ਖਤਮ ਕਰਨ ਲਈ ਤਿਆਰ, ਟਰੰਪ ਨਾਲ ਕਰ ਸਕਦੇ ਹਨ ਗੱਲਬਾਤ

## ✪ ਵ੍ਹਾਈਟ ਹਾਊਸ ਦੇ ਵਿਸ਼ੇਸ਼ ਦੂਤ ਨੇ ਕੀਤਾ ਦਾਅਵਾ ✪ ਚੀਨ, ਰੂਸ, ਯੂਰੋਪੀਅਨ ਯੂਨੀਅਨ, ਬ੍ਰਿਕਸ ਆਦਿ ਦੀ ਅਮਰੀਕਾ ਖਿਲਾਫ ਵਧਦੀ ਬੇਭਰੋਸਗੀ ਖਤਰੇ ਦੀ ਘੰਟੀ

ਪਿਛਲੇ ਕਈ ਸਾਲਾਂ ਤੋਂ ਚੱਲ ਰਿਹਾ ਯੁਕਰੇਨ ਰੂਸ ਯੁੱਧ ਜਲਦੀ ਹੀ ਖਤਮ ਹੋ ਸਕਦਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਸਬੰਧੀ ਯਤਨ ਕਰ ਰਹੇ ਹਨ। ਵ੍ਹਾਈਟ ਹਾਊਸ ਦੇ ਵਿਸ਼ੇਸ਼ ਦੂਤ ਸਟੀਵ ਵਿੱਟੇਕਰ ਨੇ ਹੁਣੇ ਜਿਹੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਯੁੱਧ ਨੂੰ ਖਤਮ ਕਰਨਾ ਚਾਹੁੰਦੇ ਹਨ। ਟਰੰਪ ਇਸ ਹਫ਼ਤੇ ਯੂਕਰੇਨ ਅਤੇ ਰੂਸ ਦੇ ਰਾਸ਼ਟਰਪਤੀਆਂ ਨਾਲ ਗੱਲ ਕਰ ਸਕਦੇ ਹਨ।

ਵ੍ਹਾਈਟ ਹਾਊਸ ਦੇ ਵਿਸ਼ੇਸ਼ ਦੂਤ ਸਟੀਵ ਵਿਟਕਾਫ ਨੇ ਸੀਐਨਐਨ ਦੇ ਨਾਲ ਗੱਲਬਾਤ ਵਿੱਚ ਕਿਹਾ ਕਿ ਸੰਯੁਕਤ ਰਾਜ ਅਮਰੀਕਾ ਯੂਕਰੇਨ ਨਾਲ ਆਪਣੀ ਗੱਲਬਾਤ ਜਾਰੀ ਰੱਖ ਰਿਹਾ ਹੈ। ਮੈਨੂੰ ਉਮੀਦ ਹੈ ਕਿ ਇਸ ਹਫ਼ਤੇ ਦੋਵਾਂ ਰਾਸ਼ਟਰਪਤੀਆਂ ਵਿਚਕਾਰ ਇੱਕ ਗੱਲਬਾਤ ਹੋਵੇਗੀ। ਅਸੀਂ ਯੂਕਰੇਨੀ ਅਧਿਕਾਰੀਆਂ ਨਾਲ ਵੀ ਚਰਚਾ ਜਾਰੀ ਰੱਖ ਰਹੇ ਹਾਂ।

ਇੰਟਰਫੈਕਸ ਨਿਊਜ਼ ਏਜੰਸੀ ਦੇ ਅਨੁਸਾਰ, ਬੀਤੇ ਹਫਤੇ ਕ੍ਰੇਮਲਿਨ ਦੇ ਬੁਲਾਰੇ ਦਮਿਤਰੀ ਪੇਸਕੋਵ ਨੇ ਕਿਹਾ ਸੀ ਕਿ ਪੁਤਿਨ ਨੇ ਵਿਟਕਾਫ ਨੂੰ ਕਿਹਾ ਸੀ ਕਿ ਟਰੰਪ ਨੂੰ ਸੁਨੇਹਾ ਭੇਜੋ ਤੇ ਸੰਭਾਵਿਤ ਜੰਗਬੰਦੀ ਸਮਝੌਤੇ ਦੀ ਸੰਭਾਵਨਾ 'ਤੇ ਚਰਚਾ ਵੀ ਕੀਤੀ।

ਤੁਹਾਨੂੰ ਦੱਸ ਦੇਈਏ ਕਿ ਪਿਛਲੇ ਹਫ਼ਤੇ ਹੀ ਵ੍ਹਾਈਟ ਹਾਊਸ ਦੇ ਵਿਸ਼ੇਸ਼ ਦੂਤ ਵਿਟਕੋਫ ਨੇ ਮਾਸਕੋ ਵਿੱਚ ਪੁਤਿਨ ਨਾਲ ਮੁਲਾਕਾਤ ਕੀਤੀ ਸੀ। ਵਿਟਕੋਫ ਨੇ ਪੁਤਿਨ ਨਾਲ ਆਪਣੀ ਗੱਲਬਾਤ ਨੂੰ "ਸਕਾਰਾਤਮਕ" ਦੱਸਿਆ ਸੀ। ਉਨ੍ਹਾਂ ਕਿਹਾ ਕਿ ਇਹ ਇੱਕ ਹੱਲ ਲੱਭਣ ਲਈ ਚਰਚਾ ਸੀ। ਉਸਦਾ ਮੰਨਣਾ ਹੈ ਕਿ ਦੋਵੇਂ ਆਗੂ ਯੁੱਧ ਖਤਮ ਕਰਨਾ ਚਾਹੁੰਦੇ ਹਨ।

ਵ੍ਹੀਟ ਕੈਫੇ ਨੇ ਕਿਹਾ ਕਿ ਡੋਨਾਲਡ ਟਰੰਪ ਨੂੰ ਉਮੀਦ ਹੈ ਕਿ ਆਉਣ ਵਾਲੇ ਹਫ਼ਤਿਆਂ ਵਿੱਚ ਕਿਸੇ ਕਿਸਮ ਦਾ ਸਮਝੌਤਾ ਹੋ ਜਾਵੇਗਾ। ਅਮਰੀਕੀ ਪ੍ਰਸ਼ਾਸਨ ਦਾ ਮੰਨਣਾ ਹੈ ਕਿ ਰੂਸ-ਯੂਕਰੇਨ ਜੰਗਬੰਦੀ ਸਮਝੌਤਾ ਕੁਝ ਹਫ਼ਤਿਆਂ ਦੇ ਅੰਦਰ ਹੋ ਸਕਦਾ ਹੈ। ਰਾਸ਼ਟਰੀ ਸੁਰੱਖਿਆ ਸਲਾਹਕਾਰ ਮਾਈਕ ਵਾਲਟਜ਼ ਨੇ ਦੱਸਿਆ ਕਿ ਹਾਲਾਂਕਿ ਵਲਾਦੀਮੀਰ ਪੁਤਿਨ "ਜੰਗਬੰਦੀ 'ਤੇ ਵਿਚਾਰ ਕਰਨਗੇ, ਪਰ ਹੋਰ ਵੀ ਚੀਜ਼ਾਂ ਹਨ ਜੋ ਉਹ ਦੇਖਣਾ ਚਾਹੁੰਦੇ ਹਨ ਅਤੇ ਰਾਸ਼ਟਰਪਤੀ ਟਰੰਪ ਦੀ ਰਾਸ਼ਟਰੀ ਸੁਰੱਖਿਆ ਟੀਮ ਆਉਣ ਵਾਲੇ ਦਿਨਾਂ ਵਿੱਚ ਵਿਚਾਰ ਕਰ ਰਹੀ ਹੈ।"



ਪੰਜਾਬ ਟਾਈਮਜ ਅਨੁਸਾਰ ਯੂਕਰੇਨ ਜੰਗ ਦੁਆਲੇ ਪੈਦਾ ਹੋਏ ਨਵੇਂ ਹਾਲਾਤਾਂ ਵਿੱਚੋਂ ਜਿੱਥੇ ਰੂਸ ਦੀ ਸਥਿਤੀ ਹੋਰ ਮਜ਼ਬੂਤ ਹੋਈ ਹੈ, ਉੱਥੇ ਦੂਜੇ ਪਾਸੇ ਚੀਨ ਜੰਗਾਂ ਤੋਂ ਲਾਂਭੇ ਰਹਿਕੇ ਆਪਣੇ ਵਪਾਰਕ ਹਿੱਤਾਂ ਲਈ ਸੰਸਾਰ ਮੰਡੀ ਵਿੱਚ ਲਗਾਤਾਰ ਮਜ਼ਬੂਤੀ ਨਾਲ ਪੈਰ ਪਸਾਰ ਰਿਹਾ ਹੈ। ਟਰੰਪ ਪ੍ਰਸ਼ਾਸ਼ਨ ਦੀ ਯੂਕਰੇਨ ਜੰਗ ਨੂੰ ਲੈ ਕੇ ਬਦਲੀ ਨੀਤੀ ਨਾਲ ਯੂਰੋਪ ਅੰਦਰ ਅਮਰੀਕੀ ਸਾਖ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ। ਅਮਰੀਕਾ ਵੱਲੋਂ ਨਾਟੋ ਵਿਚੋਂ ਬਾਹਰ ਆਉਣ, ਯੂਐੱਸ ਏਡ ਬੰਦ ਕਰਨ ਅਤੇ ਨਾਟੋ ਭਾਈਵਾਲਾਂ ਉੱਤੇ ਫੌਜੀ ਖਰਚ ਲਈ ਬਜਟ ਹੋਰ ਵਧਾਉਣ ਦਾ ਦਬਾਅ ਅਤੇ ਟੈਰਿਫ ਨੂੰ ਲੈ ਕੇ ਯੂਰੋਪ, ਕੈਨੇਡਾ, ਮੈਕਸੀਕੋ, ਭਾਰਤ ਆਦਿ ਭਾਈਵਾਲਾਂ ਨਾਲ ਸ਼ੁਰੂ ਹੋਈ ਵਪਾਰਕ ਜੰਗ ਕਾਰਨ ਇਹਨਾਂ ਮੁਲਕਾਂ ਨੇ ਅਮਰੀਕਾ ਉੱਤੇ ਨਿਰਭਰਤਾ ਘਟਾਉਣ ਤੇ ਆਪਸੀ ਦੁਵੱਲੇ ਵਪਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਦੇ ਯਤਨ ਤੇਜ਼ ਕਰ ਦਿੱਤੇ ਹਨ। ਇਸ ਨਾਲ ਯੂਰੋ ਜ਼ੋਨ ਅਤੇ ਬ੍ਰਿਕਸ ਦੇਸ਼ਾਂ ਵਿਚਕਾਰ ਆਪਸੀ ਤਾਲਮੇਲ ਵਧ ਰਿਹਾ ਹੈ। ਚੀਨ, ਰੂਸ, ਯੂਰੋਪੀਅਨ ਯੂਨੀਅਨ, ਬ੍ਰਿਕਸ ਤੇ ਅਮਰੀਕੀ ਸਾਮਰਾਜ ਵਿਰੋਧੀ ਲਾਤੀਨੀ ਮੁਲਕਾਂ ਦੀ ਅਮਰੀਕਾ ਖਿਲਾਫ ਵਧਦੀ ਬੇਭਰੋਸਗੀ ਅਮਰੀਕੀ ਸਾਮਰਾਜ ਲਈ ਖਤਰੇ ਦੀ ਘੰਟੀ ਹੈ। ਸ਼ਾਂਤੀ ਸਮਝੌਤੇ ਦੇ ਅੱਧ-ਵਿਚਾਲੇ ਲਟਕਣ ਨਾਲ ਰੂਸ ਦੇ ਹੌਂਸਲੇ ਹੋਰ ਮਜ਼ਬੂਤ ਹੋਏ ਹਨ। ਇਹ ਜੰਗ ਵਿਸ਼ਵ ਦੀਆਂ ਬਹੁਕੌਮੀ ਹਥਿਆਰ ਕਾਰਪੋਰੇਸ਼ਨਾਂ ਦੇ ਜੰਗੀ ਵਪਾਰ ਦੀ ਸ਼ਾਹਰਗ ਬਣ ਗਈ ਹੈ। ਜੇਕਰ ਰੂਸ ਜੰਗ ਜਾਰੀ ਰੱਖਦਾ ਹੈ ਤਾਂ ਗਲੋਬਲ ਸਪਲਾਈ ਚੇਨ ਪ੍ਰਭਾਵਿਤ ਹੋਣ ਨਾਲ ਤੇਲ, ਗੈਸ, ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿੱਚ ਵਾਧਾ ਜਾਰੀ ਰਹੇਗਾ। ਰੂਸ-ਯੂਕਰੇਨ ਸਮੇਤ ਸੰਸਾਰ ਭਰ ਦੇ ਲੋਕਾਂ ਨੂੰ ਸਾਮਰਾਜੀ ਜੰਗਾਂ ਦੀ ਕੀਮਤ ਤਾਰਨੀ ਪਵੇਗੀ।

ਯੂਕਰੇਨ ਭਵਿੱਖ ਵਿੱਚ ਰੂਸੀ ਹਮਲਿਆਂ ਤੋਂ ਆਪਣੇ ਆਪ ਨੂੰ ਬਚਾਉਣ ਲਈ ਅਮਰੀਕਾ ਅਤੇ ਹੋਰ ਸਹਿਯੋਗੀਆਂ ਤੋਂ ਸੁਰੱਖਿਆ ਗਾਰੰਟੀ ਚਾਹੁੰਦਾ ਹੈ।

ਪਰ ਵ੍ਹਾਈਟ ਹਾਊਸ ਇਸ ਪ੍ਰਤੀ ਵਚਨਬੱਧ ਹੋਣ ਤੋਂ ਝਿਜਕ ਰਿਹਾ ਹੈ। ਇਸੇ ਕਾਰਨ ਕਰਕੇ ਕੁਝ ਹਫ਼ਤੇ ਪਹਿਲਾਂ ਕੀਵ ਨਾਲ ਵਾਸ਼ਿੰਗਟਨ ਦਾ ਖਣਿਜ ਸੌਦਾ ਟੁੱਟ ਗਿਆ ਸੀ।

ਜੰਗਬੰਦੀ ਲਈ ਟਰੰਪ ਦਾ ਦਬਾਅ ਵਿਵਾਦਪੂਰਨ ਰਿਹਾ ਹੈ, ਜਿਸ ਕਾਰਨ ਕੀਵ ਅਤੇ ਯੂਰਪ ਵਿੱਚ ਗੁੱਸਾ ਪੈਦਾ ਹੋ ਗਿਆ ਸੀ ਕਿ ਅਮਰੀਕਾ ਯੂਕਰੇਨ ਨੂੰ ਰੂਸ ਅੱਗੇ ਆਤਮ ਸਮਰਪਣ ਕਰਨ ਲਈ ਮਜਬੂਰ ਕਰ ਰਿਹਾ ਹੈ।

ਅਮਰੀਕੀ ਰਾਸ਼ਟਰਪਤੀ ਨੇ ਯੂਕਰੇਨੀਆਂ 'ਤੇ ਹਥਿਆਰ ਸਪਲਾਈ ਕਰਨ ਅਤੇ ਖੁਫੀਆ ਜਾਣਕਾਰੀ ਸਾਂਝੀ ਕਰਨ ਲਈ ਪਬੰਦੀ ਲਗਾਉਣ ਦੀ ਧਮਕੀ ਦਿੱਤੀ ਸੀ, ਜਿਸ ਨੂੰ ਬਾਅਦ ਵਿੱਚ ਬਹਾਲ ਕਰ ਦਿੱਤਾ ਗਿਆ ਸੀ।

ਟਰੰਪ ਨੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੂੰ "ਤਾਨਾਸ਼ਾਹ" ਕਿਹਾ ਸੀ ਅਤੇ ਕਿਹਾ ਸੀ ਕਿ ਰੂਸੀਆਂ ਨਾਲੋਂ ਯੂਕਰੇਨੀਆਂ ਨਾਲ ਗੱਲਬਾਤ ਕਰਨਾ ਵਧੇਰੇ ਮੁਸ਼ਕਲ ਹੈ। ਸੀਨੀਅਰ ਅਮਰੀਕੀ ਅਧਿਕਾਰੀਆਂ ਨੇ ਕਿਹਾ ਹੈ ਕਿ ਤਿੰਨ ਸਾਲਾਂ ਦੀ ਜੰਗ ਤੋਂ ਬਾਅਦ, ਦੋਵਾਂ ਧਿਰਾਂ ਲਈ ਜ਼ਮੀਨ 'ਤੇ ਸ਼ਾਂਤੀ ਲਿਆਉਣ ਲਈ ਗੱਲਬਾਤ ਕਰਨਾ ਜ਼ਰੂਰੀ ਹੈ।

# ਦਰਬਾਰ ਸਾਹਿਬ ਵਿਖੇ ਸੋਨੇ ਦੀ ਧੁਆਈ ਸੇਵਾ ਸ਼ੁਰੂ, ਕਰੀਬ 10-12 ਦਿਨ ਰਹੇਗੀ ਜਾਰੀ

## ✪ ਇਹ ਸੇਵਾ ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ ਬਰਮਿੰਘਮ ਦੇ ਮੁਖੀ ਭਾਈ ਮਹਿੰਦਰ ਸਿੰਘ ਬਰਮਿੰਘਮ ਵਾਲਿਆਂ ਵੱਲੋਂ ਕਰਵਾਈ ਜਾਂਦੀ ਹੈ



ਅੰਮ੍ਰਿਤਸਰ-ਦਰਬਾਰ ਸਾਹਿਬ ਵਿਖੇ ਲੱਗੇ ਸੋਨੇ ਦੀ ਧੁਆਈ ਅਤੇ ਸਾਫ-ਸਫਾਈ ਦੀ ਸੇਵਾ ਅਰਦਾਸ ਉਪਰੰਤ ਆਰੰਭ ਕੀਤੀ ਗਈ। ਸ਼੍ਰੋਮਣੀ ਕਮੇਟੀ ਵੱਲੋਂ ਇਹ ਸੇਵਾ ਭਾਈ ਮਹਿੰਦਰ ਸਿੰਘ ਮੁਖੀ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਬਰਮਿੰਘਮ ਨੂੰ ਸੌਂਪੀ ਗਈ ਹੈ। ਦਰਬਾਰ ਸਾਹਿਬ ਦੇ ਉਪਰ ਗੁੰਬਦਾਂ 'ਤੇ ਲੱਗੇ ਸੋਨੇ ਦੀ ਧੁਆਈ ਦੇ ਕਾਰਜ ਦੀ ਆਰੰਭਤਾ ਕੀਤੀ ਗਈ। ਇਸ ਮੌਕੇ ਗੁਰਦਿਆਲ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਰਾਮਦਾਸ ਜੀ ਦੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਗੇ ਸੋਨੇ ਦੀ ਸਾਫ-ਸਫਾਈ ਅਤੇ ਸਾਂਭ-ਸੰਭਾਲ ਨੂੰ ਮੁੱਖ ਰੱਖਦਿਆਂ ਸਮੇਂ-ਸਮੇਂ ਇਸ ਦੀ ਧੁਆਈ ਦਾ ਕਾਰਜ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਬਾਰਿਸ਼ ਅਤੇ ਪ੍ਰਦੂਸ਼ਣ ਆਦਿ ਕਰਕੇ ਸੋਨੇ ਦੀ ਚਮਕ ਸਮਾਂ ਪਾ ਕੇ ਘੱਟ ਜਾਂਦੀ ਹੈ, ਜਿਸ ਦੀ ਸਾਫ-ਸਫਾਈ ਜ਼ਰੂਰੀ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਨਿਸ਼ਕਾਮ ਸੇਵਕ ਜਥਾ ਇਹ ਸੇਵਾ ਨਿਸ਼ਕਾਮ ਰੂਪ ਵਿਚ ਕਰਦਾ ਹੈ। ਸੇਵਕ ਜਥੇ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰਲੇ ਹਿੱਸੇ ਵਿਚ ਲੱਗੇ ਸੁਨਹਿਰੀ ਪੱਤਰਿਆਂ ਅਤੇ ਮੀਨਾਕਾਰੀ ਦੀ ਲੋੜ ਅਨੁਸਾਰ ਮੁਰੰਮਤ ਦਾ ਕਾਰਜ ਵੀ ਆਰੰਭਿਆ ਗਿਆ ਹੈ, ਜੋ ਨਿਰੰਤਰ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਹ ਸੇਵਾ ਕਰੀਬ 10-12 ਦਿਨ ਜਾਰੀ ਰਹੇਗੀ, ਜਿਸ ਤਹਿਤ ਪਾਵਨ ਅਸਥਾਨ ਦੇ ਬਾਹਰੀ ਹਿੱਸੇ 'ਤੇ ਲੱਗੇ ਸੋਨੇ ਦੀ ਧੁਆਈ ਕੁਦਰਤੀ ਢੰਗ ਨਾਲ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਸੋਨੇ ਦੀ ਧੁਆਈ ਲਈ ਰੀਠੇ ਨੂੰ ਉਬਾਲ ਕੇ ਉਸ ਦਾ ਪਾਣੀ ਅਤੇ ਨਿੰਬੂ ਦਾ ਰਸ ਵਰਤਿਆ ਜਾਂਦਾ ਹੈ।

### -ਮਾਮਲਾ ਟਰੰਪ ਵਲੋਂ ਦੇਸ਼ ਨਿਕਾਲੇ ਸਬੰਧੀ ਕਾਨੂੰਨ ਦਾ-

# ਸੰਘੀ ਅਦਾਲਤ ਦੇ ਜੱਜ ਨੇ ਅਮਰੀਕੀ ਪ੍ਰਸ਼ਾਸਨ ਨੂੰ ਕਨੂੰਨ ਲਾਗੂ ਕਰਨ ਤੋਂ ਰੋਕਿਆ

ਵਾਸ਼ਿੰਗਟਨ-ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੇਸ਼ ਨਿਕਾਲੇ ਨੂੰ ਤੇਜ਼ ਕਰਨ ਲਈ 18ਵੀਂ ਸਦੀ ਦੇ ਕਾਨੂੰਨ ਦੀ ਵਰਤੋਂ ਦਾ ਐਲਾਨ ਕੀਤਾ ਸੀ, ਪਰ ਕੁਝ ਘੰਟਿਆਂ ਬਾਅਦ ਹੀ ਇੱਕ ਸੰਘੀ ਅਦਾਲਤ ਦੇ ਜੱਜ ਨੇ ਟਰੰਪ ਪ੍ਰਸ਼ਾਸਨ ਨੂੰ ਇਸਨੂੰ ਲਾਗੂ ਕਰਨ ਤੋਂ ਰੋਕ ਦਿੱਤਾ।

ਟਰੰਪ ਪ੍ਰਸ਼ਾਸਨ ਨੇ ਇਸ ਕਾਨੂੰਨ ਦੀ ਵਰਤੋਂ ਇਹ ਕਹਿੰਦੇ ਹੋਏ ਕੀਤੀ ਕਿ ਵੈਨੇਜ਼ੁਏਲਾ ਦਾ ਇੱਕ ਗਿਰੋਹ ਅਮਰੀਕਾ 'ਤੇ ਹਮਲਾ ਕਰ ਰਿਹਾ ਹੈ ਅਤੇ ਪ੍ਰਸ਼ਾਸਨ ਕੋਲ ਆਪਣੇ ਮੈਂਬਰਾਂ ਨੂੰ ਦੇਸ਼ ਤੋਂ ਬਾਹਰ ਕੱਢਣ ਦੀਆਂ ਨਵੀਆਂ ਸ਼ਕਤੀਆਂ ਹਨ। ਕੋਲੰਬੀਆ ਜ਼ਿਲ੍ਹੇ ਲਈ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਮੁੱਖ ਜੱਜ ਜੇਮਜ਼ ਈ. ਬੋਅਸਬਰਗ ਨੇ ਕਿਹਾ ਕਿ ਉਨ੍ਹਾਂ ਨੂੰ ਆਪਣਾ ਹੁਕਮ ਤੁਰੰਤ ਜਾਰੀ ਕਰਨ



ਦੀ ਲੋੜ ਹੈ ਕਿਉਂਕਿ ਸਰਕਾਰ ਪਹਿਲਾਂ ਹੀ ਪ੍ਰਵਾਸੀਆਂ ਨੂੰ ਅਲ ਸਲਵਾਡੋਰ ਅਤੇ ਹੋਂਡੁਰਾਸ ਭੇਜ ਰਹੀ ਸੀ।

ਅਮਰੀਕੀ ਪ੍ਰਸ਼ਾਸਨ ਦਾ ਦਾਅਵਾ ਹੈ ਕਿ ਟਰੰਪ ਦੇ ਐਲਾਨ ਤਹਿਤ ਇਨ੍ਹਾਂ ਪ੍ਰਵਾਸੀਆਂ ਨੂੰ ਨਵੇਂ ਸਿਰੇ ਤੋਂ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ ਅਤੇ ਉਨ੍ਹਾਂ ਨੂੰ ਅਲ ਸਲਵਾਡੋਰ ਅਤੇ ਹੋਂਡੁਰਾਸ ਵਿੱਚ ਕੈਦ ਕੀਤਾ ਜਾਵੇਗਾ। ਐਲ ਸਲਵਾਡੋਰ ਇਸ ਹਫ਼ਤੇ 300 ਪ੍ਰਵਾਸੀਆਂ ਨੂੰ ਸਵੀਕਾਰ ਕਰਨ ਲਈ ਸਹਿਮਤ ਹੋਇਆ ਜਿਨ੍ਹਾਂ ਨੂੰ ਟਰੰਪ ਪ੍ਰਸ਼ਾਸਨ ਨੇ ਗੈਂਗ ਮੈਂਬਰ ਵਜੋਂ ਨਾਮਜ਼ਦ ਕੀਤਾ ਹੈ। ਬੋਅਸਬਰਗ ਨੇ ਬੀਤੇ ਦਿਨੀਂ ਏਸੀਐਲਯੂ ਅਤੇ ਡੈਮੋਕਰੇਸੀ ਫਾਰਵਰਡ ਦੁਆਰਾ ਦਾਇਰ ਇੱਕ ਕੇਸ ਦੀ ਸੁਣਵਾਈ ਦੌਰਾਨ ਕਿਹਾ, "ਮੈਨੂੰ ਨਹੀਂ ਲੱਗਦਾ ਕਿ ਮੈਂ ਹੋਰ ਇੰਤਜ਼ਾਰ ਕਰ ਸਕਦਾ ਹਾਂ ਅਤੇ ਮੈਨੂੰ ਕਾਰਵਾਈ ਕਰਨੀ ਪਵੇਗੀ।"

ਉਸ ਫੈਸਲੇ ਤੋਂ ਕੁਝ ਘੰਟੇ ਪਹਿਲਾਂ ਟਰੰਪ ਨੇ 1798 ਦੇ ਏਲੀਅਨ ਐਨੀਮੀਜ਼ ਐਕਸ ਐਕਟ ਦੀ ਵਰਤੋਂ ਕਰਕੇ ਦਾਅਵਾ ਕੀਤਾ ਕਿ ਵੈਨੇਜ਼ੁਏਲਾ ਦਾ ਗੈਂਗ ਟ੍ਰੇਨ ਡੀ ਅਰਾਗੁਆ ਸੰਯੁਕਤ ਰਾਜ ਅਮਰੀਕਾ 'ਤੇ ਹਮਲਾ ਕਰ ਰਿਹਾ ਸੀ। ਇਹ ਐਕਟ ਰਾਸ਼ਟਰਪਤੀ ਨੂੰ ਵੱਡੇ ਪੱਧਰ 'ਤੇ ਦੇਸ਼ ਨਿਕਾਲੇ ਨੂੰ ਤੇਜ਼ ਕਰਨ ਲਈ ਨੀਤੀ ਅਤੇ ਕਾਰਜਕਾਰੀ ਕਾਰਵਾਈ ਦੇ ਸੰਬੰਧ ਵਿੱਚ ਵਿਆਪਕ ਅਧਿਕਾਰ ਦਿੰਦਾ ਹੈ। ਇਹ ਐਕਟ ਅਮਰੀਕੀ ਇਤਿਹਾਸ ਵਿੱਚ ਸਿਰਫ਼ ਤਿੰਨ ਵਾਰ ਵਰਤਿਆ ਗਿਆ ਹੈ ਅਤੇ ਉਹ ਵੀ ਸਿਰਫ਼ ਯੁੱਧ ਸਮੇਂ।

ਪਹਿਲਾਂ ਇਸ ਦੀ ਵਰਤੋਂ ਦੂਜੇ ਵਿਸ਼ਵ ਯੁੱਧ ਦੌਰਾਨ ਕੀਤੀ ਗਈ ਸੀ। ਉਸ ਸਮੇਂ ਇਸਦੀ ਵਰਤੋਂ ਜਰਮਨ ਅਤੇ ਇਟਾਲੀਅਨ ਲੋਕਾਂ ਨੂੰ ਕੈਦ ਕਰਨ ਦੇ ਨਾਲ ਹੀ ਜਾਪਾਨੀ-ਅਮਰੀਕੀ ਨਾਗਰਿਕਾਂ ਨੂੰ ਸਮੂਹਿਕ ਨਜ਼ਰਬੰਦ ਕਰਨ ਲਈ ਵੀ ਕੀਤੀ ਗਈ ਸੀ।

# ਡੋਵਾਲ ਖਾੜਕੂਵਾਦ ਦੇ ਖਤਰਿਆਂ ਵਿਰੁੱਧ ਸਰਗਰਮ



### ✪ ਵੀਹ ਮੁਲਕਾਂ ਦੇ ਇੰਟੈਲੀਜੈਂਸ ਮੁਖੀਆਂ ਨਾਲ ਹੋਈ ਮੀਟਿੰਗ

ਨਵੀਂ ਦਿੱਲੀ-ਰਾਇਸੀਨਾ ਡਾਇਲਾਗ' ਵਿੱਚ ਹਿੱਸਾ ਲੈਣ ਆਏ 20 ਦੇਸ਼ਾਂ ਦੇ ਇੰਟੈਲੀਜੈਂਸ ਮੁਖੀਆਂ ਨੇ ਭਰੋਸਾ ਦਿੱਤਾ ਕਿ ਉਹ ਭਾਰਤ ਵਿਰੋਧੀ ਗਤੀਵਿਧੀਆਂ ਲਈ ਖਾੜਕੂਆਂ ਨੂੰ ਆਪੋ ਆਪਣੇ ਮੁਲਕਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਜਾਣਕਾਰੀ ਮੁਤਾਬਕ ਕੌਮੀ ਰਾਜਧਾਨੀ ਵਿੱਚ ਇੰਟੈਲੀਜੈਂਸ ਮੁਖੀਆਂ ਦੀ ਹੋਈ ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ।

ਮੀਟਿੰਗ ਦੀ ਪ੍ਰਧਾਨਗੀ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਨੇ ਕੀਤੀ, ਜਿਸ ਵਿੱਚ ਅਮਰੀਕੀ ਇੰਟੈਲੀਜੈਂਸ ਮੁਖੀ ਤੁਲਸੀ ਗਬਾਰਡ ਵੀ ਹਾਜ਼ਰ ਸਨ।

ਹਾਲਾਂਕਿ, ਬੰਦ ਕਮਰੇ ਵਿੱਚ ਹੋਈ ਇਸ ਮੀਟਿੰਗ ਦੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ ਪਰ ਸੂਤਰਾਂ ਨੇ ਦੱਸਿਆ ਕਿ ਇਸ ਵਿੱਚ ਖ਼ੁਫੀਆ ਜਾਣਕਾਰੀ ਸਾਂਝੀ ਕਰਨ ਅਤੇ ਖਾੜਕੂਵਾਦ, ਫੰਡਿੰਗ ਅਤੇ ਉੱਭਰਦੀਆਂ ਤਕਨਾਲੋਜੀਆਂ ਤੋਂ ਪੈਦਾ ਹੋਏ ਖ਼ਤਰਿਆਂ ਨਾਲ ਨਜਿੱਠਣ ਲਈ ਸਹਿਯੋਗ 'ਤੇ ਧਿਆਨ ਕੇਂਦਰਿਤ ਕੀਤਾ ਗਿਆ।

ਸੂਤਰਾਂ ਮੁਤਾਬਕ ਭਾਰਤ ਨੇ ਮੀਟਿੰਗ ਦੌਰਾਨ ਖਾਲਿਸਤਾਨ ਪੱਖੀਆਂ ਸਣੇ ਵਿਦੇਸ਼ਾਂ ਵਿੱਚ ਸਰਗਰਮ ਹੋਰ ਅਨਸਰਾਂ ਬਾਰੇ ਵੀ ਚਿੰਤਾ ਜ਼ਾਹਿਰ ਕੀਤੀ। ਭਾਰਤ ਤੇ ਅਮਰੀਕਾ ਕਥਿਤ ਤੌਰ 'ਤੇ ਇਸ ਗੱਲ 'ਤੇ ਸਹਿਮਤ ਹੋਏ ਹਨ ਕਿ ਉਹ ਆਪਣੇ ਖੇਤਰਾਂ ਦਾ ਇਸਤੇਮਾਲ ਇਕ-ਦੂਜੇ ਦੇ ਖ਼ਿਲਾਫ਼ ਨਹੀਂ ਹੋਣ ਦੇਣਗੇ। ਡੋਵਾਲ ਭਾਰਤ ਆਏ ਇੰਟੈਲੀਜੈਂਸ ਅਤੇ ਸੁਰੱਖਿਆ ਅਧਿਕਾਰੀਆਂ ਦੇ ਨਾਲ ਵੱਖੋ-ਵੱਖਰੀਆਂ ਮੀਟਿੰਗਾਂ ਵੀ ਕਰਨਗੇ। ਇਸ ਸੰਮੇਲਨ ਲਈ ਜਿਹੜੇ ਦੇਸ਼ਾਂ ਦੇ ਇੰਟੈਲੀਜੈਂਸ ਅਤੇ ਸੁਰੱਖਿਆ ਅਧਿਕਾਰੀ ਭਾਰਤ ਆਏ ਹਨ, ਉਨ੍ਹਾਂ ਵਿੱਚ ਕੈਨੇਡਾ, ਬਰਤਾਨੀਆ, ਆਸਟਰੇਲੀਆ, ਨਿਊਜ਼ੀਲੈਂਡ ਅਤੇ ਸੰਯੁਕਤ ਅਰਬ ਅਮੀਰਾਤ ਸ਼ਾਮਲ ਹਨ।

ਮਾਮਲਾ ਚੂੰਗ ਨੌਜਵਾਨ ਦੇ ਕਤਲ ਦਾ

# ਗੈਂਗਸਟਰ ਬਿਸ਼ੰਭਰਜੀਤ ਪੁਲਿਸ ਮੁਕਾਬਲੇ ਵਿਚ ਹਲਾਕ, ਇਕ ਪੁਲਿਸ ਮੁਲਾਜ਼ਮ ਜ਼ਖ਼ਮੀ

ਰਈਆ-ਬੀਤੇ ਕੁਝ ਦਿਨ ਪਹਿਲਾਂ ਮਹਿਤਾ ਚੌਕ ਨਜ਼ਦੀਕ ਪੈਂਦੇ ਪਿੰਡ ਚੂੰਗ ਵਿਖੇ ਕੁਝ ਨਕਾਬਪੋਸ਼ ਮੋਟਰਸਾਈਕਲ ਸਵਾਰਾਂ ਵੱਲੋਂ ਇਕ ਲੰਗਰ ਦੌਰਾਨ ਨੌਜਵਾਨ ਵਰਿੰਦਰਪਾਲ ਸਿੰਘ ਵਿੱਕੀ ਵਾਸੀ ਚੂੰਗ ਨੂੰ ਸੇਵਾ ਕਰਦਿਆਂ ਗੋਲ਼ੀਆਂ ਚਲਾ ਕੇ ਮਾਰ ਦਿੱਤਾ ਗਿਆ ਸੀ, ਦੇ ਸਬੰਧ ਵਿੱਚ ਗ੍ਰਿਫ਼ਤਾਰ ਹਮਲਾਵਰਾਂ ਨਾਲ ਹੋਏ ਪੁਲਿਸ ਮੁਕਾਬਲੇ ਵਿੱਚ ਇਕ ਬਿਸ਼ੰਬਰਜੀਤ ਨਾਂ ਦਾ ਗੈਂਗਸਟਰ ਪੁਲਿਸ ਮੁਕਾਬਲੇ ਦੌਰਾਨ ਮਾਰੇ ਜਾਣ ਅਤੇ ਇਸ ਮੁਕਾਬਲੇ ਵਿੱਚ ਇਕ ਪੁਲਿਸ ਮੁਲਾਜ਼ਮ ਦੇ ਵੀ ਜ਼ਖ਼ਮੀ ਹੋਣ ਦੀ ਖ਼ਬਰ ਹੈ। ਜ਼ਖ਼ਮੀ ਮੁਲਾਜ਼ਮ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਵਿਖੇ ਦਾਖਲ ਕਰਵਾਇਆ ਗਿਆ ਹੈ।




ਇਸ ਸਬੰਧੀ ਸਿਵਲ ਹਸਪਤਾਲ ਵਿਖੇ ਆਈਜੀ ਬਾਰਡਰ ਰੇਂਜ ਸਤਿੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੇ ਕੁਝ ਦਿਨ ਪਹਿਲਾਂ ਮਹਿਤਾ ਚੌਕ ਨਜ਼ਦੀਕ ਪੈਂਦੇ ਪਿੰਡ ਚੂੰਗ ਵਿਖੇ ਕੁਝ ਗੈਂਗਸਟਰਾਂ ਵੱਲੋਂ ਗੋਲੀਆਂ ਚਲਾਕੇ ਲੰਗਰ ਵਿਚ ਸੇਵਾ ਕਰ ਰਹੇ ਨੌਜਵਾਨ ਵਰਿੰਦਰਪਾਲ ਸਿੰਘ ਵਿੱਕੀ ਵਾਸੀ ਚੂੰਗ ਨੂੰ ਕੁਝ ਮੋਟਰ ਸਾਇਕਲ ਸਵਾਰ ਨਕਾਬਪੋਸ਼ ਨੌਜਵਾਨਾਂ ਵੱਲੋਂ ਗੋਲੀਆਂ ਮਾਰਕੇ ਮਾਰ ਦਿੱਤਾ ਗਿਆ ਸੀ, ਦੇ ਸਬੰਧ ਵਿੱਚ ਡੋਨੀ ਸਠਿਆਲਾ (ਵਿਦੇਸ਼) ਅਤੇ ਮਨ ਘਨਸ਼ਾਮਪੁਰਾ ਅਤੇ ਅਮਨ ਖੱਬੇ ਰਾਜਪੂਤਾਂ ਅਤੇ ਬਿੱਲਾ ਸੈਦੋਕੇ ਆਦਿ ਨੇ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ ਕਿ ਇਹ ਕਤਲ ਉਨ੍ਹਾਂ ਦੇ ਕਰਵਾਇਆ ਹੈ। ਇਸ ਸਬੰਧੀ ਪੁਲਿਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੀ ਪੁਲਿਸ ਨੇ ਐਸ. ਐਸ. ਪੀ. ਅੰਮ੍ਰਿਤਸਰ ਦੀ ਅਗਵਾਈ ਹੇਠ ਵੱਡੀ ਪ੍ਰਾਪਤੀ ਕਰਦਿਆਂ ਤਿੰਨ ਸ਼ੂਟਰਾਂ ਵਿੱਚ ਦੋ ਸ਼ੂਟਰਾਂ ਨੂੰ ਬੀਤੇ ਕੱਲ੍ਹ ਸੋਲਨ ਤੋਂ ਗ੍ਰਿਫਤਾਰ ਕਰ ਲਿਆ ਗਿਆ ਸੀ। ਉਸੇ ਹੀ ਪੁੱਛਗਿੱਛ ਵਿੱਚ ਦੋਹਾਂ ਸ਼ੂਟਰਾਂ ਨੂੰ ਵਾਰਦਾਤ ਦੌਰਾਨ ਜਿਹੜੇ ਹਥਿਆਰ ਵਰਤਿਆ ਸੀ, ਉਸਦੀ ਬਰਾਮਦਗੀ ਲਈ ਲਿਜਾ ਰਹੀ ਸੀ ਕਿ ਪਿੰਡ ਸੇਰੋਂ ਬਾਘਾ ਵਿਖੇ ਉਕਤ ਸ਼ੂਟਰ ਬਿਸ਼ੰਬਰਜੀਤ ਪਿੰਡ ਵੈਰੋ ਨੰਗਲ (ਥਾਣਾ ਰੰਗੜ ਨੰਗਲ) ਨੇ ਭੱਜਣ ਦੀ ਕੋਸ਼ਿਸ਼ ਕੀਤੀ ਅਤੇ ਜੋ ਹਥਿਆਰ ਲੁਕਾਇਆ ਹੋਇਆ ਸੀ, ਨਾਲ ਪੁਲਿਸ ਪਾਰਟੀ 'ਤੇ ਹਮਲਾ ਕਰ ਦਿੱਤਾ ਕਿ ਜਵਾਬੀ ਫਾਇਰਿੰਗ ਵਿੱਚ ਸ਼ੂਟਰ ਬਿਸ਼ੰਬਰਜੀਤ ਜ਼ਖ਼ਮੀ ਹੋ ਗਿਆ, ਅਤੇ ਇਸ ਦੌਰਾਨ ਇਕ ਪੁਲਿਸ ਮੁਲਾਜ਼ਮ ਵੀ ਜ਼ਖ਼ਮੀ ਹੋ ਗਿਆ ਸੀ, ਦੋਵਾਂ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਕਿ ਡਾਕਟਰਾਂ ਨੇ ਬਿਸ਼ੰਬਰਜੀਤ ਸਿੰਘ ਨੂੰ ਮ੍ਰਿਤਕ ਕਰਾਰ ਦਿੱਤਾ। ਜਦਕਿ ਦੂਸਰਾ ਹਮਲਾਵਰ ਸ਼ਰਨਜੀਤ ਸਿੰਘ ਪੁਤਰ ਸੁਰਜੀਤ ਸਿੰਘ, ਭੰਬੋਈ (ਰੰਗੜ ਨੰਗਲ) ਪੁਲਿਸ ਹਿਰਾਸਤ ਵਿੱਚ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਤਿੰਨਾਂ ਹਮਲਾਵਰਾਂ ਨੇ ਜਨਵਰੀ ਮਹੀਨੇ ਵਿੱਚ ਤਿੰਮੋਵਾਲ ਵਿੱਚ ਲੇਡੀਜ਼ ਸਰਪੰਚ ਦੇ ਪਤੀ ਸੁਖਦੇਵ ਸਿੰਘ ਨੂੰ ਵੀ ਗੋਲੀਆਂ ਮਾਰਕੇ ਜ਼ਖ਼ਮੀ ਕੀਤਾ ਸੀ।

## -ਮਾਮਲਾ ਫਰੀਦਕੋਟ ਦੇ ਗੁਰਪ੍ਰੀਤ ਕਤਲ ਕਾਂਡ ਦਾ-

# ਸਿਟ ਦਾ ਖੁਲਾਸਾ ਕਿ ਅੰਮ੍ਰਿਤਪਾਲ ਦੇ ਰਾਜ਼ ਜਾਣਦਾ ਸੀ, ਇਸ ਲਈ ਕੀਤਾ ਕਤਲ



ਫਰੀਦਕੋਟ-'ਵਾਰਿਸ ਪੰਜਾਬ ਦੇ' ਦੇ ਖ਼ਜ਼ਾਨਚੀ ਗੁਰਪ੍ਰੀਤ ਸਿੰਘ ਹਰੀਨੌਂ ਦੇ ਕਤਲ ਦੇ ਮਾਮਲੇ ਵਿੱਚ ਐਸਆਈਟੀ ਨੇ ਅਦਾਲਤ ਵਿੱਚ ਪੇਸ਼ ਕੀਤੇ ਚਲਾਨ ਵਿੱਚ ਦਾਅਵਾ ਕੀਤਾ ਹੈ ਕਿ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਨਾਜ਼ੁਕ ਭੇਦ ਜਾਣਨ ਕਾਰਨ ਹੀ ਉਸ ਦਾ ਕਤਲ ਕੀਤਾ ਗਿਆ ਸੀ। ਗੁਰਪ੍ਰੀਤ ਹਰੀਨੌਂ ਅੰਮ੍ਰਿਤਪਾਲ ਦਾ ਨਜ਼ਦੀਕੀ ਸਾਥੀ ਸੀ। ਇਸੇ ਕਾਰਨ ਉਹ ਅੰਮ੍ਰਿਤਪਾਲ ਦੇ ਗੈਂਗਸਟਰ ਜੈਪਾਲ ਭੁੱਲਰ ਅਤੇ ਕੈਨੇਡਾ ਰਹਿੰਦੇ ਅਰਸ਼ ਡੱਲਾ ਨਾਲ ਸਬੰਧਾਂ ਤੋਂ ਜਾਣੂ ਸੀ।

### ਗੋਰਾ ਬਰਾੜ ਨੂੰ ਪਤਾ ਲਗਾਉਣ ਦੀ ਜ਼ਿੰਮੇਵਾਰੀ ਸੌਂਪੀ

ਚਲਾਨ ਅਨੁਸਾਰ ਗੁਰਪ੍ਰੀਤ ਹਰੀਨੌਂ ਬਾਰੇ ਅੰਦਰੂਨੀ ਜਾਣਕਾਰੀ ਹੋਣ ਕਾਰਨ ਅੰਮ੍ਰਿਤਪਾਲ ਨੇ ਕੈਨੇਡਾ ਸਥਿਤ ਐਲਾਨੇ ਗਏ ਖਾੜਕੂ ਅਰਸ਼ ਡੱਲਾ ਨਾਲ ਸੰਪਰਕ ਕੀਤਾ ਸੀ ਅਤੇ ਹਰੀਨੌਂ ਨੂੰ ਮਾਰਨ ਦਾ ਕੰਮ ਕਰਮਬੀਰ ਸਿੰਘ ਗੋਰਾ ਬਰਾੜ ਨੂੰ ਸੌਂਪਿਆ ਸੀ। ਗੋਰਾ ਨੇ ਆਪਣੇ ਬਚਪਨ ਦੇ ਦੋਸਤ ਅਤੇ ਭਾਰਤੀ ਫ਼ੌਜ ਦੇ ਸਾਬਕਾ ਸਿਪਾਹੀ ਬਿਲਾਲ ਅਹਿਮਦ ਵਾਸੀ ਪਿੰਡ ਹਰੀਨੌਂ ਦੀ ਮਦਦ ਲਈ। ਗੋਰਾ ਨੇ ਸੋਸ਼ਲ ਮੀਡੀਆ ਰਾਹੀਂ ਗੁਰਪ੍ਰੀਤ ਹਰੀਨੌਂ ਦੀ ਫੋਟੋ ਬਿਲਾਲ ਨੂੰ ਭੇਜੀ, ਜਿਸ ਨੇ ਆਪਣੇ ਦੋ ਸਾਥੀਆਂ ਗੁਰਮਰਦੀਪ ਸਿੰਘ ਪੌਂਟੂ ਅਤੇ ਅਰਸ਼ਦੀਪ ਸਿੰਘ ਝੰਡੂ ਦੀ ਮਦਦ ਨਾਲ ਗੁਰਪ੍ਰੀਤ ਹਰੀਨੌਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ।

### ਐਸਆਈਟੀ ਨੇ ਸਬੂਤ ਇਕੱਠੇ ਕਰਨ ਦਾ ਦਾਅਵਾ ਕੀਤਾ

ਐਸਆਈਟੀ ਦਾ ਦਾਅਵਾ ਹੈ ਕਿ ਉਸ ਨੇ ਸਬੂਤ ਵਜੋਂ ਸੋਸ਼ਲ ਮੀਡੀਆ ਚੈਟਾਂ ਨੂੰ ਇਕੱਠਾ ਕੀਤਾ ਹੈ। ਐਸਆਈਟੀ ਦਾ ਇਹ ਵੀ ਦਾਅਵਾ ਹੈ ਕਿ ਭਾਵੇਂ ਅੰਮ੍ਰਿਤਪਾਲ ਨੇ 'ਵਾਰਿਸ ਪੰਜਾਬ ਦੇ' ਦਾ ਆਗੂ ਹੋਣ ਦਾ ਦਾਅਵਾ ਕੀਤਾ ਸੀ ਪਰ ਅਸਲ ਵਿੱਚ ਉਹ ਜਥੇਬੰਦੀ ਦਾ ਅਧਿਕਾਰਤ ਮੈਂਬਰ ਨਹੀਂ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਅਰਸ਼ ਡੱਲਾ ਅਤੇ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਸਮੇਤ 17 ਮੁਲਜ਼ਮਾਂ ਨੂੰ ਨਾਮਜ਼ਦ ਕੀਤਾ ਹੈ। ਇਨ੍ਹਾਂ ਵਿੱਚੋਂ 12 ਮੁਲਜ਼ਮ ਗ੍ਰਿਫ਼ਤਾਰ ਹੋ ਚੁੱਕੇ ਹਨ ਜਦਕਿ 4 ਮੁਲਜ਼ਮ ਵਿਦੇਸ਼ ਵਿੱਚ ਹਨ ਅਤੇ ਅੰਮ੍ਰਿਤਪਾਲ ਸਿੰਘ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ।

### ਡੱਲਾ ਨੇ ਹਥਿਆਰਾਂ ਅਤੇ ਮੋਟਰਸਾਈਕਲਾਂ ਦਾ ਇੰਤਜ਼ਾਮ ਕੀਤਾ

ਚਲਾਨ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਰਸ਼ ਡੱਲਾ ਨੇ ਗੁਰਪ੍ਰੀਤ ਹਰੀਨੌਂ ਬਾਰੇ ਜਾਣਕਾਰੀ ਹਾਸਲ ਕਰਨ ਤੋਂ ਬਾਅਦ ਫਰੀਦਕੋਟ ਜੇਲ੍ਹ ਵਿੱਚ ਬੰਦ ਆਪਣੇ ਗੈਂਗ ਦੇ ਮੈਂਬਰ ਲਕਸ਼ਮਣ ਸਿੰਘ ਉਰਫ਼ ਲੱਛੂ ਨਾਲ ਸੰਪਰਕ ਕੀਤਾ। ਲੱਛੂ ਨੇ ਨਵਜੋਤ ਸਿੰਘ ਉਰਫ ਨੀਤੂ ਨੂੰ ਮਿਲਣ ਲਈ ਅਰਸ਼ ਡੱਲਾ ਦੀ ਮਦਦ ਕੀਤੀ ਸੀ। ਨੀਤੂ ਨੇ ਆਪਣੇ ਸਾਥੀ ਅਨਮੋਲਪ੍ਰੀਤ ਸਿੰਘ ਉਰਫ਼ ਵਿਸ਼ਾਲ ਨੂੰ ਹਰੀਨੌਂ ਨੂੰ ਨਿਸ਼ਾਨਾ ਬਣਾਉਣ ਲਈ ਕਿਹਾ। 9 ਅਕਤੂਬਰ 2024 ਨੂੰ ਡੱਲਾ ਨੇ ਇਨ੍ਹਾਂ ਮੁਲਜ਼ਮਾਂ ਲਈ ਚੋਰੀ ਦੇ ਮੋਟਰਸਾਈਕਲਾਂ ਅਤੇ ਹਥਿਆਰਾਂ ਦਾ ਪ੍ਰਬੰਧ ਕੀਤਾ। ਉਸ ਤੋਂ ਬਾਅਦ 10 ਅਕਤੂਬਰ 2024 ਨੂੰ ਪਿੰਡ ਹਰੀਨੌਂ ਵਿੱਚ ਗੁਰਪ੍ਰੀਤ ਸਿੰਘ ਦਾ ਕਤਲ ਕਰ ਦਿੱਤਾ ਗਿਆ।

# ਮਹਾਰਾਸ਼ਟਰ ਸਰਕਾਰ ਜ਼ੁਬਾਨ ਬੰਦ ਕਰਾਉਣ ਵਾਲਾ ਬਣਾਉਣ ਜਾ ਰਹੀ ਏ ਕਾਨੂੰਨ

### ✪ ਸੰਭਾਵੀ ਕਨੂੰਨ ਸਰਕਾਰ ਖਿਲਾਫ ਬੋਲਣ ਤੋਂ ਰੋਕੇਗਾ ✪ ਬਿੱਲ ਦਾ ਸੂਬੇ ਵਿੱਚ ਵਿਰੋਧ ਜਾਰੀ

ਮਹਾਰਾਸ਼ਟਰ ਸਰਕਾਰ ਇੱਕ ਨਵਾਂ ਕਾਨੂੰਨ ਬਣਾਉਣ ਜਾ ਰਹੀ ਹੈ, ਜਿਹੜਾ ਕਿਸੇ ਵੀ ਵਿਅਕਤੀ ਜਾਂ ਜਥੇਬੰਦੀ ਨੂੰ ਕਿਸੇ ਵੀ ਵਿਸ਼ੇ 'ਤੇ ਸਰਕਾਰ ਖਿਲਾਫ ਬੋਲਣ ਤੋਂ ਰੋਕ ਦੇਵੇਗਾ। ਇਸ ਕਾਨੂੰਨ ਦੇ ਸੰਬੰਧ ਵਿੱਚ ਇਤਰਾਜ਼ ਤੇ ਸੁਝਾਅ ਦਾਖਲ ਕਰਨ ਦੀ ਆਖਰੀ ਤਰੀਕ ਇੱਕ ਅਪ੍ਰੈਲ, 2025 ਹੈ। ਹਾਲਾਂਕਿ ਪ੍ਰਸਤਾਵਤ ਕਾਨੂੰਨ ਦਾ ਨਾਂਅ 'ਮਹਾਰਾਸ਼ਟਰ ਵਿਸ਼ੇਸ਼ ਜਨਤਕ ਸੁਰੱਖਿਆ ਕਾਨੂੰਨ' ਹੈ, ਪਰ ਇਹ ਅਸਲ ਵਿੱਚ ਜਨਤਕ ਸੁਰੱਖਿਆ ਯਕੀਨੀ ਬਣਾਉਣ ਵਾਲਾ ਕਤਈ ਨਹੀਂ ਕਿਹਾ ਜਾ ਸਕਦਾ। ਹਕੀਕਤ ਵਿੱਚ ਇਹ ਕੁਝ ਬੁਨਿਆਦੀ ਕਦਰਾਂ-ਕੀਮਤਾਂ ਦੇ ਖਿਲਾਫ ਜਾਂਦਾ ਹੈ। ਇਸ ਕਾਨੂੰਨ ਵਿੱਚ 'ਗੈਰਕਾਨੂੰਨੀ ਕਾਰਵਾਈ' ਦੀ ਪ੍ਰੀਭਾਸ਼ਾ ਹੈ। ਕਿਸੇ ਵਿਅਕਤੀ ਜਾਂ ਜਥੇਬੰਦੀ ਦੀ ਅਜਿਹੀ ਮਨਸ਼ਾ ਜਾਂ ਕਾਰਵਾਈ ਜਿਹੜੀ ਜਨਤਕ ਵਿਵਸਥਾ ਅਤੇ ਅਮਨ ਜਾਂ ਸਥਿਰਤਾ ਨੂੰ ਖਤਰੇ ਵਿੱਚ ਪਾਉਂਦੀ ਹੋਵੇ। ਅਜਿਹੀ ਕਾਰਵਾਈ, ਜਿਹੜੀ ਨਿਆਂ ਪ੍ਰਸ਼ਾਸਨ, ਕਾਨੂੰਨੀ ਤੌਰ 'ਤੇ ਸਥਾਪਤ ਅਦਾਰਿਆਂ ਜਾਂ ਸਰਕਾਰੀ ਮੁਲਾਜ਼ਮਾਂ ਦੇ ਕੰਮ ਵਿੱਚ ਦਖਲ ਦਿੰਦੀ ਹੋਵੇ। ਕਿਸੇ ਜਨਤਕ ਸੇਵਕ, ਜਿਸ ਵਿੱਚ ਰਾਜ ਜਾਂ ਕੇਂਦਰ ਸਰਕਾਰ ਦੇ ਬਲ ਸ਼ਾਮਲ ਹਨ, ਵਿਰੁੱਧ ਅਪਰਾਧਕ ਬਲ ਜਾਂ ਧਮਕੀਆਂ ਦੀ ਵਰਤੋਂ ਕਰਕੇ ਭੈਅ ਪੈਦਾ ਕਰਨ ਦੀ ਕੋਸ਼ਿਸ਼ ਕਰਦੀ ਹੋਵੇ, ਜਦ ਉਹ ਆਪਣੀ ਕਾਨੂੰਨੀ ਸ਼ਕਤੀ ਦੀ ਵਰਤੋਂ ਕਰ ਰਹੇ ਹੋਣ।



ਹਿੰਸਾ, ਵਿਨਾਸ਼ਕਾਰੀ ਕੰਮਾਂ ਵਿੱਚ ਸ਼ਮੂਲੀਅਤ ਜਾਂ ਉਨ੍ਹਾਂ ਨੂੰ ਬੜ੍ਹਾਵਾ ਦਿੰਦੀ ਹੋਵੇ ਜਾਂ ਅਜਿਹੀ ਸਰਗਰਮੀ, ਜਿਹੜੀ ਲੋਕਾਂ ਵਿੱਚ ਭੈਅ ਤੇ ਦਹਿਸ਼ਤ ਪੈਦਾ ਕਰੇ। ਹਥਿਆਰਾਂ, ਵਿਸਫੋਟਕਾਂ ਜਾਂ ਹੋਰ ਖਤਰਨਾਕ ਸਾਧਨਾਂ ਦੀ ਵਰਤੋਂ, ਨਾਲ ਹੀ ਰੇਲਵੇ, ਸੜਕੀ, ਹਵਾਈ ਜਾਂ ਜਲ ਮਾਰਗ ਵਰਗੇ ਟਰਾਂਸਪੋਰਟ ਨੈੱਟਵਰਕ ਵਿੱਚ ਅੜਿੱਕਾ ਡਾਹੁਣਾ। ਸਥਾਪਤ ਕਾਨੂੰਨਾਂ ਜਾਂ ਕਾਨੂੰਨ ਤਹਿਤ ਬਣਾਏ ਗਏ ਅਦਾਰਿਆਂ ਦੀ ਅਵੱਗਿਆ ਨੂੰ ਹੱਲਾਸ਼ੇਰੀ ਦਿੰਦੀ ਹੋਵੇ। ਉਪਰੋਕਤ ਕਿਸੇ ਵੀ ਗੈਰਕਾਨੂੰਨੀ ਕੰਮ ਨੂੰ ਅੰਜਾਮ ਦੇਣ ਲਈ ਧਨ ਜਾਂ ਸਮੱਗਰੀ ਇਕੱਤਰ ਕਰਦੀ ਹੋਵੇ। ਜਿਸਮਾਨੀ ਤੌਰ 'ਤੇ, ਬੋਲੇ ਜਾਂ ਲਿਖਤੀ ਸ਼ਬਦਾਂ, ਇਸ਼ਾਰਿਆਂ, ਦ੍ਰਿਸ਼ ਪੇਸ਼ਕਾਰੀਆਂ ਜਾਂ ਕਿਸੇ ਹੋਰ ਮਾਧਿਅਮ ਨਾਲ ਕੀਤੀ ਗਈ ਕਾਰਵਾਈ ਇਸ ਕਾਨੂੰਨ ਦੇ ਘੇਰੇ ਵਿੱਚ ਆਵੇਗੀ।

ਬਿੱਲ ਵਿੱਚ 'ਗੈਰਕਾਨੂੰਨੀ ਜਥੇਬੰਦੀ' ਦੀ ਪ੍ਰੀਭਾਸ਼ਾ ਤੋਂ ਮਤਲਬ ਅਜਿਹੇ ਸਮੂਹ ਤੋਂ ਹੈ, ਜਿਹੜਾ ਗੈਰਕਾਨੂੰਨੀ ਕੰਮਾਂ ਵਿੱਚ ਸ਼ਾਮਲ ਹੋਵੇ। ਕਿਸੇ ਵੀ ਮਾਧਿਅਮ ਜਾਂ ਤਰੀਕੇ ਨਾਲ ਗੈਰਕਾਨੂੰਨੀ ਕੰਮਾਂ ਨੂੰ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਉਕਸਾਉਂਦਾ, ਮਦਦ ਕਰਦਾ, ਸਮਰਥਨ ਕਰਦਾ ਜਾਂ ਬੜ੍ਹਾਵਾ ਦਿੰਦਾ ਹੋਵੇ। ਕੋਈ ਵੀ ਵਿਅਕਤੀ, ਜਿਹੜਾ ਕਿਸੇ ਗੈਰਕਾਨੂੰਨੀ ਜਥੇਬੰਦੀ ਦਾ ਮੈਂਬਰ ਹੋਵੇ, ਉਸ ਦੀਆਂ ਬੈਠਕਾਂ ਵਿੱਚ ਹਿੱਸਾ ਲੈਂਦਾ ਹੋਵੇ ਜਾਂ ਅਜਿਹੀਆਂ ਜਥੇਬੰਦੀਆਂ ਨੂੰ ਦਾਨ ਦਿੰਦਾ ਹੋਵੇ ਜਾਂ ਉਨ੍ਹਾਂ ਤੋਂ ਦਾਨ ਸਵੀਕਾਰ ਕਰਦਾ ਹੋਵੇ, ਨੂੰ ਤਿੰਨ ਸਾਲ ਦੀ ਜਾਂ ਤਿੰਨ ਲੱਖ ਰੁਪਏ ਦਾ ਜੁਰਮਾਨਾ ਹੋ ਸਕਦਾ ਹੈ। ਇਹ ਕਾਨੂੰਨ ਪ੍ਰਸ਼ਾਸਨ ਨੂੰ ਏਨੀਆਂ ਸ਼ਕਤੀਆਂ ਦਿੰਦਾ ਹੈ ਕਿ ਉਹ ਸ਼ੱਕ 'ਤੇ ਹੀ ਵਿਅਕਤੀਆਂ ਤੇ ਜਥੇਬੰਦੀਆਂ ਖਿਲਾਫ ਸਖਤ ਕਾਰਵਾਈ ਕਰ ਸਕਦਾ ਹੈ। ਇਸ ਨਾਲ ਰਾਜਤੰਤਰ ਨੂੰ ਲੋਕਾਂ ਦੇ ਬੁਨਿਆਦੀ ਹੱਕਾਂ ਨੂੰ ਕੁਚਲਣ ਦੀ ਛੋਟ ਮਿਲ ਸਕਦੀ ਹੈ। ਉਹ ਅਸਹਿਮਤੀ ਦੀਆਂ ਆਵਾਜ਼ਾਂ ਤੇ ਜਥੇਬੰਦੀਆਂ ਨੂੰ ਗੈਰਕਾਨੂੰਨੀ ਕਰਾਰ ਦੇ ਕੇ ਪਾਬੰਦੀ ਲਾ ਸਕਦਾ ਹੈ। ਸਰਕਾਰੀ ਨੀਤੀਆਂ ਦੀ ਆਲੋਚਨਾ ਜਾਂ ਪੁਰਅਮਨ ਪ੍ਰਦਰਸ਼ਨ ਨੂੰ ਗੈਰਕਾਨੂੰਨੀ ਕੰਮ ਦੇ ਰੂਪ ਵਿਚ ਵਲਗੀਕਿਬ ਕੀਤਾ ਜਾ ਸਕਦਾ ਹੈ। ਕਾਨੂੰਨ ਦੀਆਂ ਮੱਦਾਂ ਪ੍ਰਗਟਾਵੇ ਦੀ ਆਜ਼ਾਦੀ, ਜਥੇਬੰਦੀ ਬਣਾਉਣ ਦੇ ਅਧਿਕਾਰ ਤੇ ਨਿਰਪੱਖ ਸੁਣਵਾਈ ਦੇ ਅਧਿਕਾਰ ਵਰਗੇ ਬੁਨਿਆਦੀ ਹੱਕਾਂ ਨੂੰ ਸੀਮਤ ਕਰ ਸਕਦੀਆਂ ਹਨ।

ਮੁੱਖ ਮੰਤਰੀ ਦਵਿੰਦਰ ਫੜਨਵੀਸ ਨੇ ਪਿਛਲੇ ਸਾਲ 18 ਦਸੰਬਰ ਨੂੰ ਅਸੈਂਬਲੀ ਵਿੱਚ ਬਿੱਲ ਪੇਸ਼ ਕਰਨ ਵੇਲੇ ਕਿਹਾ ਸੀ ਕਿ ਇਹ ਬਿੱਲ ਅਸਲ ਅਸਹਿਮਤੀ ਨੂੰ ਦਬਾਉਣ ਲਈ ਨਹੀਂ, ਸਗੋਂ 'ਸ਼ਹਿਰੀ ਨਕਸਲ' ਦੇ ਗੜ੍ਹ ਖਤਮ ਕਰਨ ਲਈ ਹੈ। 'ਸ਼ਹਿਰੀ ਨਕਸਲ' ਸ਼ਬਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਾਂਗਰਸ ਤੇ ਹੋਰਨਾਂ ਪਾਰਟੀਆਂ ਦੇ ਹਮਦਰਦਾਂ ਲਈ ਅਕਸਰ ਵਰਤਦੇ ਹਨ। ਬਿੱਲ ਦਾ ਸੂਬੇ ਵਿੱਚ ਵਿਰੋਧ ਹੋ ਰਿਹਾ ਹੈ। ਨੈਸ਼ਨਲਿਸਟ ਕਾਂਗਰਸ ਪਾਰਟੀ ਦੀ ਆਗੂ ਸੁਪ੍ਰਿਆ ਸੂਲੇ ਨੇ ਇਸ ਦੀ ਤੁਲਨਾ ਬ੍ਰਿਟਿਸ਼ ਬਸਤੀਵਾਦੀ ਕਾਲ ਦੇ ਰੌਲਟ ਐਕਟ ਨਾਲ ਕਰਦਿਆਂ ਇਸ ਨੂੰ ਸੰਵਿਧਾਨ ਦੇ ਮੂਲ ਸਿਧਾਂਤਾਂ ਦੀ ਉਲੰਘਣਾ ਕਰਾਰ ਦਿੱਤਾ ਹੈ।

**ਪੰਜਾਬ ਟਾਈਮਜ਼ ਅਨੁਸਾਰ ਮਹਾਰਾਸ਼ਟਰ ਦੇ ਲੋਕ ਤਾਂ ਇਸ ਕਾਲੇ ਕਨੂੰਨ ਵਿਰੁੱਧ ਆਵਾਜ਼ ਉਠਾ ਹੀ ਰਹੇ ਹਨ, ਬਾਕੀ ਰਾਜਾਂ ਦੇ ਲੋਕਾਂ ਨੂੰ ਵੀ ਉਠਾਉਣੀ ਚਾਹੀਦੀ ਹੈ, ਕਿਉਕਿ ਇੱਕ ਭਾਜਪਾ ਹਕੂਮਤ ਨੇ ਇਸ ਨੂੰ ਪਾਸ ਕਰਾ ਲਿਆ ਤਾਂ ਹੋਰ ਭਾਜਪਾ ਹਕੂਮਤਾਂ ਵੀ ਇਸ ਦੀ ਕਾਪੀ ਕਰਨਗੀਆਂ।**

ਮਾਮਲਾ ਮਸ਼ਹੂਰ ਰੇਡੀਓ ਹੋਸਟ ਹਰਨੇਕ ਸਿੰਘ 'ਤੇ ਹਮਲੇ ਦਾ

# ਤਿੰਨ ਖਾਲਿਸਤਾਨੀਆਂ ਨੇ 40 ਵਾਰ ਮਾਰਿਆ ਚਾਕੂ

## ✪ ਕਤਲ ਦੀ ਕੋਸ਼ਿਸ਼ ਦਾ ਠਹਿਰਾਏ ਗਏ ਦੋਸ਼ੀ, ਸੁਣਾਈ ਸਜ਼ਾ

ਆਕਲੈਂਡ-ਤਿੰਨ ਖਾਲਿਸਤਾਨ ਸਮਰਥਕਾਂ ਨੂੰ ਆਕਲੈਂਡ ਦੇ ਪ੍ਰਸਿੱਧ ਰੇਡੀਓ ਹੋਸਟ ਹਰਨੇਕ ਸਿੰਘ ਦੇ ਕਤਲ ਦੀ ਕੋਸ਼ਿਸ਼ ਦੇ ਦੋਸ਼ ਵਿੱਚ ਸਜ਼ਾ ਸੁਣਾਈ ਗਈ ਹੈ। ਦਿ ਆਸਟ੍ਰੇਲੀਆ ਟੂਡੇ ਦੀ ਰਿਪੋਰਟ ਮੁਤਾਬਕ ਸਰਵਜੀਤ ਸਿੱਧੂ (27) ਨੂੰ ਕਤਲ ਦੀ ਕੋਸ਼ਿਸ਼ ਦਾ ਦੋਸ਼ੀ ਪਾਇਆ ਗਿਆ ਹੈ। ਜਦੋਂ ਕਿ 44 ਸਾਲਾ ਸੁਖਪ੍ਰੀਤ ਸਿੰਘ ਨੂੰ ਐਕਸੈਸਰੀ ਹੋਣ ਦਾ ਦੋਸ਼ੀ ਪਾਇਆ ਗਿਆ। ਤੀਜਾ ਦੋਸ਼ੀ 48 ਸਾਲਾ ਆਕਲੈਂਡ ਦਾ ਰਹਿਣ ਵਾਲਾ ਹੈ।

ਤਿੰਨਾਂ ਨੇ ਹਰਨੇਕ ਸਿੰਘ ਦੇ ਖਾਲਿਸਤਾਨ ਦਾ ਵਿਰੋਧ ਕਰਨ ਦੇ ਰੋਸ ਵਜੋਂ ਇਸ ਹਮਲੇ ਦੀ ਯੋਜਨਾ ਬਣਾਈ ਸੀ। ਅਦਾਲਤ ਦੀ ਸੁਣਵਾਈ ਦੌਰਾਨ, ਜੱਜ ਮਾਰਕ ਵੂਲਫੋਰਡ ਨੇ ਧਾਰਮਿਕ ਕੱਟੜਤਾ ਦੇ ਖਿਲਾਫ ਕਮਿਊਨਿਟੀ ਸੁਰੱਖਿਆ ਅਤੇ ਮਜ਼ਬੂਤ ਰੋਕਥਾਮ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ 'ਇਹ ਧਾਰਮਿਕ ਕੱਟੜਤਾ ਦੇ ਸਾਰੇ ਲੱਛਣਾਂ ਨੂੰ ਦਰਸਾਉਂਦਾ ਹੈ। ਇਸ ਸੰਦਰਭ ਵਿੱਚ ਸਜ਼ਾ ਸੁਣਾਉਣ ਲਈ ਇੱਕ ਵੱਖਰੀ ਪਹੁੰਚ ਦੀ ਲੋੜ ਹੈ। ਭਾਈਚਾਰੇ ਨੂੰ ਹੋਰ ਹਿੰਸਾ ਤੋਂ ਬਚਾਉਣ ਅਤੇ ਦੂਜਿਆਂ ਨੂੰ ਵਿਰੋਧ ਦਾ ਮਜ਼ਬੂਤ ਸੰਦੇਸ਼ ਭੇਜਣ 'ਤੇ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।'

### ਹਮਲਾ ਕਦੋਂ ਹੋਇਆ ?

ਇਹ ਹਮਲਾ 23 ਦਸੰਬਰ 2020 ਨੂੰ ਹੋਇਆ ਸੀ। ਹਰਨੇਕ ਸਿੰਘ 'ਤੇ ਧਾਰਮਿਕ ਕੱਟੜਪੰਥੀਆਂ ਦੇ ਇੱਕ ਸਮੂਹ ਨੇ ਰਸਤੇ ਵਿੱਚ ਹਮਲਾ ਕੀਤਾ ਸੀ। ਨੇਕੀ ਦੇ ਨਾਂ ਨਾਲ ਮਸ਼ਹੂਰ ਹਰਨੇਕ ਸਿੰਘ ਦਾ ਤਿੰਨ ਕਾਰਾਂ ਨੇ ਪਿੱਛਾ ਕੀਤਾ। ਉਸ ਨੂੰ 40 ਤੋਂ ਵੱਧ ਵਾਰ ਚਾਕੂ ਮਾਰਿਆ ਗਿਆ ਸੀ।



ਦਿ ਆਸਟ੍ਰੇਲੀਆ ਟੂਡੇ ਅਨੁਸਾਰ, ਹਰਨੇਕ ਨੇ ਬਹਾਦਰੀ ਨਾਲ ਆਪਣੀ ਕਾਰ ਦਾ ਦਰਵਾਜ਼ਾ ਬੰਦ ਕਰ ਲਿਆ ਅਤੇ ਗੁਆਂਢੀਆਂ ਦਾ ਧਿਆਨ ਖਿੱਚਣ ਲਈ ਹਾਰਨ ਵਜਾਇਆ। ਤੁਹਾਨੂੰ ਦੱਸ ਦੇਈਏ ਕਿ ਹਰਨੇਕ ਸਿੰਘ ਦੇ 350 ਤੋਂ ਵੱਧ ਟਾਂਕੇ ਲੱਗੇ ਅਤੇ ਕਈ ਸਰਜਰੀਆਂ ਹੋਈਆਂ ਸਨ। ਰਿਪੋਰਟਾਂ ਮੁਤਾਬਕ ਤੀਜਾ ਦੋਸ਼ੀ 48 ਸਾਲਾ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਉਸ ਵਿਅਕਤੀ ਨੇ ਸਾਲਾਂ ਤੋਂ ਹਰਨੇਕ ਸਿੰਘ ਨਾਲ ਨਰਾਜ਼ਗੀ ਜਤਾਈ ਹੋਈ ਸੀ ਕਿਉਂਕਿ ਪ੍ਰਸਿੱਧ ਕੀਵੀ ਰੇਡੀਓ ਹੋਸਟ ਖਾਲਿਸਤਾਨ ਵਿਰੁੱਧ ਆਵਾਜ਼ ਉਠਾ ਰਿਹਾ ਸੀ। ਹਰਨੇਕ ਸਿੰਘ ਨੇ ਕਿਹਾ, 'ਮੇਰਾ ਪਰਿਵਾਰ ਹਰ ਰੋਜ਼ ਡਰ ਦਾ ਸਾਹਮਣਾ ਕਰ ਰਿਹਾ ਹੈ। ਉਸਨੇ ਇਹ ਯਕੀਨੀ ਬਣਾਉਣ ਲਈ ਨਿਊਜ਼ੀਲੈਂਡ ਦੀ ਨਿਆਂ ਪ੍ਰਣਾਲੀ ਦਾ ਧੰਨਵਾਦ ਕੀਤਾ ਕਿ ਕੋਈ ਵੀ ਕਾਨੂੰਨ ਤੋਂ ਉੱਪਰ ਨਹੀਂ ਹੈ, ਇੱਥੋਂ ਤੱਕ ਕਿ ਧਰਮ ਤੋਂ ਵੀ ਨਹੀਂ।

ਹਰਨੇਕ ਸਿੰਘ ਨੇ ਸਿੱਧੇ ਤੌਰ 'ਤੇ ਦੋਸ਼ੀਆਂ ਨੂੰ ਸੰਬੋਧਨ ਕਰਦਿਆਂ ਕਿਹਾ, 'ਤੁਸੀਂ ਮੈਨੂੰ ਮਾਰਨ ਆਏ ਹੋ। ਤੁਸੀਂ ਮੈਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ। ਤੁਸੀਂ ਕਿਸੇ ਵੀ ਵਿਅਕਤੀ ਨੂੰ ਇੱਕ ਡਰਾਉਣਾ ਸੰਦੇਸ਼ ਭੇਜਣਾ ਚਾਹੁੰਦੇ ਹੋ ਜੋ ਤੁਹਾਡੇ ਗੈਰ-ਰਵਾਇਤੀ ਧਾਰਮਿਕ ਵਿਚਾਰਾਂ ਨਾਲ ਅਸਹਿਮਤ ਹੈ। ਪਰ ਤੁਸੀਂ ਫੇਲ ਹੋ ਗਏ। ਉਸਨੇ ਅੱਗੇ ਕਿਹਾ, 'ਮੈਂ ਹਮੇਸ਼ਾ ਵਾਂਗ ਆਪਣੇ ਵਿਚਾਰਾਂ ਅਤੇ ਵਿਸ਼ਵਾਸਾਂ ਨੂੰ ਪ੍ਰਗਟ ਕਰਦਾ ਰਹਾਂਗਾ।'

ਹਮਲੇ ਪਿੱਛੇ 48 ਸਾਲਾ ਮਾਸਟਰਮਾਈਂਡ ਨੂੰ ਸਾਢੇ 13 ਸਾਲ ਦੀ ਸਜ਼ਾ ਸੁਣਾਈ ਗਈ ਸੀ, ਪੈਰੋਲ ਦੀ ਯੋਗਤਾ ਤੋਂ ਪਹਿਲਾਂ ਘੱਟੋ-ਘੱਟ 9 ਸਾਲ ਦੀ ਸਜ਼ਾ ਸੀ। ਸਰਵਜੀਤ ਸਿੱਧੂ ਨੂੰ ਸਾਢੇ ਨੌਂ ਸਾਲ ਦੀ ਸਜ਼ਾ ਸੁਣਾਈ ਗਈ ਹੈ, ਜਦਕਿ ਸੁਖਪ੍ਰੀਤ ਸਿੰਘ ਨੂੰ ਛੇ ਮਹੀਨੇ ਦੀ ਘਰ ਨਜ਼ਰਬੰਦੀ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਦੋ ਵਿਅਕਤੀਆਂ, ਜਗਰਾਜ ਸਿੰਘ ਅਤੇ ਗੁਰਬਿੰਦਰ ਸਿੰਘ ਨੂੰ ਨਾਕਾਫ਼ੀ ਸਬੂਤਾਂ ਕਾਰਨ ਬਰੀ ਕਰ ਦਿੱਤਾ ਗਿਆ ਸੀ, ਜਦੋਂ ਕਿ ਦੋ ਹੋਰ, ਜੋਬਨਪ੍ਰੀਤ ਸਿੰਘ ਅਤੇ ਹਰਦੀਪ ਸਿੰਘ ਸੰਧੂ, ਹਰਨੇਕ ਸਿੰਘ ਦੇ ਕਤਲ ਦੀ ਕੋਸ਼ਿਸ਼ ਵਿੱਚ ਸ਼ਾਮਲ ਹੋਣ ਲਈ ਅਗਲੇ ਸਾਲ ਦੇ ਸ਼ੁਰੂ ਵਿੱਚ ਸਜ਼ਾ ਦੀ ਉਡੀਕ ਕਰ ਰਹੇ ਹਨ।

# ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਕਾਰਨ ਔਰੰਗਜ਼ੇਬ ਦੇ ਮਕਬਰੇ 'ਤੇ ਖ਼ਤਰਾ ਮੰਡਰਾਇਆ

## ✪ ਮਕਬਰਾ ਢਾਉਣ ਦੀ ਦਿੱਤੀ ਧਮਕੀ, ਕਬਰ ਦੇ ਬਾਹਰ ਭਾਰੀ ਫੋਰਸ ਤਾਇਨਾਤ

ਨਵੀਂ ਦਿੱਲੀ-ਮਹਾਰਾਸ਼ਟਰ ਦੇ ਸੰਭਾਜੀਨਗਰ ਜ਼ਿਲ੍ਹੇ ਵਿਚ ਸਥਿਤ ਔਰੰਗਜ਼ੇਬ ਦੇ ਮਕਬਰੇ 'ਤੇ ਖ਼ਤਰਾ ਮੰਡਰਾਉਣ ਲੱਗਾ ਹੈ। ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪਰਿਸ਼ਦ (ਵਿਹਿਪ) ਨੇ ਔਰੰਗਜ਼ੇਬ ਦੀ ਕਬਰ ਨੂੰ ਹਟਾਉਣ ਦੀ ਮੰਗ ਤੇਜ਼ ਕਰ ਦਿੱਤੀ ਹੈ। ਹਿੰਦੂ ਸੰਗਠਨਾਂ ਨੇ ਧਮਕੀ ਦਿੱਤੀ ਹੈ ਕਿ ਜੇਕਰ ਸਰਕਾਰ ਕਾਰਵਾਈ ਕਰਨ ਵਿਚ ਅਸਫਲ ਰਹੀ ਤਾਂ ਉਹ 'ਕਾਰਸੇਵਾ' ਕਰਨਗੇ। ਇਨ੍ਹਾਂ ਧਮਕੀਆਂ ਵਿਚਕਾਰ ਪੁਲਿਸ ਨੇ ਸ਼ਹਿਰ ਵਿਚ ਅਲਰਟ ਜਾਰੀ ਕੀਤਾ ਹੈ। ਮਕਬਰੇ ਦੇ ਬਾਹਰ ਭਾਰੀ ਫੋਰਸ ਤਾਇਨਾਤ ਕੀਤੀ ਗਈ ਹੈ। ਬਜਰੰਗ ਦਲ ਅਤੇ ਵਿਹਿਪ ਦਾ ਕਹਿਣਾ ਹੈ ਕਿ ਛਤਰਪਤੀ ਸੰਭਾਜੀ ਨਗਰ ਦੇ ਖੁਲਦਾਬਾਦ ਵਿਚ ਸਥਿਤ ਔਰੰਗਜ਼ੇਬ ਦਾ ਮਕਬਰਾ ਇਕ ਵੰਡਕਾਰੀ ਪ੍ਰਤੀਕ ਹੈ, ਅਤੇ ਇਹ ਭਾਈਚਾਰਕ ਕਲੇਸ਼ ਨੂੰ ਉਤਸ਼ਾਹਿਤ ਕਰਦਾ ਹੈ। ਦੋਵੇਂ ਸਮੂਹਾਂ ਨੇ ਇਸਨੂੰ ਹਟਾਉਣ ਦੀ ਮੰਗ ਕਰਦਿਆਂ ਸਾਰੇ ਮਹਾਰਾਸ਼ਟਰ ਵਿਚ ਤਹਿਸੀਲਦਾਰ ਅਤੇ ਜ਼ਿਲ੍ਹਾ ਕਲੈਕਟਰ ਦਫ਼ਤਰਾਂ ਦੇ ਬਾਹਰ ਵਿਰੋਧ ਪ੍ਰਦਰਸ਼ਨ ਦੀ ਯੋਜਨਾ ਬਣਾਈ ਹੈ।

### ਔਰੰਗਜ਼ੇਬ ਦੇ ਮਕਬਰੇ ਵਿਰੁੱਧ ਪ੍ਰਦਰਸ਼ਨ ਤੋਂ ਬਾਅਦ ਨਾਗਪੁਰ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਕਰਫਿਊ

#### ✪ ਹਿੰਸਾ ਵਿੱਚ ਤਿੰਨ ਡੀਸੀਪੀ'ਜ਼ ਸਮੇਤ 12 ਪੁਲੀਸ ਕਰਮਚਾਰੀ ਜ਼ਖਮੀ



ਨਾਗਪੁਰ-ਮੁਗਲ ਸਮਰਾਟ ਔਰੰਗਜ਼ੇਬ ਦੇ ਮਕਬਰੇ ਵਿਰੁੱਧ ਭਗਵੇਂਵਾਦੀਆਂ ਦੇ ਹਿੰਸਕ ਪ੍ਰਦਰਸ਼ਨ ਤੋਂ ਬਾਅਦ ਮਹਾਰਾਸ਼ਟਰ ਦੇ ਨਾਗਪੁਰ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਕਰਫਿਊ ਲਗਾ ਦਿੱਤਾ ਗਿਆ ਹੈ। ਹਿੰਸਾ ਵਿੱਚ ਤਿੰਨ ਡੀਸੀਪੀ'ਜ਼ ਸਮੇਤ 12 ਪੁਲੀਸ ਕਰਮਚਾਰੀ ਜ਼ਖਮੀ ਹੋ ਗਏ। ਉਨ੍ਹਾਂ ਕਿਹਾ ਕਿ ਹਿੰਸਾ ਦੇ ਸਬੰਧ ਵਿੱਚ ਪੁਲੀਸ ਨੇ 15 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਸ਼ਹਿਰ ਦੀ ਪੁਲੀਸ ਨੇ ਕਿਹਾ ਕਿ ਕੋਤਵਾਲੀ, ਗਣੇਸ਼ਪੇਠ, ਤਹਿਸੀਲ, ਲੱਕੜਗੰਜ, ਪਚਪੌਲੀ, ਸ਼ਾਂਤੀ ਨਗਰ, ਸੱਕਰਦਰਾ, ਨੰਦਨਵਨ, ਇਮਾਮਬਾੜਾ, ਯਸ਼ੋਧਰਾ ਨਗਰ ਅਤੇ ਕਪਿਲ ਨਗਰ ਪੁਲੀਸ ਸਟੇਸ਼ਨਾਂ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਇਲਾਕਿਆਂ ਵਿੱਚ ਕਰਫਿਊ ਲਗਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸੋਮਵਾਰ ਸ਼ਾਮ ਦੌਰਾਨ ਮੱਧ ਨਾਗਪੁਰ ਦੇ ਚਿਤਨੀਸ ਪਾਰਕ ਇਲਾਕੇ ਵਿੱਚ ਹਿੰਸਾ ਭੜਕ ਗਈ, ਜਿਸ ਵਿੱਚ ਔਰੰਗਜ਼ੇਬ ਦੀ ਮਕਬਰੇ ਨੂੰ ਹਟਾਉਣ ਲਈ ਇੱਕ ਭਗਵੇਂਵਾਦੀ ਸੰਸਥਾ ਵੱਲੋਂ ਕੀਤੇ ਗਏ ਅੰਦੋਲਨ ਦੌਰਾਨ ਇਸਲਾਮੀ ਭਾਈਚਾਰੇ ਦੇ ਪਵਿੱਤਰ ਗ੍ਰੰਥ ਨੂੰ ਸਾੜਨ ਦੀਆਂ ਅਫਵਾਹਾਂ ਵਿਚਕਾਰ ਪੁਲਿਸ 'ਤੇ ਪੱਥਰ ਸੁੱਟੇ ਗਏ। ਉਨ੍ਹਾਂ ਕਿਹਾ ਸੀ ਕਿ ਇਸ ਘਟਨਾ ਵਿੱਚ ਕਈ ਲੋਕ ਜ਼ਖਮੀ ਹੋ ਗਏ। ਇਕ ਬੇਕਾਬੂ ਭੀੜ ਨੇ ਕਈ ਵਾਹਨਾਂ ਨੂੰ ਸਾੜ ਦਿੱਤਾ, ਅਤੇ ਇਲਾਕੇ ਵਿੱਚ ਘਰਾਂ ਅਤੇ ਇੱਕ ਕਲੀਨਿਕ ਦੀ ਭੰਨਤੋੜ ਕੀਤੀ।

### ਮਕਬਰੇ ਨੂੰ ਲੈ ਕੇ ਸਿਆਸਤ ਤੇਜ਼

ਔਰੰਗਜ਼ੇਬ ਦੇ ਮਕਬਰੇ ਨੂੰ ਲੈ ਕੇ ਸਿਆਸੀ ਬਿਆਨਬਾਜ਼ੀ ਵੀ ਖੂਬ ਹੋ ਰਹੀ ਹੈ। ਕਈ ਨੇਤਾਵਾਂ ਨੇ ਕਿਹਾ ਹੈ ਕਿ ਔਰੰਗਜ਼ੇਬ ਦੇ ਮਕਬਰੇ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਮਹਾਰਾਸ਼ਟਰ ਦੀ ਧਰਤੀ 'ਤੇ ਉਸ ਲਈ ਕੋਈ ਥਾਂ ਨਹੀਂ ਹੈ।

### ਭਾਜਪਾ ਨੇ ਉੱਧਵ ਗੁੱਟ 'ਤੇ ਲਗਾਇਆ ਦੋਸ਼

ਭਾਜਪਾ ਵਿਧਾਇਕ ਰਾਮ ਕਦਮ ਨੇ ਪੁਰਵਵਰਤੀ ਉੱਧਵ ਠਾਕਰੇ ਨੀਤ ਸਰਕਾਰ 'ਤੇ ਲੋਕਾਂ ਨੂੰ ਔਰੰਗਜ਼ੇਬ ਦਾ ਮਹਿਮਾਮੰਡਨ ਕਰਨ ਦੀ ਆਗਿਆ ਦੇਣ ਦਾ ਦੋਸ਼ ਲਗਾਇਆ। ਕਦਮ ਨੇ ਕਿਹਾ ਕਿ ਮਹਾਰਾਸ਼ਟਰ ਵਿਚ ਕੁਝ ਲੋਕ ਹਮਲਾਵਰ ਔਰੰਗਜ਼ੇਬ ਦੀ ਪ੍ਰਸ਼ੰਸਾ ਕਰ ਰਹੇ ਹਨ ਅਤੇ ਇਹ ਸਭ ਉੱਧਵ ਠਾਕਰੇ ਦੇ ਕਾਰਜਕਾਲ ਵਿਚ ਸ਼ੁਰੂ ਹੋਇਆ।

### ਮਕਬਰੇ ਲਈ ਸਿੱਧੀ ਐਂਟਰੀ 'ਤੇ ਲੱਗੀ ਰੋਕ

ਪੁਲਿਸ ਨੂੰ ਡਰ ਹੈ ਕਿ ਜੇਕਰ ਭੀੜ ਔਰੰਗਜ਼ੇਬ ਦੇ ਮਕਬਰੇ ਤੱਕ ਪਹੁੰਚ ਗਈ ਤਾਂ ਹਾਲਾਤ ਵਿਗੜ ਸਕਦੇ ਹਨ। ਦੱਸਣਯੋਗ ਹੈ ਕਿ ਪੁਲਿਸ-ਪ੍ਰਸ਼ਾਸਨ ਨੇ ਮਕਬਰੇ ਲਈ ਸਿੱਧੀ ਐਂਟਰੀ 'ਤੇ ਰੋਕ ਲਗਾ ਦਿੱਤੀ ਹੈ।

ਅਗਲੇ ਹੁਕਮ ਤੱਕ ਮਕਬਰੇ ਵਿਚ ਸਿੱਧੇ ਪ੍ਰਵੇਸ਼ 'ਤੇ ਰੋਕ ਹੈ। ਦੱਸਣਯੋਗ ਹੈ ਕਿ ਇਹ ਮਕਬਰਾ ਸੰਭਾਜੀਨਗਰ ਸ਼ਹਿਰ ਤੋਂ ਲਗਪਗ 30 ਕਿਲੋਮੀਟਰ ਦੂਰ ਖੁਲਦਾਬਾਦ ਵਿਚ ਸਥਿਤ ਹੈ।

# ਪੰਜਾਬੀ ਵਿਕਾਸ ਮੰਚ ਯੂ ਕੇ ਵੱਲੋਂ ਪੰਜਾਬ ਵਿੱਚ ਪੰਜਾਬੀ ਭਾਸ਼ਾ ਸਬੰਧੀ ਵਿਚਾਰ ਗੋਸ਼ਟੀ ਸਮਾਗਮ ਅਪ੍ਰੈਲ ਵਿੱਚ ਕਰਵਾਏ ਜਾਣਗੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਦੇ ਪ੍ਰਚਾਰ ਪ੍ਰਸਾਰ ਨੂੰ ਅਨੇਕ ਪ੍ਰਕਾਰ ਦੀਆਂ ਮੁਸ਼ਕਲਾਂ ਅਤੇ ਚੁਣੌਤੀਆਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਇਹਨਾਂ ਵਿੱਚ ਕਈ ਬਾਹਰੀ ਹਨ ਅਤੇ ਪਰ ਬਹੁਤੀਆਂ ਅੰਦਰੂਨੀ ਹਨ। ਇਹਨਾਂ ਸਮਸਿਆਵਾਂ ਬਾਰੇ ਪੰਜਾਬ ਤੋਂ ਅਨੇਕਾਂ ਹੀ ਬੁੱਧੀਜੀਵੀ ਅਤੇ ਪੰਜਾਬੀ ਚਿੰਤਕ - ਬਹੁਤੇ ਤਾਂ ਪੰਜਾਬੀ ਸਭਾਵਾਂ ਦੇ ਕਰਤਾ ਧਰਤਾ, ਵਿਦੇਸ਼ਾਂ ਵਿੱਚ ਜਾ ਕੇ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸਾਂ ਵਿੱਚ ਵਿਚਾਰ ਵਟਾਂਦਰੇ ਅਤੇ ਚਰਚਾ ਗੋਸ਼ਟੀਆਂ ਕਰਦੇ ਹਨ।

ਇਹ ਸਿਲਸਿਲਾ 80ਵਿਆਂ ਤੋਂ ਸ਼ੁਰੂ ਹੋਇਆ ਅਤੇ ਇਸ ਵੇਲੇ ਸਾਰੇ ਸੰਸਾਰ ਪੱਧਰ 'ਤੇ ਫੈਲ ਚੁੱਕਾ ਹੈ। ਪੰਜਾਬੀ ਭਾਸ਼ਾ ਦੇ ਸਰੋਕਾਰਾਂ ਨੂੰ ਲੈ ਕੇ "ਪੰਜਾਬੀ ਵਿਕਾਸ ਮੰਚ ਯੂ ਕੇ" ਦੋ ਦਹਾਕਿਆਂ ਤੋਂ ਵਿਦੇਸ਼ਾਂ ਦੇ ਨਾਲ਼ ਨਾਲ਼ ਪੰਜਾਬ ਦੀਆਂ ਸਰਗਮੀਆਂ ਨਾਲ਼ ਵੀ ਜੁੜਿਆ ਹੋਇਆ ਹੈ। ਇਸ ਸਾਲ ਮੰਚ ਵੱਲੋਂ ਪੰਜਾਬ ਦੇ ਸਹਿਯੋਗੀਆਂ ਦੀ ਮੱਦਦ ਨਾਲ਼ ਚੰਡੀਗੜ੍ਹ, ਪਟਿਆਲ਼ਾ ਅਤੇ ਲੁਧਿਆਣਾ ਵਿਖੇ 5, 6 ਅਤੇ 11 ਅਪ੍ਰੈਲ ਨੂੰ ਚਰਚਾ ਗੋਸ਼ਟੀਆਂ ਦੇ ਪ੍ਰੋਗਰਾਮ ਉਲੀਕੇ ਗਏ ਹਨ। ਇਹਨਾਂ ਸਮਾਗਮਾਂ ਵਿੱਚ ਪੰਜਾਬ ਦੇ ਨਾਮਵਰ ਅਤੇ ਸਰਗਰਮ ਵਿਦਵਾਨ "ਪੰਜਾਬੀ ਭਾਸ਼ਾ ਨੂੰ ਦਰਪੇਸ਼ ਚੁਣੌਤੀਆਂ ਅਤੇ ਉਹਨਾਂ ਦੇ ਸੰਭਾਵੀ ਹੱਲ" ਵਿਸ਼ੇ ਤਹਿਤ ਆਪੋ ਆਪਣੇ ਖੋਜ-ਪੱਤਰ ਪੇਸ਼ ਕਰਨਗੇ। ਮੰਚ ਦੇ ਪ੍ਰਧਾਨ ਡਾ. ਬਲਦੇਵ ਸਿੰਘ ਕੰਦੋਲਾ ਨੇ ਦੱਸਿਆ ਕਿ ਉਹਨਾਂ ਦੀ ਕੋਸ਼ਿਸ਼ ਹੈ ਕਿ ਪੜ੍ਹੇ ਜਾਣ ਵਾਲ਼ੇ ਖੋਜ-ਪੱਤਰਾਂ ਦੀ ਰੂਪ-ਰੇਖਾ ਅਤੇ ਬਣਤਰ ਅਜੇਹੀ ਹੋਵੇਗੀ ਜਿਸ ਨਾਲ ਪੰਜਾਬੀ ਭਾਸ਼ਾ ਨੂੰ ਲੈ ਕੇ ਹੋਰ ਉਤਸ਼ਾਹ ਪੈਦਾ ਹੋਵੇਗਾ। ਸੂਚਨਾ ਨਿਰਦੇਸ਼ਕ, ਸ਼ਿੰਦਰਪਾਲ ਸਿੰਘ ਮਾਹਲ ਨੇ ਸਵਰਨਜੀਤ ਸਵੀ, ਜਸਵੰਤ ਸਿੰਘ ਜ਼ਫ਼ਰ, ਗੁਲਜ਼ਾਰ ਸਿੰਘ ਪੰਧੇਰ ਅਤੇ ਸ. ਮਹਿੰਦਰ ਸਿੰਘ ਸੇਖੋਂ ਦਾ ਗੋਸ਼ਟੀਆਂ ਦੇ ਪ੍ਰਬੰਧਾਂ ਲਈ ਵਿਸ਼ੇਸ਼ ਯੋਗਦਾਨ ਲਈ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਨੂੰ ਪਿਆਰ ਕਰਨ ਵਾਲ਼ੇ, ਖਾਸ ਕਰ ਇਸਦੇ ਤਕਨੀਕੀ ਵਿਕਾਸ ਨਾਲ਼ ਜੁੜੇ ਬੁੱਧੀਜੀਵੀਆਂ, ਪੰਜਾਬੀ ਕੰਪਿਊਟਰ ਅਧਿਆਪਨ ਨਾਲ਼ ਜੁੜੇ ਪੰਜਾਬੀਆਂ ਨੂੰ ਇਹਨਾਂ ਗੋਸ਼ਟੀਆਂ ਦਾ ਹਿੱਸਾ ਬਣਨਾ ਚਾਹੀਦਾ ਹੈ ਤਾਂ ਕਿ ਪੰਜਾਬੀ ਭਾਸ਼ਾ ਕੰਪਿਊਟਰ ਯੁੱਗ ਵਿੱਚ ਸਮੇਂ ਦੀ ਹਾਣੀ ਬਣ ਕੇ ਰੋਜ਼ਗਾਰ ਦੇ ਹੋਰ ਮੌਕੇ ਪੈਦਾ ਕਰ ਸਕੇ।



ਬਲਦੇਵ ਸਿੰਘ ਕੰਦੋਲਾ ਅਤੇ ਸ਼ਿੰਦਰਪਾਲ ਸਿੰਘ ਮਾਹਲ

## ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੂਰਬ ਗੁਰਮੁਖੀ ਦਿਵਸ ਵਜੋਂ ਮਨਾਉਣ ਲਈ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ



ਸ: ਬਲਦੇਵ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ ਵੱਲੋਂ ਯੂ ਕੇ ਦੇ ਗੁਰਦੁਆਰਾ ਸਾਹਿਬਾਨਾਂ ਵਿੱਚ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਗੁਰਮੁਖੀ ਦਿਵਸ ਵਜੋਂ ਮਨਾਉਣ ਲਈ ਕੀਤੀ ਗਈ ਅਪੀਲ ਤੋਂ ਬਾਅਦ ਸਿੱਖ ਆਗੂ ਬਲਦੇਵ ਸਿੰਘ ਨੇ ਵੇ ਵੀ ਕਿਹਾ ਹੈ ਕਿ 28 ਅਪ੍ਰੈਲ ਦਾ ਦਿਨ ਗੁਰਮੁਖੀ ਦਿਵਸ ਵਜੋਂ ਮਨਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅਜੇਹਾ ਕਰਨ ਨਾਲ ਸਾਡੀ ਅਗਲੀ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਨਾਲ ਜੁੜਨ ਲਈ ਪ੍ਰੇਰਨਾ ਮਿਲੇਗੀ। ਗੁਰਬਾਣੀ ਅਤੇ ਸਿੱਖ ਇਤਿਹਾਸ ਨੂੰ ਸਮਝਣ ਲਈ ਭਾਵੇਂ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤੇ ਗ੍ਰੰਥ ਅਤੇ ਹੋਰ ਇਤਿਹਾਸਕ ਕਿਤਾਬਾਂ ਮਿਲ ਜਾਂਦੀਆਂ ਹਨ, ਪਰ ਗੁਰਮੁਖੀ ਲਿੱਪੀ ਦਾ ਗਿਆਨ ਸਿੱਖ ਧਰਮ ਅਤੇ ਵਿਰਸੇ ਨੂੰ ਸਮਝਣ ਲਈ ਬਹੁਤ ਜ਼ਰੂਰੀ ਹੈ। ਜਿਕਰਯੋਗ ਹੈ ਕਿ ਯੂ ਕੇ ਵਿੱਚ ਗੁਰਮੁਖੀ ਦਿਵਸ ਮਨਾਉਣ ਲਈ ਪੰਜਾਬੀ ਭਾਸ਼ਾ ਚੇਤਨਾ ਬੋਰਡ ਵੱਲੋਂ ਤਿਆਰੀ ਕੀਤੀ ਜਾ ਰਹੀ ਹੈ।

## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜਿੰਮੇਵਾਰ ਨਹੀਂ ਹੈ ।**

**ਵੱਲੋਂ - ਸੰਪਾਦਕ ਪੰਜਾਬ ਟਾਈਮਜ਼ ਡਰਬੀ**


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

**ਕਿੰਗਜ਼ਵੇਅ ਬੈਂਕਿਊਟਿੰਗ ਸੂਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ !

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ



ਸਵ: ਸ੍ਰ. ਉਮਰਾਓ ਅਟਵਾਲ

**KINGSWAY BANQUETING SUITE**

270-272 BATH ROAD, HOUNSLOW, MIDDLESEX, TW4 7DF.

*(OPP. HOUNSLOW WEST TUBE STATION)*

**TEL: 020 8570 8351**

*Email:* Kingswaylondon@icloud.com, *www.kingswaybanqueting.com*



**VACANCIES**

**JSR CONTRACTS LTD.**

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

**Carpenters required at various sites in Manchester**

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing wood-work and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

**Person must have CSCS, Asbestos Awareness and Manual Handling**
*** Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਕਾਂਗਰਸੀ ਆਗੂਆਂ ਨੂੰ ਪ੍ਰੇਸ਼ਾਨ ਕਰਨਾ ਬੰਦ ਕਰੇ ਕੇਂਦਰ ਸਰਕਾਰ- ਧਾਲੀਵਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਪ੍ਰਧਾਨ ਕਮਲਪ੍ਰੀਤ ਸਿੰਘ ਧਾਲੀਵਾਲ ਦੀ ਅਗਵਾਈ ਵਿੱਚ ਬੀਤੇ ਦਿਨੀ ਲੰਡਨ ਵਿੱਚ ਕਾਂਗਰਸੀ ਕਾਰਕੁਨਾਂ ਦੀ ਇਕ ਮੀਟਿੰਗ ਹੋਈ ਜਿਸ ਵਿੱਚ ਬੋਲਦਿਆਂ ਉਹਨਾਂ ਕਿਹਾ ਕਿ ਪੰਜਾਬ ਅਤੇ ਕੇਂਦਰ ਸਰਕਾਰਾਂ ਕਾਂਗਰਸੀ ਆਗੂਆਂ ਨੂੰ ਕਿਸੇ ਨਾ ਕਿਸੇ ਬਹਾਨੇ ਪ੍ਰੇਸ਼ਾਨ ਕਰਨ ਲਈ ਸਰਕਾਰੀ ਤੰਤਰ ਦੀ ਦੁਰਵਰਤੋਂ ਕਰਦੀਆਂ ਰਹਿੰਦੀਆਂ ਹਨ। ਸ਼ ਧਾਲੀਵਾਲ ਨੇ ਕਿਹਾ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਭਾਜਪਾ ਦੇ ਇੱਕ ਮੋਹਰੀ ਸੰਗਠਨ ਵਜੋਂ ਕੰਮ ਕਰ ਰਹੀ ਹੈ। ਸਾਰੀਆਂ ਚੋਣਾਂ ਤੋਂ ਪਹਿਲਾਂ, ਭਾਜਪਾ ਦੇਸ਼ ਭਰ ਵਿੱਚ ਹਰ ਜਗ੍ਹਾ ਆਪਣੇ ਰਾਜਨੀਤਿਕ ਵਿਰੋਧੀਆਂ ਨੂੰ ਪਰੇਸ਼ਾਨ ਕਰਨ ਲਈ ਈ ਡੀ ਨੂੰ ਉਤਾਰਦੀ ਹੈ। ਈ ਡੀ ਨੇ ਪਹਿਲਾਂ ਭੁਪੇਸ਼ ਬਘੇਲ ਅਤੇ ਫਿਰ ਪੰਜਾਬ ਕਾਂਗਰਸ ਦੇ ਨੇਤਾ ਸੁਖਪਾਲ ਸਿੰਘ ਖਹਿਰਾ ਨੂੰ ਨਿਸ਼ਾਨਾ ਬਣਾਇਆ ਹੈ। ਜਦ ਕਿ ਕਾਂਗਰਸ ਪਾਰਟੀ ਜਾਂ ਇਸ ਦੇ ਸਹਿਯੋਗੀ ਕਿਸੇ ਵੀ ਦਬਾਅ ਅੱਗੇ ਨਹੀਂ ਝੁਕਣਗੇ। ਕਮਲਪ੍ਰੀਤ ਸਿੰਘ ਧਾਲੀਵਾਲ ਨੇ ਕਿਹਾ ਕਿ ਯੂ ਕੇ ਵਿੱਚ ਇੰਡੀਅਨ ਓਵਰਸੀਜ਼ ਕਾਂਗਰਸ ਨੂੰ ਹੋਰ ਮਜ਼ਬੂਤ ਕਰਨ ਲਈ ਜਲਦੀ ਹੀ ਇਸ ਦੀ ਮੈਂਬਰਸ਼ਿਪ ਵਿੱਚ ਵਾਧਾ ਕਰਨ ਲਈ ਜਲਦ ਹੀ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਇਸ ਮੌਕੇ ਮੀਤ ਪ੍ਰਧਾਨ ਬਲਜਿੰਦਰ ਸਿੰਘ ਜੈਨਪੁਰੀਆ ਸਮੇਤ ਲੰਡਨ ਅਤੇ ਮਿਡਲੈਂਡ ਦੇ ਕਾਂਗਰਸੀ ਕਾਰਕੁਨ ਹਾਜ਼ਰ ਸਨ।



ਕਮਲਪ੍ਰੀਤ ਸਿੰਘ ਧਾਲੀਵਾਲ

# ਕੇਂਦਰ ਨੇ ਚੰਦਰਯਾਨ-5 ਮਿਸ਼ਨ ਨੂੰ ਮਨਜ਼ੂਰੀ ਦਿੱਤੀ

ਭਾਰਤੀ ਪੁਲਾੜ ਖੋਜ ਸੰਗਠਨ ਦੇ ਚੇਅਰਮੈਨ ਵੀ. ਨਾਰਾਇਣਨ ਨੇ ਐਤਵਾਰ ਨੂੰ ਘੋਸ਼ਣਾ ਕੀਤੀ ਕਿ ਕੇਂਦਰ ਸਰਕਾਰ ਨੇ ਚੰਦਰਯਾਨ-5 ਮਿਸ਼ਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਉਹ ਇਸਰੋ ਮੁਖੀ ਵਜੋਂ ਅਹੁਦਾ ਸੰਭਾਲਣ ਤੋਂ ਬਾਅਦ ਬੰਗਲੁਰੂ ਵਿੱਚ ਇੱਕ ਸਮਾਗਮ ਦੌਰਾਨ ਬੋਲ ਰਹੇ ਸਨ। ਉਨ੍ਹਾਂ ਨੇ ਦੱਸਿਆ ਕਿ ਤਿੰਨ ਦਿਨ ਪਹਿਲਾਂ ਹੀ ਚੰਦਰਯਾਨ-5 ਲਈ ਪ੍ਰਵਾਨਗੀ ਮਿਲੀ ਹੈ, ਜਿਸ ਵਿੱਚ ਜਾਪਾਨ ਭਾਰਤ ਦਾ ਸਹਿਯੋਗੀ ਹੋਵੇਗਾ।

ਇਸ ਮਿਸ਼ਨ ਵਿੱਚ 250 ਕਿਲੋਗ੍ਰਾਮ ਦਾ ਰੋਵਰ ਹੋਵੇਗਾ, ਜੋ ਚੰਦਰਯਾਨ-3 ਦੇ 25 ਕਿਲੋਗ੍ਰਾਮ ਰੋਵਰ (ਪ੍ਰਗਿਆਨ) ਨਾਲੋਂ 10 ਗੁਣਾ ਭਾਰੀ ਹੋਵੇਗਾ।


ਪੰਜਾਬ ਟਾਈਮਜ਼

**PANJAB TIMES (EST 1965)**

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :**

**FOR SUBSCRIPTION**

*(PLEASE TICK ONE RELEVANT BOX)*

6 MONTHS ---- £95

1 YEAR ---- £180

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.......................................................................

ADDRESS....................................................................

..............................................POST CODE...............................

TEL...........................................................................

Barclays Bank details: ACCOUNT: Punjab Times Trust

ACCOUNT NO: 20853011 SORT CODE: 20-25-85

*Post with payments to:* **SUBSCRIPTION**

PANJAB TIMES BRIDLE GATE LANE, DERBY, DE24 0QW, U.K.

or call on / WHATSAPP NO : **07966 388 388**

*www.panjabtimes.uk Email: Panjabtimes@aol.com*


# ਗਿ: ਹਰਨੇਕ ਸਿੰਘ ਬੁਲੰਦਾ ਅਤੇ ਢਾਡੀ ਰਸ਼ਪਾਲ ਸਿੰਘ ਔਜਲਾ ਦਾ ਢਾਡੀ ਜਥਾ ਯੂ ਕੇ ਵਿੱਚ



ਡਰਬੀ-(ਪੰਜਾਬ ਟਾਈਮਜ਼)-ਗਿਆਨੀ ਹਰੇਨਕ ਸਿੰਘ ਬੁਲੰਦਾ ਅਤੇ ਢਾਡੀ ਰਸ਼ਪਾਲ ਸਿੰਘ ਔਜਲਾ ਦਾ ਢਾਡੀ ਜਥਾ ਮਾਰਚ ਤੋਂ ਲੈਕੇ ਅਗਸਤ ਤੱਕ ਇੰਗਲੈਂਡ ਦੇ ਵੱਖ ਵੱਖ ਗੁਰੂਘਰਾਂ ਵਿੱਚ ਗੁਰਇਤਿਹਾਸ ਅਤੇ ਸਿੱਖ ਇਤਿਹਾਸ ਸੁਣਾ ਕੇ ਸੰਗਤਾਂ ਦੀ ਸੇਵਾ ਕਰਨਗੇ। ਬੀਤੇ ਹਫ਼ਤੇ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਦੁਆਰਾ ਸਾਹਿਬ ਡਰਬੀ ਵਿਖੇ ਸੰਗਤਾਂ ਦੀ ਸੇਵਾ ਕੀਤੀ ਜਾ ਰਹੀ ਹੈ, ਇਸ ਤੋਂ ਇਲਾਵਾ ਵਾਰਕਿੰਗ, ਸੈਵਨ ਕਿੰਗ, ਗਰੇਵਜੈਂਡ, ਸਾਊਥਾਲ, ਸਲੋਹ, ਬ੍ਰਮਿੰਘਮ, ਨਿਊਕੈਸਲ, ਗਲਾਸਗੋ, ਕਵੈਂਟਰੀ, ਵਿਲਨਹਾਲ ਅਤੇ ਵੱਖ ਵੱਖ ਗੁਰੂ ਘਰਾਂ ਵਿੱਚ ਹਾਜ਼ਰੀ ਲਗਵਾਉਣਗੇ। ਉਹਨਾਂ ਨਾਲ ਸਾਰੰਗੀ ਮਾਸਟਰ ਕੁਲਦੀਪ ਸਿੰਘ ਸੇਖੋਂ ਅਤੇ ਢਾਡੀ ਅਵਤਾਰ ਸਿੰਘ ਅਰਸੀ ਸਾਥ ਦੇ ਰਹੇ ਹਨ। ਉਹਨਾਂ ਨਾਲ ਹੇਠਾਂ ਦਿੱਤੇ ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।

07424 800835 ਵੈਟਸ ਐਪ+919815291793

# ਅੰਤਰਰਾਸ਼ਟਰੀ ਮਾਤ-ਭਾਸ਼ਾ ਦਿਵਸ 30 ਮਾਰਚ ਨੂੰ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ

ਹਰੇਕ ਕੌਮ ਨੂੰ ਆਪਣੀ ਮਾਤ-ਭਾਸ਼ਾ ਪਿਆਰੀ ਹੈ। ਏਸੇ ਗੱਲ ਨੂੰ ਮੁੱਖ ਰੱਖਦਿਆਂ ਹਰੇਕ ਸਾਲ 21 ਫ਼ਰਵਰੀ ਨੂੰ ਸਾਰੀ ਦੁਨੀਆਂ 'ਚ ਇਹ ਦਿਨ ਸਾਰੀਆਂ ਕੌਮਾਂ ਬੜੇ ਉਤਸ਼ਾਹ ਅਤੇ ਚਾਅ ਨਾਲ ਮਨਾਉਂਦੀਆਂ ਹਨ।

ਗੁਰੂ ਨਾਨਕ ਗੁਰਦੁਆਰਾ, ਸਮੈਦਿਕ, ਪ੍ਰਗਤੀਸ਼ੀਲ ਲਿਖਾਰੀ ਸਭਾ (ਵੁਲਵਰਹੈਂਪਟਨ) ਪੰਜਾਬੀ ਭਾਸ਼ਾ ਪਸਾਰ ਭਾਈਚਾਰਾ (ਯੂ.ਕੇ.) ਪੰਜਾਬੀ ਭਾਸ਼ਾ ਅਤੇ ਅਧਿਆਪਕ ਸਿਖਲਾਈ ਸੰਸਥਾ (ਯੂ.ਕੇ.) ਵਲੋਂ ਸਾਂਝੇ ਯਤਨਾਂ ਨਾਲ ਇਹ ਦਿਹਾੜਾ 30 ਮਾਰਚ 2025, ਦਿਨ ਐਤਵਾਰ ਨੂੰ ਬੜੇ ਉਤਸ਼ਾਹ ਨਾਲ ਗੁਰਦੁਆਰਾ ਸਾਹਿਬ ਦੇ ਆਡੀਟੋਰੀਅਮ ਵਿਚ 10.00 ਤੋਂ 3.00 ਵਜੇ ਤੱਕ ਮਨਾਇਆ ਜਾ ਰਿਹਾ ਹੈ। ਆਪਣੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੇ ਸਭ ਸੱਜਣਾਂ ਨੂੰ ਬੇਨਤੀ ਹੈ ਕਿ ਹੁੰਮ-ਹੁਮਾ ਕੇ ਇਸ ਪ੍ਰੋਗਰਾਮ 'ਚ ਸ਼ਾਮਲ ਹੋਵੋ ਅਤੇ ਪ੍ਰੋਗਰਾਮ ਦੀ ਰੌਣਕ ਵਧਾਉ ਜੀ।

ਹੋਰ ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੋਂ ਜਾਣਕਾਰੀ ਲਈ ਜਾ ਸਕਦੀ ਹੈ।

ਕੁਲਦੀਪ ਸਿੰਘ ਦਿਉਲ (ਪ੍ਰਧਾਨ) 07971931075

ਮਨਰਾਜ ਸਿੰਘ ਸ਼ੇਰਗਿੱਲ:- 07807256687

ਗੁਰਜੀਤ ਸਿੰਘ ਗਿੱਲ:- 07940974011

ਨਿਰਮਲ ਸਿੰਘ ਕੰਧਾਲਵੀ:- 07578389725

# ਸਿੱਧੂ ਮੂਸੇਵਾਲਾ ਦੇ ਭਰਾ ਦਾ ਜਨਮਦਿਨ ਮਨਾਉਣ ਪੁੱਜੇ ਸੰਸਦ ਮੈਂਬਰ ਚਰਨਜੀਤ ਚੰਨੀ



ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਛੋਟੇ ਭਰਾ ਦੇ ਪਹਿਲੇ ਜਨਮ ਦਿਨ ਨੂੰ ਲੈ ਕੇ ਮੂਸੇਵਾਲਾ ਦੀ ਕੋਠੀ ਵਿਚ ਰੌਣਕਾਂ ਲੱਗ ਗਈਆਂ। ਇਸ ਮੌਕੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪਿੰਡ ਮੂਸਾ ਪਹੁੰਚ ਕੇ ਪਰਿਵਾਰ ਨੂੰ ਵਧਾਈ ਦਿੱਤੀ ਅਤੇ ਕੇਕ ਕੱਟਿਆ। ਮੂਸੇਵਾਲਾ ਦੀ ਕੋਠੀ ਵਿਚ ਸਿੱਧੂ ਮੂਸੇਵਾਲਾ ਦੇ ਭਰਾ ਦੇ ਜਨਮ ਦਿਨ ਨੂੰ ਲੈ ਕੇ ਗੀਤ ਸੰਗੀਤ ਹੋਇਆ ਅਤੇ ਲੱਡੂ ਵੰਡ ਕੇ ਖ਼ੁਸ਼ੀਆਂ ਮਨਾਈਆਂ ਗਈਆਂ। ਸ੍ਰੀ ਚੰਨੀ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਨੂੰ ਬੇਸ਼ੱਕ ਭੁਲਾਇਆ ਨਹੀਂ ਜਾ ਸਕਦਾ ਪਰ ਉਸ ਦਾ ਅਕਸ ਨੰਨੇ ਮੂਸੇਵਾਲਾ ਵਿਚ ਜ਼ਰੂਰ ਦੇਖ ਰਹੇ ਹਾਂ। ਜਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਦਾ 29 ਮਈ 2022 ਨੂੰ ਪਿੰਡ ਜਵਾਹਰਕੇ ਵਿਖੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਜਿਸ ਤੋਂ ਬਾਅਦ ਮਾਤਾ ਚਰਨ ਕੌਰ ਦੀ ਕੁੱਖੋਂ ਆਈਵੀਐੱਫ ਦੀ ਤਕਨੀਕ ਨਾਲ ਨੰਨੇ ਮੂਸੇਵਾਲਾ ਨੇ ਘਰ ਵਿਚ ਜਦੋਂ ਜਨਮ ਲਿਆ ਤਾਂ ਮੂਸੇਵਾਲਾ ਦੇ ਘਰ ਰੌਣਕਾਂ ਪਰਤ ਆਈਆਂ। ਸ਼ੁਭਦੀਪ ਦੇ ਜਨਮ ਦਿਨ ਨੂੰ ਲੈ ਕੇ ਕੋਠੀ ਵਿਚ ਵਿਆਹ ਵਰਗਾ ਮਾਹੌਲ ਦੇਖਣ ਨੂੰ ਮਿਲਿਆ।

# ਮਾਨ ਸਰਕਾਰ ਦੇ 3 ਸਾਲ ਪੂਰੇ, ਜਾਣੋ ਕਿਹੜੇ ਵਾਅਦੇ ਸਰਕਾਰ ਨੇ ਕੀਤੇ ਪੂਰੇ

**ਨਿਊਜ਼ ਵਿਸ਼ਲੇਸ਼ਣ** ✪ ਕਿਉਂ ਡੁਬਿਆ ਪੰਜਾਬ ਭਾਰੀ ਕਰਜ਼ੇ ਵਿਚ? ✪ ਪੰਜਾਬ ਵਿੱਚ 16 ਮੈਡੀਕਲ ਕਾਲਜ ਖੋਲਣ ਦੀ ਗਰੰਟੀ ਹਾਲੇ ਤੱਕ ਪੂਰੀ ਨਹੀਂ ਹੋਈ ✪ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਇਨਸਾਫ ਕਿਉਂ ਨਹੀਂ ਮਿਲਿਆ?

ਅੱਜ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਸੱਤਾ ਸੰਭਾਲੇ ਪੂਰੇ 3 ਸਾਲ ਹੋ ਗਏ ਹਨ। 2022 ਵਿੱਚ, 'ਆਪ' ਨੇ ਰਾਜ ਦੀਆਂ 117 ਵਿੱਚੋਂ 92 ਸੀਟਾਂ ਜਿੱਤ ਕੇ ਸ਼ਾਨਦਾਰ ਜਿੱਤ ਦਰਜ ਕੀਤੀ। ਇਸ ਤੋਂ ਬਾਅਦ ਭਗਵੰਤ ਮਾਨ ਨੇ ਪੰਜਾਬ ਵਿੱਚ 'ਆਪ' ਦੇ ਪਹਿਲੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ। 'ਆਪ' ਸਰਕਾਰ ਲਈ ਪੰਜਾਬ ਵਿੱਚ ਫੈਲਿਆ ਭ੍ਰਿਸ਼ਟਾਚਾਰ ਬਹੁਤ ਵੱਡੀ ਚੁਣੌਤੀ ਹੈ। ਪੰਜਾਬ ਵਿੱਚ ਸ਼ਾਇਦ ਹੀ ਕੋਈ ਅਜਿਹਾ ਮਹਿਕਮਾ ਹੋਵੇ ਜਿੱਥੇ ਰਿਸ਼ਵਤ ਨਾ ਚੱਲਦੀ ਹੋਵੇ। ਇੱਥੇ ਸਿਆਸੀ ਲੀਡਰਾਂ ਨੇ ਆਪ ਵੀ ਬਹੁਤ ਘਪਲੇ ਕੀਤੇ, ਜਿਨ੍ਹਾਂ ਵਿੱਚੋਂ ਚੋਣਾਂ ਸਮੇਂ ਕੁਝ ਦੇ ਨਾਮ ਸਾਹਮਣੇ ਵੀ ਆਏ ਸਨ। ਜਿੰਨਾ ਚਿਰ ਪੰਜਾਬ ਭ੍ਰਿਸ਼ਟਾਚਾਰ ਤੋਂ ਮੁਕਤ ਨਹੀਂ ਹੁੰਦਾ ਓਨਾ ਚਿਰ ਪੰਜਾਬ ਦਾ ਸੁਧਾਰ ਸੰਭਵ ਨਹੀਂ।

ਬੇਰੁਜ਼ਗਾਰੀ ਦੀ ਸਮੱਸਿਆ-ਬੇਰੁਜ਼ਗਾਰੀ ਦੀ ਸਮੱਸਿਆ ਵੀ ਪੰਜਾਬ ਸਰਕਾਰ ਲਈ ਇੱਕ ਗੰਭੀਰ ਚੁਣੌਤੀ ਹੈ। ਚੋਣਾਂ ਸਮੇਂ 'ਆਪ' ਨੇ ਇਸ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨ ਦਾ ਭਰੋਸਾ ਦਿਵਾਇਆ ਸੀ। ਨੌਕਰੀਆਂ ਨਾ ਮਿਲਣ ਕਰਕੇ ਪੰਜਾਬ ਦੇ ਨੌਜਵਾਨ ਮੁੰਡੇ-ਕੁੜੀਆਂ ਬਾਹਰਲੇ ਦੇਸ਼ਾਂ ਵੱਲ ਵਹੀਰਾਂ ਘੱਤ ਰਹੇ ਹਨ ਜੋ ਕਿ ਪੰਜਾਬ ਲਈ ਬਹੁਤ ਨਮੋਸ਼ੀਪੂਰਨ ਹੈ। ਮੌਜੂਦਾ ਪੰਜਾਬ ਸਰਕਾਰ ਨੇ ਸੱਤਾ ਵਿੱਚ ਆਉਂਦੇ ਹੀ 25,000 ਸਰਕਾਰੀ ਨੌਕਰੀਆਂ ਦੇਣ ਦਾ ਐਲਾਨ ਕੀਤਾ ਸੀ, ਜਿਨ੍ਹਾਂ ਵਿੱਚੋਂ 10,000 ਭਰਤੀਆਂ ਪੁਲੀਸ ਵਿਭਾਗ ਵਿੱਚ ਹੋਣੀਆਂ ਹਨ। ਪਰ ਪੰਜਾਬ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਹੱਲ ਕਰਨ ਲਈ ਇਹ ਨੌਕਰੀਆਂ ਕਾਫ਼ੀ ਨਹੀਂ। ਸਰਕਾਰ ਨੂੰ ਸਮੇਂ-ਸਮੇਂ 'ਤੇ ਸਾਰੇ ਵਿਭਾਗਾਂ ਵਿੱਚ ਭਰਤੀਆਂ ਜ਼ਰੂਰ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਨੌਜਵਾਨਾਂ ਨੂੰ ਸਮੇਂ ਸਿਰ ਰੁਜ਼ਗਾਰ ਮਿਲ ਸਕੇ।

ਨਸ਼ੇ ਦਾ ਮੁੱਦਾ-ਨਸ਼ੇ ਦਾ ਮੁੱਦਾ ਵੀ ਬਹੁਤ ਗੰਭੀਰ ਮੁੱਦਾ ਹੈ, ਪੰਜਾਬ ਵਿੱਚ ਨਿੱਤ ਹੀ ਕਈ ਨੌਜਵਾਨ ਨਸ਼ੇ ਦੀ ਭੇਟ ਚੜ੍ਹਦੇ ਹਨ। ਕਈ ਘਰ ਇਸ ਨਸ਼ੇ ਕਾਰਨ ਬਰਬਾਦ ਹੋ ਚੁੱਕੇ ਹਨ ਅਤੇ ਕਈ ਬਰਬਾਦ ਹੋਣ ਦੇ ਕਿਨਾਰੇ ਹਨ।ਇਸ ਨੂੰ ਕਿ 'ਆਪ' ਸਰਕਾਰ ਦੁਆਰਾ ਹੱਲ ਕੀਤਾ ਜਾਣਾ ਬਹੁਤ ਜ਼ਰੂਰੀ ਹੈ। ਭਾਵੇਂ ਨਸ਼ਿਆਂ ਵਿਰੁੱਧ ਸਰਕਾਰ ਦੀ ਬੁਲਡੋਜ਼ਰ ਕਾਰਵਾਈ ਜਾਰੀ ਹੈ। ਪਰ ਕਿਸੇ ਵੱਡੇ ਸਰਗਨੇ ਨੂੰ ਹਾਲੇ ਤਕ ਹੱਥ ਨਹੀਂ ਪਾਇਆ ਗਿਆ।

ਬੇਅਦਬੀ ਮਾਮਲਾ-ਗੁਰੂ ਗ੍ਰੰਥ ਸਾਹਿਬ ਬੇਅਦਬੀ ਮਾਮਲੇ ਵਿੱਚ ਦੋਸ਼ੀਆਂ ਨੂੰ ਸਜਾਵਾਂ ਨਾ ਦੁਆ ਸਕਣ ਕਾਰਨ ਉਨ੍ਹਾਂ ਉੱਤੇ ਆਪਣੀ ਦੀ ਪਾਰਟੀ ਦੇ ਕਈ ਆਗੂ ਸਵਾਲ ਖੜ੍ਹੇ ਕਰ ਰਹੇ ਹਨ। ਇਨ੍ਹਾਂ ਵਿੱਚੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਅਕਸਰ ਮੀਡੀਆ ਸਾਹਮਣੇ ਵੀ ਆਉਂਦੇ ਰਹੇ ਹਨ। 'ਆਪ' ਸਰਕਾਰ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਇਸ ਬੇਅਦਬੀ ਨਾਲ ਜੁੜੇ ਮਾਮਲੇ ਨੂੰ ਹੱਲ ਕਰੇ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ।



ਅਮਨ ਕਨੂੰਨ ਦੀ ਸਥਿਤੀ-ਪੰਜਾਬ ਵਿੱਚ ਪਿਛਲੇ ਦਿਨੀਂ ਕੁਝ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨਾਲ ਪੰਜਾਬ ਦਾ ਮਾਹੌਲ ਖ਼ਰਾਬ ਹੋ ਸਕਦਾ ਹੈ। ਦਰਬਾਰ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡ ਵਾਪਰ ਰਹੇ ਹਨ। ਸ਼ਰ੍ਹੇਆਮ ਦਿਨ ਦਿਹਾੜੇ ਹੀ ਗੋਲੀਆਂ ਨਾਲ ਕਤਲ ਕੀਤੇ ਜਾ ਰਹੇ ਹਨ, ਜੋ ਕਿ ਪੰਜਾਬ ਲਈ ਬਹੁਤ ਵੱਡਾ ਦੁਖਾਂਤ ਹੈ। ਪੰਜਾਬ ਸਰਕਾਰ ਦੁਆਰਾ ਬਣਾਈ ਗਈ ਗੈਂਗਸਟਰ ਵਿਰੋਧੀ ਟਾਸਕ ਫੋਰਸ ਇਸ ਪ੍ਰਤੀ ਉਚੇਚਾ ਕਦਮ ਹੈ। ਪਰ ਅਜਿਹੇ ਸੰਗਠਨ ਬਣਾਉਣ ਦਾ ਫ਼ਾਇਦਾ ਤਾਂ ਹੀ ਹੈ ਜੇ ਇਹ ਪੂਰੀ ਪਾਰਦਰਸ਼ਤਾ ਨਾਲ ਕੰਮ ਕਰਨ। ਝੂਠੇ ਮੁਕਾਬਲੇ ਬਣਾਉਣ ਦੀ ਥਾਂ ਕਨੂੰਨ ਤਹਿਤ ਭੂਮਿਕਾ ਨਿਭਾਉਣ।

ਆਰਥਿਕ ਸੰਕਟ-ਸੂਬਾ ਸਰਕਾਰ ਲਈ ਆਰਥਿਕ ਸੰਕਟ ਬਹੁਤ ਵੱਡੀ ਚੁਣੌਤੀ ਹੈ। ਪਿਛਲੇ ਸਾਲ ਮਾਰਚ ਵਿੱਚ ਸੂਬੇ ਦਾ ਸਾਲਾਨਾ ਬਜਟ ਪੇਸ਼ ਕਰਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਚੀਮਾ ਨੇ ਵਿੱਤੀ ਸਾਲ 2024-25 ਦੇ ਅੰਤ ਤੱਕ ਪੰਜਾਬ ਦਾ ਕਰਜ਼ਾ 3.74 ਲੱਖ ਕਰੋੜ ਰੁਪਏ ਨੂੰ ਛੂਹ ਜਾਣ ਦਾ ਅਨੁਮਾਨ ਲਗਾਇਆ ਸੀ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ 46 ਫ਼ੀਸਦੀ ਤੋਂ ਵੱਧ ਬਣਦਾ ਹੈ। ਜਾਣਕਾਰ ਮੰਨਦੇ ਹਨ ਕਿ ਇਹ ਪੰਜਾਬ ਦੀ ਕੁੱਲ ਆਮਦਨ ਤੋਂ ਸਾਢੇ ਤਿੰਨ ਗੁਣਾ ਜ਼ਿਆਦਾ ਕਰਜ਼ਾ ਹੈ। ਪੰਜਾਬ ਦੇ ਸਿਰ ਕਰਜ਼ੇ ਦੀ ਪੰਡ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ। ਸਰਕਾਰ ਨੂੰ ਸਬਸਿਡੀਆਂ ਦੀ ਅਦਾਇਗੀ ਅਤੇ ਹੋਰ ਸਾਰੇ ਕੰਮ ਕਰਜ਼ਾ ਲੈ ਕੇ ਕਰਨੇ ਪੈ ਰਹੇ ਹਨ। ਇਸ ਕਰਜ਼ੇ ਦਾ ਕਾਰਨ ਪਹਿਲੀਆਂ ਸਰਕਾਰਾਂ ਦੁਆਰਾ ਲੋੜ ਤੋਂ ਵੱਧ ਖ਼ਰਚੇ ਅਤੇ ਕਰਾਂ ਨੂੰ ਇਕੱਠੇ ਕਰਨ ਵਿੱਚ ਕੀਤੀ ਗਈ ਅਣਗਹਿਲੀ ਹੈ। ਭਾਰਤੀ ਰਿਜ਼ਰਵ ਬੈਂਕ ਅਨੁਸਾਰ ਪੰਜਾਬ ਵਿਚ ਕਰਜ਼ੇ ਅਤੇ ਆਮਦਨ ਦਾ ਅਨੁਪਾਤ 50 ਪ੍ਰਤੀਸ਼ਤ ਦੇ ਨੇੜੇ-ਤੇੜੇ ਪਹੁੰਚ ਚੁੱਕਾ ਹੈ, ਜੋ ਦੇਸ਼ ਦੇ ਹੋਰ ਕਿਸੇ ਵੀ ਸੂਬੇ ਦੇ ਮੁਕਾਬਲੇ ਜ਼ਿਆਦਾ ਹੈ। ਇਸੇ ਤਰ੍ਹਾਂ ਪੰਜਾਬ ਵਿਚ ਪ੍ਰਤੀ ਜੀਅ ਕਰਜ਼ਾ ਵੀ ਦੂਜੇ ਸੂਬਿਆਂ ਦੇ ਮੁਕਾਬਲੇ ਸਭ ਤੋਂ ਜ਼ਿਆਦਾ ਹੈ। ਨੀਤੀ-ਆਯੋਗ ਦੁਆਰਾ 2025 ਵਿਚ 18 ਮੁੱਖ ਸੂਬਿਆਂ ਸੰਬੰਧੀ ਵਿੱਤੀ-ਸਿਹਤ ਸੂਚਕ ਸੰਬੰਧੀ ਦਿੱਤੀ ਗਈ ਜਾਣਕਾਰੀ ਅਨੁਸਾਰ ਪੰਜਾਬ ਦਾ 18ਵਾਂ ਸਥਾਨ ਹੈ। ਇਸ ਦੇ ਨਾਲ ਹੀ ਪੰਜਾਬ ਵਿੱਚ 16 ਮੈਡੀਕਲ ਕਾਲਜ ਖੋਲਣ ਦੀ ਗਰੰਟੀ ਹਾਲੇ ਤੱਕ ਪੂਰੀ ਨਹੀਂ ਹੋਈ।

ਪੰਜਾਬ ਟਾਈਮਜ ਅਨੁਸਾਰ ਪੰਜਾਬ ਦੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਸਿਆਸਤ ਨੂੰ ਠੀਕ ਲੀਹਾਂ 'ਤੇ ਤੋਰਨਾ ਪਵੇਗਾ। ਇਸ ਲਈ ਸੰਸਥਾਗਤ ਢਾਂਚਾ ਠੀਕ ਕਰਨਾ, ਨਿਵੇਸ਼ ਲਈ ਹਾਂ-ਪੱਖੀ ਮਾਹੌਲ ਸਥਾਪਤ ਕਰਨਾ, ਟੈਕਸਾਂ ਦੀ ਠੀਕ ਉਗਰਾਹੀ ਕਰਨਾ, ਸਰਕਾਰੀ ਖ਼ਜ਼ਾਨੇ ਵਿਚ ਸਮੁੱਚੇ ਸੰਭਾਵਿਤ ਵਿੱਤੀ ਸਾਧਨ ਲਿਆਉਣਾ, ਜਨਤਕ ਵਿੱਤੀ ਸਾਧਨਾਂ ਦਾ ਢੁਕਵਾਂ ਉਪਯੋਗ, ਮੁਫ਼ਤਖੋਰੀਆਂ ਅਤੇ ਸਬਸਿਡੀਆਂ ਨੂੰ ਤਰਕਸ਼ੀਲ ਬਣਾਉਣਾ, ਕੇਂਦਰੀ ਸਕੀਮਾਂ ਤੋਂ ਵੱਧ ਤੋਂ ਵੱਧ ਫਾਇਦਾ ਚੁੱਕਣਾ, ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨੇ, ਖੇਤੀ ਖੇਤਰ ਅਤੇ ਲਘੂ ਅਤੇ ਛੋਟੇ ਉਦਯੋਗਾਂ ਦੀ ਉੱਨਤੀ ਲਈ ਢੁਕਵਾਂ ਮਾਹੌਲ ਤਿਆਰ ਕਰਨਾ, ਵਾਹਗਾ-ਅਟਾਰੀ ਬਾਰਡਰ ਰਾਹੀਂ ਵਪਾਰ ਵਧਾਉਣਾ ਆਦਿ ਕੁਝ ਜ਼ਰੂਰੀ ਪਹਿਲਕਦਮੀਆਂ ਦੀ ਜ਼ਰੂਰਤ ਹੈ। ਇਸ ਤੋਂ ਇਲਾਵਾ ਕਰਜ਼ੇ ਦੇ ਬੋਝ ਨੂੰ ਯੋਜਨਾਬੱਧ ਵਿਧੀ ਰਾਹੀਂ ਘਟਾਉਣਾ ਅਤੇ ਸਮੁੱਚੀ ਆਰਥਿਕਤਾ ਦਾ ਵਿਕਾਸ ਅਤਿਅੰਤ ਲਾਜ਼ਮੀ ਹੈ। ਇਸ ਲਈ ਲੋੜੀਂਦੀ ਸਿਆਸੀ ਇੱਛਾ ਸ਼ਕਤੀ ਅਤੇ ਦੂਰ-ਦ੍ਰਿਸ਼ਟੀ ਦਾ ਹੋਣਾ ਪਹਿਲੀ ਸ਼ਰਤ ਹੈ। ਪੰਜਾਬ ਵਿਚ ਨੀਤੀ-ਖੜੋਤ ਨੂੰ ਤੋੜਨਾ ਵੀ ਜ਼ਰੂਰੀ ਹੈ। ਦੇਸ਼ ਦੀ ਅੰਨ-ਸੁਰੱਖਿਆ ਅਤੇ ਰਾਸ਼ਟਰੀ ਸੁਰੱਖਿਆ ਵਿਚ ਅਹਿਮ ਭੂਮਿਕਾ ਨਿਭਾਉਣ ਦੇ ਮੱਦੇਨਜ਼ਰ ਕੇਂਦਰ ਸਰਕਾਰ ਨੂੰ ਪੰਜਾਬ ਦੇ ਵਿਕਾਸ ਵੱਲ ਬਣਦਾ ਧਿਆਨ ਅਤੇ ਸਹਿਯੋਗ ਦੇਣ ਦੀ ਵੀ ਜ਼ਰੂਰਤ ਹੈ।

ਸਿਹਤ ਤੇ ਵਿਦਿਆ-ਇਸ ਤੋਂ ਇਲਾਵਾ ਸਰਕਾਰ ਨੂੰ ਪੰਜਾਬੀਆਂ ਦੀ ਸਿਹਤ, ਸੁਰੱਖਿਆ ਅਤੇ ਵਿੱਦਿਆ ਪ੍ਰਤੀ ਵੀ ਖ਼ਾਸ ਧਿਆਨ ਦੇਣ ਦੀ ਜ਼ਰੂਰਤ ਹੈ। ਕਿਉਂਕਿ ਪੰਜਾਬ ਵਿੱਚ ਅੱਜ ਵੀ ਬਹੁਤ ਸਾਰੇ ਲੋਕ ਹਨ ਜੋ ਮਹਿੰਗੀਆਂ ਸਿਹਤ ਸੇਵਾਵਾਂ ਅਤੇ ਮਹਿੰਗੀ ਵਿੱਦਿਆ ਲੈਣ ਦੇ ਸਮਰੱਥ ਨਹੀਂ ਹਨ। ਇਸ ਕਰਕੇ ਸਰਕਾਰ ਨੂੰ ਇਨ੍ਹਾਂ ਵਰਗਾਂ ਵੱਲ ਉਚੇਚਾ ਧਿਆਨ ਦੇਣ ਦੀ ਜ਼ਰੂਰਤ ਹੈ।

ਸਰਕਾਰ ਦੇ ਦਾਅਵੇ ਤੇ ਹਕੀਕਤ-ਭਗਵੰਤ ਮਾਨ ਦਾਅਵਾ ਕਰਦੇ ਹਨ ਕਿ ਉਹਨਾਂ ਨੇ ਆਪਣੇ ਕਾਰਜਕਾਲ ਦੌਰਾਨ ਵਿੱਚ 50,000 ਤੋਂ ਵੱਧ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਨਸ਼ਿਆਂ ਤੇ ਭ੍ਰਿਸ਼ਟਾਚਾਰੀਆਂ ਖਿਲਾਫ਼ ਮੁਹਿੰਮ ਚੱਲ ਰਹੀ ਹੈ, ਬਿਜਲੀ ਦੇ 300 ਯੂਨਿਟ ਹਰ ਮਹੀਨੇ ਮੁਫ਼ਤ ਦਿੱਤੇ ਜਾ ਰਹੇ ਹਨ, ਕਿਸਾਨਾਂ ਨੂੰ ਖੇਤਾਂ ਲਈ ਬਿਜਲੀ ਦਿਨ ਸਮੇਂ ਮਿਲਣ ਲੱਗੀ, ਨਹਿਰੀ ਪਾਣੀ ਦਾ ਪ੍ਰਬੰਧ ਬਿਹਤਰ ਹੋਇਆ ਹੈ, ਸਿਹਤ ਤੇ ਸਿੱਖਿਆ ਸਹੂਲਤਾਂ ਬਿਹਤਰ ਬਣੀਆਂ ਹਨ ।

ਪਿਛਲੇ ਦਿਨੀ ਮੁੱਖ ਮੰਤਰੀ ਕਿਸਾਨਾਂ ਨਾਲ ਮੀਟਿੰਗ ਵਿਚਾਲੇ ਛੱਡ ਕੇ ਚਲੇ ਗਏ ਸਨ। ਮਾਨ ਕਿਸਾਨਾਂ ਦੇ ਧਰਨਿਆਂ ਦਾ ਵਿਰੋਧ ਕਰ ਰਹੇ ਹਨ। ਇਹੀ ਨਹੀਂ ਕਿਸਾਨਾਂ ਦੇ ਚੰਡੀਗੜ੍ਹ ਕੂਚ ਨੂੰ ਫੇਲ੍ਹ ਕਰਨ ਲਈ ਜੋਗਿੰਦਰ ਸਿੰਘ ਉਗਰਾਹਾਂ ਵਰਗੇ ਵੱਡੇ ਕਿਸਾਨ ਆਗੂਆਂ ਸਣੇ ਸੂਬੇ ਭਰ ਵਿੱਚ ਸੈਕੜੇ ਕਿਸਾਨ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ।

ਚੋਣਾਂ ਦੌਰਾਨ 'ਆਪ' ਨੇ ਪੰਜਾਬ ਦੇ ਲੋਕਾਂ ਨੂੰ ਕਈ ਗਰੰਟੀਆਂ ਦਿੱਤੀਆਂ ਸਨ, ਜਿਨ੍ਹਾਂ ਵਿੱਚ ਇਕ ਮੁੱਦਾ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣਾ ਸੀ। 3 ਸਾਲ ਬੀਤ ਗਏ ਹਨ ਅਤੇ ਸਿਰਫ਼ 2 ਸਾਲ ਬਾਕੀ ਹਨ, ਪਰ 'ਆਪ' ਸਰਕਾਰ ਇਸਨੂੰ ਸ਼ੁਰੂ ਨਹੀਂ ਕਰ ਸਕੀ। ਇਸਦਾ ਵੱਡਾ ਪ੍ਰਭਾਵ ਲੋਕ ਸਭਾ ਚੋਣਾਂ ਵਿੱਚ ਦੇਖਣ ਨੂੰ ਮਿਲਿਆ, ਜਦੋਂ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ 'ਆਪ' ਸਿਰਫ਼ 3 ਸੀਟਾਂ ਹੀ ਜਿੱਤ ਸਕੀ।

ਇਸ ਦੇ ਨਾਲ ਹੀ, ਜੇਕਰ ਅੰਕੜਿਆਂ ਦੀ ਗੱਲ ਕਰੀਏ, ਤਾਂ 1 ਕਰੋੜ ਤੋਂ ਵੱਧ ਮਹਿਲਾ ਵੋਟਰ ਹਨ, ਜੋ 1000 ਰੁਪਏ ਪ੍ਰਤੀ ਮਹੀਨਾ ਦੀ ਸ਼੍ਰੇਣੀ ਵਿੱਚ ਆਉਂਦੀਆਂ ਹਨ। ਜੇਕਰ ਸਰਕਾਰ ਉਨ੍ਹਾਂ ਨੂੰ 3 ਸਾਲਾਂ ਵਿੱਚ ਪੈਸੇ ਦਿੰਦੀ ਤਾਂ ਉਨ੍ਹਾਂ ਨੂੰ ਲਗਭਗ 36 ਹਜ਼ਾਰ ਕਰੋੜ ਰੁਪਏ ਮਿਲਦੇ। ਪਰ ਗਰੰਟੀ ਪੂਰੀ ਨਾ ਹੋਣ ਕਾਰਨ ਸਰਕਾਰ ਨੇ ਇੰਨੇ ਪੈਸੇ ਬਚਾਏ।

ਮਾਨ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ 'ਤੇ ਹਮੀਰ ਸਿੰਘ ਕਹਿੰਦੇ ਹਨ, "ਰਾਜਨੀਤੀ ਵਿੱਚ ਤੁਹਾਨੂੰ ਕਈ ਫੈਸਲੇ ਲੈਣੇ ਪੈਂਦੇ ਹਨ, ਇੱਕ ਟੀਮ ਨੂੰ ਨਾਲ ਲੈ ਕੇ ਚੱਲਣਾ ਪੈਂਦਾ ਹੈ ਪਰ ਭਗਵੰਤ ਮਾਨ ਇਹਨਾਂ ਚੀਜ਼ਾਂ ਵਿੱਚ ਪਿੱਛੇ ਰਹੇ ਹਨ।' ਉਨ੍ਹਾਂ ਬਾਰੇ ਇਹੀ ਪ੍ਰਭਾਵ ਮਿਲਦਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਟੀਮ ਖੜ੍ਹੀ ਕਰਨ ਵਿੱਚ ਕਾਮਯਾਬ ਨਹੀਂ ਹੋਏ, ਉਨ੍ਹਾਂ ਦੇ ਫੈਸਲੇ ਦਿੱਲੀ ਦੀ ਟੀਮ ਤੈਅ ਕਰਦੀ ਹੈ। ਉਨ੍ਹਾਂ ਸਣੇ ਪੂਰੇ ਮੰਤਰੀ ਮੰਡਲ ਨੂੰ ਦਿੱਲੀ ਹਾਈਕਮਾਂਡ ਵਲੋਂ ਭੇਜੇ ਬੰਦੇ ਚਲਾ ਰਹੇ ਹਨ।"


ਸਰਕਾਰ ਕੀ ਕਰੇ-ਇਹ ਚੁਣੌਤੀਆਂ 'ਆਪ' ਸਰਕਾਰ ਦੇ ਸਾਹਮਣੇ ਬਹੁਤ ਵੱਡੀਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪੰਜ ਸਾਲਾਂ ਦਾ ਰੋਡ ਮੈਪ ਤਿਆਰ ਕਰਕੇ ਯੋਜਨਾਬੱਧ ਤਰੀਕੇ ਨਾਲ ਕੰਮ ਕਰੇ। ਕੇਂਦਰ ਸਰਕਾਰ ਦੀਆਂ ਬਹੁਤ ਸਾਰੀਆਂ ਸਕੀਮਾਂ ਦਾ ਵੀ ਸੂਬਾ ਸਰਕਾਰ ਫ਼ਾਇਦਾ ਲੈ ਸਕਦੀ ਹੈ। ਬੱਸ ਜ਼ਰੂਰਤ ਹੈ ਇਨ੍ਹਾਂ ਨੂੰ ਠੀਕ ਢੰਗ ਨਾਲ ਲਾਗੂ ਕਰਨ ਦੀ। ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਪੰਜਾਬ ਵਿੱਚ ਆਪਣੀ ਵਿਰੋਧੀ ਪਾਰਟੀ ਦੀ ਸਰਕਾਰ ਹੋਣ ਕਰਕੇ ਇਸ ਨਾਲ ਮਤਰੇਈ ਮਾਂ ਵਾਲਾ ਸਲੂਕ ਨਾ ਕਰੇ, ਸਗੋਂ ਸੂਬਾ ਸਰਕਾਰ ਨਾਲ ਸਹਿਯੋਗ ਕਰੇ।

# ਹਥਿਆਰ ਹੁਣ ਪੰਜਾਬੀਆਂ ਦੇ 'ਸਟੇਟਸ ਸਿੰਬਲ' ਬਣੇ

## ✪ ਪੰਜਾਬੀਆਂ ਨੇ 2017-18 ਤੋਂ ਨਵੰਬਰ 2024 ਤੱਕ ਪੰਜਾਬ ਵਿਚ 1786.96 ਕਰੋੜ ਦਾ ਅਸਲਾ ਖਰੀਦਿਆ

ਕਵਰ ਸਟੋਰੀ





ਪੰਜਾਬ ਵਿਚ ਲਾਇਸੰਸੀ ਅਸਲੇ ਦੇ ਮਾਮਲੇ ਵਿਚ ਸਰਹੱਦੀ ਜ਼ਿਲ੍ਹੇ ਅੰਮ੍ਰਿਤਸਰ (40,212) ਅਤੇ ਗੁਰਦਾਸਪੁਰ (38,945) ਸੱਭ ਤੋਂ ਉੱਪਰ ਹਨ। ਸਨਅਤੀ ਜ਼ਿਲ੍ਹਾ ਲੁਧਿਆਣਾ 35,230 ਲਾਇਸੰਸਾਂ ਨਾਲ ਸੂਚੀ ਵਿਚ ਤੀਜੇ ਨੰਬਰ ਉਤੇ ਹਨ। ਇਸ ਤੋਂ ਬਾਅਦ ਪਟਿਆਲਾ (33,147) ਚੌਥੇ ਨੰਬਰ ਉਤੇ ਹੈ। ਇਸ ਤੋਂ ਇਲਾਵਾ ਸੂਚੀ ਵਿਚ ਫਿਰੋਜ਼ਪੁਰ (30,904), ਮੋਗਾ (29,831), ਤਰਨਤਾਰਨ (27,104), ਸੰਗਰੂਰ (26,396), ਬਠਿੰਡਾ (26,381), ਸ੍ਰੀ ਮੁਕਤਸਰ ਸਾਹਿਬ (24,489), ਜਲੰਧਰ (17,116) ਫਾਜ਼ਿਲਕਾ (16,532), ਫਰੀਦਕੋਟ (15,507), ਮਾਨਸਾ (13,166), ਬਰਨਾਲਾ (11,420), ਹੁਸ਼ਿਆਰਪੁਰ (11,367) ਫਤਿਹਗੜ੍ਹ ਸਾਹਿਬ (10,753), ਮੋਹਾਲੀ (10,101), ਕਪੂਰਥਲਾ (8,479), ਰੂਪਨਗਰ (5,411), ਪਠਾਨਕੋਟ (3,696), ਸ਼ਹੀਦ ਭਗਤ ਸਿੰਘ ਨਗਰ (2,907), ਮਲੇਰਕੋਟਲਾ (332) ਸ਼ਾਮਲ ਹਨ।

ਸਾਲ 2023-24 ਵਿੱਚ ਪੰਜਾਬ ਦੇ ਲੋਕਾਂ ਨੇ 390.49 ਕਰੋੜ ਦਾ ਅਸਲਾ ਤੇ ਕਾਰਤੂਸ ਖਰੀਦੇ ਸਨ। ਔਸਤਨ ਰੋਜ਼ਾਨਾ 1.06 ਕਰੋੜ ਰੁਪਏ ਹਥਿਆਰਾਂ 'ਤੇ ਖ਼ਰਚੇ ਹਨ। ਤੱਥਾਂ ਅਨੁਸਾਰ ਸਾਲ 2017-18 ਤੋਂ ਨਵੰਬਰ 2024 ਤੱਕ ਪੰਜਾਬ ਵਿਚ 1786.96 ਕਰੋੜ ਦੇ ਅਸਲੇ ਤੇ ਕਾਰਤੂਸਾਂ ਦਾ ਕਾਰੋਬਾਰ ਹੋਇਆ ਹੈ ਜਿਸ ਤੋਂ ਸਰਕਾਰੀ ਖ਼ਜ਼ਾਨੇ ਨੂੰ ਵੀ 66.5 ਕਰੋੜ ਦਾ ਟੈਕਸ ਮਿਲਿਆ ਹੈ। ਪੰਜਾਬ ਵਿਚ 3.36 ਲੱਖ ਅਸਲਾ ਲਾਇਸੈਂਸ ਹਨ ਜਦਕਿ ਲਾਇਸੈਂਸੀ ਹਥਿਆਰਾਂ ਦੀ ਗਿਣਤੀ 4.38 ਲੱਖ ਹੈ। ਸਮੁੱਚੇ ਦੇਸ਼ ਵਿਚ 35.87 ਲੱਖ ਅਸਲਾ ਲਾਇਸੈਂਸ ਹਨ। ਆਬਾਦੀ ਦੇ ਲਿਹਾਜ਼ ਨਾਲ ਪੰਜਾਬ ਦੇਸ਼ ਦਾ ਮਹਿਜ਼ 2.18 ਫ਼ੀਸਦੀ ਹਿੱਸਾ ਹੈ ਪਰ ਅਸਲਾ ਲਾਇਸੈਂਸਾਂ 'ਚ ਪੰਜਾਬ ਦੀ ਦਰ 9.64 ਫ਼ੀਸਦੀ ਬਣਦੀ ਹੈ। ਪੰਜਾਬ ਵਿਚ ਇਸ ਵੇਲੇ 423 ਅਸਲਾ ਡੀਲਰ ਹਨ। ਸਾਲ 2017-18 ਵਿਚ ਪੰਜਾਬ ਵਿਚ ਅਸਲਾ ਕਾਰੋਬਾਰ 111.46 ਕਰੋੜ ਦਾ ਸੀ ਜੋ ਸਾਲ 2023-24 ਵਿੱਚ ਵੱਧ ਕੇ 390.49 ਕਰੋੜ ਦਾ ਹੋ ਚੁੱਕਾ ਹੈ। ਅਸਲੇ 'ਤੇ ਖਰਚਾ ਹਰ ਸਾਲ ਵਧਦਾ ਹੀ ਜਾ ਰਿਹਾ ਹੈ। ਆਰਮਜ਼ ਐਕਟ 1959 ਦੇ ਸਾਲ 2016 ਵਿਚ ਸੋਧੇ ਨਿਯਮਾਂ ਅਨੁਸਾਰ ਇੱਕ ਲਾਇਸੈਂਸ 'ਤੇ ਦੋ ਹਥਿਆਰ ਖਰੀਦੇ ਜਾਣ ਦੀ ਖੁੱਲ੍ਹ ਹੈ। ਸੂਬੇ ਵਿੱਚ ਅਜਿਹੇ 60,144 ਲਾਇਸੈਂਸ ਹਨ ਜਿਨ੍ਹਾਂ 'ਤੇ ਦੋ-ਦੋ ਹਥਿਆਰ ਚੜ੍ਹੇ ਹੋਏ ਹਨ।

ਪੰਜਾਬ ਵਿਚ ਇਸ ਵੇਲੇ ਕਾਨਪੁਰੀ ਰਿਵਾਲਵਰ ਤੇ ਕਲਕੱਤਾ ਦਾ ਪਿਸਟਲ ਕਾਫ਼ੀ ਮਕਬੂਲ ਹੈ ਜਿਨ੍ਹਾਂ ਦੀ ਕੀਮਤ 60 ਹਜ਼ਾਰ ਤੋਂ ਢਾਈ ਲੱਖ ਰੁਪਏ ਤੱਕ ਹੈ। ਕਾਨਪੁਰ ਦੀ ਆਰਡੀਨੈਂਸ ਫ਼ੈਕਟਰੀ ਵਿਚੋਂ ਸਾਲ 2013-2016 ਵਿੱਚ ਪੰਜਾਬ ਦੇ ਲੋਕਾਂ ਨੇ ਰਿਵਾਲਵਰ



ਖ਼ਰੀਦਣ 'ਤੇ 100 ਕਰੋੜ ਰੁਪਏ ਖ਼ਰਚੇ ਸਨ। ਹੁਣ ਇਹ ਰਿਵਾਲਵਰ ਅਸਲਾ ਡੀਲਰਾਂ ਕੋਲ ਉਪਲਬਧ ਹੈ। ਬਠਿੰਡਾ ਦੇ ਕਪੂਰ ਗੰਨ ਹਾਊਸ ਦੇ ਤਰੁਨ ਕਪੂਰ ਦਾ ਕਹਿਣਾ ਸੀ ਕਿ ਹੁਣ ਨਵੇਂ ਅਸਲਾ ਲਾਇਸੈਂਸ ਤਾਂ ਬਣ ਨਹੀਂ ਰਹੇ ਹਨ ਜਿਸ ਕਰਕੇ ਕਾਰੋਬਾਰ ਪ੍ਰਭਾਵਿਤ ਹੋਇਆ ਹੈ ਪਰ ਪੁਰਾਣੇ ਲਾਇਸੈਂਸੀ ਜ਼ਰੂਰ ਅਸਲੇ ਦੀ ਅਦਲਾ ਬਦਲੀ ਕਰ ਰਹੇ ਹਨ। ਕਰੋਨਾ ਵਾਲੇ ਸਾਲ 2020-21 ਵਿੱਚ ਵੀ ਸੂਬੇ ਵਿੱਚ 181.75 ਕਰੋੜ ਦਾ ਅਸਲਾ ਕਾਰੋਬਾਰ ਹੋਇਆ ਸੀ। ਪੰਜਾਬ ਵਿਚ ਲੋਕਾਂ ਕੋਲ ਮੌਜੂਦ 4.38 ਲੱਖ ਹਥਿਆਰਾਂ ਦਾ ਔਸਤਨ ਪ੍ਰਤੀ ਹਥਿਆਰ 80 ਹਜ਼ਾਰ ਰੁਪਏ ਵੀ ਮੁੱਲ ਮਿੱਥੀਏ ਤਾਂ ਕਰੀਬ 3500 ਕਰੋੜ ਦਾ ਲਾਇਸੈਂਸੀ ਅਸਲਾ ਲੋਕਾਂ ਦੇ ਘਰਾਂ ਵਿਚ ਪਿਆ ਹੈ। ਅਕਾਲੀ-ਭਾਜਪਾ ਗੱਠਜੋੜ ਦੀ ਹਕੂਮਤ ਸਮੇਂ ਸੂਬੇ ਵਿਚ ਥੋਕ ਵਿਚ ਅਸਲਾ ਲਾਇਸੈਂਸ ਬਣੇ ਸਨ। ਮਾਨਸਾ ਦੇ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਨੇ ਕਿਹਾ ਕਿ ਉਨ੍ਹਾਂ ਵੱਲੋਂ ਸਿਰਫ਼ ਲੋੜਵੰਦਾਂ ਦੇ ਹਰ ਮਹੀਨੇ ਅੱਠ ਤੋਂ ਦਸ ਨਵੇਂ ਲਾਇਸੈਂਸ ਬਣਾਏ ਜਾਂਦੇ ਹਨ ਜਦਕਿ ਚਾਹਵਾਨਾਂ ਦੀ ਲੰਮੀ ਕਤਾਰ ਹੈ। ਪੰਜਾਬ ਵਿੱਚ 3784 ਔਰਤਾਂ ਕੋਲ ਵੀ ਅਸਲਾ ਲਾਇਸੈਂਸ ਹਨ ਜਿਨ੍ਹਾਂ 'ਤੇ 4328 ਹਥਿਆਰ ਚੜ੍ਹੇ ਹੋਏ ਹਨ। ਪਟਿਆਲਾ ਜ਼ਿਲ੍ਹੇ ਵਿਚ ਸਭ ਤੋਂ ਵੱਧ 375 ਔਰਤਾਂ ਕੋਲ ਲਾਇਸੈਂਸ ਹਨ। ਪਿਛਲੇ ਸਮੇਂ ਤੋਂ ਗੈਂਗਸਟਰਾਂ ਦੀ ਦਬਿਸ਼ ਤੇ ਫਿਰੌਤੀਆਂ ਦੇ ਕੇਸ ਵਧੇ ਹਨ ਪਰ ਹਕੀਕਤ ਇਹ ਵੀ ਹੈ ਕਿ ਲਾਇਸੈਂਸੀ ਹਥਿਆਰ ਕਦੇ ਹਿਫ਼ਾਜ਼ਤ ਦੀ ਮਿਸਾਲ ਪੇਸ਼ ਨਹੀਂ ਕਰ ਸਕੇ। ਜਦੋਂ ਵੀ ਕੋਈ ਛੋਟੀ-ਵੱਡੀ ਚੋਣ ਆਉਂਦੀ ਹੈ ਤਾਂ ਗੰਨ ਹਾਊਸਿਜ਼ ਵਿਚ ਰ਼ਫਲ ਜਮ੍ਹਾਂ ਕਰਾਉਣੀ ਪੈਂਦੀ ਹੈ ਜਿਸ ਦਾ ਕਿਰਾਇਆ ਹੀ ਬੋਝ ਬਣ ਜਾਂਦਾ ਹੈ। ਪਟਿਆਲਾ ਰੇਂਜ ਦੇ ਡੀਆਈਜੀ ਮਨਦੀਪ ਸਿੰਘ ਸਿੱਧੂ ਦਾ ਕਹਿਣਾ ਸੀ ਕਿ ਸੂਬੇ ਵਿਚ ਸੁਰੱਖਿਆ ਨਾਲੋਂ ਲਾਇਸੈਂਸ ਦਾ ਸ਼ੌਕ ਜ਼ਿਆਦਾ ਭਾਰੂ ਹੈ।

ਪੰਜਾਬ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਦੇ ਚੇਅਰਪਰਸਨ ਡਾ. ਵਿਨੋਦ ਚੌਧਰੀ ਦਾ ਕਹਿਣਾ ਹੈ, "ਪੰਜਾਬ, ਹਰਿਆਣਾ ਦੀ ਆਬਾਦੀ ਇਤਿਹਾਸਕ ਕਾਰਨਾਂ ਕਾਰਨ ਯੋਧਾ ਕੌਮ ਰਹੀ ਹੈ। ਵਿਦੇਸ਼ੀ ਹਮਲਾਵਰਾਂ ਕਾਰਨ ਇਥੇ ਬਚਾਅ ਲਈ ਹਮੇਸ਼ਾ ਹਥਿਆਰ ਰੱਖੇ ਜਾਂਦੇ ਹਨ। ਜ਼ਮੀਨਾਂ ਦੇ ਝਗੜਿਆਂ ਕਾਰਨ ਵੀ ਇਥੇ ਹਥਿਆਰ ਰੱਖੇ ਜਾਂਦੇ ਹਨ। ਜ਼ਿਮੀਦਾਰ ਪਰਿਵਾਰਾਂ ਦੀਆਂ ਔਰਤਾਂ, ਜਿਨ੍ਹਾਂ ਦੇ ਪਤੀ ਵਿਦੇਸ਼ਾਂ ਵਿਚ ਹਨ ਅਤੇ ਬੱਚੇ ਛੋਟੇ ਹਨ, ਉਨ੍ਹਾਂ ਲਈ ਵੀ ਹਥਿਆਰ ਜ਼ਰੂਰੀ ਹੈ।"

* * * * * * *

## ਕਿਥੋਂ ਬਣਦਾ ਹੈ ਅਸਲਾ ਲਾਇਸੈਂਸ ?

ਅਸਲਾ ਲਾਇਸੈਂਸ ਬਣਾਉਣ ਲਈ ਸਭ ਤੋਂ ਪਹਿਲਾਂ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ/ਜ਼ਿਲ੍ਹਾ ਮੈਜਿਸਟ੍ਰੈਟ ਤੋਂ ਲਾਇਸੈਂਸ ਦਾ ਫਾਰਮ ਲੈਣ ਲਈ ਅਰਜੀ ਦੇ ਕੇ ਮਨਜ਼ੂਰੀ ਲੈਣੀ ਪੈਂਦੀ ਹੈ। ਡਿਪਟੀ ਕਮਿਸ਼ਨਰ ਦੀ ਮਨਜ਼ੂਰੀ ਤੋਂ ਬਾਅਦ ਇੱਕ ਬਿਨੈਕਾਰ ਸੁਵਿਧਾ ਕੇਂਦਰ ਵਿੱਚੋਂ ਫਾਰਮ ਲੈ ਸਕਦਾ ਹੈ। ਅਸਲਾ ਲਾਇਸੈਂਸ ਲਈ ਲੋੜੀਂਦੇ ਦਸਤਾਵੇਜ਼ ਲਗਾਉਂਣ ਤੋਂ ਬਾਅਦ ਦਰਖਾਸਤਕਰਤਾ ਨੂੰ ਫ਼ੀਸ ਸਮੇਤ ਸੁਵਿਧਾ ਕੇਂਦਰ ਵਿੱਚ ਫਾਇਲ ਜਮਾਂ ਕਰਵਾਉਣੀ ਪੈਂਦੀ ਹੈ।

### ਫਾਇਲ ਨਾਲ ਲੱਗਣ ਵਾਲੇ ਦਸਤਾਵੇਜ਼

ਸਭ ਤੋਂ ਪਹਿਲਾਂ ਬਿਨੈਕਾਰ ਨੂੰ ਹਥਿਆਰ ਲੈਣ ਲਈ ਕਾਰਨ ਦੱਸਣਾ ਪੈਂਦਾ ਹੈ। ਇਸ ਤੋਂ ਬਾਅਦ ਫਾਇਲ ਨਾਲ ਅਧਾਰ ਕਾਰਡ, ਪੈਨ ਕਾਰਡ, ਜਨਮ ਦਾ ਸਬੂਤ, ਰਿਹਾਇਸ਼ ਦਾ ਪ੍ਰਮਾਣ-ਪੱਤਰ, ਫੋਟੋਆਂ, ਬੈਂਕ ਦੀ ਕਾਪੀ, ਆਮਦਨ ਦਾ ਸਬੂਤ, ਹਥਿਆਰ ਦੀ ਦੁਰਵਰਤੋਂ ਨਾ ਕਰਨ ਸਬੰਧੀ ਹਲਫੀਆ ਬਿਆਨ, ਘਰ ਦੀ ਰਜ਼ਿਸਟਰੀ ਅਤੇ ਜ਼ਮੀਨ ਦੀ ਫਰਦ ਆਦਿ ਲਗਾਉਣੇ ਪੈਂਦੇ ਹਨ।

ਪੰਜਾਬ ਵਿੱਚ ਹਥਿਆਰ ਦਾ ਲਾਇਸੈਂਸ ਲੈਣ ਲਈ ਬਿਨੈਕਾਰ ਨੂੰ ਡੋਪ ਟੈਸਟ ਪਾਸ ਕਰਵਾਉਣਾ ਵੀ ਲਾਜ਼ਮੀ ਹੈ। ਇਸ ਟੈਸਟ ਵਿੱਚ ਕਰੀਬ 10 ਤਰ੍ਹਾਂ ਦੇ ਨਸ਼ੀਲੇ ਪਦਾਰਥਾਂ ਦੀ ਜਾਂਚ ਕੀਤੀ ਜਾਂਦੀ ਹੈ। ਜਿੰਨ੍ਹਾਂ ਵਿੱਚ ਮੋਰਫਿਨ, ਕੋਡੀਨ, ਡੀ ਪ੍ਰੋਪੌਕਸੀਫੀਨ, ਕੋਕੀਨ, ਬਿਊਪਰੇਨੋਰਫਾਈਨ ਤੇ ਟ੍ਰਾਮਾਡੋਲ ਆਦਿ ਸ਼ਾਮਿਲ ਹਨ।

ਡੋਪ ਟੈਸਟ ਸਰਕਾਰੀ ਹਸਪਤਾਲ ਵਿੱਚ ਕੀਤਾ ਜਾਂਦਾ ਹੈ, ਜਿਸ ਦੀ ਫੀਸ ਕਰੀਬ1500 ਰੁਪਏ ਹੁੰਦੀ ਹੈ।ਇਸ ਦੇ ਨਾਲ ਹੀ ਪੰਜਾਬ ਦੀ ਕਈ ਜ਼ਿਲ੍ਹਿਆਂ ਵਿੱਚ ਬਿਨੈਕਾਰ ਨੂੰ 10 ਪੌਦੇ ਵੀ ਲਗਾਉਣੇ ਪੈਂਦੇ ਹਨ, ਜਿਨ੍ਹਾਂ ਦੀਆਂ ਫੋਟੋਆਂ ਫਾਇਲ ਦੇ ਨਾਲ ਲਗਾਈਆਂ ਜਾਂਦੀਆਂ ਹਨ।

### ਪੁਲਿਸ ਜਾਂਚ ਤੋਂ ਬਾਅਦ ਲਾਇਸੈਂਸ

ਸੁਵਿਧਾ ਕੇਂਦਰ ਵਿੱਚ ਫਾਇਲ ਜਮਾਂ ਕਰਵਾਉਣ ਤੋਂ ਕੁਝ ਦਿਨ ਬਾਅਦ ਇਸ ਸਬੰਧੀ ਪੁਲਿਸ ਦੀ ਰਿਪੋਰਟ ਮੰਗੀ ਜਾਂਦੀ ਹੈ। ਜਿਲ੍ਹੇ ਦੇ ਐੱਸ.ਐੱਸ.ਪੀ. ਵੱਲੋਂ ਇਸ ਸਬੰਧੀ ਇਲਾਕੇ ਦੇ ਐੱਸ.ਐੱਚ.ਓ. ਤੋਂ ਰਿਪੋਰਟ ਲਈ ਜਾਂਦੀ ਹੈ।

ਐੱਸ.ਐੱਚ.ਓ. ਵਿਅਕਤੀ ਦੇ ਘਰ ਤੱਕ ਜਾ ਕੇ ਜਾਂਚ ਕਰਦੇ ਹਨ, ਜਿਸ ਵਿੱਚ ਬਿਨੈਕਾਰ ਦੇ ਚਰਿੱਤਰ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ। ਪੁਲਿਸ ਦੀ ਰਿਪੋਰਟ ਤੋਂ ਬਾਅਦ ਜ਼ਿਲ੍ਹਾ ਮੈਜਿਸਟ੍ਰੈਟ ਲਾਇਸੈਂਸ ਜਾਰੀ ਕਰਦਾ ਹੈ।

ਇਕ ਲਾਇਸੈਂਸ ਉਪਰ 2 ਹਥਿਆਰ ਹੀ ਚੜ੍ਹਾਏ ਜਾ ਸਕਦੇ ਹਨ। ਇਸ ਦੇ ਨਾਲ ਹੀ ਜੇਕਰ ਵਿਅਕਤੀ ਉਪਰ ਕੋਈ ਪੁਲਿਸ ਕੇਸ ਨਹੀਂ ਹੈ ਤਾਂ ਲਾਇਸੈਂਸ ਇੱਕ ਤੋਂ ਦੋ ਮਹੀਨਿਆਂ ਵਿੱਚ ਬਣ ਜਾਂਦਾ ਹੈ।"

# ਖੇਤਰੀ ਦਲਾਂ ਲਈ ਚੁਣੌਤੀ ਬਣ ਰਹੀ ਹੈ ਭਾਜਪਾ

**✪ ਮਮਤਾ ਬੈਨਰਜੀ ਭਾਜਪਾ ਲਈ ਵੱਡੀ ਚੁਣੌਤੀ, ਕਾਂਗਰਸ ਨਾਲ ਗਠਜੋੜ ਕਰਨ ਦੀ ਸੰਭਾਵਨਾ ✪ ਨਿਗਮ ਚੋਣਾਂ ਹਰਿਆਣਾ ਵਿਚ ਕਾਂਗਰਸ ਦੀ ਫੂਕ ਨਿਕਲੀ ✪ 10 ਵਿੱਚੋਂ 9 ਨਗਰ ਨਿਗਮਾਂ ਵਿੱਚ ਭਾਜਪਾ ਆਪਣੇ ਮੇਅਰ ਬਣਾਉਣ ਵਿੱਚ ਰਹੀ ਕਾਮਯਾਬ**

**ਵਿਸ਼ੇਸ਼ ਰਿਪੋਟ**

ਭਾਰਤੀ ਜਨਤਾ ਪਾਰਟੀ ਦੇ ਉੱਪਰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਪੂਰੇ ਨਿਯੰਤਰਣ ਦਾ ਇੱਕ ਦਹਾਕੇ ਦਾ ਸਮਾਂ ਬੀਤ ਚੁਕਾ ਹੈ। ਇਸ ਮਿਆਦ ਦੌਰਾਨ ਕਈ ਸਿਆਸੀ ਤਬਦੀਲੀਆਂ ਵਾਪਰੀਆਂ ਹਨ। ਉਨ੍ਹਾਂ ਵਿੱਚ ਇੱਕ ਗੱਲ ਇਹ ਉਭਰੀ ਹੈ ਕਿ ਭਾਜਪਾ ਲਈ ਕਾਂਗਰਸ ਨੂੰ ਹਰਾਉਣਾ ਬਹੁਤ ਹੀ ਆਸਾਨ ਹੈ। ਦੂਜੀ ਗੱਲ ਇਹ ਹੈ ਕਿ ਭਾਜਪਾ ਕਾਂਗਰਸ ਨੂੰ ਤਾਂ ਹਰਾ ਦਿੰਦੀ ਹੈ ਪਰ ਪ੍ਰਦੇਸਿਕ ਦਲਾਂ ਨੂੰ ਉਨੀ ਸਹਿਜਤਾ ਨਹੀਂ ਹਰਾ ਪਾਉਂਦੀ। ਬਿਹਾਰ ਵਿੱਚ ਨਿਤੀਸ਼ ਕੁਮਾਰ ’ਤੇ ਭਾਜਪਾ ਦੀ ਨਿਰਭਰਤਾ, ਝਾਰਖੰਡ ਵਿੱਚ ਹੇਮੰਤ ਸੋਰੇਨ ਦੇ ਝਾਰਖੰਡ ਮੁਕਤੀ ਮੋਰਚਾ ਤੇ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਦੀ ਨੂੰ ਹਰਾਉਣ ਵਿੱਚ ਅਸਫਲਤਾ ਇਸ ਪੱਖ ਵਿਚ ਉਦਾਹਰਣਾਂ ਹਨ।

ਹੁਣ ਇਹ ਧਾਰਨਾ ਬਦਲ ਰਹੀ ਹੈ। ਕੁਝ ਸਮਾਂ ਪਹਿਲਾਂ ਤੱਕ, ਦਿੱਲੀ ਵਿੱਚ ਆਪ ਪਾਰਟੀ ਦੇ ਇਕਲੌਤੇ ਰਾਜ ਨੂੰ ਵੀ ਭਾਜਪਾ ਲਈ ਇੱਕ ਚੁਣੌਤੀ ਵਜੋਂ ਪੇਸ਼ ਕੀਤਾ ਜਾ ਰਿਹਾ ਸੀ। ਪਰ ਉਸ ਧਾਰਨਾ ਨੂੰ ਤੋੜ ਕੇ, ਭਾਜਪਾ ਨੇ ਆਪ ਪਾਰਟੀ ਨੂੰ ਹਰਾ ਦਿੱਤਾ ਅਤੇ 27 ਸਾਲਾਂ ਬਾਅਦ ਦਿੱਲੀ ਵਿੱਚ ਆਪਣੀ ਸਰਕਾਰ ਬਣਾਈ। ਇਸ ਤੋਂ ਪਹਿਲਾਂ, ਭਾਜਪਾ ਨੇ ਮਹਾਰਾਸ਼ਟਰ ਵਿੱਚ ਦੋ ਬਹੁਤ ਸ਼ਕਤੀਸ਼ਾਲੀ ਅਤੇ ਪੁਰਾਣੀਆਂ ਖੇਤਰੀ ਪਾਰਟੀਆਂ ਨੂੰ ਹਰਾਇਆ ਸੀ। ਪਹਿਲਾਂ, ਉਸਨੇ ਊਧਵ ਠਾਕਰੇ ਦੀ ਪਾਰਟੀ ਸ਼ਿਵ ਸੈਨਾ ਅਤੇ ਸ਼ਰਦ ਪਵਾਰ ਦੀ ਐਨਸੀਪੀ ਨੂੰ ਤੋੜਨ ਦੀ ਸਾਜ਼ਿਸ਼ ਰਚੀ ਅਤੇ ਫਿਰ ਦੋਵਾਂ ਨੂੰ ਹਾਸ਼ੀਏ ’ਤੇ ਧੱਕ ਦਿੱਤਾ। ਇਹ ਕਿਹਾ ਜਾ ਸਕਦਾ ਹੈ ਕਿ ਭਾਜਪਾ ਨੇ ਇਹ ਟੀਚਾ ਇਨ੍ਹਾਂ ਦੋਵਾਂ ਤੋਂ ਵੱਖ ਹੋ ਕੇ ਆਈਆਂ ਨਵੀਆਂ ਖੇਤਰੀ ਪਾਰਟੀਆਂ ਦੀ ਮਦਦ ਨਾਲ ਹੀ ਪ੍ਰਾਪਤ ਕੀਤਾ ਹੈ।ਅਸਲੀਅਤ ਇਹ ਹੈ ਕਿ ਏਕਨਾਥ ਸ਼ਿੰਦੇ ਹੋਣ ਜਾਂ ਅਜੀਤ ਪਵਾਰ, ਦੋਵੇਂ ਹੀ ਭਾਜਪਾ ’ਤੇ ਨਿਰਭਰ ਹਨ। ਭਾਜਪਾ ਨੂੰ ਉਸਦੀ ਕੋਈ ਖਾਸ ਲੋੜ ਨਹੀਂ ਹੈ। ਦੋਵੇਂ ਧਿਰਾਂ ਇਸ ਤੋਂ ਜਾਣੂ ਹਨ। ਦੋਵਾਂ ਪਾਰਟੀਆਂ ਦੇ ਆਗੂ ਇਸ ਤੱਥ ਤੋਂ ਵੀ ਜਾਣੂ ਹਨ ਕਿ ਉਨ੍ਹਾਂ ਦੇ ਵਿਧਾਇਕ ਉਨ੍ਹਾਂ ਨਾਲੋਂ ਭਾਜਪਾ ਲੀਡਰਸ਼ਿਪ ਪ੍ਰਤੀ ਆਪਣੀ ਵਫ਼ਾਦਾਰੀ ਜ਼ਿਆਦਾ ਦਿਖਾ ਰਹੇ ਹਨ। ਇਸ ਲਈ, ਉਨ੍ਹਾਂ ਨੂੰ ਭਾਜਪਾ ਦੇ ਪਿੱਠੂ ਵਜੋਂ ਉੱਥੇ ਟਿਕੇ ਰਹਿਣਾ ਪਵੇਗਾ।

ਮਹਾਰਾਸ਼ਟਰ ਤੋਂ ਪਹਿਲਾਂ ਵੀ, ਭਾਜਪਾ ਨੇ ਓਡੀਸ਼ਾ ਵਿੱਚ ਨਵੀਨ ਪਟਨਾਇਕ ਦੀ ਪਾਰਟੀ ਬੀਜੂ ਜਨਤਾ ਦਲ ਨੂੰ ਹਰਾਇਆ ਸੀ। ਬੀਜੂ ਜਨਤਾ ਦਲ ਪਿਛਲੇ 24 ਸਾਲਾਂ ਤੋਂ ਸੂਬੇ ਵਿੱਚ ਸੱਤਾ ਵਿੱਚ ਸੀ। ਪਹਿਲੇ ਕੁਝ ਸਾਲਾਂ ਲਈ, ਨਵੀਨ ਪਟਨਾਇਕ ਨੇ ਭਾਜਪਾ ਨਾਲ ਗੱਠਜੋੜ ਕਰਕੇ ਰਾਜ ਕੀਤਾ ਪਰ ਬਾਅਦ ਵਿੱਚ ਉਹ ਇਕੱਲੇ ਲੜੇ ਅਤੇ ਆਪਣੇ ਦਮ ’ਤੇ ਲੋਕ ਸਭਾ ਅਤੇ ਵਿਧਾਨ ਸਭਾ ਦੋਵੇਂ ਚੋਣਾਂ ਜਿੱਤਦੇ ਰਹੇ। ਇਸ ਵਾਰ, ਉਨ੍ਹਾਂ ਦਾ ਇੱਕ ਵੀ ਸੰਸਦ ਮੈਂਬਰ ਲੋਕ ਸਭਾ ਵਿੱਚ ਨਹੀਂ ਜਿੱਤਿਆ ਅਤੇ ਉਨ੍ਹਾਂ ਦੀ ਪਾਰਟੀ ਵਿਧਾਨ ਸਭਾ ਚੋਣਾਂ ਵੀ ਹਾਰ ਗਈ ਹੈ ਅਤੇ ਵਿਰੋਧੀ ਧਿਰ ਵਿੱਚ ਬੈਠੀ ਹੈ। ਓਡੀਸ਼ਾ, ਮਹਾਰਾਸ਼ਟਰ ਅਤੇ ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਇਹ ਜਾਪਦਾ ਹੈ ਕਿ ਭਾਜਪਾ ਨੇ ਖੇਤਰੀ ਜਾਂ ਗੈਰ-ਕਾਂਗਰਸੀ ਪਾਰਟੀਆਂ ਨਾਲ ਲੜਨ ਲਈ ਇੱਕ ਨਵਾਂ ਹਥਿਆਰ ਵਿਕਸਤ ਕੀਤਾ ਹੈ। ਆਖ਼ਿਰਕਾਰ, ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨੂੰ ਇਸ ਗੱਲ ਦੀ ਵੀ ਚਿੰਤਾ ਹੋਣੀ ਚਾਹੀਦੀ ਹੈ ਕਿ ਉਹ ਕਾਂਗਰਸ ਨੂੰ ਤਾਂ ਹਰਾਉਂਦੇ ਹਨ ਪਰ ਖੇਤਰੀ ਪਾਰਟੀ ਦੇ ਆਗੂਆਂ ਦੇ ਸਾਹਮਣੇ ਉਨ੍ਹਾਂ ਦਾ ਪ੍ਰਭਾਵ ਕੰਮ ਨਹੀਂ ਕਰਦਾ। ਇਸੇ ਲਈ ਖੇਤਰੀ ਸ਼ਾਸਕਾਂ ਨਾਲ ਲੜਨ ਦੇ ਨਵੇਂ ਤਰੀਕੇ ਵਿਕਸਤ ਕੀਤੇ ਜਾ ਰਹੇ ਹਨ।

ਸਭ ਤੋਂ ਵੱਡਾ ਇਮਤਿਹਾਨ ਪੱਛਮੀ ਬੰਗਾਲ ਵਿੱਚ ਹੋਣਾ ਹੈ, ਜਿੱਥੇ ਅਗਲੇ ਸਾਲ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਪਿਛਲੀਆਂ ਚੋਣਾਂ ਯਾਨੀ 2021 ਵਿੱਚ, ਭਾਜਪਾ ਨੇ ਵਿਧਾਨ ਸਭਾ ਚੋਣਾਂ ਬਹੁਤ ਮਜ਼ਬੂਤੀ ਨਾਲ ਲੜੀਆਂ ਸਨ। ਲੋਕ ਸਭਾ ਚੋਣਾਂ ਵਿੱਚ ਬੰਗਾਲ ਦੀਆਂ 42 ਵਿੱਚੋਂ 18 ਸੀਟਾਂ ਜਿੱਤਣ ਤੋਂ ਬਾਅਦ ਭਾਜਪਾ ਆਤਮਵਿਸ਼ਵਾਸ ਨਾਲ ਭਰੀ ਹੋਈ ਸੀ। ਹਾਲਾਂਕਿ, ਉਹ ਵਿਧਾਨ ਸਭਾ ਵਿੱਚ ਇਸ ਨਤੀਜੇ ਨੂੰ ਦੁਹਰਾ ਨਹੀਂ ਸਕੀ। ਇਸ ਵਾਰ ਲੋਕ ਸਭਾ ਚੋਣਾਂ ਵਿੱਚ ਇਸਦਾ ਪ੍ਰਦਰਸ਼ਨ ਪਹਿਲਾਂ ਨਾਲੋਂ ਵੀ ਮਾੜਾ ਰਿਹਾ ਹੈ। ਇਸ ਦੀਆਂ ਸੀਟਾਂ ਅੱਧੀਆਂ ਰਹਿ ਗਈਆਂ ਹਨ। ਇਸ ਤੋਂ ਇਲਾਵਾ, ਭਾਜਪਾ ਵਿਧਾਇਕ ਇੱਕ-ਇੱਕ ਕਰਕੇ ਪਾਰਟੀ ਛੱਡ ਕੇ ਮਮਤਾ ਬੈਨਰਜੀ ਦੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਜੇਕਰ ਓਡੀਸ਼ਾ, ਹਰਿਆਣਾ, ਮਹਾਰਾਸ਼ਟਰ ਅਤੇ ਦਿੱਲੀ ਦੇ ਨਤੀਜੇ ਭਾਜਪਾ ਨੂੰ ਇੱਕ ਨਵਾਂ ਮੰਤਰ ਦੇਣ ਜਾ ਰਹੇ ਹਨ, ਤਾਂ ਮਮਤਾ ਬੈਨਰਜੀ ਨੇ ਵੀ ਇਨ੍ਹਾਂ ਰਾਜਾਂ ਦੇ ਨਤੀਜਿਆਂ ਦਾ ਧਿਆਨ ਨਾਲ ਅਧਿਐਨ ਕੀਤਾ ਹੈ। ਉਹ ਜਾਣਦੀ ਹੈ ਕਿ ਕਾਂਗਰਸ ਅਤੇ ਆਪ ਪਾਰਟੀ ਆਪਸੀ ਤਾਲਮੇਲ ਦੀ ਘਾਟ ਕਾਰਨ ਹਰਿਆਣਾ ਅਤੇ ਦਿੱਲੀ ਹਾਰ ਗਏ ਸਨ। ਇਸ ਲਈ ਪਹਿਲਾਂ ਹੀ ਕਾਂਗਰਸ ਨਾਲ ਤਾਲਮੇਲ ਬਾਰੇ ਚਰਚਾ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਦੂਜਾ, ਵਿਰੋਧੀ ਧਿਰ ਨੇ ਸਾਰੇ ਰਾਜਾਂ ਵਿੱਚ ਵੋਟਰ ਸੂਚੀ ਵਿੱਚ ਬੇਨਿਯਮੀਆਂ ਦਾ ਦੋਸ਼ ਲਗਾਇਆ ਸੀ। ਇਸੇ ਲਈ ਮਮਤਾ ਬੈਨਰਜੀ ਦੀ ਪਾਰਟੀ ਘਰ-ਘਰ ਜਾ ਕੇ ਵੋਟਰਾਂ ਦੇ ਨਾਵਾਂ ਦੀ ਜਾਂਚ ਕਰ ਰਹੀ ਹੈ। ਦੂਜੇ ਰਾਜਾਂ ਦੇ ਉਲਟ, ਪੱਛਮੀ ਬੰਗਾਲ ਵਿੱਚ ਭਾਜਪਾ ਦੋਸ਼ ਲਗਾ ਰਹੀ ਹੈ ਕਿ ਰਾਜ ਸਰਕਾਰ ਨੇ 13 ਲੱਖ ਜਾਅਲੀ ਵੋਟਰ ਬਣਾਏ ਹਨ। ਇਸ ਲਈ, ਅਗਲੇ ਸਾਲ ਬੰਗਾਲ ਦੀਆਂ ਚੋਣਾਂ ਸਭ ਤੋਂ ਦਿਲਚਸਪ ਹੋਣ ਜਾ ਰਹੀਆਂ ਹਨ। ਇਸ ਤੋਂ ਪਹਿਲਾਂ ਬਿਹਾਰ ਵਿੱਚ ਵਿਧਾਨ ਸਭਾ ਚੋਣਾਂ ਵੀ ਦਿਲਚਸਪ ਹੋਣਗੀਆਂ। ਚੋਣਾਂ ਤੋਂ ਪਹਿਲਾਂ ਹੋਏ ਓਪੀਨੀਅਨ ਪੋਲ ਵਿੱਚ, ਆਰਜੇਡੀ ਨੇਤਾ ਤੇਜਸਵੀ ਯਾਦਵ ਨੂੰ ਮੁੱਖ ਮੰਤਰੀ ਅਹੁਦੇ ਲਈ ਸਭ ਤੋਂ ਵੱਧ ਲੋਕਾਂ ਦੀ ਪਸੰਦ ਦੱਸਿਆ ਜਾ ਰਿਹਾ ਹੈ। ਇਸੇ ਲਈ ਅਮਿਤ ਸ਼ਾਹ ਨੇ ਕਿਹਾ ਹੈ ਕਿ ਉਹ ਹੁਣ ਬਿਹਾਰ ਵਿੱਚ ਡੇਰਾ ਲਾਉਣਗੇ।

ਇਹ ਭਾਜਪਾ ਦੀ ਰਣਨੀਤੀ ਦਾ ਨਤੀਜਾ ਹੈ ਕਿ ਇੱਕ-ਇੱਕ ਕਰਕੇ ਕਈ ਖੇਤਰੀ ਪਾਰਟੀਆਂ ਕਮਜ਼ੋਰ ਹੋ ਰਹੀਆਂ ਹਨ। ਉਨ੍ਹਾਂ ਦੀ ਹੋਂਦ ਹੌਲੀ-ਹੌਲੀ ਘੱਟ ਰਹੀ ਹੈ। ਉੱਤਰ ਪ੍ਰਦੇਸ਼ ਵਿੱਚ ਬਸਪਾ ਦਾ ਆਧਾਰ ਖਤਮ ਹੋਣ ਦੇ ਕੰਢੇ ਹੈ। ਇਹ ਅਧਾਰ ਉੱਤਰ ਪ੍ਰਦੇਸ਼ ਤੋਂ ਬਾਹਰ ਲਗਭਗ ਅਲੋਪ ਹੋ ਚੁੱਕਾ ਹੈ। ਰਾਜਧਾਨੀ ਦਿੱਲੀ ਵਿੱਚ, ਜਿੱਥੇ ਇਸਦਾ ਮਜ਼ਬੂਤ ਅਧਾਰ ਸੀ, ਇਸਦੇ ਉਮੀਦਵਾਰਾਂ ਨੂੰ ਇਸ ਚੋਣ ਵਿੱਚ ਹਰੇਕ ਸੀਟ ’ਤੇ ਔਸਤਨ ਇੱਕ ਹਜ਼ਾਰ ਵੋਟਾਂ ਵੀ ਨਹੀਂ ਮਿਲੀਆਂ। ਇਸੇ ਤਰ੍ਹਾਂ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਦਾ ਸਭ ਤੋਂ ਪੁਰਾਣਾ ਸਹਿਯੋਗੀ ਅਤੇ ਜਿਸਨੇ ਲੰਬੇ ਸਮੇਂ ਤੋਂ ਪੰਜਾਬ ਵਿੱਚ ਸਰਕਾਰ ਚਲਾਈ ਹੈ, ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਿਹਾ ਹੈ ਤੇ ਖਾਤਮੇ ਦੇ ਕੰਢੇ ਉਪਰ ਹੈ। ਕਿਹਾ ਜਾ ਰਿਹਾ ਹੈ ਕਿ ਭਾਜਪਾ ਬਾਦਲ ਦਲ ਵਿਰੋਧੀ ਧੜਿਆਂ ਨੂੰ ਪ੍ਰਮੋਟ ਕਰ ਰਹੀ ਹੈ।ਇਹੀ ਹਾਲਤ ਭਾਜਪਾ ਦੀ ਦੂਜੀ ਪੁਰਾਣੀ ਸਹਿਯੋਗੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ ਦੀ ਹੈ। ਝਾਰਖੰਡ ਵਿੱਚ ਵੀ ਏਜੇਐਸਯੂ ਦੀ ਸਥਿਤੀ ਇਹੀ ਹੈ ਅਤੇ ਇਸ ਸਾਲ ਦੀਆਂ ਚੋਣਾਂ ਵਿੱਚ, ਬਿਹਾਰ ਵਿੱਚ ਨਿਤੀਸ਼ ਕੁਮਾਰ ਦੀ ਪਾਰਟੀ ਜਨਤਾ ਦਲ ਯੂ ਦੇ ਪ੍ਰਦਰਸ਼ਨ ’ਤੇ ਹਰ ਕੋਈ ਨਜ਼ਰ ਰੱਖੇਗਾ।

ਦਰਅਸਲ, ਖੇਤਰੀ ਪਾਰਟੀਆਂ ਦੇ ਸਾਹਮਣੇ ਸਭ ਤੋਂ ਵੱਡਾ ਸੰਕਟ ਇਸ ਗੱਲ ਤੋਂ ਪੈਦਾ ਹੋਇਆ ਹੈ ਕਿ ਭਾਜਪਾ ਨੇ ਖੇਤਰੀ ਬਿਰਤਾਂਤ ਨੂੰ ਲਗਭਗ ਤਬਾਹ ਕਰ ਦਿੱਤਾ ਹੈ। ਇਸਨੇ ਖੇਤਰੀ ਨੇਤਾਵਾਂ ਦੇ ਚਿਹਰੇ ਵੀ ਪ੍ਰਭਾਵਹੀਣ ਕਰ ਦਿੱਤੇ ਹਨ। ਉਹ ਰਾਸ਼ਟਰੀ ਮੁੱਦਿਆਂ ’ਤੇ ਸੂਬਾਈ ਚੋਣਾਂ ਵੀ ਲੜਦੀ ਹੈ। ਵਿਧਾਨ ਸਭਾ ਚੋਣਾਂ ਵਿੱਚ ਵੀ ਮੋਦੀ ਦਾ ਚਿਹਰਾ ਸਿਖਰ ’ਤੇ ਹੈ। ਇਨ੍ਹਾਂ ਰਾਹੀਂ, ਰਾਸ਼ਟਰੀ ਤੇ ਅੰਤਰਰਾਸ਼ਟਰੀ ਮੁੱਦਿਆਂ ’ਤੇ ਧਿਆਨ ਕੇਂਦਰਿਤ ਕੀਤਾ ਜਾਂਦਾ ਹੈ। ਇਹ ਪ੍ਰਭਾਵ ਬਣਾਇਆ ਜਾਂਦਾ ਹੈ ਕਿ ਵਿਕਾਸ ਦੋਹਰੇ ਇੰਜਣ ਵਾਲੀ ਸਰਕਾਰ ਦੁਆਰਾ ਯਕੀਨੀ ਬਣਾਇਆ ਜਾਵੇਗਾ। ਪਹਿਲਾਂ, ਲੋਕ ਸਭਾ ਚੋਣਾਂ ਰਾਸ਼ਟਰੀ ਮੁੱਦਿਆਂ ’ਤੇ ਲੜੀਆਂ ਜਾਂਦੀਆਂ ਸਨ ਅਤੇ ਰਾਸ਼ਟਰੀ ਨੇਤਾਵਾਂ ਦਾ ਸਾਹਮਣਾ ਕਰਦੀਆਂ ਸਨ, ਜਦੋਂ ਕਿ ਰਾਜ ਚੋਣਾਂ ਖੇਤਰੀ ਮੁੱਦਿਆਂ ’ਤੇ ਲੜੀਆਂ ਜਾਂਦੀਆਂ ਸਨ ਅਤੇ ਰਾਜ ਨੇਤਾਵਾਂ ਦਾ ਸਾਹਮਣਾ ਕਰਦੀਆਂ ਸਨ। ਵਿਧਾਨ ਸਭਾ ਚੋਣਾਂ ਵਿੱਚ, ਸਥਾਨਕ ਪੱਧਰ ਦੇ ਮੁੱਦੇ ਮੁੱਖ ਚਰਚਾ ਵਿੱਚ ਸਨ। ਪਰ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ ਇਸਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਕੁਝ ਅਪਵਾਦਾਂ ਨੂੰ ਛੱਡ ਕੇ, ਆਮ ਆਦਮੀ ਵੀ ਖੇਤਰੀ ਅਤੇ ਸਥਾਨਕ ਮੁੱਦਿਆਂ ਨੂੰ ਇੱਕ ਪਾਸੇ ਰੱਖ ਕੇ ਰਾਸ਼ਟਰੀ ਮੁੱਦਿਆਂ ਅਤੇ ਰਾਸ਼ਟਰੀ ਨੇਤਾਵਾਂ ਦੇ ਆਧਾਰ ’ਤੇ ਵੋਟ ਪਾ ਰਿਹਾ ਹੈ। ਸੋਸ਼ਲ ਮੀਡੀਆ ਇਸ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ, ਅਤੇ ਭਾਜਪਾ ਇਸਦੀ ਵਰਤੋਂ ਵਿੱਚ ਸਭ ਤੋਂ ਮਾਹਿਰ ਖਿਡਾਰੀ ਹੈ। ਅਗਲੇ ਦੋ ਸਾਲਾਂ ਵਿੱਚ ਉੱਤਰ ਤੋਂ ਦੱਖਣ ਤੱਕ 11 ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਬਹੁਤ ਸਾਰੇ ਖੇਤਰੀ ਆਗੂਆਂ ਦੇ ਭਵਿੱਖ ਦਾ ਫੈਸਲਾ ਕਰਨਗੀਆਂ।

## ਹਰਿਆਣਾ ਵਿਚ ਕਾਂਗਰਸ ਦਾ ਸਫਾਇਆ

ਜ਼ਬਰਦਸਤ ਧੜੇਬੰਦੀ ਤੇ ਹਾਈਕਮਾਨ ਦੀ ਬੇਪਰਵਾਹੀ ਕਾਰਨ ਤੀਜੀ ਵਾਰ ਹਰਿਆਣਾ ਅਸੰਬਲੀ ਚੋਣਾਂ ਹਾਰਨ ਵਾਲੀ ਕਾਂਗਰਸ ਨੂੰ ਨਗਰ ਨਿਗਮ ਚੋਣਾਂ ਵਿੱਚ ਵੀ ਬੁਰੀ ਮਾਰ ਪਈ ਹੈ। 10 ਵਿੱਚੋਂ 9 ਨਗਰ ਨਿਗਮਾਂ ਵਿੱਚ ਭਾਜਪਾ ਆਪਣੇ ਮੇਅਰ ਬਣਾਉਣ ਵਿੱਚ ਕਾਮਯਾਬ ਰਹੀ ਹੈ, ਜਦਕਿ ਮਾਨੇਸਰ ਵਿੱਚ ਮੇਅਰ ਬਣਨ ਵਾਲਾ ਆਜ਼ਾਦ ਉਮੀਦਵਾਰ ਇੰਦਰਜੀਤ ਯਾਦਵ ਵੀ ਕੇਂਦਰੀ ਮੰਤਰੀ ਰਾਓ ਇੰਦਰਜੀਤ ਸਿੰਘ ਦਾ ਕਰੀਬੀ ਹੈ। ਇਸ ਤਰ੍ਹਾਂ ਨਿਗਮ ਚੋਣਾਂ ਵਿੱਚ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਗੜ੍ਹ ਰੋਹਤਕ ਸਮੇਤ ਹਰ ਸ਼ਹਿਰ ਵਿਚ ਕਾਂਗਰਸ ਦਾ ਸੂਪੜਾ ਸਾਫ ਹੋ ਗਿਆ। ਪੰਜ ਨਗਰ ਕੌਂਸਲਾਂ ’ਤੇ ਵੀ ਭਾਜਪਾ ਜੇਤੂ ਰਹੀ, ਜਦਕਿ 23 ਮਿਊਂਸਪਲ ਕਮੇਟੀਆਂ ਵਿੱਚੋਂ 9 ਵਿੱਚ ਭਾਜਪਾ ਤੇ 14 ਵਿੱਚ ਆਜ਼ਾਦ ਸਫਲ ਰਹੇ। ਨਤੀਜੇ ਕਾਂਗਰਸ ਨੂੰ ਇਸ ਪੱਖੋਂ ਹੋਰ ਵੀ ਸ਼ਰਮਸਾਰ ਕਰਨ ਵਾਲੇ ਹਨ ਕਿ ਇਸ ਨੇ ਚੋਣਾਂ ਪਾਰਟੀ ਨਿਸ਼ਾਨ ’ਤੇ ਲੜੀਆਂ, ਇਹ ਸੋਚ ਕੇ ਕਿ ਇਸ ਨਾਲ ਉਨ੍ਹਾਂ ਵਰਕਰਾਂ ਵਿੱਚ ਹੌਸਲਾ ਪੈਦਾ ਹੋਵੇਗਾ, ਜਿਹੜੇ ਤੀਜੀ ਵਾਰ ਅਸੰਬਲੀ ਚੋਣ ਹਾਰਨ ਤੋਂ ਬਾਅਦ ਨਿਰਾਸ਼ਾ ਦੇ ਆਲਮ ਵਿੱਚ ਚਲੇ ਗਏ ਹਨ। ਕਈ ਆਗੂ ਪਾਰਟੀ ਨਿਸ਼ਾਨ ’ਤੇ ਚੋਣਾਂ ਲੜਨ ਦੇ ਖਿਲਾਫ ਸਨ। ਉਨ੍ਹਾਂ ਨੂੰ ਲੱਗਦਾ ਸੀ ਕਿ ਹਾਰਨ ’ਤੇ ਸਥਾਨਕ ਪੱਧਰ ’ਤੇ ਪਾਰਟੀ ਦੀ ਕਮਜ਼ੋਰੀ ਹੋਰ ਉੱਭਰ ਕੇ ਸਾਹਮਣੇ ਆਏਗੀ। ਚੋਣਾਂ ਲਈ ਪਾਰਟੀ ਦੀ ਤਿਆਰੀ ਦਾ ਪਤਾ ਇੱਥੋਂ ਲੱਗਦਾ ਹੈ ਕਿ ਹਿਸਾਰ ਵਿੱਚ ਕਈ ਵਾਰਡਾਂ ’ਚ ਇਸ ਨੂੰ ਉਮੀਦਵਾਰ ਹੀ ਨਹੀਂ ਲੱਭੇ। ਨਤੀਜਿਆਂ ਨੇ ਇਹ ਵੀ ਸਾਹਮਣੇ ਲਿਆਂਦਾ ਹੈ ਕਿ ਪਾਰਟੀ ਸਥਾਨਕ ਪੱਧਰ ਤੱਕ ਕਿੰਨੀ ਕਮਜ਼ੋਰ ਹੋ ਚੁੱਕੀ ਹੈ। ਪੁਰਾਣੇ ਪਾਰਟੀ ਆਗੂਆਂ ਦਾ ਕਹਿਣਾ ਹੈ ਕਿ 2014 ਤੱਕ ਪਾਰਟੀ ਦੀ ਹਾਲਤ ਬਲਾਕ ਪੱਧਰ ਤੱਕ ਚੰਗੀ ਸੀ, ਜਦੋਂ ਫੂਲ ਚੰਦ ਮੌਲਾਣਾ ਸੂਬਾ ਪ੍ਰਧਾਨ ਹੁੰਦੇ ਸਨ। ਮੌਲਾਣਾ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੇ ਕਰੀਬੀ ਸਨ। ਮੌਲਾਣਾ ਦੀ ਥਾਂ ਅਸ਼ੋਕ ਤੰਵਰ ਨੂੰ ਪ੍ਰਧਾਨ ਬਣਾਉਣ ਤੋਂ ਬਾਅਦ ਪਾਰਟੀ ਦੋ ਧੜਿਆਂ ਵਿੱਚ ਵੰਡੀ ਗਈ। ਤੰਵਰ ਤੋਂ ਬਾਅਦ ਸਾਂਸਦ ਕੁਮਾਰੀ ਸ਼ੈਲਜਾ ਨੂੰ ਪ੍ਰਧਾਨ ਬਣਾਉਣ ਤੋਂ ਬਾਅਦ ਵੀ ਸਥਿਤੀ ਨਹੀਂ ਸੁਧਰੀ, ਕਿਉਂਕਿ ਸ਼ੈਲਜਾ ਨਾਲ ਵੀ ਹੁੱਡਾ ਦੀ ਨਹੀਂ ਬਣੀ। ਅਸੰਬਲੀ ਚੋਣਾਂ ਵੇਲੇ ਹਾਈਕਮਾਨ ਨੇ ਹੁੱਡਾ ਪਿਓ-ਪੁੱਤਰ (ਭੁਪਿੰਦਰ-ਦੀਪੇਂਦਰ) ’ਤੇ ਭਰੋਸਾ ਕਰਕੇ ਜ਼ਿਆਦਾ ਟਿਕਟਾਂ ਉਨ੍ਹਾਂ ਦੇ ਧੜੇ ਨੂੰ ਦੇ ਦਿੱਤੀਆਂ। ਇਸ ਨਾਲ ਧੜੇਬੰਦੀ ਹੋਰ ਵਧੀ ਤੇ ਨਤੀਜਨ ਕਾਂਗਰਸ ਜਿੱਤੀ ਬਾਜ਼ੀ ਗੁਆ ਬੈਠੀ। ਸੂਬੇ ਵਿੱਚ ਹਾਲਾਤ ਇਹ ਹਨ ਕਿ ਪਿਛਲੇ ਸਾਲ ਅਕਤੂਬਰ ਵਿੱਚ ਹੋਈਆਂ ਅਸੰਬਲੀ ਚੋਣਾਂ ਤੋਂ ਬਾਅਦ ਅਜੇ ਤੱਕ ਪਾਰਟੀ ਅਸੰਬਲੀ ਵਿੱਚ ਆਪਣਾ ਆਗੂ ਨਹੀਂ ਚੁਣ ਸਕੀ।

ਹਰਿਆਣਾ ਵਿੱਚ ਪਾਰਟੀ ਦੀ ਮਾੜੀ ਹਾਲਤ ਲਈ ਸਿਰਫ ਸੂਬਾਈ ਆਗੂਆਂ ਨੂੰ ਹੀ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ, ਹਾਈਕਮਾਨ ਦਾ ਰਵੱਈਆ ਵੀ ਗੈਰ ਜ਼ਿੰਮੇਵਾਰੀ ਵਾਲਾ ਹੈ। ਜਿਹੜੀ ਹਾਈਕਮਾਨ 90 ਅਸੰਬਲੀ ਤੇ 10 ਲੋਕ ਸਭਾ ਸੀਟਾਂ ਵਾਲੇ ਰਾਜ ਦੀ ਜਥੇਬੰਦੀ ਨੂੰ ਹੀ ਦਰੁੱਸਤ ਨਹੀਂ ਕਰ ਸਕਦੀ, ਉਸ ਦੀ ਕਾਬਲੀਅਤ ਨੂੰ ਕਿੰਨੇ ਨੰਬਰ ਦਿੱਤੇ ਜਾ ਸਕਦੇ ਹਨ?

* * * * * * * * *

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਲਗਾਤਾਰ ਹੋ ਰਹੇ ਗ੍ਰਨੇਡ ਧਮਾਕਿਆਂ ਤੇ ਪੰਜਾਬ ਹਿੰਸਾ ਦਾ ਕੌਣ ਹੈ ਮਾਸਟਰ ਸਰਗਨਾ ?

## ✪ ਦਰਬਾਰ ਸਾਹਿਬ ਅੰਦਰ ਕਿਸੇ ਗੈਰ ਪੰਜਾਬੀ ਵਲੋਂ ਲੋਹੇ ਦੀ ਸਲਾਖ ਨਾਲ ਸੰਗਤਾਂ ਤੇ ਹਮਲੇ ਸਾਜਿਸ਼ ਦਾ ਹਿੱਸਾ ✪ ਝੂਠੇ ਮੁਕਾਬਲਿਆਂ ਵਾਲੀ ਬੇਅੰਤ ਸਰਕਾਰ ਵਾਲੀ ਖੇਡ ਕਿਉਂ ਜਾਰੀ ਹੈ ?

ਅੰਮ੍ਰਿਤਸਰ ਦੇ ਇਕ ਮੰਦਰ ਵਿਚ ਹੋਏ ਧਮਾਕੇ ਉਪਰੰਤ ਭਾਵੇਂ ਪੁਲਿਸ ਵਲੋਂ ਇਕ ਮੁਲਜ਼ਮ ਗੁਰਸਿਦਕ ਉਰਫ਼ ਸਿਦਕੀ ਵਾਸੀ ਪਿੰਡ ਬੱਲ ਕਲਾਂ ਦਾ ਬੀਤੇ ਦਿਨੀਂ ਐਨਕਾਊਂਟਰ ਕਰ ਦਿੱਤਾ ਗਿਆ ਹੈ ਤੇ ਜਦੋਂਕਿ ਉਸ ਦਾ ਸਾਥੀ ਵਿਸ਼ਾਲ ਉਰਫ਼ ਚੂਈ ਵਾਸੀ ਰਾਜਾਸਾਂਸੀ ਫਰਾਰ ਹੋ ਗਿਆ ਸੀ। ਧਮਾਕਿਆਂ ਉਪਰੰਤ ਵਿਗੜੀ ਅਮਨ-ਕਾਨੂੰਨ ਦੀ ਸਥਿਤੀ ਦਾ ਮੁੱਦਾ ਸੰਸਦ ਵਿਚ ਵੀ ਗੂੰਜਿਆ ਸੀ, ਪਰ ਫਿਰ ਵੀ ਪਿਛਲੇ ਸਾਲ ਤੋਂ ਹੋ ਰਹੇ ਧਮਾਕਿਆਂ ਦਾ ਮਾਸਟਰ ਮਾਈਂਡ ਕੌਣ ਹੈ, ਹਾਲੇ ਤੱਕ ਇਸ ਦਾ ਪਤਾ ਨਹੀਂ ਲਗਾਇਆ ਜਾ ਸਕਿਆ।

ਇਸ ਲਈ ਕੇਵਲ ਕਰਿੰਦੇ ਹੀ ਪੁਲਿਸ ਦੀ ਪਕੜ ਵਿਚ ਆਏ ਹਨ। ਪਿਛਲੇ ਸਾਲ ਨਵੰਬਰ 2024 ਤੋਂ ਸ਼ੁਰੂ ਹੋਏ ਧਮਾਕਿਆਂ ਦਾ ਸਿਲਸਿਲਾ ਹਾਲੇ ਰੁਕਣ ਦਾ ਨਾਂਅ ਨਹੀਂ ਲੈ ਰਿਹਾ ਤੇ ਕਿਸੇ ਧਾਰਮਿਕ ਸਥਾਨ ’ਤੇ ਹੋਇਆ ਇਹ ਪਹਿਲਾ ਹਮਲਾ ਹੈ, ਜਦਕਿ ਸੂਬੇ ਵਿਚ ਇਹ 13ਵਾਂ ਹਮਲਾ ਹੈ। 24 ਨਵੰਬਰ, 2024 ਨੂੰ ਅੰਮਿਬਸਰ ਦੇ ਅਜਨਾਲਾ ਥਾਣੇ ਦੇ ਬਾਹਰ ਆਈ.ਈ.ਡੀ. ਲਗਾਈ ਗਈ, ਹਾਲਾਂਕਿ ਇਹ ਫਟੀ ਨਹੀਂ। 27 ਨਵੰਬਰ ਨੂੰ ਅੰਮ੍ਰਿਤਸਰ ਸ਼ਹਿਰ ਦੀ ਬੰਦ ਪਈ ਪੁਲਿਸ ਚੌਕੀ ਗੁਰਬਖਸ਼ ਨਗਰ ਵਿਚ ਗ੍ਰਨੇਡ ਹਮਲਾ, 2 ਦਸੰਬਰ ਨੂੰ ਮੋਹਾਲੀ ਦੇ ਕਾਠਗੜ੍ਹ ਥਾਣੇ ਵਿਚ ਗ੍ਰਨੇਡ ਹਮਲਾ, 3 ਦਸੰਬਰ ਨੂੰ ਅੰਮਿਬਸਰ ਦੇ ਮਜੀਠਾ ਥਾਣੇ ਦੇ ਬਾਹਰ ਗ੍ਰਨੇਡ ਹਮਲਾ, ਜਿਸ ਨੂੰ ਪੁਲਿਸ ਨੇ ਗੱਡੀ ਦਾ ਟਾਇਰ ਫਟਿਆ ਦੱਸ ਕੇ ਮੰਨਣ ਤੋਂ ਇਨਕਾਰ ਕਰ ਦਿੱਤਾ। 13 ਦਸੰਬਰ ਨੂੰ ਅਲੀਵਾਲ ਬਟਾਲਾ ਥਾਣੇ ਵਿਚ ਗ੍ਰਨੇਡ ਹਮਲਾ, 17 ਦਸੰਬਰ ਨੂੰ ਅੰਮਿਬਸਰ ਦੇ ਥਾਣਾ ਇਸਲਾਮਾਬਾਦ ਵਿਖੇ ਗ੍ਰਨੇਡ ਹਮਲਾ, 19 ਦਸੰਬਰ ਨੂੰ ਗੁਰਦਾਸਪੁਰ ਦੇ ਬਖਸ਼ੀਵਾਲਾ ਦੀ ਬੰਦ ਪਈ ਚੌਕੀ ’ਤੇ ਹਮਲਾ, 21 ਦਸੰਬਰ ਨੂੰ



ਕਲਾਨੌਰ ਦੇ ਵਡਾਲਾ ਦੀ ਪੁਲਿਸ ਚੌਕੀ ’ਚ ਹਮਲਾ, ਇਸ ਸਾਲ ਦੀ ਪਹਿਲੀ ਘਟਨਾ 16 ਜਨਵਰੀ ਨੂੰ ਅੰਮ੍ਰਿਤਸਰ ਦੀ ਪੁਲਿਸ ਚੌਕੀ ਗੁੰਮਟਾਲਾ ’ਚ ਹੋਇਆ ਧਮਾਕਾ, 19 ਜਨਵਰੀ ਨੂੰ ਪਿੰਡ ਜੈਂਤੀਪੁਰ ਦੇ ਸ਼ਰਾਬ ਕਾਰੋਬਾਰੀ ਦੇ ਘਰ ਗ੍ਰਨੇਡ ਹਮਲਾ, 3 ਫਰਵਰੀ ਨੂੰ ਫਤਹਿਗੜ੍ਹ ਚੂੜੀਆਂ ਰੋਡ ਦੀ ਬੰਦ ਪਈ ਚੌਕੀ ’ਤੇ ਹਮਲਾ, 14 ਫਰਵਰੀ ਨੂੰ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਪੁਲਿਸ ਮੁਲਾਜ਼ਮ ਦੇ ਘਰ ਧਮਾਕਾ ਤੇ ਬੀਤੇ ਦਿਨ ਅੰਮਿਬਸਰ ਦੇ ਠਾਕੁਰ ਦੁਆਰਾ ਮੰਦਰ ਵਿਚ ਹੋਏ ਗ੍ਰਨੇਡ ਹਮਲੇ ਦਾ ਮਾਮਲਾ ਪ੍ਰਮੁਖ ਹਨ।

ਪੰਜਾਬ ਦੇ ਅਜੋਕੇ ਹਾਲਾਤ ਹਰੇਕ ਪੰਜਾਬੀ ਨੂੰ ਇਕ ਦਮ 1982-84 ਦੀਆਂ ਘਟਨਾਵਾਂ ਦੀ ਯਾਦ ਤਾਜ਼ਾ ਕਰਵਾ ਰਹੇ ਹਨ। ਹਰ ਦੂਜੇ ਚੌਥੇ ਕਿਸੇ ਮੰਦਰ ਵਿਚ ਗਊਆਂ ਦੇ ਸਿੰਗ ਸੁਟੇ ਜਾਣ ਦੀਆਂ ਵਾਰਦਾਤਾਂ ਹੁੰਦੀਆਂ ਰਹਿੰਦੀਆਂ ਸਨ, ਗੁਰਦਵਾਰਾ ਸਰੋਵਰਾਂ ਵਿਚੋਂ ਸਿਗਰਟਾਂ ਬੀੜੀਆਂ ਜਾਂ ਅਜਿਹੀਆਂ ਸ਼ਰਾਰਤੀ ਵਸਤਾਂ ਮਿਲਦੀਆਂ। ਕਿੱਸਾ ਇਹ ਕਿ ਦੇਸੀ ਪਰਿੰਟ ਮੀਡੀਆ ਰਾਹੀਂ ਪੰਜਾਬ ਅੰਦਰ ਫਿਰਕੂ ਅੱਗ ਧੁਖਦੀ ਰਖੀ ਜਾਂਦੀ ਤਾਂ ਜੋ ਫਿਰਕੂ ਕਤਾਰਬੰਦੀ ਅਤੇ ਲਾਕਾਨੂੰਨੀ ਦਾ ਮਾਹੌਲ ਸਿਰਜਿਆ ਜਾਂਦਾ ਰਹੇ।

ਦਰਬਾਰ ਸਾਹਿਬ ਅੰਦਰ ਕਿਸੇ ਗੈਰ ਪੰਜਾਬੀ ਵਲੋਂ ਲੋਹੇ ਦੀ ਸਲਾਖ ਨਾਲ ਪੰਜ ਸ਼ਰਧਾਲੂਆਂ ਉਪਰ ਹਮਲਾ ਕਰਕੇ ਜ਼ਖਮੀ ਕਰਨਾ ਬਹੁਤ ਗੰਭੀਰ ਤਾਜ਼ਾ ਵਾਰਦਾਤ ਹੈ । ਹਮਲਾਵਰ ਨੂੰ ਕਾਬੂ ਕਰਕੇ ਪੁਲਿਸ ਹਵਾਲੇ ਕਰ ਦਿੱਤਾ ਗਿਆ। ਸੰਗਤਾਂ ਨੂੰ ਸ਼ੱਕ ਹੈ ਕਿ ਕੇਸ ਪਹਿਲਾਂ ਵਾਂਗ ਬੇਅਦਬੀਆਂ ਦੀ ਤਰ੍ਹਾਂ ਦਬਾਅ ਦਿੱਤਾ ਜਾਵੇਗਾ। ਗ੍ਰਿਫ਼ਤਾਰ ਕੀਤੇ ਗਏ ਹਮਲਾਵਰ ਦੀ ਪਛਾਣ ਜ਼ੁਲਫਾਨ ਵਜੋਂ ਹੋਈ ਹੈ, ਜੋ ਕਿ ਯਮੁਨਾ ਨਗਰ, ਹਰਿਆਣਾ ਦਾ ਰਹਿਣ ਵਾਲਾ ਹੈ। ਜੋ ਪਿਛਲੇ 2-3 ਦਿਨਾਂ ਤੋਂ ਅੰਮ੍ਰਿਤਸਰ ਆਇਆ ਹੋਇਆ ਸੀ।

ਬਾਦਲ ਅਕਾਲੀ ਦਲ ਦੇ ਦਲਜੀਤ ਸਿੰਘ ਚੀਮਾ ਅਨੁਸਾਰ ਅੰਮ੍ਰਿਤਸਰ ਇਲਾਕੇ ਵਿਤ 13ਵਾਂ ਗਰਨੇਡ ਧਮਾਕਾ ਹੈ ਜੋ ਪਿਛਲੇ ਕੁਛ ਸਮੇਂ ਦੌਰਾਨ ਵਾਪਰਿਆ ਹੈ। ਅਜਿਹੀ ਇਕ ਹੋਰ ਭੜਕਾਊ ਘਟਨਾ ਬੀਤੇ ਦਿਨੀਂ ਲੁਧਿਆਣੇ ਵੀ ਵਾਪਰੀ ਜਦ ਸ਼ਰਾਬੀ ਭਈਆ ਗਰੋਹਾਂ ਨੇ ਮਸਜਿਦ ਉਪਰ ਪਥਰਾਉ ਕਰ ਦਿਤਾ। ਪਥਰਬਾਜ਼ੀ ਵੇਲੇ ਮਸਜਦ ਜਿਹੀ ਸੰਵੇਦਨਸ਼ੀਲ ਜਗਾ ਨਜ਼ਦੀਕ ਕੋਈ ਪੁਲਿਸ ਮੁਲਾਜ਼ਮ ਨਜ਼ਰ ਨਹੀਂ ਆਇਆ।

> ਪੰਜਾਬ ਟਾਈਮਜ ਅਨੁਸਾਰ ਅਜਿਹੇ ਗੰਭੀਰ, ਸ਼ੱਕੀ ਵਾਕਿਆਤ ਵਿਚੋਂ ਉਹ ਪੁਲਿਸ ਹਥੀਂ ਪੜਤਾਲ ਅਤੇ ਨਿਆਂਪਾਲਿਕਾ ਦੇ ਦਖਲ ਨੂੰ ਚੁਪ ਚਾਪ ਬੇਦਖਲ ਕਰ ਰਿਹਾ ਹੈ। ਇਸ ਵਿਚੋਂ ਲੋਕਰਾਜੀ ਸਹਿਜ .ਗਾਇਬ ਹੈ। ਅਜਿਹੇ ਫਾਸ਼ੀ ਸਭਿਆਚਾਰ ਦਾ ਡਟ ਕੇ ਵਿਰੋਧ ਹੋਣਾ ਚਾਹੀਦਾ ਹੈ। ਪੁਲਿਸ ਦੇ ਮੂੰਹ ਨੂੰ ਜਦ ਖੂਨ ਲਗੇਗਾ ਤਾਂ ਪਟਿਆਲਾ ਵਰਗੀਆਂ ਘਟਨਾਵਾਂ ਤੁਹਾਡੇ ਸਾਹਮਣੇ ਪੈਰ ਪੈਰ ਤੇ ਉਭਰਨਗੀਆਂ।

ਸ਼ਿਵ ਸੈਨਾ ਬਰਾਂਡ ਦੇ ਨਾਂ ਤੇ ਵਿਅਕਤੀਆਂ ਦੀਆਂ ਅਤੰਕੀ ਘਟਨਾਵਾਂ ਅਪਣੇ ਥਾਂ ਤੇ ਵਿਚਰਦੀਆਂ ਰਹਿੰਦੀਆਂ ਹਨ। ਮੋਗਾ ਜ਼ਿਲਾ ਸੈਨਾ ਮੁਖੀ ਦੇ ਕਤਲ ਦੀ ਤਾਜ਼ਾ ਘਟਨਾ ਵਿਚ ਤਿੰਨ ਨੌਜਵਾਨ ਮੁਲਜ਼ਮ ਫੜ ਲਏ ਗਏ ਹਨ। ਇਕ ਨੌਜਵਾਨ ਪੁਲਿਸ ਮੁਕਾਬਲਾ ਬਣਾਕੇ ਮਾਰ ਦਿੱਤਾ ਗਿਆ।ਅਖੇ ਉਹ ਭੱਜ ਗਿਆ ਸੀ। ਅਸਲ ਵਿਚ ਸ਼ਿਵ ਸੈਨਾ ਵਾਲੀ ਇਸ ਘਟਨਾ ਦਾ ਫਿਰਕੂ ਕਤਾਰਬੰਦੀ ਨਾਲ ਸਬੰਧ ਨਹੀਂ, ਇਹ ਫਿਰੌਤੀ/ ਬਲੈਕਮੇਲ/ ਰਾਜ ਪਰਬੰਧਕ ਭ੍ਰਿਸ਼ਟਾਚਾਰ ਦਾ ਮਾਮਲਾ ਨਿਕਲਿਆ ਹੈ।

ਲੋਕ ਆਪ ਪਛਾਣ ਕਰਨ ਕਿ 1982-84 ਵਿਚ ਕਿਵੇਂ ਖੁਫੀਆ ਸਟੇਟ ਮਸ਼ੀਨਰੀ ਨੇ ਧਰਮਯੁਧ ਮੋਰਚੇ ਨੂੰ ਲੀਹੋਂ ਲਾਹੁਣ ਲਈ ਕੀ ਕੀ ਹਥਕੰਡੇ ਅਪਣਾਏ ਸਨ ? ਕਿਵੇਂ ਪੰਜਾਬ ਦਾ ਮਾਹੌਲ ਖਰਾਬ ਕਰ ਕੇ ਫੌਜ ਲਈ ਦਖਲਯੋਗ ਹਾਲਾਤ ਬਣਾਏ ਗਏ ਸਨ ? ਉਸ ਅਧਿਆਏ ਦੇ ਕੁਛ ਅਹਿਮ ਪੱਖਾਂ ਤੋਂ ਗਵਰਨਰ ਪਾਂਡੇ ਨੇ ਪਰਦਾ ਚੁਕਿਆ ਸੀ।

ਲੋਕ ਪਛਾਣ ਕਰਨ ਕਿ ਹੁਣ ਵਖਰੇ ਉਦੇਸ਼ਾਂ ਲਈ ਕਿਹੜੀਆਂ ਤਾਕਤਾਂ ਪੰਜਾਬ ਅੰਦਰ ਸੰਭਾਵਤ ਫਿਰਕੂ ਮਾਹੌਲ ਨੂੰ ਤਬਾਹ ਕਰ ਰਹੀਆਂ ਹਨ ਅਤੇ ਇਸ ਕਾਰੋਬਾਰ ਵਿਚ ਉਹ ਕੀ ਖਟਣ ਦੀ ਤਾਕ ਵਿਚ ਹਨ ?

ਦਹਾਕਿਆਂ ਦੇ ਦਹਾਕੇ ਬੀਤ ਜਾਂਦੇ ਹਨ, ਤਟ ਫਟ ਉਦੇਸ਼ ਬਦਲਦੇ ਰਹਿੰਦੇ ਹਨ ਪਰ ਸਟੇਟ ਹੱਥੀਂ ਇਤਿਹਾਸਕ ਇਕਸਾਰਤਾ ਦਾ ਵਹਿਣ ਅਆਪਣੇ ਥਾਂ ਵਗਦਾ ਰਹਿੰਦਾ ਹੈ। ਪੁਲਿਸ ਨੂੰ ਝੂਠੇ ਮੁਕਾਬਲਿਆਂ ਅਤੇ ਬੁਲਡੋਜ਼ਰ ਚਲਾਉਣ ਦੀਆਂ ਖੁਲਾਂ ਦੇ ਕੇ ਲਾਲਾ ਕੇਜਰੀਵਾਲ ਅਤੇ ਅਮਨ ਅਰੋੜਾ ਬੇਅੰਤ ਸਿੰਘ ਦੇ ਯੁਗ ਵਾਲੀ ਖਤਰਨਾਕ ਖੇਡ ਖੇਡ ਰਹੇ ਹਨ। ਵਿਪਾਸਨਾ ਉਪਰੰਤ ਘੜੀ ਇਸ ਜ਼ਹਿਰੀਲੀ ਨੀਤੀ ਦੁਆਰਾ ਬਹੁਤ ਸਾਰੇ ਹਿੰਦੂ ਰਾਜਸੀ ਤੌਰ ਤੇ ਝਾੜੂਵਾਦ ਦੁਆਲੇ ਸ਼ਾਇਦ ਇਕਮੁਠ ਹੋ ਜਾਣ ਪਰ ਹੈ ਇਹ ਪੰਜਾਬ ਅੰਦਰ ਲਾਕਾਨੂੰਨੀ ਅਤੇ ਅਨਾਰਕੀ ਨੂੰ ਖੁੱਲਾ ਸੱਦਾ-ਪੱਤਰ। ਅਰੋੜਾ ਕਿੰਨੇ ਹੈਂਕੜ ਭਰੇ ਢੰਗ ਨਾਲ ਪੁਲਿਸ ਦੀਆਂ ਲਗਾਮਾਂ ਖੁਲੀਆਂ ਛਡਣ ਦੀਆਂ ਧਮਕੀਆਂ ਦੇ ਰਿਹੈ ਅਤੇ ਕਹਿ ਰਿਹਾ ਕਿ ‘‘ਜਿਹੜਾ ਹੈਂਡ ਗਰਨੇਡ ਰਖੇਗਾ ਉਹ ਪੁਲਿਸ ਮੁਕਾਬਲੇ ਲਈ ਤਿਆਰ ਰਹੇ !’’

## ਤੇਲੰਗਾਨਾ ’ਚ ਕਾਂਗਰਸ ਦੀ ਰਾਜਨੀਤਕ ਸਥਿਤੀ ਠੀਕ ਨਹੀਂ, ਭਾਜਪਾ ਪੈ ਰਹੀ ਹੈ ਭਾਰੂ

ਹੈਦਰਾਬਾਦ-ਪਿਛਲੇ ਕੁਝ ਸਾਲਾਂ ਤੋਂ ਲਗਾਤਾਰ ਵੇਖਣ ਵਿਚ ਆ ਰਿਹਾ ਹੈ ਕਿ ਕਾਂਗਰਸ ਜਿੱਥੇ ਵੀ ਸੱਤਾ ’ਚ ਆਉਂਦੀ ਹੈ, ਉੱਥੋਂ ਦਾ ਮੁੱਖ ਮੰਤਰੀ ਜਾਂ ਪਾਰਟੀ ਦਾ ਸੰਗਠਨ ਕੋਈ ਅਜਿਹਾ ਕੰਮ ਨਹੀਂ ਕਰਦਾ, ਜਿਸ ਨਾਲ ਉਸ ਦੀ ਸੱਤਾ ਸਥਾਈ ਬਣੇ ਜਾਂ ਉਹ ਇਕ ਤੋਂ ਬਾਅਦ ਲਗਾਤਾਰ ਦੂਜੀ ਚੋਣ ਜਿੱਤ ਸਕੇ। ਇਹੀ ਕਾਰਨ ਹੈ ਕਿ ਪਿਛਲੇ 11 ਸਾਲਾਂ ਤੋਂ ਕਾਂਗਰਸ ਕਿਸੇ ਵੀ ਰਾਜ ’ਚ ਜਿੱਤ ਨਹੀਂ ਦੁਹਰਾ ਸਕੀ। ਇਸ ਦੇ ਉਲਟ ਭਾਜਪਾ ਜ਼ਿਆਦਾਤਰ ਰਾਜਾਂ ’ਚ ਲਗਾਤਾਰ ਦੂਜੀ ਜਾਂ ਤੀਜੀ ਵਾਰ ਸੱਤਾ ’ਚ ਆ ਰਹੀ ਹੈ। ਕਾਂਗਰਸ ਦੀ ਇਹ ਕਹਾਣੀ ਤੇਲੰਗਾਨਾ ਵਿਚ ਵੀ ਦੁਹਰਾਈ ਜਾ ਰਹੀ ਹੈ। ਉੱਥੇ ਉਸ ਦੀ ਸਰਕਾਰ ਬਣਿਆਂ ਡੇਢ ਸਾਲ ਹੋਏ ਹਨ ਅਤੇ ਹੁਣ ਤੋਂ ਅਜਿਹੇ ਲੱਛਣ ਦਿਖਾਈ ਦੇਣ ਲੱਗੇ ਹਨ ਕਿ ਅੱਗੇ ਆਉਣ ਵਾਲੀਆਂ ਚੋਣਾਂ ਵਿਚ ਉਸ ਦੀ ਰਾਹ ਮੁਸ਼ਕਿਲ ਹੋਣ ਵਾਲੀ ਹੈ। ਇਹ ਸਥਿਤੀ ਉਦੋਂ ਹੈ, ਜਦੋਂ ਉੱਥੇ ਕਰਨਾਟਕ ਜਾਂ ਹਿਮਾਚਲ ਪ੍ਰਦੇਸ਼ ਵਾਂਗ ਬਹੁਤ ਮਜ਼ਬੂਤ ਨੇਤਾਵਾਂ ਦੀ ਗੁੱਟਬਾਜ਼ੀ ਨਹੀਂ ਹੈ। ਥੋੜ੍ਹਾ ਸਮਾਂ ਪਹਿਲਾਂ ਤੇਲੰਗਾਨਾ ਵਿਚ ਵਿਧਾਨ ਪ੍ਰੀਸ਼ਦ ਦੀਆਂ ਤਿੰਨ ਸੀਟਾਂ ਲਈ ਚੋਣਾਂ ਹੋਈਆਂ। ਇਨ੍ਹਾਂ ’ਚੋਂ ਦੋ ਸੀਟਾਂ ਅਧਿਆਪਕਾਂ ਦੇ ਹਲਕੇ ਦੀਆਂ ਸਨ ਅਤੇ ਇਕ ਸੀਟ ਗ੍ਰੈਜੂਏਟ ਹਲਕੇ ਦੀ ਸੀ। ਕਾਂਗਰਸ ਇਨ੍ਹਾਂ ਤਿੰਨਾਂ ਸੀਟਾਂ ’ਤੇ ਹਾਰ ਗਈ। ਕਾਂਗਰਸ ਲਈ ਜ਼ਿਆਦਾ ਚਿੰਤਾ ਦੀ ਗੱਲ ਇਹ ਹੈ ਕਿ ਦੋ ਸੀਟਾਂ ’ਤੇ ਭਾਜਪਾ ਦੇ ਸਮਰਥਨ ਵਾਲੇ ਉਮੀਦਵਾਰ ਜਿੱਤੇ। ਸਰਕਾਰ ਨੂੰ ਬਣਿਆਂ ਸਿਰ.ਫ ਡੇਢ ਸਾਲ ਹੋਇਆ ਹੈ ਅਤੇ ਇਹ ਸਥਿਤੀ ਹੈ। ਕਿਹਾ ਜਾ ਰਿਹਾ ਹੈ ਕਿ ਇਸੇ ਵਜ੍ਹਾ ਨਾਲ ਭਾਰਤ ਰਾਸ਼ਟਰ ਸਮਿਤੀ ਛੱਡ ਕੇ ਆਏ 9 ਵਿਧਾਇਕਾਂ ਕੋਲੋਂ ਅਸਤੀ.ਫਾ ਦਿਵਾ ਕੇ ਜ਼ਿਮਨੀ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ ਹਨ। ਸਪੀਕਰ ਨੇ ਉਨ੍ਹਾਂ ਦਾ ਮਾਮਲਾ ਲਟਕਾ ਕੇ ਰੱਖਿਆ ਹੈ। ਪਿਛਲੇ ਦਿਨੀਂ ਇਸ ਮਸਲੇ ’ਤੇ ਸੁਪਰੀਮ ਕੋਰਟ ਨੇ ਵੀ ਨਾਰਾਜ਼ਗੀ ਜਤਾਈ ਸੀ।



# ਪਾਣੀ ਵਿਚ ਯੂਰੇਨੀਅਮ ਦੇ ਮੁੱਦੇ ’ਤੇ ਹਾਈ ਕੋਰਟ ਸਖਤ

**ਵਿਸ਼ੇਸ਼ ਰੀਪੋਟ**

## ✪ ਪੰਜਾਬ, ਚੰਡੀਗੜ੍ਹ ਤੇ ਹਰਿਆਣਾ ਤੋਂ ਮੰਗੀ ਰਿਪੋਰਟ ✪ ਪੰਜਾਬ ਵਿਚੋਂ 4406 ਨਮੂਨੇ ਲਏ ਗਏ ਜਿਹਨਾਂ ਵਿਚੋਂ 108 ਵਿਚ ਯੂਰੇਨੀਅਮ ਦੀ ਮਾਤਰਾ ਨਿਰਧਾਰਤ ਮਾਪਦੰਡਾਂ ਤੋਂ ਵੱਧ ਸੀ

ਚੰਡੀਗੜ੍ਹ-ਪੰਜਾਬ ਦੇ ਮਾਲਵਾ ਖੇਤਰ ਦੇ ਪਾਣੀ ਵਿਚ ਯੂਰੇਨੀਅਮ ਦੀ ਮੌਜੂਦਗੀ ਅਤੇ ਉਸ ਤੋਂ ਹੋਣ ਵਾਲੇ ਕੈਂਸਰ ਵਿਰੁੱਧ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦੇ ਹੋਏ ਹਾਈ ਕੋਰਟ ਨੇ ਇਸ ਮਾਮਲੇ ਵਿਚ ਹਰਿਆਣਾ ਅਤੇ ਚੰਡੀਗੜ੍ਹ ਨੂੰ ਭੂਮੀਗਤ ਪਾਣੀ ਦੇ ਨਮੂਨਿਆਂ ਦੀ ਜਾਂਚ ਕਰਨ ਦੇ ਵੀ ਹੁਕਮ ਦਿੱਤੇ ਹਨ।

ਸੁਣਵਾਈ ਦੌਰਾਨ ਚੰਡੀਗੜ੍ਹ ਪ੍ਰਸ਼ਾਸਨ ਨੇ ਕਿਹਾ ਕਿ ਚੰਡੀਗੜ੍ਹ ਵਿਚ ਸਿਰਫ਼ ਕੇਂਦਰੀ ਭੂਮੀਗਤ ਜਲ ਬੋਰਡ ਹੀ ਧਰਤੀ ਹੇਠਲੇ ਪਾਣੀ ਦੇ ਨਮੂਨਿਆਂ ਦੀ ਜਾਂਚ ਕਰ ਸਕਦਾ ਹੈ। ਇਸ ’ਤੇ ਅਦਾਲਤ ਨੇ ਕਿਹਾ ਕਿ ਪ੍ਰਸ਼ਾਸਨ ਇਸ ਸਬੰਧ ਵਿਚ ਬੋਰਡ ਨੂੰ ਬੇਨਤੀ ਕਰੇ ਅਤੇ ਨਮੂਨਾ ਰਿਪੋਰਟ ਅਦਾਲਤ ਵਿਚ ਜਮ੍ਹਾਂ ਕਰਵਾਏ। ਅਦਾਲਤ ਨੇ ਸੈਂਟਰਲ ਗਰਾਊਂਡ ਵਾਟਰ ਬੋਰਡ ਨੂੰ ਪ੍ਰਤੀਵਾਦੀ ਬਣਾ ਕੇ ਜਵਾਬ ਦਾਇਰ ਕਰਨ ਦਾ ਵੀ ਹੁਕਮ ਦਿੱਤਾ। ਸੁਣਵਾਈ ਦੌਰਾਨ ਅਦਾਲਤ ਨੇ ਹਰਿਆਣਾ ਸਰਕਾਰ ਨੂੰ ਸੂਬੇ ਦੇ ਭੂਮੀਗਤ ਪਾਣੀ ਦੇ ਨਮੂਨਿਆਂ ਦੀ ਜਾਂਚ ਕਰਨ ਅਤੇ ਰਿਪੋਰਟ ਪੇਸ਼ ਕਰਨ ਦਾ ਵੀ ਹੁਕਮ ਦਿੱਤਾ।

ਹਾਈ ਕੋਰਟ ਨੇ ਕਿਹਾ ਕਿ ਸਿਰਫ਼ ਯੂਰੇਨੀਅਮ ਹੀ ਨਹੀਂ ਸਗੋਂ ਆਰਸੈਨਿਕ ਅਤੇ ਹੋਰ ਜ਼ਹਿਰੀਲੇ ਤੱਤਾਂ ਦੀ ਵੀ ਜਾਂਚ ਕੀਤੀ ਜਾਣੀ ਚਾਹੀਦੀ ਹੈ।2010 ਵਿਚ ਮੋਹਾਲੀ ਨਿਵਾਸੀ ਬ੍ਰਿਜੇਂਦਰ ਸਿੰਘ ਲੂੰਬਾ ਨੇ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰਦਿਆਂ ਮਾਲਵਾ ਖੇਤਰ ਦੇ ਭੂਮੀਗਤ ਪਾਣੀ ਵਿਚ ਯੂਰੇਨੀਅਮ ਦੀ ਮੌਜੂਦਗੀ ਅਤੇ ਇਸ ਨਾਲ ਕੈਂਸਰ ਦੇ ਵੱਧ ਰਹੇ ਮਾਮਲਿਆਂ ਦਾ ਮੁੱਦਾ ਉਠਾਇਆ ਸੀ।

ਹਾਈ ਕੋਰਟ ਦੇ ਹੁਕਮਾਂ ’ਤੇ ਭਾਭਾ ਪਰਮਾਣੂ ਖੋਜ ਕੇਂਦਰ (ਬੀ.ਏ.ਆਰ.ਸੀ.) ਨੇ ਮਾਲਵਾ ਖੇਤਰ ਦੇ ਪਾਣੀ ਵਿਚ ਯੂਰੇਨੀਅਮ ਦੀ ਜਾਂਚ ਕਰਨ ਲਈ ਬਠਿੰਡਾ, ਫਿਰੋਜ਼ਪੁਰ, ਫਰੀਦਕੋਟ ਅਤੇ ਮਾਨਸਾ ਤੋਂ 1500 ਪਾਣੀ ਦੇ ਨਮੂਨੇ ਇਕੱਠੇ ਕੀਤੇ ਸਨ। ਇਨ੍ਹਾਂ ਨਮੂਨਿਆਂ ਵਿਚੋਂ 35 ਫ਼ੀਸਦੀ ਨਮੂਨਿਆਂ ਵਿਚ ਯੂਰੇਨੀਅਮ ਦਾ ਪੱਧਰ ਨਿਰਧਾਰਤ ਮਾਪਦੰਡਾਂ ਤੋਂ ਵੱਧ ਪਾਇਆ ਗਿਆ, ਜਿਸ ਵਿਚ ਬਠਿੰਡਾ ਜ਼ਿਲ੍ਹਾ ਸਭ ਤੋਂ ਵੱਧ ਪ੍ਰਭਾਵਿਤ ਪਾਇਆ ਗਿਆ।



> ਪੰਜਾਬ ਟਾਈਮਜ ਅਨੁਸਾਰ ਕੁਝ ਅਧਿਐਨਾਂ ਵਿੱਚ ਭਾਵੇਂ ਯੂਰੇਨੀਅਮ ਦੀ ਮਾਤਰਾ ਵਧਣ ਲਈ ਰਸਾਇਣਕ ਖਾਦਾਂ ਦੀ ਜ਼ਿਆਦਾ ਵਰਤੋਂ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਗਿਆ ਹੈ ਪਰ ਇਸ ਤੱਥ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ ਕਿ ਪੰਜਾਬ ਦੇ ਸ਼ਹਿਰੀ ਅਤੇ ਪੇਂਡੂ, ਦੋਵੇਂ ਖੇਤਰਾਂ ਵਿੱਚ ਖੇਤੀ, ਰਿਹਾਇਸ਼ੀ ਤੇ ਸਨਅਤੀ ਮੰਤਵਾਂ ਲਈ ਜ਼ਮੀਨੀ ਪਾਣੀ ਕੱਢਣ ਲਈ ਬਹੁਤ ਜ਼ਿਆਦਾ ਡੂੰਘੇ ਟਿਊਬਵੈੱਲ ਲਾਏ ਜਾ ਰਹੇ ਹਨ; ਇਸ ਨਾਲ ਜ਼ਮੀਨ ਹੇਠਲੇ ਪਾਣੀ ਦੀ ਸਤਹਿ ਦਾ ਸਮਤੋਲ ਵਿਗੜ ਗਿਆ ਹੈ ਸਗੋਂ ਬਹੁਤ ਡੂੰਘੇ ਪਾਣੀਆਂ ਵਿੱਚ ਅਜਿਹੇ ਘਾਤਕ ਤੱਤਾਂ ਦਾ ਰਲਾਅ ਹੋਣ ਦਾ ਖ਼ਦਸ਼ਾ ਵਧ ਜਾਂਦਾ ਹੈ। ਇਸ ਅਤਿ ਗੰਭੀਰ ਮੁੱਦੇ ’ਤੇ ਪੰਜਾਬ ਸਰਕਾਰ ਨੂੰ ਬੱਝਵੀਂ ਕਾਰਵਾਈ ਦੀ ਲੋੜ ਹੈ ਅਤੇ ਨਾਲ ਹੀ ਆਪਣੇ ਪੱਧਰ ’ਤੇ ਸਥਿਤੀ ਦਾ ਪਤਾ ਲਾਉਣ ਲਈ ਸਬੰਧਿਤ ਏਜੰਸੀਆਂ ਨਾਲ ਰਾਬਤਾ ਕਰਨਾ ਚਾਹੀਦਾ ਹੈ। ਲੰਮੇ ਅਰਸੇ ਤੋਂ ਪਾਣੀ ਪਲੀਤ ਹੋ ਰਿਹਾ ਹੈ ਅਤੇ ਇਸ ਦੀ ਬੇਪ੍ਰਤੀਤੀ ਵੀ ਹੋਈ ਹੈ। ਸਿਤਮਜ਼ਰੀਫ਼ੀ ਇਹ ਹੈ ਕਿ ਨਾਗਰਿਕ ਸਮਾਜ ਦੀ ਕੋਈ ਧਿਰ ਇਸ ਮੁੱਦੇ ’ਤੇ ਨਿੱਠ ਕੇ ਕੰਮ ਕਰਦੀ ਦਿਖਾਈ ਨਹੀਂ ਦੇ ਰਹੀ। ਇਸ ਕਰ ਕੇ ਮਸਲਾ ਹੱਲ ਹੋਣ ਦੀ ਥਾਂ ਵਿਗੜਨ ਵੱਲ ਵਧ ਰਿਹਾ ਹੈ।

ਪਰਮਾਣੂ ਊਰਜਾ ਰੈਗੂਲੇਟਰੀ ਬੋਰਡ ਅਨੁਸਾਰ ਪੀਣ ਵਾਲੇ ਪਾਣੀ ਵਿਚ ਯੂਰੇਨੀਅਮ ਦੀ ਮਾਤਰਾ 60 ਪੀ.ਪੀ.ਬੀ. ਤੋਂ ਵੱਧ ਨਹੀਂ ਹੋਣੀ ਚਾਹੀਦੀ, ਪਰ ਬਠਿੰਡਾ ਦੇ ਪਾਣੀ ਵਿਚ ਇਹ ਮਾਤਰਾ 684 ਪੀ.ਪੀ.ਬੀ ਪਾਈ ਗਈ। ਇਸ ਮਾਮਲੇ ਵਿਚ ਹਾਈ ਕੋਰਟ ਨੇ ਮਾਲਵਾ ਅਤੇ ਖਾਸ ਕਰਕੇ ਬਠਿੰਡਾ ਦੇ ਭੂਮੀਗਤ ਪਾਣੀ ਵਿਚ ਯੂਰੇਨੀਅਮ ਦੀ ਮੌਜੂਦਗੀ ਅਤੇ ਕੈਂਸਰ ਦੇ ਵਧ ਰਹੇ ਮਾਮਲਿਆਂ ਸੰਬੰਧੀ 14 ਸਾਲਾਂ ਤੋਂ ਲੰਬਿਤ ਪਟੀਸ਼ਨ ’ਤੇ ਸਾਵਧਾਨੀ ਦੇ ਤੌਰ ’ਤੇ ਮੁੱਖ ਸਕੱਤਰ ਨੂੰ ਪੂਰੇ ਸੂਬੇ ਦੇ ਭੂਮੀਗਤ ਪਾਣੀ ਦੀ ਨਵੇਂ ਸਿਰਿਓਂ ਜਾਂਚ ਕਰਨ ਦੇ ਹੁਕਮ ਵੀ ਦਿੱਤੇ ਸਨ।

ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਦੱਸਿਆ ਕਿ ਪੂਰੇ ਪੰਜਾਬ ਵਿਚੋਂ 4406 ਨਮੂਨੇ ਲਏ ਗਏ ਸਨ ਅਤੇ ਇਨ੍ਹਾਂ ਵਿਚੋਂ 108 ਵਿਚ ਯੂਰੇਨੀਅਮ ਦੀ ਮਾਤਰਾ ਨਿਰਧਾਰਤ ਮਾਪਦੰਡਾਂ ਤੋਂ ਵੱਧ ਪਾਈ ਗਈ। ਸੁਣਵਾਈ ਦੌਰਾਨ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਵਿਸ਼ਵ ਸਿਹਤ ਸੰਸਥਾਨ (ਡਬਲਯੂ.ਐਚ.ਓ) ਦੇ ਅਨੁਸਾਰ ਪਾਣੀ ਵਿਚ ਯੂਰੇਨੀਅਮ ਸੰਬੰਧੀ ਮਾਪਦੰਡ ਬਦਲੇ ਗਏ ਹਨ। ਹੁਣ ਨਿਸ਼ਚਿਤ ਮਾਤਰਾ 30 ਪੀ. ਪੀ. ਬੀ. ਹੈ। ਪੰਜਾਬ ਸਰਕਾਰ ਨੇ ਦੱਸਿਆ ਕਿ ਕੇਂਦਰ ਸਰਕਾਰ ਦਾ ਇੱਕ ਪੱਤਰ ਹੈ ਕਿ 60 ਪੀ.ਪੀ.ਬੀ. ਨੂੰ ਢੁਕਵਾਂ ਮੰਨਿਆ ਜਾ ਸਕਦਾ ਹੈ।

### ਪੰਜਾਬ ਸ਼ੁਧ ਪਾਣੀ ਦਾ ਸੰਕਟ ਕਿਉਂ ?

ਹਾਲ ਹੀ ਵਿੱਚ ਜਲ ਸਰੋਤਾਂ ਬਾਰੇ ਸਥਾਈ ਸੰਸਦੀ ਕਮੇਟੀ ਨੇ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਵਧ ਰਹੇ ਰੇਡੀਓਐਕਟਿਵ ਅਤੇ ਜ਼ਹਿਰੀਲੇ ਮਾਦਿਆਂ ਦੀ ਭਰਮਾਰ ਵੱਲ ਧਿਆਨ ਦਿਵਾਉਂਦਿਆਂ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਪ੍ਰਭਾਵਿਤ ਖੇਤਰਾਂ ਵਿੱਚ ਸਾਫ਼ ਪੀਣ ਯੋਗ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਦੀ ਸਿਫ਼ਾਰਸ਼ ਕੀਤੀ ਹੈ। ਸੰਸਦੀ ਕਮੇਟੀ ਦੀ ਰਿਪੋਰਟ ਵਿੱਚ ਇਹ ਗੱਲ ਉਭਾਰੀ ਗਈ ਹੈ ਕਿ ਫਤਹਿਗੜ੍ਹ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ, ਮੋਗਾ, ਪਟਿਆਲਾ ਅਤੇ ਰੂਪਨਗਰ ਸਣੇ ਪੰਜਾਬ ਦੇ ਨੌਂ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਆਇਰਨ, ਖਾਰੇ, ਨਾਈਟ੍ਰੇਟ ਅਤੇ ਭਾਰੀਆਂ ਧਾਤਾਂ ਦੇ ਕਣਾਂ ਦਾ ਪੱਧਰ ਕਾਫ਼ੀ ਉੱਚਾ ਹੈ। ਇਨ੍ਹਾਂ ਜ਼ਿਲ੍ਹਿਆਂ ਦੇ ਲੋਕਾਂ ਅੰਦਰ ਮਾੜੇ ਪਾਣੀ ਦੀ ਵਰਤੋਂ ਦੇ ਅਸਰ ਸਾਹਮਣੇ ਆਉਣ ਲੱਗ ਪਏ ਹਨ। ਯੂਰੇਨੀਅਮ ਜਿਹੇ ਰੇਡੀਓਐਕਟਿਵ ਤੱਤਾਂ ਦੇ ਰਲਾਅ ਵਾਲਾ ਪਾਣੀ ਲਗਾਤਾਰ ਪੀਣ ਕਰ ਕੇ ਗੁਰਦਿਆਂ, ਜਿਗਰ, ਹੱਡੀਆਂ ਅਤੇ ਚਮੜੀ ਦੇ ਘਾਤਕ ਰੋਗ ਹੋ ਸਕਦੇ ਹਨ। ਕਮੇਟੀ ਦੀਆਂ ਲੱਭਤਾਂ ਅਨੁਸਾਰ ਇਨ੍ਹਾਂ ਜ਼ਿਲ੍ਹਿਆਂ ਦੀਆਂ 32 ਥਾਵਾਂ ਵਿੱਚ ਅਜਿਹੇ ਖ਼ਤਰਨਾਕ ਤੱਤ ਨਿੱਕਲੇ ਹਨ ਜਿਨ੍ਹਾਂ ਵਿਚੋਂ ਸਿਰਫ਼ 22 ਨੂੰ ਹੀ ਸਮੂਹਿਕ ਜਲ ਸ਼ੁੱਧੀਕਰਨ ਪਲਾਂਟਾਂ (ਸੀਡਬਲਿਊਪੀਪੀ) ਅਤੇ ਵਿਅਕਤੀਗਤ ਘਰੇਲੂ ਸ਼ੁੱਧੀਕਰਨ ਦੀ ਸਹੂਲਤ ਪਹੁੰਚਾਈ ਜਾ ਸਕੀ ਹੈ; ਬਾਕੀ ਦਸ ਥਾਵਾਂ ਤੱਕ ਇਹੋ ਜਿਹੀ ਸਹੂਲਤ ਨਹੀਂ ਪਹੁੰਚਾਈ ਜਾ ਸਕੀ। ਕੁਝ ਸਮਾਂ ਪਹਿਲਾਂ ਕੇਂਦਰੀ ਜ਼ਮੀਨੀ ਜਲ ਬੋਰਡ (ਸੀਜੀਡਬਲਿਊਬੀ) ਦੀ ਸਾਲ 2024 ਦੀ ਰਿਪੋਰਟ ਵਿੱਚ ਇਹ ਦਰਜ ਕੀਤਾ ਗਿਆ ਸੀ ਕਿ ਪੰਜਾਬ 20 ਜ਼ਿਲ੍ਹਿਆਂ ਅਤੇ ਹਰਿਆਣਾ ਦੇ 16 ਜ਼ਿਲ੍ਹਿਆਂ ਦੇ ਜ਼ਮੀਨੀ ਪਾਣੀ ਵਿੱਚ ਯੂਰੇਨੀਅਮ, ਨਾਈਟ੍ਰੇਟਸ, ਆਰਸੈਨਿਕ, ਕਲੋਰਾਈਡ ਅਤੇ ਫਲੋਰਾਈਡ ਜਿਹੇ ਖ਼ਤਰਨਾਕ ਤੱਤਾਂ ਦੀ ਮੌਜੂਦਗੀ ਪ੍ਰਵਾਨਿਤ ਹੱਦ ਤੋਂ ਕਿਤੇ ਵੱਧ ਨਿੱਕਲੀ ਹੈ।

# ਨੂੰਹ ਨੂੰ ਭੇਜਿਆ ਵਿਦੇਸ਼, ਦੋ ਮਹੀਨੇ ਬਾਅਦ ਮੁਕਰੀ, ਮਾਮਲਾ ਦਰਜ

ਗੁਰਦਾਸਪੁਰ-ਸਹੁਰਾ ਪਰਿਵਾਰ ਆਪਣੀ ਨੂੰਹ ਨੂੰ ਇਸ ਆਸ ਨਾਲ ਵਿਦੇਸ਼ ਭੇਜਦਾ ਹੈ ਕਿ ਉਹ ਉੱਥੇ ਜਾ ਕੇ ਆਪਣੇ ਮੁੰਡੇ ਨੂੰ ਵੀ ਵਿਦੇਸ਼ ਲੈ ਜਾਵੇਗੀ ਪਰ ਕਈ ਮਾਮਲੇ ਅਜਿਹੇ ਹਨ, ਜਿਨ੍ਹਾਂ ਵਿਚ ਕੁੜੀ ਵਿਦੇਸ਼ ਜਾਣ ਤੋਂ ਬਾਅਦ ਆਪਣੇ ਵਾਅਦੇ ਤੋਂ ਮੁੱਕਰ ਜਾਂਦੀ ਹੈ। ਅਜਿਹਾ ਹੀ ਇੱਕ ਹੋਰ ਮਾਮਲਾ ਜ਼ਿਲ੍ਹਾ ਗੁਰਦਾਸਪੁਰ ਤੋਂ ਸਾਹਮਣੇ ਆਇਆ ਹੈ। ਏ.ਐੱਸ.ਆਈ ਅਜੇ ਰਾਜਨ ਨੇ ਦੱਸਿਆ ਕਿ ਜਸਵਿੰਦਰ ਕੌਰ ਪੁੱਤਰੀ ਦਿਲਬਾਗ ਸਿੰਘ ਵਾਸੀ ਮੇਹਰ ਚੰਦ ਰੋਡ ਗੁਰਦਾਸਪੁਰ ਨੇ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਦੇ ਮੁੰਡੇ ਸਿਮਰਨਜੀਤ ਸਿੰਘ ਦੀ ਕੋਰਟ ਮੈਰਿਜ ਮਨਿੰਦਰ ਕੌਰ ਨਾਲ ਮਿਤੀ 6-ਮਾਰਚ-19 ਨੂੰ ਹੋਈ ਸੀ। ਸਾਲ 2021 ਵਿਚ ਉਸ ਦੇ ਪਰਿਵਾਰ ਨੇ ਆਪਣੀ ਨੂੰਹ ਮਨਿੰਦਰ ਕੌਰ ਨੂੰ 25 ਲੱਖ ਰੁਪਏ ਖਰਚ ਕਰਕੇ ਵਿਦੇਸ਼ ਕੈਨੇਡਾ ਭੇਜ ਦਿੱਤਾ। ਇਸ ਤੋਂ ਕਰੀਬ 2 ਮਹੀਨੇ ਬਾਅਦ ਉਸ ਦਾ ਮੁੰਡਾ ਸਿਮਰਨਜੀਤ ਸਿੰਘ ਵੀ ਕੈਨੇਡਾ ਚਲਾ ਗਿਆ, ਪਰ ਮਨਿੰਦਰ ਕੌਰ ਆਪਣੇ ਪਤੀ ਸਿਮਰਨਜੀਤ ਸਿੰਘ ਨੂੰ ਆਪਣੇ ਨਾਲ ਨਹੀਂ ਰੱਖ ਰਹੀ ਹੈ ਅਤੇ ਉਸ ਨੂੰ ਫਸਾਉਣ ਦੀਆਂ ਧਮਕੀਆਂ ਦੇ ਰਹੀ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕਰਨ ਤੋਂ ਬਾਅਦ ਦੋਸ਼ੀ ਮਨਿੰਦਰ ਕੌਰ ਪੁੱਤਰੀ ਸੁਰਿੰਦਰ ਸਿੰਘ ਵਾਸੀ ਜਸਵਾਲ ਲਾੜੀ ਪਠਾਨਕੋਟ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ।



# ਮੁਹਾਲੀ ਵਿਚ ਇਕ ਵਿਆਹ ਸਮਾਗਮ ਵਿਚ ਖੁੱਲ੍ਹੇਆਮ ਗੋਲ਼ੀਆਂ ਚਲੀਆਂ, ਪਰਚਾ ਦਰਜ

## ✪ ਅਦਾਲਤ ਦੀਆਂ ਸਖਤ ਹਦਾਇਤਾਂ ਦੇ ਬਾਵਜੂਦ ਮਾਮਲੇ ਵਧ ਰਹੇ ਹਨ



ਐੱਸਏਐੱਸ ਨਗਰ-ਮੁਹਾਲੀ ਵਿਚ ਇਕ ਵਿਆਹ ਸਮਾਗਮ ਵਿਚ ਖੁੱਲ੍ਹੇਆਮ ਗੋਲ਼ੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦੀ ਇਕ ਵੀਡੀਓ ਵਾਇਰਲ ਹੋ ਰਹੀ ਹੈ। ਇਸ ਵਿਰੁਧਚ ਇਕ ਵਿਅਕਤੀ ਸਟੇਜ 'ਤੇ ਖੁੱਲ੍ਹੇਆਮ ਹਵਾ ਵਿਚ ਗੋਲ਼ੀਆਂ ਚਲਾ ਰਿਹਾ ਹੈ। ਇਕ ਵਿਅਕਤੀ ਆਪਣੀ ਜੇਬ 'ਚ ਇਕ ਲੋਡਿਡ ਪਿਸਤੌਲ ਰੱਖਦਾ ਹੈ, ਜਿਸ ਤੋਂ ਬਾਅਦ ਪਿਸਤੌਲ ਜ਼ਮੀਨ 'ਤੇ ਡਿਗਦਾ ਹੈ ਅਤੇ ਆਪਣੇ ਆਪ ਫਾਇਰ ਹੋ ਜਾਂਦਾ ਹੈ। ਇਸ ਘਟਨਾ ਵਿਚ ਉੱਥੇ ਮੌਜੂਦ ਲੋਕ ਮੌਤ ਤੋਂ ਵਾਲ-ਵਾਲ ਬਚ ਗਏ।

ਪੁਲਿਸ ਨੇ ਅਸਲਾ ਐਕਟ ਦੀ ਧਾਰਾ ਅਧੀਨ ਕਾਰਵਾਈ ਕਰਦੇ ਹੋਏ ਸੁਖਪ੍ਰੀਤ ਸਿੰਘ ਪ੍ਰੇਮਗੜ੍ਹ ਸੈਣੀ ਮਾਜਰਾ 'ਤੇ ਪਰਚਾ ਦਰਜ ਕਰ ਦਿੱਤਾ ਗਿਆ ਹੈ। ਥਾਣਾ ਇੰਚਾਰਜ ਜਸ਼ਨਪ੍ਰੀਤ ਸਿੰਘ ਅਨੁਸਾਰ ਦੋਸ਼ੀ ਹਾਲੇ ਫ਼ਰਾਰ ਹੈ ਅਤੇ ਛੇਤੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਪੰਜਾਬ ਵਿਚ ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ, ਪੰਜਾਬ ਸਰਕਾਰ ਨੇ ਸੱਤਾ ਅਤੇ ਹਥਿਆਰਾਂ 'ਤੇ ਗਾਏ ਜਾਣ ਵਾਲੇ ਗੀਤਾਂ ਅਤੇ ਹਥਿਆਰਾਂ ਦੇ ਜਨਤਕ ਪ੍ਰਦਰਸ਼ਨ 'ਤੇ ਵੀ ਪਾਬੰਦੀ ਲਗਾ ਦਿੱਤੀ ਸੀ। ਇਸ ਦੇ ਬਾਵਜੂਦ, ਅਜਿਹੀਆਂ ਘਟਨਾਵਾਂ ਹਰ ਰੋਜ਼ ਸਾਹਮਣੇ ਆ ਰਹੀਆਂ ਹਨ।

ਪੰਜਾਬ ਟਾਈਮਜ ਅਨੁਸਾਰ ਨਵੰਬਰ 2022 ਵਿਚ, ਪੰਜਾਬ ਸਰਕਾਰ ਨੇ ਪੰਜਾਬ ਵਿਚ ਬੰਦੂਕ ਕਲਚਰ ਨੂੰ ਖ਼ਤਮ ਕਰਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੇ ਹੁਕਮ ਜਾਰੀ ਕੀਤੇ ਸਨ। ਇਸ ਸਮੇਂ ਦੌਰਾਨ, ਸਾਰੇ ਹਥਿਆਰਾਂ ਦੇ ਲਾਇਸੈਂਸਾਂ ਦੀ ਸਮੀਖਿਆ ਕੀਤੀ ਗਈ। ਨਾਲ ਹੀ, ਬੰਦੂਕ ਕਲਚਰ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਵਾਲੇ ਗੀਤਾਂ 'ਤੇ ਵੀ ਪਾਬੰਦੀ ਲਗਾਈ ਗਈ ਸੀ। ਧਾਰਮਿਕ ਅਤੇ ਹੋਰ ਸਮਾਗਮਾਂ ਵਿਚ ਹਥਿਆਰ ਲੈ ਕੇ ਜਾਣ ਅਤੇ ਸੋਸ਼ਲ ਮੀਡੀਆ 'ਤੇ ਹਥਿਆਰਾਂ ਨਾਲ ਸੈਲਫੀ ਫ਼ੋਟੋਆਂ ਪੋਸਟ ਕਰਨ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ। ਜਨਵਰੀ 2023 ਵਿਚ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਵੀ ਅਜਿਹੇ ਮਾਮਲੇ ਨੂੰ ਲੈ ਕੇ ਸਰਕਾਰ ਵਿਰੁੱਧ ਸਖ਼ਤ ਟਿੱਪਣੀਆਂ ਕੀਤੀਆਂ ਸਨ। ਗ਼ੈਰ-ਕਾਨੂੰਨੀ ਹਥਿਆਰਾਂ ਦੇ ਖੁੱਲ੍ਹੇਆਮ ਪ੍ਰਦਰਸ਼ਨ ਅਤੇ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਨ ਦੀਆਂ ਵਧਦੀਆਂ ਘਟਨਾਵਾਂ ਦਾ ਨੋਟਿਸ ਲੈਂਦੇ ਹੋਏ, ਅਦਾਲਤ ਨੇ ਪੰਜਾਬ ਸਰਕਾਰ ਨੂੰ ਸੂਬੇ ਵਿਚ ਅਜਿਹੇ ਸਾਰੇ ਮਾਮਲਿਆਂ ਦੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਸਨ।

ਅਦਾਲਤ ਨੇ ਇਸ ਸਥਿਤੀ ਨੂੰ ਗੰਭੀਰ ਚਿੰਤਾ ਦਾ ਵਿਸ਼ਾ ਦੱਸਿਆ ਸੀ। ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਤੁਰੰਤ ਕਾਰਵਾਈ ਕਰਨ ਦੇ ਵੀ ਆਦੇਸ਼ ਦਿੱਤੇ ਗਏ। ਅਦਾਲਤ ਨੇ ਦੇਖਿਆ ਸੀ ਕਿ ਅਦਾਲਤ ਦੇ ਸਾਹਮਣੇ ਕਈ ਅਜਿਹੇ ਮਾਮਲੇ ਆਏ ਹਨ, ਜਿੱਥੇ ਸੂਬੇ ਵਿਚ ਹਥਿਆਰਾਂ ਅਤੇ ਗੋਲ਼ੀਬਾਰੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ ਸੀ ਅਤੇ ਸੋਸ਼ਲ ਮੀਡੀਆ 'ਤੇ ਵੀ ਪੋਸਟ ਕੀਤੀ ਗਈ।

# ਤੇਲ ਪਵਾ ਕੇ ਨਿਹੰਗ ਬਾਣੇ ਭੱਜੇ ਚੋਰਾਂ ਨੇ ਪੈਟਰੋਲ ਪੰਪ ਮਾਲਕ ਦੇ ਲੜਕੇ ਦਾ ਵੱਢਿਆ ਗੁੱਟ

## ✪ ਲੁਟੇਰਿਆਂ ਦੇ ਇੱਕ ਸਾਥੀ ਨੂੰ ਲੋਕਾਂ ਨੇ ਮੌਕੇ 'ਤੇ ਫ਼ੜ ਕੇ ਪੁਲਿਸ ਹਵਾਲੇ ਕੀਤਾ





ਘੁਮਾਣ-ਘੁਮਾਣ ਤੋਂ ਬਿਆਸ ਰੋਡ 'ਤੇ ਸਥਿਤ ਬਾਬਾ ਨਾਮਦੇਵ ਫਿਲਿੰਗ ਸਟੇਸ਼ਨ 'ਤੇ 3 ਮੋਟਰਸਾਈਕਲ ਸਵਾਰ ਨਿਹੰਗ ਸਿੰਘਾਂ ਦੇ ਬਾਣੇ ਵਿਚ ਆਏ। ਉਹ ਤੇਲ ਪਵਾ ਕੇ ਜਦੋਂ ਭੱਜੇ ਤਾਂ ਉਥੇ ਖੜ੍ਹੇ ਮਾਲਕ ਦੇ ਬੇਟੇ ਗੁਰਕੀਰਤ ਸਿੰਘ ਪਿੰਡ ਬਾਘੇ ਨੇ ਉਨ੍ਹਾਂ ਦਾ ਪਿੱਛਾ ਕਰਕੇ ਉਨ੍ਹਾਂ ਮੋਟਰਸਾਈਕਲ ਸਵਾਰਾਂ ਨੂੰ ਰੋਕ ਲਿਆ ਤਾਂ ਇਕ ਨਿਹੰਗ ਬਾਣੇ ਵਾਲੇ ਵਿਅਕਤੀ ਨੇ ਗੁਰਕੀਰਤ ਸਿੰਘ 'ਤੇ ਤੇਜ਼ਧਾਰ ਹਥਿਆਰ ਨਾਲ ਹਮਲਾ ਕਰਕੇ ਉਸ ਦਾ ਗੁੱਟ ਵੱਢ ਦਿੱਤਾ, ਜਿਸ ਕਾਰਨ ਉਸ ਨੂੰ ਅੰਮ੍ਰਿਤਸਰ ਅਮਨਦੀਪ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ।

ਲੋਕਾਂ ਨੇ ਉਸ ਨਿਹੰਗ ਬਾਣੇ ਵਾਲੇ ਵਿਅਕਤੀ ਨੂੰ ਕਾਬੂ ਕਰ ਲਿਆ ਤੇ ਪੁਲਿਸ ਹਵਾਲੇ ਕਰ ਦਿੱਤਾ। ਦੋ ਜਣੇ ਭੱਜਣ 'ਚ ਕਾਮਯਾਬ ਹੋ ਗਏ। ਇਸ ਸਬੰਧੀ ਪੈਟਰੋਲ ਪੰਪ 'ਤੇ ਕੰਮ ਕਰਦੇ ਜੁਗਰਾਜ ਸਿੰਘ ਨੇ ਦੱਸਿਆ ਕਿ ਮੇਰੇ ਨਾਲ ਕੰਮ ਕਰਦੇ ਸਾਥੀ ਕੋਲੋਂ ਦੋ ਨਿਹੰਗ ਦੇ ਬਾਣੇ ਵਿੱਚ ਆਏ ਵਿਅਕਤੀਆਂ ਨੇ ਸਪਲੈਂਡਰ ਮੋਟਰਸਾਈਕਲ ਵਿੱਚ ਇੱਕ ਹਜ਼ਾਰ ਰੁਪਏ ਦਾ ਤੇਲ ਪਵਾ ਲਿਆ, ਜਦੋਂ ਉਸ ਨੇ ਉਨ੍ਹਾਂ ਕੋਲੋਂ ਰੁਪਏ ਮੰਗੇ ਤਾਂ ਉਨ੍ਹਾਂ ਗੁੱਗਲ ਪੇਅ ਕਰਨ ਦਾ ਕਿਹਾ ਅਤੇ ਨਾਲ ਮੋਟਰਸਾਈਕਲ ਭਜਾ ਕੇ ਲੈ ਗਏ।

ਉਨ੍ਹਾਂ ਆਖਿਆ ਨਿਹੰਗ ਬਾਣੇ ਵਿੱਚ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਵਿਅਕਤੀਆਂ ਦੀ ਗਿਣਤੀ ਤਿੰਨ ਸੀ ਉਹ ਆਪਣੇ ਇਕ ਸਾਥੀ ਨੂੰ ਪੰਪ ਤੋਂ ਥੋੜ੍ਹੀ ਦੂਰ ਉਤਾਰ ਕੇ ਤੇਲ ਪਵਾਉਣ ਆਏ ਸਨ। ਜੁਗਰਾਜ ਸਿੰਘ ਨੇ ਦੱਸਿਆ ਕਿ ਪੈਟਰੋਲ ਪੰਪ ਦੇ ਮਾਲਕ ਦਾ ਲੜਕਾ ਗੁਰਕੀਰਤ ਸਿੰਘ ਕਿਸੇ ਕੰਮ ਤੋਂ ਆ ਰਿਹਾ ਸੀ, ਜਦੋਂ ਅਸੀਂ ਰੌਲਾ ਪਾਇਆ ਤਾਂ ਗੁਰਕੀਰਤ ਸਿੰਘ ਨੇ ਫ਼ਰਾਰ ਹੋਏ ਲੁਟੇਰਿਆਂ ਦਾ ਪਿੱਛਾ ਕਰਕੇ ਉਨ੍ਹਾਂ ਨੂੰ ਰੋਕਿਆ ਇਕ ਲੁਟੇਰੇ ਨੇ ਕਿਰਪਾਨ ਨਾਲ ਹਮਲਾ ਕਰਕੇ ਗੁਰਕੀਰਤ ਸਿੰਘ ਦੇ ਗੁੱਟ ਵੱਢ ਦਿੱਤਾ।

ਗੰਭੀਰ ਜ਼ਖ਼ਮੀ ਗੁਰਕੀਰਤ ਸਿੰਘ ਅਮਨਦੀਪ ਹਸਪਤਾਲ ਅੰਮ੍ਰਿਤਸਰ ਵਿਖੇ ਜ਼ੇਰੇ ਇਲਾਜ ਹੈ। ਉਨ੍ਹਾਂ ਆਖਿਆ ਕਿ ਨਿਹੰਗ ਬਾਣੇ ਵਿੱਚ ਆਏ ਲੁਟੇਰਿਆਂ ਦੇ ਇੱਕ ਸਾਥੀ ਨੂੰ ਲੋਕਾਂ ਨੇ ਮੌਕੇ 'ਤੇ ਫ਼ੜ ਕੇ ਪੁਲਿਸ ਹਵਾਲੇ ਕਰ ਦਿੱਤਾ ਹੈ। ਥਾਣਾ ਘੁਮਾਣ ਦੇ ਐੱਸਐੱਚਓ ਗੁਰਵਿੰਦਰ ਸਿੰਘ ਪੁਲਿਸ ਪਾਰਟੀ ਸਮੇਤ ਘਟਨਾ ਸਥਾਨ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕਰ ਰਹੇ ਹਨ। ਥਾਣਾ ਮੁਖੀ ਗੁਰਵਿੰਦਰ ਸਿੰਘ ਨੇ ਆਖਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਵਿਰੁੱਧ ਬਣਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਫ਼ਰਾਰ ਦੋਸ਼ੀਆਂ ਨੂੰ ਜਲਦੀ ਕਾਬੂ ਕਰ ਲਿਆ ਜਾਵੇਗਾ।

# ਦਰਬਾਰ ਸਾਹਿਬ ਦੇ ਗਲਿਆਰੇ ਵਿਚ ਪਏ ਕੂੜੇ ਨੂੰ ਚੁੱਕਣ ਦੀ ਸੇਵਾ ਕਰਨ ਲੱਗੇ ਗੋਰੇ



ਅੰਮ੍ਰਿਤਸਰ-ਦਰਬਾਰ ਸਾਹਿਬ ਦੇ ਗਲਿਆਰੇ ਵਿਚ ਯਾਤਰੂਆਂ ਵੱਲੋਂ ਸੁੱਟੇ ਕੂੜੇ ਨੂੰ ਚੁੱਕਣ ਦੀ ਸੇਵਾ ਵਿਦੇਸ਼ੀ ਗੋਰੇ ਵੀ ਕਰਨ ਲੱਗੇ ਹਨ। ਵਿਦੇਸ਼ਾਂ ਵਿਚ ਸਫਾਈ ਰੱਖਣ ਦੀ ਗੁੜਤੀ ਉਥੇ ਦੇ ਸਥਾਨਕ ਲੋਕਾਂ ਨੂੰ ਜਨਮ ਤੋਂ ਹੀ ਦਿੱਤੀ ਜਾਂਦੀ ਹੈ, ਤਾਂ ਜੋ ਗੰਦਗੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਅਤੇ ਬਦਬੂ ਤੋਂ ਬਚਿਆ ਜਾ ਸਕੇ। ਵਿਦੇਸ਼ਾਂ ਤੋਂ ਗੁਰੂ ਨਗਰੀ ਆਉਣ ਵਾਲੇ ਯਾਤਰੂ ਜਿਥੇ ਗੁਰੂ ਘਰਾਂ ਵਿਚ ਸਫਾਈ, ਸੰਗਤਾਂ ਵੱਲੋਂ ਕੀਤੀ ਜਾਂਦੀ ਸੇਵਾ ਅਤੇ ਆਪਸੀ ਮਿਲਵਰਤਨ ਤੇ ਪਿਆਰ ਦੇਖ ਕੇ ਖੁਸ਼ ਹੁੰਦੇ ਹਨ, ਉਥੇ ਹੀ ਸੇਵਾ ਕਰਕੇ ਇਸ ਦਾ ਅਨੁਭਵ ਵੀ ਹਾਸਲ ਕਰਦੇ ਹਨ। ਦੂਸਰੇ ਪਾਸੇ ਸ਼ਹਿਰ ਦੀਆਂ ਗਲੀਆਂ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਰਸਤਿਆਂ ਅਤੇ ਗਲਿਆਰੇ ਵਿਚ ਪਏ ਕੂੜੇ ਨੂੰ ਦੇਖ ਕੇ ਨੱਕ ਵੀ ਚਿੜ੍ਹਾਉਂਦੇ ਹਨ। ਬੀਤੇ ਦਿਨੀਂ ਸਵੇਰੇ ਦਰਬਾਰ ਸਾਹਿਬ ਦੇ ਵਿਰਾਸਤੀ ਮਾਰਗ ਅਤੇ ਗਲਿਆਰੇ ਵਿਚ ਪਏ ਕੂੜੇ ਨੂੰ ਇਕ ਵਿਦੇਸ਼ੀ ਗੋਰਾ ਇਕ ਬੋਰੀ ਵਿਚ ਪਾਉਂਦਾ ਨਜ਼ਰ ਆਇਆ। ਇਸ ਗੋਰੇ ਨੇ ਕੂੜਾ ਇਕੱਠਾ ਕਰਨ ਲਈ ਇਕ ਹੱਥ ਵਿਚ ਬੋਰੀ ਫੜੀ ਸੀ ਅਤੇ ਗੰਦਗੀ ਤੋਂ ਬਚਾਅ ਲਈ ਹੱਥਾਂ ਵਿਚ ਦਸਤਾਨੇ ਵੀ ਪਹਿਨੇ ਹੋਏ ਸਨ। ਗੋਰਾ ਗੁਰੂ ਘਰ ਦੇ ਆਸ-ਪਾਸ ਪਏ ਕੂੜੇ-ਕਰਕਟ ਨੂੰ ਸਾਫ ਕਰਦਾ ਹੋਇਆ ਪ੍ਰਸੰਨ ਹੋ ਰਿਹਾ ਸੀ। ਇਥੇ ਇਹ ਵੀ ਦਸਣਯੋਗ ਹੈ ਕਿ ਅਕਾਲੀ-ਭਾਜਪਾ ਸਰਕਾਰ ਨੇ 2016 ਵਿਚ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨੂੰ ਸੁੰਦਰ ਬਣਾਉਣ ਅਤੇ ਮੁੱਖ ਮਾਰਗ ਨੂੰ ਵਿਰਾਸਤੀ ਦਿੱਖ ਦੇਣ ਲਈ ਕਰੋੜਾਂ ਰੁਪਏ ਖਰਚ ਕੀਤੇ ਸਨ, ਜਿਸ ਤੋਂ ਬਾਅਦ ਦੇਸ਼ ਵਿਦੇਸ਼ ਤੋਂ ਆਉਂਣ ਵਾਲੇ ਯਾਤਰੂਆਂ ਲਈ ਵਿਰਾਸਤੀ ਮਾਰਗ ਖਿੱਚ ਦਾ ਕੇਂਦਰ ਬਣਿਆ ਸੀ। ਪਰ ਪਿਛਲੇ ਸਮੇਂ ਤੋਂ ਬਹੁਤ ਸਾਰੇ ਸਿਆਸੀ ਆਗੂ ਇਥੇ ਆ ਕੇ ਪਏ ਕੂੜੇ ਨੂੰ ਸਾਫ ਕਰਦਿਆਂ ਸਰਕਾਰਾਂ ਨੂੰ ਕੋਸਦੇ ਆ ਰਹੇ ਸਨ, ਪਰ ਇਕ ਵਿਦੇਸ਼ੀ ਵੱਲੋਂ ਕੂੜਾ ਚੁੱਕਣ ਦੀ ਸੇਵਾ ਕਰਨਾ ਇਥੋਂ ਦੇ ਸਫਾਈ ਪ੍ਰਬੰਧਾਂ ਦੀ ਪੋਲ ਖੋਲ ਰਿਹਾ ਹੈ।

# ਪ੍ਰੇਮ ਸਬੰਧਾਂ ਕਾਰਨ ਗੁਜਰਾਤ ਵਿੱਚ ਦਲਿਤ ਨੂੰ ਨੰਗਾ ਕਰਕੇ ਕੁੱਟਿਆ ਅਤੇ ਫਿਰ ਪਿੰਡ ਵਿੱਚ ਘੁੰਮਾਇਆ ?

## ✪ 2001 ਤੋਂ 2014 ਤੱਕ, ਦਲਿਤਾਂ ਦੇ ਕਤਲ ਦੇ 257 ਮਾਮਲੇ ਦਰਜ ਕੀਤੇ ਗਏ ✪ ਹਰ ਚਾਰ ਦਿਨਾਂ ਵਿੱਚ ਇੱਕ ਦਲਿਤ ਔਰਤ ਨਾਲ ਹੁੰਦਾ ਹੈ ਬਲਾਤਕਾਰ





**ਖਾਸ ਖਬਰ** ਗੁਜਰਾਤ ਵਿੱਚ, ਜਿਸਨੂੰ ਅਕਸਰ ਵਿਕਾਸ ਅਤੇ ਆਰਥਿਕ ਤਰੱਕੀ ਦੇ ਮਾਡਲ ਵਜੋਂ ਪੇਸ਼ ਕੀਤਾ ਜਾਂਦਾ ਹੈ, ਦਲਿਤ ਭਾਈਚਾਰੇ ਦੀ ਹਾਲਤ ਲੰਬੇ ਸਮੇਂ ਤੋਂ ਚਰਚਾ ਅਤੇ ਵਿਵਾਦ ਦਾ ਵਿਸ਼ਾ ਰਹੀ ਹੈ। ਸੰਵਿਧਾਨਕ ਅਧਿਕਾਰਾਂ ਅਤੇ ਕਾਨੂੰਨੀ ਸੁਰੱਖਿਆ ਦੇ ਬਾਵਜੂਦ, ਸੂਬੇ ਵਿੱਚ ਦਲਿਤਾਂ ਵਿਰੁੱਧ ਹਿੰਸਾ, ਵਿਤਕਰੇ ਅਤੇ ਜ਼ੁਲਮ ਦੇ ਮਾਮਲੇ ਲਗਾਤਾਰ ਵਾਪਰ ਰਹੇ ਹਨ। 11 ਮਾਰਚ ਨੂੰ ਗੁਜਰਾਤ ਦੇ ਸਾਬਰਕਾਂਠਾ ਜ਼ਿਲ੍ਹੇ ਦੇ ਵਡੋਲ ਪਿੰਡ ਵਿੱਚ ਇੱਕ ਦਲਿਤ ਵਿਅਕਤੀ ਨਾਲ ਵਾਪਰੀ ਬੇਰਹਿਮੀ ਵਾਲੀ ਘਟਨਾ ਨੇ ਇੱਕ ਵਾਰ ਫਿਰ ਜਾਤੀ ਹਿੰਸਾ ਅਤੇ ਸਮਾਜਿਕ ਅਸਮਾਨਤਾ ਦੇ ਮੁੱਦੇ ਨੂੰ ਸੁਰਖੀਆਂ ਵਿੱਚ ਲਿਆ ਦਿੱਤਾ ਹੈ। ਇਸ ਘਟਨਾ ਵਿੱਚ, ਉੱਚ ਜਾਤੀ ਦੇ ਲੋਕਾਂ ਨੇ ਕਥਿਤ ਤੌਰ 'ਤੇ ਇੱਕ ਦਲਿਤ ਵਿਅਕਤੀ ਦੇ ਕੱਪੜੇ ਉਤਾਰ ਦਿੱਤੇ, ਉਸਨੂੰ ਕੁੱਟਿਆ ਅਤੇ ਪਿੰਡ ਵਿੱਚ ਘੁੰਮਾਇਆ ਗਿਆ। ਇਹ ਸਭ ਕਥਿਤ ਤੌਰ 'ਤੇ ਇੱਕ ਵਿਆਹੀ ਔਰਤ ਨਾਲ ਪ੍ਰੇਮ ਸਬੰਧਾਂ ਕਾਰਨ ਹੋਇਆ। ਇਹ ਘਟਨਾ 13 ਮਾਰਚ ਨੂੰ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਪੁਲਿਸ ਦੇ ਧਿਆਨ ਵਿੱਚ ਆਈ।

ਪੁਲਿਸ ਦੇ ਅਨੁਸਾਰ, 32 ਸਾਲਾ ਪੀੜਤ ਉਸਾਰੀ ਮਜ਼ਦੂਰਾਂ ਨੂੰ ਉਨ੍ਹਾਂ ਦੇ ਕੰਮ ਵਾਲੀ ਥਾਂ 'ਤੇ ਲਿਜਾਣ ਦਾ ਕੰਮ ਕਰਦਾ ਹੈ ਅਤੇ ਇਸੇ ਦੌਰਾਨ ਉਸਦੀ ਮੁਲਾਕਾਤ ਔਰਤ ਨਾਲ ਹੋਈ। ਉਹ ਖੁਦ ਵੀ ਵਿਆਹਿਆ ਹੋਇਆ ਹੈ ਅਤੇ ਉਸਦੇ ਦੋ ਬੱਚੇ ਹਨ। 11 ਮਾਰਚ ਦੀ ਰਾਤ ਨੂੰ, ਆਲੂ ਛਾਂਟਣ ਦਾ ਕੰਮ ਖਤਮ ਕਰਨ ਤੋਂ ਬਾਅਦ, ਉਹ ਕੋਲਡ ਸਟੋਰੇਜ ਗੋਦਾਮ ਤੋਂ ਚਾਹ ਬਣਾਉਣ ਲਈ ਬਾਹਰ ਆਇਆ। ਉਸੇ ਸਮੇਂ, ਸੰਜੇ ਅਤੇ ਉਸਦੇ ਦੋਸਤਾਂ ਨੇ ਉਸਦਾ ਨਾਮ ਲੈਂਦੇ ਹੋਏ ਉਸ 'ਤੇ ਹਮਲਾ ਕਰ ਦਿੱਤਾ। ਪੀੜਤ ਨੇ ਐਫਆਈਆਰ ਵਿੱਚ ਦੱਸਿਆ ਕਿ ਉਹ ਡਰ ਕੇ ਭੱਜ ਗਿਆ ਸੀ, ਪਰ ਹਮਲਾਵਰਾਂ ਨੇ ਉਸਨੂੰ ਫੜ ਲਿਆ, ਗਾਲ੍ਹਾਂ ਕੱਢੀਆਂ ਅਤੇ ਬੁਰੀ ਤਰ੍ਹਾਂ ਕੁੱਟਿਆ। ਇਸ ਤੋਂ ਬਾਅਦ, ਉਸਨੂੰ ਇੱਕ ਮੰਦਰ ਵਿੱਚ ਲਿਜਾਇਆ ਗਿਆ ਅਤੇ ਉਸਦੀ ਅਤੇ ਸੰਜੇ ਦੀ ਪਤਨੀ ਦੀ ਕਥਿਤ ਫੋਟੋ ਦਿਖਾਈ ਗਈ। ਫਿਰ ਉਸਨੂੰ ਨੰਗਾ ਕਰਕੇ ਪਿੰਡ ਵਿੱਚ ਘੁੰਮਾਇਆ ਗਿਆ ਅਤੇ ਇੱਕ ਸੁੰਨਸਾਨ ਜਗ੍ਹਾ 'ਤੇ ਲਿਜਾਇਆ ਗਿਆ ਅਤੇ ਦੁਬਾਰਾ ਪਿੰਡ ਵਿੱਚ ਪੈਰ ਨਾ ਰੱਖਣ ਦੀ ਧਮਕੀ ਦਿੱਤੀ ਗਈ। ਅੰਤ ਵਿੱਚ ਉਸਨੂੰ ਇੱਕ ਕਾਗਜ਼ 'ਤੇ ਦਸਤਖਤ ਕਰਨ ਲਈ ਮਜਬੂਰ ਕੀਤਾ ਗਿਆ, ਜਿਸ ਤੋਂ ਬਾਅਦ ਉਸਨੂੰ ਰਿਹਾਅ ਕਰ ਦਿੱਤਾ ਗਿਆ।

ਪੀੜਤ ਕਿਸੇ ਤਰ੍ਹਾਂ ਆਪਣੇ ਪਿੰਡ ਵਾਪਸ ਆ ਗਿਆ, ਜਿੱਥੇ ਉਸਦੇ ਦੋਸਤਾਂ ਅਤੇ ਪਰਿਵਾਰ ਨੇ ਉਸਨੂੰ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ। ਸਾਬਰਕਾਂਠਾ ਦੇ ਪੁਲਿਸ ਸੁਪਰਡੈਂਟ ਵਿਜੇ ਪਟੇਲ ਦੇ ਅਨੁਸਾਰ, ਪੀੜਤ ਨੂੰ ਇੰਨੀ ਬੁਰੀ ਤਰ੍ਹਾਂ ਕੁੱਟਿਆ ਗਿਆ ਕਿ ਉਸਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ, ਪਰ ਡਰ ਕਾਰਨ ਉਸਨੇ ਸ਼ੁਰੂ ਵਿੱਚ ਡਾਕਟਰਾਂ ਨੂੰ ਦੱਸਿਆ ਕਿ ਉਹ ਪੌੜੀਆਂ ਤੋਂ ਡਿੱਗ ਗਿਆ ਸੀ, ਜਿਸ ਤੋਂ ਬਾਅਦ ਕੋਈ ਮੈਡੀਕਲ-ਕਾਨੂੰਨੀ ਕੇਸ ਦਰਜ ਨਹੀਂ ਕੀਤਾ ਗਿਆ। ਵਾਇਰਲ ਵੀਡੀਓ ਤੋਂ ਬਾਅਦ, ਪੁਲਿਸ ਨੇ ਪੀੜਤ ਨਾਲ ਸੰਪਰਕ ਕੀਤਾ ਅਤੇ ਉਸਨੂੰ ਸ਼ਿਕਾਇਤ ਦਰਜ ਕਰਵਾਉਣ ਲਈ ਉਤਸ਼ਾਹਿਤ ਕੀਤਾ। ਰਿਪੋਰਟ ਅਨੁਸਾਰ, ਇਡਰ ਪੁਲਿਸ ਇੰਸਪੈਕਟਰ ਚੇਤਨ ਰਾਠੌੜ ਨੇ ਕਿਹਾ ਕਿ 15 ਲੋਕਾਂ 'ਤੇ ਅਨੁਸੂਚਿਤ ਜਾਤੀ ਅਤੇ ਜਨਜਾਤੀ (ਅੱਤਿਆਚਾਰ ਰੋਕਥਾਮ) ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਨੌਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਸੀ। ਪੁਲਿਸ ਹੋਰ ਸ਼ੱਕੀਆਂ ਦੀ ਭਾਲ ਕਰ ਰਹੀ ਹੈ। ਇਹ ਘਟਨਾ ਨਾ ਸਿਰਫ਼ ਨਿੱਜੀ ਝਗੜੇ ਦਾ ਨਤੀਜਾ ਹੈ, ਸਗੋਂ ਭਾਰਤ ਵਿੱਚ ਡੂੰਘੀਆਂ ਜੜ੍ਹਾਂ ਵਾਲੇ ਜਾਤੀਵਾਦ ਅਤੇ ਸਮਾਜਿਕ ਅਸਮਾਨਤਾ ਦਾ ਪ੍ਰਤੀਕ ਵੀ ਹੈ। ਇਹ ਤੱਥ ਕਿ ਪੀੜਤ ਦਲਿਤ ਸੀ ਅਤੇ ਹਮਲਾਵਰ ਉੱਚ ਜਾਤੀ ਦੇ ਸਨ, ਇਹ ਦਰਸਾਉਂਦਾ ਹੈ ਕਿ ਇਹ ਜਾਤੀ ਦਬਦਬੇ ਨੂੰ ਬਣਾਈ ਰੱਖਣ ਦੀ ਕੋਸ਼ਿਸ਼ ਸੀ। ਇਹ ਦਲਿਤ ਭਾਈਚਾਰੇ ਨੂੰ ਦਬਾਉਣ ਦੀ ਪੁਰਾਣੀ ਪ੍ਰਥਾ ਨੂੰ ਦਰਸਾਉਂਦਾ ਹੈ।

ਪੀੜਤ ਦਾ ਡਰ ਅਤੇ ਉਸਦਾ ਸੱਚਾਈ ਨੂੰ ਛੁਪਾਉਣਾ ਦਰਸਾਉਂਦਾ ਹੈ ਕਿ ਸਮਾਜ ਵਿੱਚ ਅਜੇ ਵੀ ਜਾਤੀਵਾਦੀ ਜ਼ੁਲਮਾਂ ਘਟਨਾਵਾਂ ਵਿਰੁੱਧ ਬੋਲਣ ਦੀ ਹਿੰਮਤ ਜੁਟਾਉਣਾ ਕਿੰਨਾ ਮੁਸ਼ਕਲ ਹੈ। ਇਸ ਨਾਲ ਇਹ ਸਵਾਲ ਵੀ ਉੱਠਦਾ ਹੈ ਕਿ ਕੀ ਕਾਨੂੰਨੀ ਢਾਂਚਾ ਅਤੇ ਸਮਾਜਿਕ ਸੁਰੱਖਿਆ ਪ੍ਰਣਾਲੀ ਅਸਲ ਵਿੱਚ ਦਲਿਤਾਂ ਨੂੰ ਨਿਆਂ ਅਤੇ ਸੁਰੱਖਿਆ ਪ੍ਰਦਾਨ ਕਰਨ ਦੇ ਯੋਗ ਹੈ ?

ਅੱਤਿਆਚਾਰ ਰੋਕਥਾਮ ਕਾਨੂੰਨ ਵਰਗੇ ਕਾਨੂੰਨ ਮੌਜੂਦ ਹਨ, ਪਰ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਸਪੱਸ਼ਟ ਤੌਰ 'ਤੇ ਘਾਟ ਹੈ। ਵਾਇਰਲ ਵੀਡੀਓ ਤੋਂ ਬਾਅਦ ਹੀ ਪੁਲਿਸ ਦਾ ਸਰਗਰਮ ਹੋਣਾ ਇਹ ਦਰਸਾਉਂਦਾ ਹੈ ਕਿ ਜੇਕਰ ਇਹ ਘਟਨਾ ਸੋਸ਼ਲ ਮੀਡੀਆ 'ਤੇ ਨਾ ਆਈ ਹੁੰਦੀ, ਤਾਂ ਇਹ ਮਾਮਲਾ ਸ਼ਾਇਦ ਦਬਾਇਆ ਜਾ ਸਕਦਾ ਸੀ। ਇਹ ਪੁਲਿਸ ਦੀ ਨਾਕਾਮੀ ਅਤੇ ਪੀੜਤਾਂ ਤੱਕ ਪਹੁੰਚਣ ਵਿੱਚ ਦੇਰੀ 'ਤੇ ਸਵਾਲ ਖੜ੍ਹੇ ਕਰਦਾ ਹੈ। ਇਸ ਦੇ ਨਾਲ ਹੀ, ਸਮਾਜ ਦੀ ਚੁੱਪੀ ਵੀ ਚਿੰਤਾਜਨਕ ਹੈ। ਪਿੰਡ ਵਿੱਚ ਅਜਿਹੀ ਘਟਨਾ ਵਾਪਰਨ ਦੇ ਬਾਵਜੂਦ, ਕੋਈ ਵੀ ਅੱਗੇ ਨਹੀਂ ਆਇਆ, ਜੋ ਸਮਾਜਿਕ ਦਬਾਅ ਅਤੇ ਡਰ ਨੂੰ ਦਰਸਾਉਂਦਾ ਹੈ।

### ਗੁਜਰਾਤ ਵਿੱਚ ਦਲਿਤਾਂ ਦੀ ਹਾਲਤ

ਗੁਜਰਾਤ ਵਿੱਚ ਦਲਿਤ ਆਬਾਦੀ ਰਾਜ ਦੀ ਕੁੱਲ ਆਬਾਦੀ ਦਾ ਲਗਭਗ 7% ਹੈ, ਪਰ ਉਨ੍ਹਾਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਅਜੇ ਵੀ ਕਈ ਤਰੀਕਿਆਂ ਨਾਲ ਕਮਜ਼ੋਰ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਅਤੇ ਵੱਖ-ਵੱਖ ਆਰਟੀਆਈ ਤੋਂ ਪ੍ਰਾਪਤ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਗੁਜਰਾਤ ਵਿੱਚ ਦਲਿਤਾਂ ਵਿਰੁੱਧ ਅੱਤਿਆਚਾਰਾਂ ਦੇ ਮਾਮਲੇ ਦੂਜੇ ਰਾਜਾਂ ਦੇ ਮੁਕਾਬਲੇ ਕਾਫ਼ੀ ਜ਼ਿਆਦਾ ਹਨ। 2013 ਤੋਂ 2017 ਦੇ ਵਿਚਕਾਰ, ਅਨੁਸੂਚਿਤ ਜਾਤੀਆਂ ਵਿਰੁੱਧ ਅਪਰਾਧਾਂ ਵਿੱਚ 32% ਅਤੇ ਅਨੁਸੂਚਿਤ ਜਨਜਾਤੀਆਂ ਵਿਰੁੱਧ ਅਪਰਾਧਾਂ ਵਿੱਚ 55% ਦਾ ਵਾਧਾ ਹੋਇਆ ਹੈ। ਇੱਕ ਆਰਟੀਆਈ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ, 2022 ਵਿੱਚ ਗੁਜਰਾਤ ਵਿੱਚ ਦਲਿਤਾਂ ਵਿਰੁੱਧ ਅੱਤਿਆਚਾਰਾਂ ਦੇ 1,425 ਮਾਮਲੇ ਦਰਜ ਕੀਤੇ ਗਏ ਸਨ, ਯਾਨੀ ਔਸਤਨ, ਹਰ ਰੋਜ਼ ਲਗਭਗ ਚਾਰ ਮਾਮਲੇ। ਇਨ੍ਹਾਂ ਵਿੱਚ ਕਤਲ, ਬਲਾਤਕਾਰ, ਸਰੀਰਕ ਹਮਲਾ ਅਤੇ ਸਮਾਜਿਕ ਬਾਈਕਾਟ ਵਰਗੇ ਗੰਭੀਰ ਅਪਰਾਧ ਸ਼ਾਮਲ ਹਨ। ਗੁਜਰਾਤ ਵਿੱਚ ਦਲਿਤਾਂ 'ਤੇ ਜ਼ੁਲਮ ਦੇ ਮਾਮਲੇ ਕਈ ਰੂਪ ਧਾਰਨ ਕਰਦੇ ਹਨ, ਜੋ ਡੂੰਘੀਆਂ ਜੜ੍ਹਾਂ ਵਾਲੇ ਜਾਤੀ ਦਬਦਬੇ ਅਤੇ ਸਮਾਜਿਕ ਵਿਤਕਰੇ ਨੂੰ ਉਜਾਗਰ ਕਰਦੇ ਹਨ: ਸਰੀਰਕ ਹਿੰਸਾ ਅਤੇ ਅਪਮਾਨ: ਸਾਬਰਕਾਂਠਾ ਘਟਨਾ ਵਾਂਗ, ਦਲਿਤਾਂ ਨੂੰ ਕੁੱਟਣਾ, ਕੱਪੜੇ ਉਤਾਰਨਾ ਅਤੇ ਜਨਤਕ ਤੌਰ 'ਤੇ ਅਪਮਾਨਿਤ ਕਰਨਾ ਆਮ ਗੱਲ ਹੈ। 2016 ਵਿੱਚ, ਊਨਾ ਵਿੱਚ ਗਊ ਰੱਖਿਅਕਾਂ ਨੇ ਚਾਰ ਦਲਿਤ ਨੌਜਵਾਨਾਂ ਨੂੰ ਇੱਕ ਮਰੀ ਹੋਈ ਗਾਂ ਦੀ ਖੱਲ ਉਤਾਰਨ ਕਾਰਨ ਬੇਰਹਿਮੀ ਨਾਲ ਕੁੱਟਿਆ ਸੀ, ਜਿਸ ਕਾਰਨ ਰਾਜ ਭਰ ਵਿੱਚ ਵਿਰੋਧ ਪ੍ਰਦਰਸ਼ਨ ਹੋਏ ਸਨ। 2023 ਵਿੱਚ, ਮੋਰਬੀ ਵਿੱਚ ਇੱਕ ਦਲਿਤ ਨੌਜਵਾਨ ਨੂੰ ਆਪਣੀ ਤਨਖਾਹ ਮੰਗਣ 'ਤੇ ਮੂੰਹ ਨਾਲ ਜੁੱਤੀਆਂ ਚੁੱਕਣ ਲਈ ਮਜਬੂਰ ਕੀਤਾ ਗਿਆ ਸੀ। ਸਮਾਜਿਕ ਬਾਈਕਾਟ: 2019 ਵਿੱਚ, ਮਹਿਸਾਣਾ ਜ਼ਿਲ੍ਹੇ ਦੇ ਲੋਰ ਪਿੰਡ ਵਿੱਚ, ਇੱਕ ਦਲਿਤ ਲਾੜੇ ਦੀ ਘੋੜੀ ਚੜ੍ਹਨ ਤੋਂ ਬਾਅਦ ਪਿੰਡ ਵਾਸੀਆਂ ਨੇ ਦਲਿਤ ਪਰਿਵਾਰਾਂ ਨੂੰ ਰਾਸ਼ਨ ਅਤੇ ਪਾਣੀ ਦੇਣਾ ਬੰਦ ਕਰ ਦਿੱਤਾ। ਅਜਿਹੇ ਮਾਮਲੇ ਦਰਸਾਉਂਦੇ ਹਨ ਕਿ ਜਦੋਂ ਦਲਿਤ ਰਵਾਇਤੀ ਰੀਤੀ-ਰਿਵਾਜਾਂ ਨੂੰ ਚੁਣੌਤੀ ਦਿੰਦੇ ਹਨ ਤਾਂ ਉਹ ਸਮਾਜਿਕ ਤੌਰ 'ਤੇ ਅਲੱਗ-ਥਲੱਗ ਹੋ ਜਾਂਦੇ ਹਨ। ਬਲਾਤਕਾਰ ਅਤੇ ਜਿਨਸੀ ਹਿੰਸਾ: ਆਰਟੀਆਈ ਰਾਹੀਂ, ਬੀਬੀਸੀ ਨੇ ਦਸ ਸਾਲਾਂ ਦੀ ਮਿਆਦ ਵਿੱਚ ਗੁਜਰਾਤ ਵਿੱਚ ਦਲਿਤ ਔਰਤਾਂ ਵਿਰੁੱਧ ਬਲਾਤਕਾਰ ਦੇ ਮਾਮਲਿਆਂ ਬਾਰੇ ਜਾਣਕਾਰੀ ਮੰਗੀ ਸੀ। 2021 ਵਿੱਚ, ਇਹ ਖੁਲਾਸਾ ਹੋਇਆ ਕਿ ਹਰ ਚਾਰ ਦਿਨਾਂ ਵਿੱਚ ਇੱਕ ਦਲਿਤ ਔਰਤ ਨਾਲ ਬਲਾਤਕਾਰ ਹੁੰਦਾ ਹੈ।

### ਕਤਲ ਅਤੇ ਹਿੰਸਕ ਹਮਲੇ

2001 ਤੋਂ 2014 ਤੱਕ, ਦਲਿਤਾਂ ਦੇ ਕਤਲ ਦੇ 257 ਮਾਮਲੇ ਦਰਜ ਕੀਤੇ ਗਏ ਸਨ। 2023 ਵਿੱਚ, ਸੁਰੇਂਦਰਨਗਰ ਵਿੱਚ ਇੱਕ ਜ਼ਮੀਨੀ ਵਿਵਾਦ ਵਿੱਚ ਦੋ ਦਲਿਤਾਂ ਦਾ ਕਤਲ ਕਰ ਦਿੱਤਾ ਗਿਆ ਸੀ। ਇਹ ਘਟਨਾਵਾਂ ਜਾਇਦਾਦ ਅਤੇ ਸਮਾਜਿਕ ਰੁਤਬੇ ਨੂੰ ਲੈ ਕੇ ਤਣਾਅ ਨੂੰ ਉਜਾਗਰ ਕਰਦੀਆਂ ਹਨ। ਹਾਲਾਂਕਿ, ਸਾਬਰਕਾਂਠਾ ਘਟਨਾ ਇੱਕ ਯਾਦ ਦਿਵਾਉਂਦੀ ਹੈ ਕਿ ਸੰਵਿਧਾਨਕ ਅਧਿਕਾਰਾਂ ਅਤੇ ਕਾਨੂੰਨੀ ਸੁਰੱਖਿਆ ਦੇ ਬਾਵਜੂਦ, ਦਲਿਤ ਭਾਈਚਾਰੇ ਵਿਰੁੱਧ ਹਿੰਸਾ ਅਤੇ ਵਿਤਕਰਾ ਖਤਮ ਨਹੀਂ ਹੋਇਆ ਹੈ। ਇਹ ਸਿਰਫ਼ ਕਾਨੂੰਨ ਦਾ ਮਾਮਲਾ ਨਹੀਂ ਹੈ, ਸਗੋਂ ਸਮਾਜਿਕ ਸੋਚ ਨੂੰ ਬਦਲਣ ਦੀ ਜ਼ਰੂਰਤ ਦਾ ਸਵਾਲ ਵੀ ਹੈ। ਜਦੋਂ ਤੱਕ ਜਾਤੀ ਉੱਚਤਾ ਦੀ ਮਾਨਸਿਕਤਾ ਖਤਮ ਨਹੀਂ ਹੁੰਦੀ, ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹਿਣਗੀਆਂ। ਇਹ ਸਮਾਜ ਅਤੇ ਸਰਕਾਰ ਦੋਵਾਂ ਲਈ ਇੱਕ ਚੇਤਾਵਨੀ ਹੈ ਕਿ ਸਿਰਫ਼ ਕਾਨੂੰਨੀ ਕਾਰਵਾਈ ਹੀ ਕਾਫ਼ੀ ਨਹੀਂ ਹੈ, ਸਗੋਂ ਜਾਗਰੂਕਤਾ ਅਤੇ ਸਮਾਨਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

# ਅਗਵਾ ਕਰਨ ਮਗਰੋਂ ਲੜਕੀ ਦੀ ਹੱਤਿਆ

## ✪ ਖੇਤਾਂ ਵਿਚ ਤਰਪਾਲ 'ਚ ਲਿਪਟੀ ਮਿਲੀ ਲਾਸ਼

ਜ਼ੀਰਕਪੁਰ ਤੋਂ 7 ਮਾਰਚ ਤੋਂ ਲਾਪਤਾ ਇਕ 23 ਸਾਲਾ ਲੜਕੀ ਦੀ ਲਾਸ਼ ਪਿੰਡ ਪਹਿਰ ਦੇ ਖੇਤਾਂ ਵਿਚੋਂ ਤਰਪਾਲ ਵਿਚ ਲਿਪਟੀ ਮਿਲੀ ਹੈ, ਜਿਸ ਮਗਰੋਂ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਥਾਣਾ ਜ਼ੀਰਕਪੁਰ ਪੁਲਿਸ ਨੇ ਬਨੂੜ ਵਾਸੀ ਚਾਰ ਨੌਜਵਾਨਾਂ ਖ਼ਿਲਾਫ਼ ਲੜਕੀ ਨੂੰ ਅਗਵਾ ਕਰਨ ਤੇ ਕਤਲ ਕਰਨ ਦੇ ਮਾਮਲੇ 'ਚ ਵੱਖ-ਵੱਖ ਧਾਰਾਵਾਂ ਹੇਠ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਜਾਣਕਾਰੀ ਅਨੁਸਾਰ ਸੋਹਨ ਲਾਲ ਵਾਸੀ ਬਾਦਲ ਕਾਲੋਨੀ ਜ਼ੀਰਕਪੁਰ ਨੇ ਦੱਸਿਆ ਕਿ ਉਨ੍ਹਾਂ ਦੀ ਲੜਕੀ ਮਿਤਾਲੀ (23), ਜੋ ਕਿ ਆਪਣੀਆਂ ਦੋ ਭੈਣਾਂ ਤੋਂ ਵੱਡੀ ਸੀ, ਜਦੋਂ ਪ੍ਰਾਈਵੇਟ ਨੌਕਰੀ ਕਰ ਕੇ ਘਰ ਆ ਰਹੀ ਸੀ ਤਾਂ ਜ਼ੀਰਕਪੁਰ ਨੇੜੇ ਉਸ ਨੂੰ ਕਿਸੇ ਵੱਲੋਂ ਅਗਵਾ ਕਰ ਲਿਆ ਗਿਆ। ਜਿਸ ਤੋਂ ਬਾਅਦ ਉਨ੍ਹਾਂ ਥਾਣਾ ਜ਼ੀਰਕਪੁਰ ਪੁਲਿਸ ਵਿਖੇ 7 ਮਾਰਚ ਨੂੰ ਆਪਣੀ ਲੜਕੀ ਦੇ ਅਗਵਾ ਹੋਣ ਦੀ ਸੂਚਨਾ ਦਿੱਤੀ। ਜਿਸ ਦੀ ਜਾਂਚ ਪੜਤਾਲ ਕਰਨ ਤੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਪਤਾ ਲੱਗਾ ਕਿ ਉਨ੍ਹਾਂ ਦੀ ਲੜਕੀ ਮਿਤਾਲੀ ਨੂੰ ਸੁਲਤਾਨ ਮੁਹੰਮਦ ਵਾਸੀ ਰਾਜਪੂਤਾਂ ਵਾਲਾ ਮਹੱਲਾ ਬਨੂੜ, ਰਾਜ ਵਾਸੀ ਮੁਹੱਲਾ ਘੁਮਿਆਰਾਂ ਵਾਲਾ, ਅਮਨਦੀਪ ਸਿੰਘ ਵਾਸੀ ਮੁਹੱਲਾ ਤਰਖਾਣਾ ਵਾਲਾ, ਰੋਹਿਤ ਵਾਸੀ ਮੁਹੱਲਾ ਘੁਮਿਆਰਾਂ



ਵਾਲਾ ਬਨੂੜ ਨੇ ਆਪਣੀ ਕਾਰ ਵਿਚ ਅਗਵਾ ਕਰ ਲਿਆ ਤੇ ਲੈ ਗਏ, ਜਿਸ ਤੋਂ ਬਾਅਦ ਉਨ੍ਹਾਂ ਲੜਕੀ ਦੀ ਭਾਲ ਕੀਤੀ ਪਰ ਬੀਤੇ ਦਿਨੀਂ ਰਾਜਪੁਰਾ ਦੇ ਨੇੜਲੇ ਪਿੰਡ ਪਹਿਰ ਦੇ ਖੇਤਾਂ 'ਚੋਂ ਇਕ ਲੜਕੀ ਦੀ ਲਾਸ਼ ਤਰਪਾਲ 'ਚ ਲਿਪਟੀ ਹੋਈ ਮਿਲੀ। ਇਸ ਸਬੰਧੀ ਜਦੋਂ ਰਾਜਪੁਰਾ ਪੁਲਿਸ ਨੇ ਜ਼ੀਰਕਪੁਰ ਪੁਲਿਸ ਨੂੰ ਸੂਚਿਤ ਕਰਨ ਤੋਂ ਬਾਅਦ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਨੇ ਇਸ ਮ੍ਰਿਤਕ ਲੜਕੀ ਦੀ ਪਛਾਣ ਕਰ ਲਈ ਅਤੇ ਦੱਸਿਆ ਕਿ ਇਹ ਉਨ੍ਹਾਂ ਦੀ ਲੜਕੀ ਮਿਤਾਲੀ ਠਾਕੁਰ ਹੈ। ਜਿਸ ਤੋਂ ਬਾਅਦ ਲੜਕੀ ਦੀ ਲਾਸ਼ ਨੂੰ ਸਿਵਲ ਹਸਪਤਾਲ ਰਾਜਪੁਰਾ ਵਿਖੇ ਪੋਸਟਮਾਰਟਮ ਲਈ ਲਿਆਂਦਾ ਗਿਆ। ਲੜਕੀ ਨੂੰ ਤੰਗ ਕਰਦਾ ਸੀ ਮੁਲਜ਼ਮ ਸੁਲਤਾਨ ਮੁਹੰਮਦ ਪੀੜਤ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸੁਲਤਾਨ ਮੁਹੰਮਦ ਨਾਮਕ ਲੜਕਾ ਪਿਛਲੇ ਕਰੀਬ ਇਕ ਮਹੀਨੇ ਤੋਂ ਉਨ੍ਹਾਂ ਦੀ ਲੜਕੀ ਨੂੰ ਤੰਗ-ਪਰੇਸ਼ਾਨ ਕਰਦਾ ਆ ਰਿਹਾ ਸੀ। ਇਸ ਸਬੰਧੀ ਉਨ੍ਹਾਂ ਦੀ ਲੜਕੀ ਨੇ ਆਪਣੇ ਘਰ 'ਚ ਵੀ ਇਹ ਗੱਲ ਦੱਸੀ ਹੋਈ ਸੀ। ਜਿਸ ਤੋਂ ਬਾਅਦ ਸੁਲਤਾਨ ਮੁਹੰਮਦ ਆਪਣੇ ਤਿੰਨ ਹੋਰ ਦੋਸਤਾਂ ਨਾਲ ਮਿਲ ਕੇ ਕਾਰ 'ਚ ਉਸ ਦੀ ਲੜਕੀ ਨੂੰ ਅਗਵਾ ਕਰ ਕੇ ਲੈ ਗਏ ਅਤੇ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਭਾਵੇਂ ਅਗਵਾ ਕੀਤੀ ਲੜਕੀ ਦਾ ਕਤਲ ਕਿਉਂ ਕੀਤਾ ਗਿਆ, ਸਬੰਧੀ ਮੁਲਜ਼ਮਾਂ ਦੀ ਗ੍ਰਿਫਤਾਰੀ ਤੋਂ ਬਾਅਦ ਹੀ ਪਤਾ ਚੱਲ ਸਕੇਗਾ।

ਮੁਲਜ਼ਮਾਂ ਦੀ ਭਾਲ ਸ਼ੁਰੂ : ਐੱਸਪੀ ਇਸ ਸਬੰਧੀ ਐੱਸਪੀ ਮਨਪ੍ਰੀਤ ਸਿੰਘ ਨੇ ਦੱਸਿਆ ਕਿ ਸੋਹਨ ਲਾਲ ਵਾਸੀ ਜ਼ੀਰਕਪੁਰ ਵੱਲੋਂ ਸ਼ਿਕਾਇਤ ਪ੍ਰਾਪਤ ਹੋਈ ਸੀ ਕਿ ਉਨ੍ਹਾਂ ਦੀ ਲੜਕੀ ਨੂੰ ਕਿਸੇ ਨੇ ਅਗਵਾ ਕਰ ਲਿਆ ਹੈ, ਜਿਸ ਦੀ ਜਾਂਚ ਪੜਤਾਲ ਮਗਰੋਂ ਪਤਾ ਲੱਗਾ ਕਿ ਲਾਪਤਾ ਲੜਕੀ ਨੂੰ ਬਨੂੜ ਵਾਸੀ ਨੌਜਵਾਨ ਨੇ ਅਗਵਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਜ਼ੀਰਕਪੁਰ ਪੁਲਿਸ ਵੱਲੋਂ ਕਾਤਲਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।

### ਕਰਾਈਮ ਨਿਊਜ਼

## ਮੋਗਾ ਵਿਚ ਸ਼ਿਵ ਸੈਨਾ ਬਾਲ ਠਾਕਰੇ ਦੇ ਜ਼ਿਲ੍ਹਾ ਪ੍ਰਧਾਨ ਦੀ ਗੋਲੀ ਮਾਰ ਕੇ ਕਤਲ



ਮੋਗਾ-ਬੀਤੇ ਦਿਨੀਂ ਸਥਾਨਕ ਸਟੇਡੀਅਮ ਰੋਡ 'ਤੇ ਕੁਝ ਲੋਕਾਂ ਨੇ ਗੋਲੀਆਂ ਚਲਾਈਆਂ। ਇਸ ਗੋਲੀਬਾਰੀ ਦੌਰਾਨ ਸ਼ਿਵ ਸੈਨਾ ਬਾਲ ਠਾਕਰੇ ਦੇ ਪ੍ਰਧਾਨ ਮੰਗਤ ਰਾਮ ਮੰਗਾ ਪੁੱਤਰ ਧਰਮ ਸਿੰਘ ਵਾਸੀ ਇੰਦਰਾ ਕਲੋਨੀ ਦੀ ਮੌਤ ਹੋ ਗਈ। ਘਟਨਾ ਸਬੰਧੀ ਪੁਲਿਸ ਪ੍ਰਸ਼ਾਸਨ ਨੇ ਮੌਕੇ 'ਤੇ ਪਹੁੰਚ ਕੇ ਸਮਿਤ ਹਸਪਤਾਲ ਪਹੁੰਚ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ। ਇਸ ਘਟਨਾ ਦੌਰਾਨ ਦੁੱਧ ਚੋਹਣ ਵਾਲਾ ਥਾਮਸ ਨਾਮ ਦਾ 12 ਸਾਲਾ ਲੜਕਾ ਜ਼ਖਮੀ ਹੋ ਗਿਆ ਅਤੇ ਐਮਰਜੈਂਸੀ ਸਟਾਫ ਵੱਲੋਂ ਉਸਨੂੰ ਇਲਾਜ ਲਈ ਸਿਵਲ ਹਸਪਤਾਲ ਲਿਆਂਦਾ ਗਿਆ।

# ਫ਼ਰਜ਼ੀ ਛਾਪੇ ਮਾਰ ਕੇ ਵਸੂਲੀ ਦੇ ਦੋਸ਼ ਵਿਚ ਸੇਵਾ ਮੁਕਤ ਸਬ ਇੰਸਪੈਕਟਰ ਗ੍ਰਿਫ਼ਤਾਰ

## ✪ ਵਟਸਐਪ 'ਤੇ ਵਰਦੀ ਵਾਲੀ ਫੋਟੋ ਪਾ ਕੇ ਲੋਕਾਂ ਨੂੰ ਡਰਾ ਕੇ ਵਸੂਲਦਾ ਸੀ ਪੈਸੇ

ਅੰਮ੍ਰਿਤਸਰ-ਐੱਫਆਈਆਰ ਦਰਜ ਕਰਨ ਤੋਂ 32 ਦਿਨਾਂ ਬਾਅਦ ਮੋਹਕਮਪੁਰਾ ਥਾਣੇ ਦੀ ਪੁਲਿਸ ਨੇ ਪੰਜਾਬ ਪੁਲਿਸ ਦੇ ਸੇਵਾਮੁਕਤ ਸਬ-ਇੰਸਪੈਕਟਰ ਸੁਰਿੰਦਰ ਮੋਹਨ ਨੂੰ ਡਰਾ-ਧਮਕਾ ਕੇ ਪੈਸੇ ਵਸੂਲਣ ਦੇ ਦੋਸ਼ ਵਿਚ ਗ੍ਰਿਫ਼ਤਾਰ ਕਰ ਲਿਆ ਹੈ। ਐਸਆਈ ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਉਸੇ ਥਾਣੇ ਦੀ ਪੁਲਿਸ ਨੇ 7 ਫਰਵਰੀ ਨੂੰ ਨਿਊ ਪ੍ਰਤਾਪ ਨਗਰ ਦੇ ਰਹਿਣ ਵਾਲੇ ਏਐਸਆਈ ਗੁਰਜੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਸਲਾਖਾਂ ਪਿੱਛੇ ਸੁੱਟ ਦਿੱਤਾ ਸੀ। ਪੁਲਿਸ ਨੇ ਇਹ ਮਾਮਲਾ 7 ਫਰਵਰੀ ਨੂੰ ਬੇਬੀ ਨਾਂ ਦੀ ਔਰਤ ਦੇ ਬਿਆਨ 'ਤੇ ਦਰਜ ਕੀਤਾ ਸੀ। ਔਰਤ ਨੇ ਪੁਲਿਸ ਨੂੰ ਦੱਸਿਆ ਸੀ ਕਿ ਉਹ 1 ਫਰਵਰੀ ਨੂੰ ਆਪਣੇ ਘਰ ਮੌਜੂਦ ਸੀ। ਇਸੇ ਦੌਰਾਨ ਕਿਸੇ ਨੇ ਉਸ ਦਾ ਦਰਵਾਜ਼ਾ ਖੜਕਾਇਆ।

ਜਦੋਂ ਉਸ ਨੇ ਦਰਵਾਜ਼ਾ ਖੋਲ੍ਹਿਆ ਤਾਂ ਚਾਰ ਵਿਅਕਤੀ ਤੇਜ਼ੀ ਨਾਲ ਘਰ ਵਿਚ ਜ਼ਬਰਦਸਤੀ ਦਾਖਲ ਹੋ ਗਏ ਅਤੇ ਇਕ ਵਿਅਕਤੀ ਘਰ ਦੇ ਬਾਹਰ ਹੀ ਰਿਹਾ। ਮੁਲਜ਼ਮਾਂ ਨੇ ਆਪਣੇ ਆਪ ਨੂੰ ਸੀਆਈਏ ਸਟਾਫ ਅਫਸਰ ਵਜੋਂ ਪੇਸ਼ ਕੀਤਾ ਅਤੇ ਉਸ ਨੂੰ ਧਮਕੀ ਦਿੱਤੀ ਕਿ ਉਹ ਉਸ ਦੇ ਘਰ ਦੀ ਤਲਾਸ਼ੀ ਲੈਣ ਆਏ ਹਨ। ਔਰਤ ਨੇ ਕਿਹਾ ਕਿ ਉਹ ਡਰ ਗਈ ਅਤੇ ਮੁਲਜਮਾਂ ਨੂੰ ਤਲਾਸ਼ੀ ਲੈਣ ਲਈ ਕਿਹਾ।

ਮੁਲਜਮ ਕੁਝ ਸਮੇਂ ਲਈ ਘਰ ਦੀ




ਤਲਾਸ਼ੀ ਲੈਂਦੇ ਰਹੇ ਅਤੇ ਫਿਰ ਵਾਪਸ ਚਲੇ ਗਏ। ਇਸ ਤੋਂ ਬਾਅਦ ਜਦੋਂ ਉਸ ਨੇ ਆਪਣੇ ਅਲਮਾਰੀਆਂ ਅਤੇ ਹੋਰ ਸਮਾਨ ਦੀ ਜਾਂਚ ਕੀਤੀ ਤਾਂ ਉਸ ਨੂੰ ਪਤਾ ਲੱਗਾ ਕਿ ਘਰ ਵਿਚ ਰੱਖੇ 1.60 ਲੱਖ ਰੁਪਏ ਚੋਰੀ ਹੋ ਗਏ ਹਨ। ਜਦੋਂ ਇਸ ਸਬੰਧੀ ਘਰ ਵਿਚ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਗਈ ਤਾਂ ਸਾਰਾ ਮਾਮਲਾ ਸਪੱਸ਼ਟ ਹੋ ਗਿਆ। ਬਾਅਦ ਵਿਚ ਉਸ ਨੂੰ ਪਤਾ ਲੱਗਾ ਕਿ ਤਲਾਸ਼ੀ ਲਈ ਆਏ ਨਕਲੀ ਸੀਆਈਏ ਸਟਾਫ ਵਿਚੋਂ ਇਕ ਸੁਰਿੰਦਰ ਮੋਹਨ ਸੀ, ਜੋ ਹਾਲ ਹੀ ਵਿਚ ਪੰਜਾਬ ਪੁਲਿਸ ਤੋਂ ਸਬ ਇੰਸਪੈਕਟਰ ਦੇ ਅਹੁਦੇ ਤੋਂ ਸੇਵਾਮੁਕਤ ਹੋਇਆ ਸੀ। ਫਿਰ ਏਐਸਆਈ ਗੁਰਜੀਤ ਸਿੰਘ ਦੀ ਵੀ ਪਛਾਣ ਹੋ ਗਈ।

### ਸ਼ਿਕਾਇਤਕਰਤਾ ਨੇ ਐਸਆਈ ਨੂੰ ਗ੍ਰਿਫ਼ਤਾਰ ਕਰਵਾਇਆ

ਸ਼ਿਕਾਇਤਕਰਤਾ ਨੇ ਕਿਹਾ ਕਿ ਮੁਲਜਮ ਐਸਆਈ ਲਗਾਤਾਰ ਫਰਾਰ ਸੀ। ਪਰ ਉਹ ਉਸ 'ਤੇ ਲਗਾਤਾਰ ਨਜ਼ਰ ਰੱਖ ਰਹੇ ਸੀ। ਜਦੋਂ ਮੁਲਜਮ ਇਲਾਕੇ ਵਿਚ ਪਹੁੰਚਿਆ ਤਾਂ ਉਸ ਨੇ ਸੀਪੀ ਗੁਰਪ੍ਰੀਤ ਸਿੰਘ ਭੁੱਲਰ ਕੋਲ ਸ਼ਿਕਾਇਤ ਦਰਜ ਕਰਵਾਈ। ਸ਼ਿਕਾਇਤਕਰਤਾ ਨੇ ਕਿਹਾ ਕਿ ਉਸ ਨੂੰ ਇਲਾਕੇ ਦੇ ਕਈ ਲੋਕਾਂ ਵੱਲੋਂ ਐਸਆਈ ਵਿਰੁੱਧ ਸ਼ਿਕਾਇਤਾਂ ਮਿਲੀਆਂ ਹਨ, ਜੋ ਸੀਪੀ ਨੂੰ ਦਿੱਤੀਆਂ ਜਾਣਗੀਆਂ।

## ਪੰਜਾਬ ਪੁਲਿਸ ਵੱਲੋਂ ਖਤਰਨਾਕ ਗੈਂਗਸਟਰ ਮੰਨਾ ਦਾ ਐਨਕਾਊਂਟਰ, ਹੋਇਆ ਜ਼ਖਮੀ



ਫਰੀਦਕੋਟ-ਐਂਟੀ ਗੈਂਗਸਟਰ ਟਾਕਸ ਫੋਰਸ ਅਤੇ ਫਰੀਦਕੋਟ ਪੁਲਿਸ ਦੇ ਜੁਆਇੰਟ ਅਪਰੇਸ਼ਨਸ ਦੇ ਦੌਰਾਨ ਬੀਤੇ ਦਿਨੀਂ ਮੁਠਭੇੜ ਦੇ ਬਾਅਦ ਵਿਦੇਸ਼ ਵਿੱਚ ਬੈਠੇ ਗੈਂਗਸਟਰ ਗੌਰਵ ਉਰਫ ਲੱਕੀ ਪਟਿਆਲ ਅਤੇ ਦਵਿੰਦਰ ਬੰਬੀਹਾ ਗੈਂਗ ਦੇ ਇੱਕ ਗੁਰਗੇ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੁਲਜ਼ਮ ਦੀ ਪਹਿਚਾਣ ਮੋਗਾ ਦੇ ਪਿੰਡ ਤਲਵੰਡੀ ਭੰਗੇਰਿਆ ਦੇ ਰਹਿਣ ਵਾਲੇ ਮਨਪ੍ਰੀਤ ਸਿੰਘ ਮੰਨਾ ਦੇ ਰੂਪ ਵਿੱਚ ਹੋਈ ਹੈ ਜਿਸ 'ਤੇ 6 ਐਫਆਈਆਰ ਦਰਜ ਹਨ। ਮੁਲਜ਼ਮਾਂ ਨੂੰ ਹਾਲ ਵਿੱਚ ਹੀ ਮੋਗਾ ਦੇ ਪਿੰਡ ਕਪੂਰੇ ਵਿੱਚ ਕਤਲ ਅਤੇ ਜਗਰਾਓਂ ਦੇ ਰਾਜਾ ਢਾਬੇ 'ਤੇ ਫਾਇਰਿੰਗ ਦੀ ਵਾਰਦਾਤ ਵਿੱਚ ਸ਼ਾਮਲ ਸੀ। ਇਸ ਮਾਮਲੇ ਵਿੱਚ ਐਸਐਸਪੀ ਫਰੀਦਕੋਟ ਡਾਕਟਰ ਪ੍ਰਗਿਆ ਜੈਨ ਨੇ ਕਿਹਾ ਪੁਲਿਸ ਦੀ ਜਵਾਬੀ ਫਾਇਰਿੰਗ ਵਿੱਚ ਮੁਲਜ਼ਮ ਜਖਮੀ ਹੋ ਗਿਆ ਸੀ। ਪੁਲਿਸ ਨੇ ਉਸ ਦੇ ਕੋਲ ਇੱਕ ਪੁਆਇੰਟ 30 ਬੋਰ ਦੀ ਪਿਸਤੌਰ ਅਤੇ 0.4 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਿਸ ਰਿਕਾਰਡ ਦੇ ਮੁਤਾਬਿਕ ਉਹ ਬੰਬੀਹਾ ਗੈਂਗ ਦਾ ਸਰਗਰਮ ਸ਼ੂਟਰ ਸੀ। ਉਸ ਤੇ ਕੁੱਲ 6 ਅਪਰਾਧਿਕ ਕੇਸ ਦਰਜ ਸਨ।

ਡਾ. ਗੁਰਵਿੰਦਰ ਸਿੰਘ

# ਜਦੋਂ ਸ਼ਹੀਦ ਊਧਮ ਸਿੰਘ ਨੇ ਮਾਈਕਲ ਉਡਵਾਇਰ ਨੂੰ ਸੋਧਿਆ...

*ਲੰਡਨ ਨੇ ਕੀਤੇ ਸਦਾ,*
*ਹਮਲੇ ਤਾਬੜਤੋੜ।*
*ਲੰਡਨ ਜਾ ਕੇ ਸ਼ੇਰ ਨੇ,*
*ਭਾਜੀ ਦਿੱਤੀ ਮੋੜ।*

ਮੇਰੇ ਲਈ ਉਹ ਪਲ ਇਤਿਹਾਸਕ ਸਨ, ਜਦੋਂ ਲੰਡਨ ਦੇ ਕੈਕਸਟਨ ਹਾਲ ਦੀ ਜਗ੍ਹਾ 'ਤੇ ਜਾਣ ਦਾ ਸੁਭਾਗ ਮਿਲਿਆ, ਜਿੱਥੇ ਸ਼ਹੀਦ ਊਧਮ ਸਿੰਘ ਨੇ 13 ਮਾਰਚ 1940 ਨੂੰ ਓਡਵਾਇਰ ਨੂੰ ਸੋਧਿਆ ਸੀ। ਚਾਹੇ ਉਸ ਜਗ੍ਹਾ 'ਤੇ ਸ਼ਹੀਦ ਊਧਮ ਸਿੰਘ ਦੀ ਕੋਈ ਯਾਦਗਾਰ ਸਥਾਪਤ ਨਹੀਂ ਹੋ ਸਕੀ, ਪਰ ਉਥੇ ਜਾ ਕੇ ਜੋ ਮਨ ਦੇ ਵਲਵਲੇ ਸਨ, ਉਹ ਇਸ ਵੀਡੀਓ ਰਾਹੀਂ ਕੀਤੇ ਹਨ। ਸਰਦਾਰ ਊਧਮ ਸਿੰਘ ਇਤਿਹਾਸ ਦਾ ਅਜਿਹਾ ਮਹਾਨ ਯੋਧਾ ਹੋਇਆ ਹੈ, ਜਿਸਨੇ ਗ਼ੁਲਾਮੀ ਦੀਆਂ ਜੰਜੀਰਾਂ ਤੋੜਨ ਅਤੇ ਬੇਗੁਨਾਹ ਲੋਕਾਂ ਦੇ ਸਮੂਹਿਕ ਕਤਲੇਆਮ ਖਿਲਾਫ਼, ਹਥਿਆਰਬੰਦ ਸੰਘਰਸ਼ ਦਾ ਰਾਹ ਅਪਨਾਇਆ। 26 ਦਸੰਬਰ 1899 ਵਿੱਚ ਪੰਜਾਬ ਦੇ ਸੁਨਾਮ ਨਗਰ ਦੇ ਗਰੀਬ ਪਰਿਵਾਰ 'ਚ ਜਨਮੇ ਊਧਮ ਸਿੰਘ (ਪਹਿਲਾਂ ਨਾਂ ਸ਼ੇਰ ਸਿੰਘ) ਬਚਪਨ ਵਿੱਚ ਹੀ ਮਾਤਾ ਅਤੇ ਪਿਤਾ ਦੇ ਦੇਹਾਂਤ ਮਗਰੋਂ 24 ਅਕਤੂਬਰ 1907 ਵਿੱਚ ਸੈਂਟਰਲ ਸਿੱਖ ਯਤੀਮਖਾਨਾ ਅੰਮ੍ਰਿਤਸਰ ਸਾਹਿਬ ਵਿਖੇ ਆ ਗਏ ਤੇ ਇਥੋਂ ਹੀ ਸਿੱਖੀ ਜੀਵਨ, ਸੇਵਾ ਤੇ ਸ਼ਹਾਦਤ ਦੀ ਪ੍ਰੇਰਨਾ ਲੈ ਕੇ ਵੱਡੇ ਹੋਏ।


BEAR BRAND
Daily Express
Audience see revolver drama at London lecture
SIR M. O'DWYER SHOT DEAD AT CAXTON HALL
Lord Zetland and Lord Lamington wounded
HIT BY TWO SHOTS
STOP PRESS

ਜਲ੍ਹਿਆਂਵਾਲਾ ਬਾਗ ਦੇ ਖੂਨੀ ਸਾਕੇ ਦੌਰਾਨ ਮਨੁੱਖਤਾ ਦੇ ਡੁੱਲ੍ਹੇ ਲਹੂ ਦਾ ਹਿਸਾਬ ਚੁਕਾਉਣ ਲਈ ਊਧਮ ਸਿੰਘ ਨੇ 21 ਸਾਲ ਮਗਰੋਂ, 13 ਮਾਰਚ 1940 ਨੂੰ ਲੰਡਨ ਵਿੱਚ ਕੈਕਸਟਨ ਹਾਲ ਚ ਪਹੁੰਚ ਕੇ ਜ਼ਾਲਮ ਓਡਵਾਇਰ ਨੂੰ ਸੋਧਿਆ। ਸਿਤਮਜ਼ਰੀਫੀ ਇਹ ਸੀ ਕਿ ਇਕ ਪਾਸੇ ਪਟਿਆਲੇ ਵਾਲਾ ਰਾਜਾ ਤੇ ਮਜੀਠੀਏ ਡਾਇਰ-ਓਡਵਾਇਰ ਆਦਿ ਨੂੰ ਦਾਅਵਤਾਂ ਦੇ ਰਹੇ ਸੀ, ਦੂਜੇ ਪਾਸੇ ਸ਼ਹੀਦ ਊਧਮ ਸਿੰਘ ਜਾਨ ਦੀ ਬਾਜ਼ੀ ਲਾ ਕੇ ਉਡਵਾਇਰ ਨੂੰ ਸੋਧਣ ਲਈ ਤੱਤਪਰ ਸੀ। ਊਧਮ ਸਿੰਘ ਉਰਫ਼ ਮੁਹੰਮਦ ਸਿੰਘ ਆਜ਼ਾਦ ਨੇ 31 ਜੁਲਾਈ 1940 ਨੂੰ ਲੰਡਨ 'ਚ ਫਾਂਸੀ ਦਾ ਰੱਸਾ ਚੁੰਮਦਿਆਂ ਸ਼ਹੀਦੀ ਪਾਈ। ਸ਼ਹੀਦ ਊਧਮ ਸਿੰਘ ਸਭ ਤੋਂ ਪਹਿਲਾਂ ਗੁਰਬਾਣੀ ਤੋਂ ਪ੍ਰਭਾਵਿਤ ਸੀ, ਫਿਰ ਉਸ ਨੇ ਗ਼ਦਰ ਲਹਿਰ ਤੋਂ ਅਤੇ ਉਸਤੋਂ ਮਗਰੋਂ ਬੱਬਰ ਅਕਾਲੀ ਲਹਿਰ ਤੋ ਵੀ ਪ੍ਰਭਾਵ ਕਬੂਲਿਆ। ਉਸ ਦੀ ਸ਼ਖਸ਼ੀਅਤ ਉਪਰ ਸ਼ਹੀਦ ਭਗਤ ਸਿੰਘ ਦਾ ਡੂੰਘਾ ਅਸਰ ਸੀ।

ਸ਼ਹੀਦ ਊਧਮ ਸਿੰਘ ਨੇ ਆਪਣੇ ਪੱਤਰਾਂ ਵਿਚ ਆਰੰਭ ਇਕ ਓਂਕਾਰ ਨਾਲ ਕੀਤਾ ਅਤੇ ਗੁਰੂ ਅਰਜਨ ਸਾਹਿਬ ਦੀ ਬਾਣੀ ਦੀਆਂ ਤੁਕਾਂ ਵੀ ਅੰਕਿਤ ਕੀਤੀਆਂ। ਜੇਲ੍ਹ ਚੋਂ ਉਸਨੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਨੂੰ ਪੱਤਰ ਵੀ ਲਿਖਿਆ ਕਿ ਉਸ ਨੂੰ ਗੁੱਟਕਾ ਸਾਹਿਬ ਭੇਜੇ ਜਾਣ। ਸ਼ਹੀਦ ਊਧਮ ਸਿੰਘ ਲੰਡਨ ਸਥਿਤ ਗੁਰਦੁਆਰਾ ਸਾਹਿਬ ਵਿਖੇ ਅਕਸਰ ਲੰਗਰ ਦੀ ਸੇਵਾ ਕਰਦਾ। ਸਟਾਕਟਨ ਵਿਖੇ ਵੀ ਉਸ ਦਾ ਗੁਰਦੁਆਰਾ ਸਾਹਿਬ ਜੇ ਗ੍ਰੰਥੀ ਸਿੰਘ ਨਾਲ ਡੂੰਘਾ ਪਿਆਰ ਸੀ ਅਤੇ ਉਸ ਨੂੰ ਲਿਖੀਆਂ ਚਿੱਠੀਆਂ ਵੀ ਮਿਲਦੀਆਂ ਹਨ। ਅਦਾਕਾਰੀ ਦੇ ਸ਼ੌਕ ਅਧੀਨ ਉਸ ਨੇ ਇੰਗਲੈਂਡ ਵਿੱਚ ਦੋ ਫ਼ਿਲਮਾਂ ਐਲੀਫੈਂਟ ਦਾ ਥੀਫ ਆਫ ਬਗਦਾਦ ਆਦਿ ਵਿੱਚ ਵੀ ਕੰਮ ਕੀਤਾ, ਜਿਸ ਦੀਆਂ ਤਸਵੀਰਾਂ ਮਿਲਦੀਆਂ ਹਨ।

ਸ਼ਹੀਦ ਊਧਮ ਸਿੰਘ ਦੇ ਅਨੇਕਾਂ ਨਾਵਾਂ 'ਚੋਂ ਇੱਕ ਖ਼ਾਸ ਨਾਮ "ਮੁਹੰਮਦ ਸਿੰਘ ਆਜ਼ਾਦ" ਸੀ, ਪਰ ਆਰੀਆ ਸਮਾਜ ਵਰਗੀਆਂ ਸੰਸਥਾਵਾਂ ਵੱਲੋਂ ਹਿੰਦੂਤਵੀ ਅਤੇ ਕਈ ਹੋਰਨਾਂ ਵਲੋਂ ਅਖੌਤੀ ਸੈਕੁਲਰ ਏਜੰਡੇ ਤਹਿਤ ਨਾਂ ਪ੍ਰਚੱਲਤ ਕਰ ਦਿੱਤਾ ਗਿਆ ਹੈ, "ਰਾਮ ਮੁਹੰਮਦ ਸਿੰਘ ਆਜ਼ਾਦ"। ਪਹਿਲਾਂ ਆਰੀਆ ਸਮਾਜੀ ਅਤੇ ਅਖੌਤੀ ਸੇਕੁਲਰ ਤੇ ਅੱਜ ਕੱਲ੍ਹ ਫਾਸ਼ੀਵਾਦੀ ਅਤੇ ਆਰਐਸਐਸ ਏਜੰਡੇ ਅਨੁਸਾਰ "ਰਾਮ ਮੁਹੰਮਦ ਸਿੰਘ ਆਜ਼ਾਦ" ਪ੍ਰਚਾਰਿਆ ਜਾ ਰਿਹਾ ਹੈ, ਜੋ ਕਿ ਗ਼ਲਤ ਹੈ। ਸ਼ਹੀਦ ਊਧਮ ਸਿੰਘ ਨੇ ਜਦ ਖੁਦ ਆਪਣਾ ਨਾਮ ਮੁਹੰਮਦ ਸਿੰਘ ਆਜ਼ਾਦ ਲਿਖਿਆ ਹੈ, ਤਾਂ ਸਾਨੂੰ ਕੀ ਹੱਕ ਹੈ ਉਸ ਦਾ ਨਾਮ ਵਿਗਾੜਨ ਦਾ? ਮਹਾਨ ਯੋਧੇ ਸ਼ਹੀਦ ਊਧਮ ਸਿੰਘ ਬਨਾਮ ਮੁਹੰਮਦ ਸਿੰਘ ਆਜ਼ਾਦ ਨੂੰ ਇਹ 'ਕਾਵਿ-ਬੰਦ' ਸਮਰਪਿਤ ਕਰ ਰਹੇ ਹਾਂ, ਜੋ ਇਸ ਮਹਾਨ ਯੋਧੇ ਵੱਲੋਂ ਦੁਨੀਆਂ ਦੇ ਸਭ ਤੋਂ ਵੱਡੇ ਬਸਤੀਵਾਦ ਦਾ ਕਿਲਾ ਢਾਹੁਣ ਦੀ ਗਵਾਹੀ ਭਰਦੇ ਹਨ:

*ਲੰਡਨ ਬਸਤੀਵਾਦ ਦਾ,*
*ਜਦ ਹੁੰਦਾ ਸੀ ਗੜ੍ਹ।*
*ਊਧਮ ਸਿੰਘ ਸਰਦਾਰ ਨੇ,*
*ਤਦ ਭੰਨੀ ਸੀ ਤੜ।*

# ਸਹੁੰ ਚੁੱਕਦੇ ਹੀ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਨੇ ਟਰੰਪ ਨੂੰ ਦਿਖਾਈਆਂ ਅੱਖਾਂ

## ✪ ਕਿਹਾ-ਕੈਨੇਡਾ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ

ਓਟਾਵਾ-ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਬੀਤੇ ਸ਼ੁੱਕਰਵਾਰ ਨੂੰ ਆਪਣਾ ਕਾਰਜਭਾਰ ਸੰਭਾਲਣ ਬਿਅਦ ਉਨ੍ਹਾਂ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੀ



ਸਖ਼ਤ ਸੰਦੇਸ਼ ਦਿੰਦਿਆਂ ਕਿਹਾ ਕਿ ਕੈਨੇਡਾ ਕਦੇ ਵੀ, ਕਿਸੇ ਵੀ ਤਰੀਕੇ, ਆਕਾਰ ਜਾਂ ਰੂਪ ਵਿੱਚ, ਸੰਯੁਕਤ ਰਾਜ ਅਮਰੀਕਾ ਦਾ ਹਿੱਸਾ ਨਹੀਂ ਬਣੇਗਾ। ਦਰਅਸਲ, ਡੋਨਾਲਡ ਟਰੰਪ ਦੇ ਅਮਰੀਕਾ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਤੋਂ ਹੀ ਕੈਨੇਡਾ ਨੂੰ ਯੂਐਸ ਵਿਚ ਮਿਲਾਉਣ ਦੀ ਗੱਲ ਕਰ ਰਹੇ ਹਨ। ਉਨ੍ਹਾਂ ਨੇ ਜਸਟਿਨ ਟਰੂਡੋ ਨੂੰ ਕੈਨੇਡਾ ਦਾ ਗਵਰਨਰ ਤੱਕ ਕਹਿ ਦਿੱਤਾ ਸੀ।

### ਅਮਰੀਕਾ ਨਾਲ ਚੰਗੇ ਸੰਬੰਧਾਂ ਦੀ ਆਸ

ਮਾਰਕ ਕਾਰਨੀ ਨੇ ਅਮਰੀਕਾ ਵੱਲੋਂ ਆ ਰਹੀਆਂ ਟੈਰਿਫ ਦੀਆਂ ਧਮਕੀਆਂ ਬਾਰੇ ਕਿਹਾ ਕਿ ਟੈਰਿਫ ਦਾ ਸਾਹਮਣਾ ਕਰਨਾ ਉਨ੍ਹਾਂ ਦੀ ਪਹਿਲ ਹੋਵੇਗੀ। ਉਨ੍ਹਾਂ ਨੇ ਟਰੰਪ ਦੇ ਰਾਜ ਨੂੰ ਕੈਨੇਡਾ ਦੀ ਪੀੜ੍ਹੀ ਲਈ ਸਭ ਤੋਂ ਵੱਡਾ ਚੁਣੌਤੀ ਦੱਸਿਆ ਹੈ। ਕਾਰਨੀ ਨੇ ਕੈਨੇਡੀਅਨ ਸਮਾਨਾਂ 'ਤੇ ਅਮਰੀਕੀ ਟੈਰਿਫ ਨੂੰ ਅਨੁਚਿਤ ਕਰਾਰ ਦਿੱਤਾ ਹੈ।

ਹਾਲਾਂਕਿ ਕਾਰਨੀ ਨੇ ਉਮੀਦ ਜਤਾਈ ਹੈ ਕਿ ਇਕ ਦਿਨ ਉਨ੍ਹਾਂ ਦੀ ਸਰਕਾਰ ਦੋਵੇਂ ਦੇਸ਼ਾਂ ਦੇ ਹਿਤਾਂ ਨੂੰ ਅੱਗੇ ਵਧਾਉਣ ਲਈ ਅਮਰੀਕਾ ਨਾਲ ਮਿਲ ਕੇ ਕੰਮ ਕਰ ਸਕੇਗੀ। ਅਧਿਕਾਰੀਆਂ ਨੇ ਕਿਹਾ ਕਿ ਉਹ ਆਉਣ ਵਾਲੇ ਦਿਨਾਂ ਵਿਚ ਟਰੰਪ ਅਤੇ ਕਾਰਨੀ ਦੇ ਵਿਚਾਰ-ਵਟਾਂਦਰੇ ਦੀ ਯੋਜਨਾ ਬਣਾ ਰਹੇ ਹਨ।

# ਬਠਿੰਡਾ ਵਿਚ ਗੈਂਗਸਟਰਾਂ ਦਾ ਪੁਲਿਸ ਨਾਲ ਮੁਕਾਬਲਾ

## ✪ ਗੋਲ਼ੀ ਲੱਗਣ ਨਾਲ ਇੱਕ ਲੁਟੇਰਾ ਜ਼ਖ਼ਮੀ, ਛੇ ਫੜੇ



ਬਠਿੰਡਾ-ਜ਼ਿਲ੍ਹੇ ਅੰਦਰ ਭੁੱਚੋ ਮੰਡੀ ਨੇੜੇ ਲੁਟੇਰਿਆਂ ਦੀ ਪੁਲਿਸ ਨਾਲ ਮੁਕਾਬਲਾ ਹੋਇਆ ਜਿਸ ਵਿੱਚ ਗੋਲ਼ੀ ਲੱਗਣ ਨਾਲ ਇੱਕ ਗੈਂਗਸਟਰ ਜ਼ਖ਼ਮੀ ਹੋ ਗਿਆ। ਪੁਲਿਸ ਨੇ ਛੇ ਗੈਂਗਸਟਰਾਂ ਨੂੰ ਮੌਕੇ ਤੇ ਹੀ ਕਾਬੂ ਕਰ ਲਿਆ ਜਿਨਾਂ ਤੋਂ ਖ਼ਤਰਨਾਕ ਹਥਿਆਰ ਬਰਾਮਦ ਕੀਤੇ ਗਏ ਹਨ। ਜ਼ਖ਼ਮੀ ਹੋਏ ਗੈਂਗਸਟਰ ਦੀ ਪਛਾਣ ਸਤਵੰਤ ਸਿੰਘ ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਉਕਤ ਲੁਟੇਰੇ ਕਾਰ ਵਿੱਚ ਸਵਾਰ ਹੋ ਕੇ ਗੁਰਦੁਆਰਾ ਲਵੇਰੀਸਰ ਸਾਹਿਬ ਨੇੜੇ ਜਾ ਰਹੇ ਸਨ ਜਿਨਾਂ ਨੂੰ ਪੁਲਿਸ ਨੇ ਘੇਰ ਲਿਆ।

ਇਸ ਦੌਰਾਨ ਲੁਟੇਰਿਆਂ ਨੇ ਵੀ ਗੋਲ਼ੀਆਂ ਚਲਾਈਆਂ ਪਰ ਪੁਲਿਸ ਦੀ ਗੋਲੀ ਨਾਲ ਇਹ ਲੁਟੇਰਾ ਸਤਵੰਤ ਸਿੰਘ ਜ਼ਖ਼ਮੀ ਹੋ ਗਿਆ ਜਿਸ ਨੂੰ ਇਲਾਜ ਲਈ ਬਠਿੰਡਾ ਦੇ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਅਨੁਸਾਰ ਦੋ ਦਿਨ ਪਹਿਲਾਂ ਇਹਨਾਂ ਲੁਟੇਰਿਆਂ ਨੇ ਏਕੇ 47 ਦੀ ਨੋਕ ਤੇ ਆਦੇਸ਼ ਯੂਨੀਵਰਸਿਟੀ ਨੇੜੇ ਇੱਕ ਹੋਟਲ ਵਿੱਚ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ। ਪੁਲਿਸ ਉਸ ਸਮੇਂ ਤੋਂ ਹੀ ਇਹਨਾਂ ਲੁਟੇਰਿਆਂ ਦੀ ਭਾਲ ਕਰ ਰਹੀ ਸੀ ਕਿ ਅੱਜ ਗੁਰਦੁਆਰਾ ਲਵੇਰੀਸਰ ਸਾਹਿਬ ਵਿਖੇ ਮੁੱਠਭੇੜ ਦੌਰਾਨ ਛੇ ਲੁਟੇਰਿਆਂ ਨੂੰ ਹਥਿਆਰਾਂ ਸਮੇਤ ਗ੍ਰਿਫ਼ਤਾਰ ਕਰ ਲਿਆ, ਜਦੋਂ ਕਿ ਗੋਲੀ ਲੱਗਣ ਨਾਲ ਇੱਕ ਲੁਟੇਰਾ ਜ਼ਖ਼ਮੀ ਹੋਇਆ ਹੈ।

ਪੁਲਿਸ ਨੇ ਇਹਨਾਂ ਲੁਟੇਰਿਆਂ ਕੋਲੋਂ ਕੁਝ ਦਿਨ ਪਹਿਲਾਂ ਲੁੱਟ ਵਿੱਚ ਵਰਤੀ ਏਕੇ 47 ਵੀ ਬਰਾਮਦ ਕੀਤੀ ਹੈ।

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਗੁਰੂ ਦੀ ਸੇਵਾ ਤੋਂ ਬਿਨਾ ਕੀ ਫਲ ਮਿਲਦਾ ਹੈ?

ਗੁਰੂ ਦੀ ਸੇਵਾ (ਭਾਵ ਸ਼ਬਦ ਵਿਚਾਰ) ਤੋਂ ਬਿਨਾ ਆਤਮਿਕ ਜੀਵਨ 'ਚ ਘਾਟਾ ਹੀ ਘਾਟਾ ਹੈ । "ਬਿਨੁ ਗੁਰ ਸੇਵੇ ਘਾਟੇ ਘਾਟਿ॥5॥ ਅੰਗ 226" । ਗੁਰੂ ਦੀ ਸੇਵਾ ਤੋਂ ਬਿਨਾ ਕਾਲ ਖਹਿੜਾ ਨਹੀਂ ਛੱਡਦਾ । "ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥ ਅੰਗ 227" । ਗੁਰੂ ਦੀ ਸੇਵਾ ਤੋਂ ਬਿਨਾ ਜਮ ਖੁਆਰ ਕਰਦਾ ਹੈ । "ਬਿਨੁ ਗੁਰ ਭੇਟੇ ਜਮੁ ਕਰੇ ਖੁਆਰਾ ॥3॥ ਅੰਗ 230" । ਗੁਰੂ ਦੀ ਸੇਵਾ ਤੋਂ ਬਿਨਾ ਆਵਾ ਗਵਣ ਦੇ ਬਹੁਤ ਦੁਖ ਦੀ ਪ੍ਰਾਪਤੀ ਹੁੰਦੀ ਹੈ । "ਬਿਨੁ ਗੁਰ ਸੇਵੇ ਬਹੁਤੁ ਦੁਖੁ ਪਾਈ ॥7॥ ਅੰਗ 230" । ਜੇਹੜਾ ਮਨੁੱਖ ਪ੍ਰਭੂ ਦਾ ਨਾਮ ਨਹੀਂ ਸਿਮਰਦਾ ਉਹ ਜੰਮਦਾ ਮਰਦਾ ਰਹਿੰਦਾ ਹੈ, ਪਰ ਗੁਰੂ ਦੀ ਸੇਵਾ ਤੋਂ ਬਿਨਾ ਪਰਮਾਤਮਾ ਦੇ ਨਾਮ ਦੀ ਕਦਰ ਨਹੀਂ ਪੈ ਸਕਦੀ । "ਜਨਮਿ ਮਰੈ ਭਰਮਾਈਐ ਹਰਿ ਨਾਮੁ ਨ ਲੇਵੈ ॥ ਤਾ ਕੀ ਕੀਮਤਿ ਨਾ ਪਵੈ ਬਿਨੁ ਗੁਰ ਕੀ ਸੇਵੈ ॥6॥ ਅੰਗ 420" । ਗੁਰੂ ਦੇ ਮਿਲਾਪ ਤੋਂ ਬਿਨਾ ਗੁਰੂ ਦੀ ਸੇਵਾ (ਸ਼ਬਦ ਵਿਚਾਰ) ਕਰਨ ਤੋਂ ਬਿਨਾ ਪਰਮਾਤਮਾ ਦੀ ਭਗਤੀ ਹੋ ਨਹੀਂ ਸਕਦੀ, ਆਪਣੇ ਅੰਤਰ ਆਤਮੇ ਦੀ ਪੜਚੋਲ ਕਿਵੇਂ ਕਰੇ? "ਗੁਰ ਸੇਵਾ ਬਿਨੁ ਭਗਤਿ ਨ ਹੋਵੀ ਕਿਉ ਕਰਿ ਚੀਨਸਿ ਆਪੈ ॥ ਅੰਗ 1013" ।

**594. ਗੁਰੂ/ਸਤਿਗੁਰ ਦੇ ਬਚਨਾਂ ਦੀ ਕੀ ਅਹਿਮੀਅਤ ਹੈ?**

ਗੁਰੂ ਦੇ ਬਚਨਾਂ ਰਾਹੀਂ ਹਰੀ ਪ੍ਰਭੂ ਨੂੰ ਜਾਣਿਆ ਤੇ ਇਹ ਵੀ ਜਾਣਿਆ ਕਿ ਸਭ ਕੁਛ ਹਰੀ ਪ੍ਰਭੂ ਤੋਂ ਹੀ ਪੈਦਾ ਹੁੰਦਾ ਹੈ । "ਗੁਰ ਬਚਨੀ ਹਰਿ ਪ੍ਰਭੁ ਜਾਣਿਆ ਸਭ ਹਰਿ ਪ੍ਰਭੁ ਤੇ ਉਤਪਤਿ ॥1॥ਰਹਾਉ॥ ਅੰਗ 82" । ਗੁਰੂ ਦੇ ਬਚਨਾਂ ਰਾਹੀਂ, ਗੁਰੂ ਦੇ ਸ਼ਬਦ ਦੁਆਰਾ, ਸਦਾ ਥਿਰ ਪ੍ਰਭੂ ਨੂੰ ਪਛਾਣ ਲਿਆ ਅਤੇ ਇੱਕ (ਹੀ) ਪ੍ਰਭੂ ਨੂੰ ਜਾਣ ਲਿਆ । "ਗੁਰ ਬਚਨੀ ਸਚੁ ਸਬਦਿ ਪਛਾਤਾ ॥ ਅੰਗ 154" । ਅਤੇ "ਸਤਿਗੁਰ ਬਚਨੀ ਏਕੋ ਜਾਤਾ ॥ ਅੰਗ 415" । ਪ੍ਰਭੂ ਚਰਨਾਂ 'ਚ ਬੰਦੇ ਦੀ ਸੁਰਤ ਜੁੜੀ ਹੋਵੇ ਤਾਂ ਦਰਗਹ ਵਿਚ ਇੱਜ਼ਤ ਪੈਦਾ ਹੁੰਦੀ (ਮਿਲਦੀ) ਹੈ; ਗੁਰੂ ਦੇ ਬਚਨਾਂ ਰਾਹੀਂ ਉਹ ਦੁਨਿਆਵੀ ਡਰ ਖਤਮ ਕਰ ਲੈਂਦਾ ਹੈ। "ਸੁਰਤਿ ਹੋਵੈ ਪਤਿ ਊਗਵੈ ਗੁਰ ਬਚਨੀ ਭਉ ਖਾਇ ॥ ਅੰਗ 18" । ਮੈਂ ਗੁਰੂ ਨੂੰ ਆਪਣਾ ਮਨ ਤੇ ਤਨ ਕੱਟ ਕੇ ਦੇ ਦਿਆਂਗਾ, ਮੇਰਾ (ਮਾਇਆ ਦਾ) ਭਰਮ ਤੇ (ਭਰਮ ਕਰਕੇ) ਡਰ ਗੁਰੂ ਦੇ ਬਚਨਾਂ ਰਾਹੀਂ ਦੂਰ ਹੋ ਜਾਂਦਾ ਹੈ । "ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ ॥2॥ ਅੰਗ 172" । ਹਰੀ ਦੀ ਅੰਮ੍ਰਿਤ ਮਈ ਕਥਾ ਉੱਤਮ ਤੇ ਸ੍ਰੇਸ਼ਟ ਹੈ, ਗੁਰੂ ਦੇ ਬਚਨਾਂ ਰਾਹੀਂ (ਮੈਂ) ਇਸਦਾ ਸੁਆਦ ਲਿਆ/ਅਨੰਦ ਮਾਣਿਆ । "ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥ ਅੰਗ 87" । ਨਾਮ ਦਾ ਉਚਾਰਨ ਵੀ ਗੁਰੂ ਦੇ ਬਚਨਾਂ ਰਾਹੀਂ ਹੁੰਦਾ ਹੈ । "ਗੁਰ ਬਚਨੀ ਹਰਿ ਨਾਮੁ ਉਚਰੈ ॥ ਅੰਗ 286"। ਅਤੇ ਇਹ ਹੁਕਮ ਵੀ ਹੈ! "ਰਾਮ ਨਾਮੁ ਗੁਰ ਬਚਨੀ ਬੋਲਹੁ ॥ ਅੰਗ 1030"। ਇਹ ਪ੍ਰਭੂ-ਹੀਰਾ ਐਸਾ ਹੈ ਜਿਸਨੇ ਸਾਰੇ ਜੀਵਾਂ ਦੇ ਹਿਰਦੇ ਨੂੰ ਵਿੰਨ ਰੱਖਿਆ ਹੈ (ਭਾਵ ਸਾਰੇ ਹਿਰਦਿਆਂ 'ਚ ਮੌਜੂਦ ਹੈ), ਇਹ ਗੱਲ ਮੈਂ ਸਤਿਗੁਰੂ ਦੇ ਬਚਨਾਂ ਰਾਹੀਂ ਸਮਝੀ ਹੈ । "ਸਗਲ ਜੋਤਿ ਇਨਿ ਹੀਰੈ ਬੇਧੀ ਸਤਿਗੁਰ ਬਚਨੀ ਮੈ ਪਾਈ ॥1॥ ਅੰਗ 483" ।

ਲੋਭ, ਨਿੰਦਿਆ ਤੇ ਝੂਠ ਤਿਆਗੋ, ਤਾਂ ਹੀ ਗੁਰੂ ਦੇ ਬਚਨਾਂ ਤੇ ਤੁਰਿਆਂ ਸਦਾ ਥਿਰ ਪ੍ਰਭੂ ਰੂਪੀ ਫਲ ਮਿਲੇਗਾ । "ਪਰਹਰਿ ਲੋਭੁ ਨਿੰਦਾ ਕੂੜੁ ਤਿਆਗਹੁ ਸਚੁ ਗੁਰ ਬਚਨੀ ਫਲੁ ਪਾਹੀ ਜੀਉ ॥ ਅੰਗ 598" । ਹੇ ਮੇਰੇ ਮਨ! ਜਿਸਨੇ ਗੁਰੂ ਦੇ ਬਚਨਾਂ ਰਾਹੀਂ ਨਉ ਨਿਧਿ ਨਾਮ ਦੀ ਪ੍ਰਾਪਤੀ ਕਰ ਲਈ, ਉਹ ਸਦਾ ਥਿਰ ਪ੍ਰਭੂ 'ਚ ਲੀਨ ਰਹਿੰਦਾ ਹੈ। ਜਿਸਦੇ ਅੰਦਰ ਗੁਰੂ ਉਪਦੇਸ਼ ਦਾ ਜਾਗ ਲੱਗ ਗਿਆ, ਉਸਨੇ ਚੰਚਲ ਮਤਿ ਤਿਆਗ ਦਿੱਤੀ। ਗੁਰੂ ਉਪਦੇਸ਼ ਦੇ ਚਾਨਣ ਰਾਹੀਂ ਉਸਦੀ ਸਾਰੀ ਅਗਿਆਨਤਾ ਮਿਟ ਗਈ । "ਮਨ ਮੇਰੇ ਗੁਰ ਬਚਨੀ ਨਿਧਿ ਪਾਈ ॥ ਤਾ ਤੇ ਸਚ ਮਹਿ ਰਹਿਆ ਸਮਾਈ ॥ ਰਹਾਉ॥ ਗੁਰ ਸਾਖੀ ਅੰਤਰਿ ਜਾਗੀ ॥ ਤਾ ਚੰਚਲ ਮਤਿ ਤਿਆਗੀ ॥ ਗੁਰ ਸਾਖੀ ਕਾ ਉਜੀਆਰਾ ॥ ਤਾ ਮਿਟਿਆ ਸਗਲ ਅੰਧ੍ਯਾਰਾ ॥2॥ ਅੰਗ 598" । ਗੁਰੂ ਦੇ ਬਚਨਾਂ ਉੱਤੇ ਤੁਰ ਕੇ ਸਾਰੇ ਮਾਨਸਿਕ ਤੇ ਸਰੀਰਕ ਰੋਗ ਦੂਰ ਹੋ ਜਾਂਦੇ ਹਨ, ਤੇ ਮਨ ਚਾਹੁੰਦੇ ਫਲ ਪ੍ਰਾਪਤ ਹੋ ਜਾਂਦੇ ਹਨ । "ਤਾਪ ਰੋਗ ਗਏ ਗੁਰ ਬਚਨੀ ਮਨ ਇਛੇ ਫਲ ਪਾਇਆ ॥1॥ ਅੰਗ 619" । ਗੁਰੂ ਦੇ ਬਚਨਾਂ ਰਾਹੀਂ ਸਦੀਵੀ ਸੁਖ ਪੈਦਾ ਹੁੰਦਾ ਹੈ; ਸਾਰੇ ਫਲ ਸਤਿਗੁਰੂ ਪਾਸ ਹਨ । "ਗੁਰ ਬਚਨੀ ਸੁਖੁ ਊਪਜੈ ਭਾਈ ਸਭਿ ਫਲ ਸਤਿਗੁਰ ਪਾਸਿ ॥3॥ ਅੰਗ 639" । ਹਰੀ ਪ੍ਰਭੂ ਨੇ ਕਿਰਪਾ ਕੀਤੀ ਤੇ ਮੇਰੇ ਮਨ ਨੂੰ ਸਤਿਗੁਰੂ ਦੇ ਬਚਨ ਸੁਖਦਾਇਕ ਲੱਗੇ । "ਸਤਿਗੁਰ ਬਚਨ ਸੁਖਾਨੇ ਹੀਅਰੈ ਹਰਿ ਧਾਰੀ ਹਰਿ ਪ੍ਰਭ ਕ੍ਰਿਪਾ ॥1॥ ਅੰਗ 1336" । ਪ੍ਰਭੂ ਦੇ ਨਾਮ ਨਾਲ਼ ਤ੍ਰਿਸ਼ਨਾ ਬੁਝ ਜਾਂਦੀ ਹੈ । ਗੁਰੂ ਦੇ ਬਚਨਾਂ ਰਾਹੀਂ ਬੜਾ ਭਾਰੀ ਸੰਤੋਖ ਹੁੰਦਾ ਹੈ ਤੇ ਪ੍ਰਭੂ ਵਿਚ ਪੂਰੇ ਤੌਰ ਤੇ ਧਿਆਨ ਲੱਗ ਜਾਂਦਾ ਹੈ; ਭਾਵ ਮਨ ਦੀ ਭਟਕਨਾ ਮੁੱਕ ਜਾਂਦੀ ਹੈ । "ਤ੍ਰਿਸਨਾ ਬੁਝੈ ਹਰਿ ਕੈ ਨਾਮਿ ॥ ਮਹਾ ਸੰਤੋਖੁ ਹੋਵੈ ਗੁਰ ਬਚਨੀ ਪ੍ਰਭ ਸਿਉ ਲਾਗੈ ਪੂਰਨ ਧਿਆਨੁ ॥1॥ ਰਹਾਉ ॥ ਅੰਗ 682" । ਗੁਰੂ ਦੇ ਬਚਨਾਂ ਰਾਹੀਂ ਪ੍ਰਭੂ ਦੀ ਅਕਥ ਕਥਾ ਕਥ ਕੇ ਜੀਵ ਪ੍ਰਭੂ ਦੇ ਦਰਬਾਰ 'ਚ ਆਦਰ ਪਾਉਂਦਾ ਹੈ । "ਅਕਥ ਕਥਾ ਗੁਰ ਬਚਨੀ ਆਦਰੁ ॥3॥ ਅੰਗ 682"। ਮਾਇਆ-ਸਪਣੀ ਮਨੁੱਖ ਨੂੰ ਗ੍ਰਸੀ ਰੱਖਦੀ ਹੈ, ਗੁਰੂ ਦੇ ਬਚਨਾਂ ਰਾਹੀਂ ਪਰਮਾਤਮਾ (ਉਸ ਦੇ ਅੰਦਰੋਂ) ਮਾਇਆ ਦੀ ਜ਼ਹਿਰ ਕੱਢ ਦਿੰਦਾ ਹੈ ।

"ਮਾਇਆ ਭੁਇਅੰਗ ਗ੍ਰਸਿਓ ਹੈ ਪ੍ਰਾਣੀ ਗੁਰ ਬਚਨੀ ਬਿਸੁ ਹਰਿ ਕਾਢਿਬਾ ॥1॥ ਅੰਗ 697" । ਪ੍ਰਭੂ ਗੁਰੂ ਦੇ ਬਚਨਾਂ ਰਾਹੀਂ ਮਨੁੱਖ ਦਾ ਜਨਮ ਮਰਨ ਕੱਟ ਦਿੰਦਾ ਹੈ ਤੇ ਉਹ ਫਿਰ ਚੌਰਾਸੀ ਲੱਖ ਜੋਨੀਆਂ ਦੇ ਕਸ਼ਟਾਂ ਭਰੇ ਗੇੜ ਦੇ ਦਰਵਾਜ਼ੇ 'ਚ ਨਹੀਂ ਦਾਖਿਲ ਹੁੰਦਾ । "ਜਨਮ ਮਰਨ ਕਾਟੇ ਗੁਰ ਬਚਨੀ ਬਹੁੜਿ ਨ ਸੰਕਟ ਦੁਆਰਾ ॥ ਅੰਗ 717"। ਉੱਚੀ ਆਤਮਿਕ ਅਵਸਥਾ ਵਾਲ਼ੀ ਮਤਿ ਨਾਮ ਸਿਮਰਨ ਦੀ ਸੱਚੀ ਕਾਰ ਕਮਾ ਕੇ ਹੀ ਪ੍ਰਾਪਤ ਹੁੰਦੀ ਹੈ । "ਗੁਰ ਬਚਨੀ ਸਚੁ ਕਾਰ ਕਮਾਵੈ ਗਤਿ ਮਤਿ ਤਬ ਹੀ ਪਾਈ ॥ਅੰਗ 1260" ।

**ਬਾਕੀ ਅਗਲੇ ਹਫ਼ਤੇ**


## VACANCY FOR RELIGIOUS WORKER

**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਤਬਲਾ ਵਾਦਕ ਦੀ ਲੋੜ**

***Job Title:*** **Religious Worker (Sikh Faith)** ***Location*:** **Derby, UK**

**We are seeking a dedicated and knowledgeable individual to serve as a Tabla (Drum player) (Religious Worker) within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***

* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***

* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** **To apply, please submit your application detailing your experience and motivation for this role.**

**Deadline for Applications: Applications must be submit before 18-4-2025**

**Applications should be sent to Email: info@sgssderby.com or delivered to the Gurdwara Sahib's Address below:**

**Sri Guru Singh Sabha Gurdwara**

**1 Princes Street, Normanton, Derby. DE23 8NT. TEL: 01332 773010**

**PLEASE CONTACT BHAI AJIT SINGH 07533 362911**


# ਅਮਰੀਕਾ ਵਿਚ ਹਵਾਵਾਂ ਦਾ ਕਹਿਰ, ਸੜਕਾਂ ਤੇ ਜਾਂਦੇ ਟਰੱਕ ਪਲਟੇ

ਹਿਊਸਟਨ : ਅਮਰੀਕਾ ਵਿਚ ਮੌਸਮ ਕਹਿਰ ਢਾਹ ਰਿਹਾ ਹੈ ਅਤੇ ਕਈ ਰਾਜਾਂ ਵਿਚ 130 ਕਿਲੋਮੀਟਰ ਪ੍ਰਤੀ ਘੰਟਾ ਰਫ਼ਤਾਰ ਵਾਲੀਆਂ ਤੇਜ਼ ਹਵਾਵਾਂ ਕਰ ਕੇ ਖਤਰਨਾਕ ਹਾਦਸੇ ਵਾਪਰ ਚੁੱਕੇ ਹਨ। ਦੂਜੇ ਪਾਸੇ ਓਕਲਾਹੋਮਾ ਵਿਚ 150 ਥਾਵਾਂ ਤੇ ਲੱਗੀ ਜੰਗਲਾਂ ਦੀ ਅੱਗ ਨੇ ਨੱਕ ਵਿਚ ਦਮ ਕੀਤਾ ਹੋਇਆ ਹੈ। ਨਿਊ ਮੈਕਸੀਕੋ, ਟੈਕਸਸ, ਓਕਲਾਹੋਮਾ ਅਤੇ ਕੈਨਸਸ ਰਾਜਾਂ ਵਿਚ ਹਾਦਸਿਆਂ ਦੌਰਾਨ ਤਿੰਨ ਜਣਿਆਂ ਦੀ ਮੌਤ ਹੋ ਗਈ ਅਤੇ ਦਰਜਨਾਂ ਹੋਰ ਜ਼ਖਮੀ ਹੋ ਗਏ। ਨੈਸ਼ਨਲ ਵੈਦਰ ਸਰਵਿਸ ਮੁਤਾਬਕ ਅਮਰੀਕਾ ਦੇ 10 ਕਰੋੜ ਲੋਕ ਮੌਸਮੀ ਕਹਿਰ ਝੱਲ ਰਹੇ ਹਨ ਅਤੇ ਵੀਕਐਂਡ ਤੇ ਵਾਵਰੋਲਿਆਂ ਰਾਹੀਂ ਵੱਡੀ ਤਬਾਹੀ ਹੋਣ ਦਾ ਖਦਸ਼ਾ ਜ਼ਾਹਰ ਕੀਤਾ ਗਿਆ ਹੈ।

ਪੱਛਮੀ ਓਕਲਾਹੋਮਾ ਵਿਚ 48 ਫੁੱਟ ਲੰਮਾ ਟਰੱਕ ਚਲਾ ਰਹੇ ਚਾਰਲਸ ਡੈਨੀਅਲ ਦੀ ਹੈਰਾਨੀ ਦਾ ਕੋਈ ਟਿਕਾਣਾ ਨਾ ਰਿਹਾ ਜਦੋਂ ਹਵਾ ਦੇ ਜ਼ੋਰ ਅੱਗੇ ਟਰੱਕ ਕੀੜੀ ਦੀ ਚਾਲ ਅੱਗੇ ਵਧਣ ਲੱਗਾ। ਕਈ ਥਾਵਾਂ ਫ਼ਰਸਤੋ-ਤੇ ਸੜਕ ਤੋਂ ਟੇਢੀਆਂ ਵਗਦੀਆਂ ਹਵਾਵਾਂ ਨੇ ਟਰੱਕ ਹੀ ਪਲਟਾ ਦਿਤੇ।

ਓਕਲਾਹੋਮਾ ਦੇ ਸਟੌਰਮ ਪ੍ਰਡਿਕਸ਼ਨ ਸੈਂਟਰ ਦੇ ਬਿਲ ਬੰਟਿੰਗ ਨੇ ਦੱਸਿਆ ਕਿ ਮਾਰਚ ਮਹੀਨੇ ਦੌਰਾਨ ਅਜਿਹਾ ਮੌਸਮ ਕੋਈ ਗੈਰਸਾਧਾਰਣ ਗੱਲ ਨਹੀਂ ਪਰ ਲੋਕਾਂ ਨੂੰ ਬੇਹੱਦ ਜ਼ਰੂਰੀ ਹੋਣ ਤੇ ਹੀ ਘਰਾਂ ਬਾਹਰ ਨਿਕਲਣਾ ਚਾਹੀਦਾ ਹੈ। ਉਧਰ ਜੰਗਲਾਂ ਦੀ ਅੱਗ ਬੁਝਾਉਣ ਵਿਚ ਜੁਟੇ ਫਾਇਰ ਫਾਈਟਰਜ਼ ਦਾ ਕਹਿਣਾ ਸੀ ਕਿ ਤੂਫਾਨ ਕਾਰਨ ਅੱਗ ਬੁਝਣ ਦੀ ਬਜਾਏ ਹੋਰ ਤੇਜ਼ੀ ਨਾਲ ਫੈਲਦੀ ਜਾ ਰਹੀ ਹੈ ਅਤੇ ਹਾਲਾਤ ਕਾਬੂ ਹੇਠ ਲਿਆਉਣ ਵਿਚ ਸਮਾਂ ਲੱਗ ਸਕਦਾ ਹੈ।

ਗੁਰਮੀਤ ਸਿੰਘ ਪਲਾਹੀ
-9815802070

# ਵਪਾਰਕ ਹਥੌੜੇ ਦੀ ਮਾਰ, ਚੂਰ-ਚੂਰ ਹੋ ਰਹੇ ਲੋਕ ਸੁਪਨੇ





ਦੁਨੀਆ ਮੁੱਠੀ ਭਰ ਲੋਕਾਂ ਦੇ ਹੱਥਾਂ 'ਚ ਸਿਮਟਦੀ ਜਾ ਰਹੀ ਹੈ। ਇਹੀ ਮੁੱਠੀ ਭਰ ਲੋਕ ਮਨੁੱਖ ਦੇ ਅਧਿਕਾਰਾਂ ਦਾ ਹਨਨ ਕਰਕੇ ਉਹਨਾਂ ਨੂੰ ਇੱਕ ਬਿੰਦੂ ਬਨਾਉਣ ਦੀ ਚਾਲ ਚਲ ਰਹੇ ਹਨ। ਪਿਛਲੇ ਕੁਝ ਸਾਲਾਂ 'ਚ ਜਿਵੇਂ ਦੁਨੀਆ ਦੇ ਸਭ ਤੋਂ ਵੱਡੇ ਸੌਦਾਗਰਾਂ ਨੇ ਸੌਦੇਬਾਜੀ ਕੀਤੀ, ਆਪਣੇ ਹਿੱਤਾਂ ਦੀ ਪੂਰਤੀ ਲਈ ਘਿਨਾਉਣੇ ਯਤਨ ਕੀਤੇ, ਹਰ ਹੀਲਾ-ਵਸੀਲਾ ਵਰਤਿਆ, ਇਹ ਦੁਨੀਆ 'ਤੇ ਕਾਲੇ ਸ਼ਾਹ ਬੱਦਲਾਂ ਦੀ ਦਸਤਕ ਹੈ। ਸਵਾਲ ਉੱਠਦਾ ਹੈ ਕਿ ਇਹੋ ਜਿਹੇ ਹਾਲਾਤਾਂ 'ਚ ਦੁਨੀਆ ਕਿਥੇ ਜਾਏਗੀ?

ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦਾ ਹਥੌੜਾ ਨਿਰਵਿਘਨ ਚੱਲ ਰਿਹਾ ਹੈ। ਉਹ ਦੁਨੀਆ ਨੂੰ ਇੱਕ ਸਵਾਰਥੀ ਢਾਂਚੇ 'ਚ ਢਾਲਣ ਦੀ ਧੌਂਸ ਦੇ ਰਹੇ ਹਨ। ਆਪਣੇ ਅੱਠ ਹਫਤਿਆਂ ਦੇ ਕਾਰਜਕਾਲ ਵਿੱਚ ਉਸਨੇ ਡਬਲਯੂ. ਐਚ. ਓ. ਨੂੰ ਤਿਆਗ ਦਿੱਤਾ ਅਤੇ ਮਨੁੱਖੀ ਅਧਿਕਾਰਾਂ ਦੀ ਸੰਸਥਾ (ਯੂ. ਐਨ. ਐਚ. ਆਰ. ਸੀ) ਸੰਯੁਕਤ ਰਾਸ਼ਟਰ ਰਾਹਤ ਏਜੰਸੀ (ਯੂ. ਐਨ. ਐਚ. ਆਰ. ਡਬਲਯੂ. ਏ) ਨੂੰ ਵਿੱਤੀ ਸਹਾਇਤਾ ਦੇਣ ਤੋਂ ਨਾਂਹ ਕਰ ਦਿੱਤੀ। ਯੂ. ਐਸ. ਏਡ ਨੂੰ ਬੰਦ ਕਰ ਦਿੱਤਾ ਗਿਆ ਅਤੇ ਦੁਨੀਆ ਭਰ 'ਚ ਚਲ ਰਹੇ ਅਮਰੀਕਾ ਦੇ ਦਰਜਨਾਂ ਸਹਾਇਤਾ ਕੰਮਾਂ ਨੂੰ ਰੋਕ ਦਿੱਤਾ ਗਿਆ। ਸਥਿਤੀ ਜੇਕਰ ਇਵੇਂ ਹੀ ਰਹੀ ਤਾਂ ਉਹ ਨਾਟੋ ਅਤੇ ਯੂਰਪੀ ਸਹਿਯੋਗੀਆਂ ਨੂੰ ਵੀ ਛੱਡ ਸਕਦੇ ਹਨ। ਉਂਜ ਵੀ ਆਪਣੇ ਹਿੱਤਾਂ ਖ਼ਾਤਰ ਅਮਰੀਕਾ ਨੇ ਵਪਾਰਕ ਜੰਗ ਛੇੜ ਦਿੱਤੀ ਹੋਈ ਹੈ।

ਸੰਵਿਧਾਨਿਕ ਇਤਿਹਾਸ ਦੇ ਮਹਾਨ ਅਤੇ ਬਿਹਤਰੀਨ ਪਾਠ ਪੜ੍ਹਾਉਣ ਵਾਲਾ ਅਮਰੀਕਾ, ਮਨੁੱਖੀ ਅਧਿਕਾਰਾਂ ਦਾ ਕਦੇ ਰਾਖਾ ਵੀ ਕਹਿਲਾਉਂਦਾ ਰਿਹਾ ਹੈ। ਭਾਰਤ ਸਮੇਤ ਕਈ ਹੋਰ ਦੇਸ਼ਾਂ ਦਾ ਸੰਵਿਧਾਨ ਬਨਾਉਣ ਵਾਲਿਆਂ ਨੇ ਅਮਰੀਕਾ ਦੇ ਸੰਵਿਧਾਨ ਦੀ ਨਕਲ ਕੀਤੀ, ਕਿਉਂਕਿ ਅਮਰੀਕਾ ਆਜ਼ਾਦ ਅਤੇ ਲੋਕਤੰਤਰਿਕ ਨੀਤੀਆਂ ਵਾਲਾ ਦੇਸ਼ ਮੰਨਿਆ ਗਿਆ ਸੀ, ਜਿਹੜਾ ਗਰੀਬੀ ਅਤੇ ਬੀਮਾਰੀ ਨੂੰ ਖ਼ਤਮ ਕਰਨ ਦਾ ਸੰਕਲਪ ਲੈਂਦਾ ਸੀ। ਇਸ ਸੰਕਲਪ ਨੂੰ ਪੂਰਿਆਂ ਕਰਨ ਲਈ ਅਮਰੀਕਾ ਨੇ ਗੰਭੀਰ ਯਤਨ ਵੀ ਕੀਤੇ। ਇਥੋਂ ਦੇ ਚੁਣੇ ਰਾਸ਼ਟਰਪਤੀਆਂ ਨੇ ਆਪਣੇ ਸੰਵਿਧਾਨ ਦੀ ਰਾਖੀ ਕਰਦਿਆਂ ਅਮਰੀਕਾ ਨੂੰ ਇਕ ਅਮੀਰ ਮੁਲਕ ਬਨਾਉਣ ਲਈ ਦਹਾਕਿਆਂ ਤੱਕ ਯਤਨ ਕੀਤੇ। ਕਈ ਰਾਸ਼ਟਰਪਤੀਆਂ ਨੇ ਆਪਣੇ ਅਦੁੱਤੀ ਅਧਿਕਾਰਾਂ ਦੀ ਵਰਤੋਂ ਕਰਦਿਆਂ ਅਮਰੀਕੀ ਖੇਤਰ 'ਚ ਜਾਇਜ਼, ਨਜਾਇਜ਼ ਵਾਧਾ ਕੀਤਾ ਅਤੇ ਗੁਆਮ, ਫਿਲੀਪਨਜ਼ ਅਤੇ ਹਵਾਈ ਉਤੇ ਕਬਜ਼ਾ ਕੀਤਾ। ਕਈ ਦੇਸ਼ਾਂ ਸਾਲ ਸਿੱਧੇ-ਅਸਿੱਧੇ ਯੁੱਧ ਲੜੇ ਪਰ ਦੇਸ਼ ਦੇ 47ਵੇਂ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਰ੍ਹਾਂ ਕਿਸੇ ਵੀ ਹੋਰ ਰਾਸ਼ਟਰਪਤੀ ਨੇ ਆਪਣੇ ਅਧਿਕਾਰਾਂ ਦਾ ਬਿਨ੍ਹਾਂ ਵਜਹ ਇਸਤੇਮਾਲ ਨਹੀਂ ਕੀਤਾ।

ਮੌਜੂਦਾ ਰਾਸ਼ਟਰਪਤੀ ਆਪਣੇ ਅਧਿਕਾਰਾਂ ਦੀਆਂ ਹੱਦਾਂ ਤੋੜ ਬਿਨ੍ਹਾਂ ਜਾਂਚ-ਪਰਖ ਦੇ ਆਪਣੀਆਂ ਸ਼ਕਤੀਆਂ ਦਾ ਹਥੌੜਾ ਚਲਾ ਰਹੇ ਹਨ ਅਤੇ ਸਮੁੱਚੀ ਦੁਨੀਆ ਸਾਹਵੇਂ ਇੱਕ ਵੱਖਰਾ ਬਿਰਤਾਂਤ ਸਿਰਜ ਰਹੇ ਹਨ। ਉਹਨਾ ਦਾ ਇਹ ਕਥਨ ਮੌਜੂਦਾ ਦੌਰ 'ਚ ਵੇਖਣ, ਪਰਖਣ, ਵਿਚਰਨ ਯੋਗ ਹੈ, "ਮੈਂ ਆਪਣੀ ਸਾਰੀ ਜ਼ਿੰਦਗੀ ਸੌਦੇਬਾਜੀ ਕੀਤੀ ਹੈ"।

ਅਮਰੀਕਾ ਦੀ ਵਿਸਥਾਰ ਵਾਦੀ ਨੀਤੀ ਦਾ ਤਰਜਮਾਨ ਬਣਦਿਆਂ ਉਹ ਕੈਨੇਡਾ ਨੂੰ ਅਮਰੀਕਾ 'ਚ ਸ਼ਾਮਲ ਕਰਨ ਦੀ ਗੱਲ ਕਰਦੇ ਹਨ। ਉਹਨਾ ਨੇ ਗਰੀਨਲੈਂਡ ਨੂੰ ਆਪਣੇ 'ਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤੇ ਹੈ ਅਤੇ ਕਿਹਾ ਹੈ ਕਿ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਗਰੀਨਲੈਂਡ ਹਾਸਲ ਕਰ ਲਵਾਂਗੇ। ਸੌਦਾਗਰੀ, ਵਿਸਥਾਰਵਾਦੀ, ਧੌਂਸ ਭਰੀਆਂ ਨੀਤੀਆਂ ਅਮਰੀਕਾ ਦੇ ਮੌਜੂਦਾ ਰਾਸ਼ਟਰਪਤੀ ਦੀ ਸ਼ਾਸ਼ਨ ਦੀ ਭੁੱਖ ਅਤੇ ਆਪਣੇ ਆਪ ਨੂੰ ਸਰਬ ਸ਼੍ਰੇਸ਼ਟ ਬਨਾਉਣ ਦੀ ਥਾਣੇਦਾਰੀ ਸੋਚ ਦਾ ਪ੍ਰਤੀਕ ਹੈ।

ਇਹ ਮੰਨਿਆ ਜਾਂਦਾ ਹੈ ਕਿ ਮਨੁੱਖੀ ਅਧਿਕਾਰਾਂ ਦਾ ਪਹਿਲਾਂ ਚਾਰਟਰ "ਮੈਗਨਾ ਕਾਰਟਾ" ਸੰਨ 1215 'ਚ ਇੰਗਲੈਂਡ ਦੇ ਬਾਦਸ਼ਾਹ ਨੇ ਪ੍ਰਵਾਨ ਕੀਤਾ। ਇਹ ਵੀ ਮੰਨਿਆ ਜਾਂਦਾ ਹੈ ਕਿ ਦੁਨੀਆ ਦੀ ਪਹਿਲੀ ਸੰਸਦ ਆਈਲੈਂਡ ਵਿੱਚ 1262 'ਚ ਸਥਾਪਿਤ ਹੋਈ, ਜਿਸਨੂੰ ਅਲਥਿੰਗ ਕਿਹਾ ਗਿਆ। ਦੁਨੀਆ ਦਾ ਪਹਿਲਾ ਲਿਖਤੀ ਸੰਵਿਧਾਨ 1600 'ਚ ਸੈਨ ਮੈਰੀਨੋ ਗਣਰਾਜ 'ਚ ਤਿਆਰ ਕੀਤਾ ਗਿਆ ਸੀ। ਫਰਾਂਸੀਸੀ ਦਾਰਸ਼ਨਿਕ ਮਾਂਟੈਸਕਿਊ ਵੱਲੋਂ 1748 'ਚ ਪ੍ਰਕਾਸ਼ਿਤ "ਕਾਨੂੰਨ ਦੀ ਭਾਵਨਾ" ਨੂੰ ਮਨੁੱਖੀ ਸ਼ਕਤੀਆਂ ਦਾ ਸਿਧਾਂਤਕਾਰ ਮੰਨਿਆ ਜਾਂਦਾ ਹੈ। ਪਰ ਅਮਰੀਕਾ ਹੀ ਦੁਨੀਆ ਵਿੱਚ ਇੱਕ ਇਹੋ ਜਿਹਾ ਦੇਸ਼ ਹੈ ਜੋ ਨਿਆਇਕ ਸ਼ਕਤੀ ਨੂੰ 24 ਸਤੰਬਰ 1789 ਨੂੰ ਲਾਗੂ ਕਰਨ ਵਾਲਾ ਮੰਨਿਆ ਗਿਆ ਤੇ ਇਥੇ ਹੀ ਸਰਬ ਉੱਚ ਅਦਾਲਤ ਸਥਾਪਿਤ ਹੋਈ।

ਅੱਜ ਇਹੀ ਅਮਰੀਕਾ ਘਰੇਲੂ ਪੱਧਰ 'ਤੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਦੇ ਢਾਹੇ ਚੜ੍ਹਕੇ ਅਮਰੀਕੀ ਸਰਕਾਰ ਦੇ ਢਾਂਚੇ ਨੂੰ ਖ਼ਤਮ ਕਰਨ ਦੇ ਰਾਹ ਤੁਰ ਰਿਹਾ ਹੈ। ਉਹ ਹਜ਼ਾਰਾਂ ਲੋਕਾਂ ਨੂੰ ਨੌਕਰੀ ਤੋਂ ਕੱਢ ਰਿਹਾ ਹੈ ਅਤੇ ਖਦਸ਼ਾ ਹੈ ਕਿ ਅਮਰੀਕੀ ਸਿੱਖਿਆ ਵਿਭਾਗ ਨੂੰ ਹੀ ਬੰਦ ਕਰ ਦੇਵੇਗਾ। ਰਾਸ਼ਟਰਪਤੀ ਟਰੰਪ ਦੀਆਂ ਆਰਥਿਕ ਨੀਤੀਆਂ ਅਮਰੀਕੀ ਅਰਥ ਵਿਵਸਥਾ ਨੂੰ ਗਲਤ ਪਾਸੇ ਲੈ ਜਾ ਸਕਦੀਆਂ ਹਨ, "ਅਮਰੀਕਾ ਫਸਟ ਨੀਤੀ", ਭਾਰਤ ਦੀ ਹਿੰਦੀ, ਹਿੰਦੂ, ਹਿੰਦੋਸਤਾਨ ਵਰਗੀ ਨੀਤੀ ਹੈ, ਜੋ ਲੋਕਤੰਤਰ ਅਮਰੀਕਾ ਦੇ ਸੀਨੇ 'ਤੇ ਵੱਡੀਆਂ ਚੋਭਾਂ ਲਾਏਗੀ। ਟਰੰਪ ਨੇ ਆਪਣੇ ਪਿਛਲੇ 50 ਦਿਨਾਂ ਦੇ ਫੈਸਲਿਆਂ ਨੇ ਦੁਨੀਆ ਭਰ ਦੇ ਲੋਕਾਂ ਨੂੰ ਚੌਂਕਾ ਦਿੱਤਾ ਹੈ। ਉਸਦੇ ਫੈਸਲੇ ਸਮਾਜਿਕ ਸੁਰੱਖਿਆ 'ਚ ਕਟੌਤੀ ਵਾਲੇ ਹਨ, ਜੋ ਅਮਰੀਕੀ ਉਪਭੋਗਤਾਵਾਂ ਉਤੇ ਹੀ ਨਹੀਂ, ਦੁਨੀਆ ਭਰ ਦੇ ਉਪਭੋਗਤਾਵਾਂ ਦਾ ਹਿਸਾਬ-ਕਿਤਾਬ ਖ਼ਰਾਬ ਕਰਨ ਵਾਲੇ ਹਨ।

ਇਸ ਨਾਲ ਮਹਿੰਗਾਈ 'ਚ ਵਾਧਾ ਤਾਂ ਹੋਏਗਾ ਹੀ, ਸਗੋਂ ਅਸਥਿਰਤਾ ਵੀ ਪੈਦਾ ਕਰੇਗਾ। ਅਮਰੀਕਾ ਦੇ ਟੈਰਿਫ ਦੁਨੀਆ ਨੂੰ ਮੰਦੀ ਵੱਲ ਧੱਕ ਸਕਦੇ ਹਨ। ਇਹ ਆਪਣੇ-ਆਪ ਵਿੱਚ ਇੱਕ ਖ਼ਤਰਨਾਕ ਖੇਡ ਹੈ।

ਰਾਸ਼ਟਰਪਤੀ ਟਰੰਪ ਨੇ ਸ਼ਾਸ਼ਨ ਸੰਭਾਲਦਿਆਂ ਹੀ ਗ਼ੈਰ-ਕਾਨੂੰਨੀ ਵਿਦੇਸ਼ੀਆਂ ਨੂੰ ਬਾਹਰ ਕੱਢਣ ਦਾ ਆਪਣਾ ਚੋਣ ਵਾਅਦਾ ਪੂਰਾ ਕਰਦਿਆਂ ਪ੍ਰਵਾਸੀਆਂ ਵਿੱਚ ਇੱਕ ਵੱਡਾ ਡਰ ਪੈਦਾ ਕੀਤਾ। ਹਜ਼ਾਰਾਂ ਲੋਕਾਂ ਨੂੰ ਫੌਜੀ ਜਹਾਜ਼ਾਂ 'ਚ ਬੇੜੀਆਂ, ਹੱਥ ਕੜੀਆਂ ਨਾਲ ਜਕੜਕੇ ਦੇਸ਼ ਤੋਂ ਕੱਢ ਦਿੱਤਾ। ਹੁਣ ਦੁਨੀਆ ਭਰ ਦੇ 41 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ, ਜਿਹਨਾ ਨੂੰ ਅਮਰੀਕੀ ਵੀਜ਼ਾ ਦੇਣ ਤੋਂ ਇਨਕਾਰ ਕੀਤਾ ਜਾਏਗਾ।

ਅਸਲ ਵਿੱਚ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਦੀਆਂ ਇਹ ਸਮੁੱਚੀਆਂ ਕਾਰਵਾਈਆਂ ਧੱਕਾ ਧੌਂਸ ਭਰੀਆਂ ਹਨ ਅਤੇ ਮਾਨਵਤਾ ਦੇ ਮੱਥੇ ਤੇ ਕਲੰਕ ਹਨ। ਦੁਨੀਆ ਭਰ ਦੇ ਮਾਨਵਵਾਦੀ ਵਿਚਾਰਾਂ ਵਾਲੇ ਲੋਕਾਂ ਦੀ ਪਹੁੰਚ ਤਾਂ ਹੁਣ ਵਿਸ਼ਵ ਨਾਗਰਿਕਤਾ ਵਾਲੀ ਹੈ, ਪਰ ਅਮਰੀਕੀ ਹਾਕਮ ਦੀ ਸੌੜੀ ਸੋਚ ਆਪਣੇ-ਆਪ ਨੂੰ "ਸ੍ਰੇਸ਼ਟ" ਅਤੇ ਦੂਜਿਆਂ ਨੂੰ ਘਟੀਆ ਸਮਝਣ ਵਾਲੀ ਹੈ। ਇਸੇ ਯਤਨ ਤਹਿਤ ਰਾਸ਼ਟਰਪਤੀ ਟਰੰਪ ਨੇ ਦੋਸਤ, ਦੁਸ਼ਮਣ ਦਾ ਫ਼ਰਕ ਮਿਟਾਕੇ ਸਿਰਫ਼ ਸੌਦਿਆਂ ਨੂੰ ਤਰਜੀਹ ਦਿੱਤੀ। ਟੈਰਿਫ ਲਗਾਉਣ ਲੱਗਿਆਂ ਭਾਰਤ ਵਰਗੇ ਮਿੱਤਰ ਦੇਸ਼ ਨੂੰ ਵੀ ਨਹੀਂ ਬਖ਼ਸ਼ਿਆ। ਜੈਲੇਂਸਕੀ ਦੀ ਬਾਂਹ ਮਰੋੜਦਿਆਂ, ਆਪਣੇ ਵਲੋਂ ਦਿੱਤੇ ਹਥਿਆਰਾਂ ਬਦਲੇ ਉੱਥੋਂ ਦੇ ਖਣਿਜ ਪਦਾਰਥ ਖੋਹਣ ਲਈ ਜ਼ਬਰਦਸਤੀ ਕਬਜ਼ਾ-ਸਮਝੌਤਾ ਕਰਨ ਦੀ ਨੀਤੀ ਅਪਨਾਈ। ਆਪਣੇ ਵੱਡੇ ਦੁਸ਼ਮਣ ਚੀਨ ਨਾਲ ਥੋਹੜਾ ਨਿੱਘਾ ਹੱਥ ਮਿਲਾਉਣ ਦੀ ਨੀਤੀ ਅਪਨਾਈ। ਟਰੰਪ ਸ਼ਾਸ਼ਨ ਦਾ ਸਿੱਧਾ ਅਤੇ ਸਪਸ਼ਟ ਧਿਆਨ ਅਮਰੀਕਾ ਨੂੰ ਸਰਵ ਸ਼੍ਰੇਸ਼ਟ ਬਨਾਉਣ ਦਾ ਹੈ, ਇਸ ਵਾਸਤੇ ਉਹ ਹਰ ਕਿਸਮ ਦੀ ਸੌਦੇਬਾਜੀ-ਧੱਕੇਸ਼ਾਹੀ ਕਰਨ ਲਈ ਤਿਆਰ ਹੈ। ਟੈਰਿਫ ਯੁੱਧ ਜੋ ਅਮਰੀਕਾ ਨੇ ਛੇੜਿਆ ਹੈ, ਭਾਰਤ ਇਸ ਦੀ ਲਪੇਟ ਵਿੱਚ ਬੁਰੀ ਤਰ੍ਹਾਂ ਆ ਸਕਦਾ ਹੈ। ਆਪਣੀਆਂ ਫੌਜੀ ਲੋੜਾਂ ਪੂਰੀਆਂ ਕਰਨ ਲਈ ਸਮਾਨ ਖਰੀਦਣ ਵਾਸਤੇ ਉਸਨੂੰ ਭਾਰੀ ਭਰਕਮ ਟੈਰਿਫ ਦੇਣਾ ਪਵੇਗਾ। ਜਿਸਦਾ ਭੈੜਾ ਅਸਰ ਭਾਰਤੀ ਅਰਥ ਵਿਵਸਥਾ 'ਤੇ ਪਵੇਗਾ। ਉਸਦਾ ਵਿਸ਼ਵ ਗੁਰੂ ਬਨਣ ਦਾ ਸੁਪਨੇ ਢਹਿ-ਢੇਰੀ ਹੋ ਜਾਵੇਗਾ।

ਅੱਜ ਦੁਨੀਆ ਦੀਆਂ ਨਜ਼ਰਾਂ ਅਮਰੀਕਾ ਦੇ ਸ਼ਾਸ਼ਕ ਟਰੰਪ 'ਤੇ ਲੱਗੀਆਂ ਹੋਈਆਂ ਹਨ। ਉਹ ਇੱਕ ਪਾਸੇ ਕੁਸ਼ਲ ਵਪਾਰੀ ਵਾਂਗਰ ਵਿਚਰ ਰਿਹਾ ਹੈ, ਦੂਜੇ ਪਾਸੇ ਥਾਣੇਦਾਰ ਬਣਕੇ ਉਹ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨ ਤੋਂ ਵੀ ਪਿੱਛੇ ਨਹੀਂ ਹੱਟ ਰਿਹਾ। ਇਵੇਂ ਲੱਗਦਾ ਹੈ ਕਿ ਉਹਦੀ ਮਨਸ਼ਾ "ਇੱਕ ਡਿਕਟੇਟਰ ਵਾਂਗਰ ਦੁਨੀਆ 'ਤੇ ਰਾਜ ਕਰਨ ਦੀ ਹੈ।

ਅਮਰੀਕਾ ਦੇ ਵੱਡੇ ਦੁਸ਼ਮਣ ਰੂਸ ਵੱਲੋਂ ਯੂਕਰੇਨ ਨਾਲ ਛੇੜੀ ਜੰਗ 'ਚ ਉੱਥੋਂ ਦੇ ਡਿਕਟੇਟਰ ਰਾਸ਼ਟਰਪਤੀ ਪੁਤਿਨ ਨਾਲ ਡੋਨਲਡ ਟਰੰਪ ਦੀ ਮੌਜੂਦਾ ਸਾਂਝ ਭਿਆਲੀ, ਸਿਰਫ ਜੰਗ ਖ਼ਤਮ ਕਰਨ ਤੱਕ ਸੀਮਤ ਨਹੀਂ, ਇਹ ਸਾਂਝ ਭਿਆਲੀ ਦੁਨੀਆ ਦੀਆਂ ਮਹਾਂ ਸ਼ਕਤੀਆਂ ਅਮਰੀਕਾ ਤੇ ਰੂਸ ਦੀਆਂ ਆਪਸੀ ਵਿਵਸਥਾਰਵਾਦੀ ਨੀਤੀਆਂ ਨੂੰ ਅੱਗੇ ਕਰਨ ਦਾ ਇੱਕ ਸਮਝੌਤਾ ਹਨ। ਇਵੇਂ ਦੀ ਹੀ ਸਾਂਝ ਭਿਆਲੀ ਦੁਨੀਆ ਦੀ ਤੀਜੀ ਤਾਕਤ ਚੀਨ ਨਾਲ ਅਮਰੀਕਾ ਦੀ ਬਣਦੀ ਦਿਸਦੀ ਹੈ। ਅਮਰੀਕਾ ਨੇ ਆਪਣੇ ਸਭ ਤੋਂ ਵੱਡੇ ਦੁਸ਼ਮਣ ਚੀਨ ਉਤੇ ਟੈਰਿਫ ਦਰ ਵਾਧਾ ਸੀਮਤ ਰੱਖਿਆ। ਵੈਰੀ ਗਿਣੇ ਜਾਂਦੇ ਚੀਨ ਲਈ ਟਰੰਪ ਨੇ ਨਰਮ ਰੁਖ਼ ਅਪਣਾਇਆ ਹੈ। ਇਹ ਵੀ ਅਸਲ 'ਚ ਉਸਦੀ ਵਪਾਰਕ ਸੋਚ ਅਤੇ ਅਧਿਕਾਰਾਂ ਦਾ ਤਿੰਨ ਕੇਂਦਰਾਂ ਰੂਸ, ਅਮਰੀਕਾ ਅਤ ਚੀਨ ਤੱਕ ਕੇਂਦਰੀਕਰਨ ਹੈ। ਜਿਵੇਂ ਵਪਾਰੀ ਆਪਣੇ ਹਿੱਤਾਂ ਦੀ ਖ਼ਾਤਰ, ਲੋਕਾਂ ਦੀ ਲੁੱਟ ਦੀ ਖ਼ਾਤਰ, ਆਪਸੀ ਸਮਝੌਤੇ ਕਰਦੇ ਹਨ, ਇਵੇਂ ਦੇ ਸਮਝੌਤੇ ਕਰਨ ਲਈ ਰਾਸ਼ਟਰਪਤੀ ਟਰੰਪ ਅੱਗੇ ਵੱਧ ਰਿਹਾ ਹੈ।

ਇਸ ਵੇਲੇ ਦੁਨੀਆ ਨੂੰ ਕਾਬੂ ਕਰਨ ਲਈ ਸੱਤਾਧਾਰੀ ਸਾਸ਼ਕ ਟਰੰਪ (ਅਮਰੀਕਾ) ਪੁਤਿਨ (ਰੂਸ) ਅਤੇ ਸ਼ੀ ਜਿਨਪਿੰਗ (ਚੀਨ) ਦੁਨੀਆ 'ਚ ਇੱਕ ਕਲੱਬ ਬਨਾਉਣ ਲਈ ਯਤਨਸ਼ੀਲ ਹਨ। ਉਹ ਆਪਣੇ ਮਨਚਾਹੇ ਇਲਾਕਿਆਂ ਨੂੰ ਹੜੱਪ ਲੈਣ ਦੀ ਤਾਕ 'ਚ ਹਨ। ਅਮਰੀਕਾ ਦੀ ਨਜ਼ਰ ਪਨਾਮਾ ਨਹਿਰ 'ਤੇ ਹੈ, ਕੈਨੇਡਾ, ਗ੍ਰੀਨਲੈਂਡ ਅਤੇ ਗਾਜਾਪੱਟੀ ਹਥਿਆਉਣਾ ਉਸਦਾ ਨਿਸ਼ਾਨਾ ਹੈ। ਰੂਸ ਪਹਿਲਾਂ ਹੀ ਕਰੀਮੀਆਂ, ਅਬਖਾਜਿਆ ਅਤੇ ਦੱਖਣੀ ਔਸ਼ੇਸ਼ਿਆ ਉਤੇ ਕਬਜ਼ਾ ਕਰ ਚੁੱਕਾ ਹੈ ਅਤੇ ਸ਼ਾਇਦ ਜਾਰਜੀਆ ਤੇ ਕਬਜ਼ਾ ਚਾਹੁੰਦਾ ਹੈ। ਚੀਨ, ਤਿੱਬਤ, ਹਾਂਗਕਾਂਗ ਨੂੰ ਆਪਣੇ 'ਚ ਜਬਰਦਸਤੀ ਮਿਲਾਉਣ ਉਪਰੰਤ, ਤਾਇਵਾਨ ਅਤੇ ਭਾਰਤ ਦੇ ਕੁੱਝ ਮਹੱਤਵਪੂਰਨ ਹਿੱਸਿਆਂ ਨੂੰ ਆਪਣੇ ਕਬਜੇ 'ਚ ਲਿਆਉਣ ਦੀ ਇਛਾ ਕਰ ਰਿਹਾ ਹੈ। ਇਹ ਤਿੰਨੇ ਸ਼ਕਤੀਆਂ ਆਪਣੀ ਪ੍ਰਭਾਵ ਦੇ ਖੇਤਰਾਂ ਵਿੱਚ ਕਬਜ਼ਾ ਕਰਕੇ ਉੱਥੋਂ ਦੇ ਕੁਦਰਤੀ ਸਾਧਨਾਂ ਨੂੰ ਹਥਿਆਉਣ ਦੇ ਚੱਕਰ 'ਚ ਆਪਸੀ ਸੌਦਾਗਿਰੀ ਕਰ ਸਕਦੇ ਹਨ ਅਤੇ ਆਪਣੇ ਵਪਾਰਕ ਹਿੱਤਾਂ ਨੂੰ ਸੁਰੱਖਿਅਤ ਕਰਨਗੇ।

ਟਰੰਪ ਦੀ ਨੀਤੀ ਸਪਸ਼ਟ ਹੈ। ਵਪਾਰਕ ਹੈ। ਸਵਾਰਥੀ ਹੈ। ਉਸਦਾ ਸੁਭਾਅ ਹੰਕਾਰੀ ਹੈ। ਉਹ ਆਪਣੇ ਹਿੱਤਾਂ ਦੀ ਪੂਰਤੀ ਲਈ ਕਿਸੇ ਦੀ ਪ੍ਰਵਾਹ ਨਾ ਹੁਣ ਕਰ ਰਿਹਾ ਹੈ ਅਤੇ ਨਾ ਕਰੇਗਾ। ਉਹ ਨੂੰ ਇਸ ਗੱਲ ਦੀ ਵੀ ਪਰਵਾਹ ਨਹੀਂ ਕਿ ਉਸਦੀਆਂ ਨੀਤੀਆਂ ਦੁਨੀਆ ਦੀ ਅਰਥ ਵਿਵਸਥਾ ਨੂੰ ਬਰਬਾਦ ਕਰ ਦੇਣਗੀਆਂ। ਦੁਨੀਆ 'ਤੇ ਕਾਲੇ ਸ਼ਾਹ ਬੱਦਲ ਛਾਏ ਹੋਏ ਹਨ। ਵੱਡੀਆਂ ਸ਼ਕਤੀਆਂ ਦਾ ਬੋਲ-ਬਾਲਾ ਵੱਧ ਰਿਹਾ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਤਹਿਸ਼-ਨਹਿਸ਼ ਕੀਤੀਆਂ ਜਾ ਰਹੀਆਂ ਹਨ।

ਲੋਕ-ਸ਼ਕਤੀ ਹੀ ਇਸ ਹਨ੍ਹੇਰੀ, ਗੁਬਾਰ ਨੂੰ ਠੱਲ੍ਹ ਪਾ ਸਕੇਗੀ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਲੋਕ ਕਿੰਨਾ ਕੁ ਚਿਰ ਲਾਉਣਗੇ ਆਪਣੇ ਘੁਰਨਿਆ 'ਚੋਂ ਬਾਹਰ ਆਉਣ ਲਈ, ਇਹੋ ਜਿਹੀ ਹੁੰਮਸ ਤੋਂ ਨਿਜ਼ਾਤ ਪਾਉਣ ਲਈ।

# ਗੁਰੁ ਅੰਗਦ ਗੁਰ ਅੰਗੁ ਤੇ

**ਕਿਸ਼ਤ 26**

## ਨਾਈ ਧਿੰਙੁ ਵਖਾਣੀਐ

ਗੁਰੂ ਅੰਗਦ ਸਾਹਿਬ ਜੀ ਦੀ ਕਿਰਪਾ ਸਦਕਾ ਗੁਰੂ-ਬਾਬੇ ਜੀ ਦਾ ਇਹ ਸੰਦੇਸ਼ ਹੋਰ ਪਸਰਿਆ ਕਿ ਗੁਰੂ-ਘਰ ਵਿਚ ਸਭਨਾਂ ਨੂੰ


- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743




ਆਦਰ ਮਿਲਦਾ ਹੈ ਅਰ ਇਥੇ ਜਾਤ-ਪਾਤ ਦਾ ਕੋਈ ਬੰਧਨ ਨਹੀਂ। ਭਾਈ ਗੁੱਜਰ ਵਰਗਿਆਂ ਵੱਲ ਵੇਖ ਕੇ ਨਾਈ ਖਾਨਦਾਨ ਦੇ ਇਸ ਪ੍ਰੇਮੀ ਜੀਉੜੇ ਅੰਦਰ ਵੀ ਗੁਰਉਪਦੇਸ਼ ਦੇ ਧਾਰਨੀ ਹੋਣ ਦਾ ਚਾਅ ਆਇਆ ਤਾਂ ਖਡੂਰ ਸਾਹਿਬ ਪਹੁੰਚ ਹੋਰਨਾਂ ਵੱਲ ਵੇਖ ਕੇ ਗੁਰਸਿੱਖਾਂ ਦੀ ਸੇਵਾ ਕਰਨ ਲੱਗ ਪਿਆ। ਇਸ ਨੇ ਬਾਹਰੋਂ ਆਇਆਂ ਸਿੱਖਾਂ ਦੀ ਮੁੱਠੀ-ਚਾਪੀ ਕਰਨ, ਸ਼ਨਾਨ ਕਰਾਉਣ ਅਤੇ ਜਲ ਛਕਾਉਣ ਆਦਿ ਦੀ ਸੇਵਾ ਕਰਨੀ। ਇਹ ਕਰਦਾ ਹੋਇਆ ਸਤਸੰਗ ਵੀ ਨਾ ਖੁਝਾਉਂਦਾ ਅਰ ਸਤਿਗੁਰਾਂ ਦੇ ਬਚਨ ਸੁਣਦਾ। ਜਿਉਂ ਜਿਉਂ ਸਮਾਂ ਬੀਤਿਆ, ਅਹਿਸਾਸ ਹੋਣ ਲੱਗਾ ਕਿ ਉਸ ਦੇ ਅੰਦਰ ਕੋਈ ਅਜਿਹੀ ਭੁੱਲ ਹੈ ਜਿਸ ਕਰ ਕੇ ਗੁਰਉਪਦੇਸ਼ ਮਨ ਵਿਚ ਟਿਕਦਾ ਨਹੀਂ। ਇਹ ਮਹਿਸੂਸ ਹੋਣ 'ਤੇ ਧਿੰਙਾ ਜੀ ਨੇ ਹਜ਼ੂਰ ਪਾਤਸ਼ਾਹ ਨਾਲ ਇਹ ਔਕੜ ਸਾਂਝੀ ਕੀਤੀ। ਸਤਿਗੁਰਾਂ ਸਮਝਾਇਆ ਕਿ ਜਦ ਤਕ ਅਸੀਂ ਆਪਾ-ਭਾਵ ਨਹੀਂ ਤਿਆਗਦੇ ਤਦ ਤੱਕ ਗੁਰਉਪਦੇਸ਼ ਹਿਰਦੇ ਵਿਚ ਨਹੀਂ ਟਿਕਦਾ। ਭਾਈ ਜੀ ਨੇ ਕਿਹਾ,

'ਪਾਤਸ਼ਾਹ ਜੀ! ਮੈਨੂੰ ਸਮਝ ਨਹੀਂ ਆਈ'। ਹਜ਼ੂਰ ਨੇ ਉਦਾਹਰਣ ਦੇ ਕੇ ਸਭਨਾਂ ਸਿੱਖਾਂ ਨੂੰ ਸਮਝਾਉਂਦਿਆਂ ਕਿਹਾ,

'ਭਾਈ! ਕਿਸੇ ਮੁਸਲਮਾਨ ਨੂੰ ਕਬਰ ਵਿਚ ਪਾਉਣ ਵੇਲੇ ਤੁਸਾਂ ਨੇ ਵੇਖਿਆ ਹੋਵੇਗਾ ਕਿ ਕਬਰ ਵਿਚ ਓਦੋਂ ਹੀ ਕੋਈ ਪਾਇਆ ਜਾਂਦਾ ਹੈ ਜਦੋਂ ਉਸ ਦੀ ਮੌਤ ਹੋ ਜਾਂਦੀ ਹੈ। ਜਦ ਤਕ ਕਿਸੇ ਦੇ ਸੁਆਸ ਚਲਦੇ ਹਨ ਜਾਂ ਹੱਥ-ਪੈਰ ਹਿਲਦੇ ਹਨ ਤਾਂ ਕੋਈ ਕਬਰ ਵਿਚ ਨਹੀਂ ਪਾਇਆ ਜਾਂਦਾ ਕਿਉਂਕਿ ਉਹ ਮੁਰਦਾ ਨਹੀਂ ਹੁੰਦਾ। ਜਿਸ ਤਰਹ ਸਰੀਰਕ ਤੌਰ 'ਤੇ ਮੁਰਦੇ ਨੂੰ ਹੀ ਗੋਰ/ਕਬਰ ਵਿਚ ਪਾਇਆ ਜਾ ਸਕਦਾ ਹੈ ਇਸੇ ਤਰਹ ਜਦ ਤੱਕ ਸਾਡਾ ਆਪਾ-ਭਾਵ ਨਹੀਂ ਮਰਦਾ ਤਦ ਤੱਕ ਅਸੀਂ ਗੁਰਉਪਦੇਸ਼ ਵਿਚ ਵੀ ਨਹੀਂ ਸਮਾ ਸਕਦੇ। ਗੁਰਉਪਦੇਸ਼ ਵਿਚ ਸਮਾਉਣ ਲਈ ਸਾਨੂੰ ਆਪਣੀ ਹੰਗਤਾ ਭਾਵ ਹਉਮੈ ਦਾ ਪੂਰਨ ਤਿਆਗ ਕਰਨਾ ਪੈਂਦਾ ਹੈ। ਜਿਸ ਤਰਹ ਜਦ ਤਕ ਸਰੀਰ ਵਿਚ ਸੁਆਸ ਹੁੰਦਾ ਹੈ ਕੋਈ ਨ ਕੋਈ ਅੰਗ ਹਿਲਦਾ ਹੈ, ਇਸੇ ਤਰਹ ਜਦ ਤਕ ਹਿਰਦੇ ਵਿਚ ਹਉਮੈ ਹੈ ਕੋਈ ਨ ਕੋਈ ਕਾਰਨ ਪੈਦਾ ਹੁੰਦਾ ਹੈ ਜੋ ਗੁਰਉਪਦੇਸ਼ ਵਿਚ ਵਿਲੀਣ ਹੋਣ ਦੇ ਰਾਹ ਵਿਚ ਬਾਧਕ ਬਣਦਾ ਹੈ, ਸੋ, ਇਸ ਦਾ ਬਾਧਕ ਹੈ ਹਉਮੈ:

ਮਹਲਾ 2॥ ਹਉਮੈ ਏਹਾ ਜਾਤਿ ਹੈ
ਹਉਮੈ ਕਰਮ ਕਮਾਹਿ॥
ਹਉਮੈ ਏਈ ਬੰਧਨਾ
ਫਿਰਿ ਫਿਰਿ ਜੋਨੀ ਪਾਹਿ॥
ਹਉਮੈ ਕਿਥਹੁ ਊਪਜੈ
ਕਿਤੁ ਸੰਜਮਿ ਇਹੁ ਜਾਇ॥
ਹਉਮੈ ਏਹੋ ਹੁਕਮੁ ਹੈ
ਪਇਐ ਕਿਰਤਿ ਫਿਰਾਹਿ॥
ਹਉਮੈ ਦੀਰਘ ਰੋਗੁ ਹੈ
ਦਾਰੂ ਭੀ ਇਸੁ ਮਾਹਿ॥
ਕਿਰਪਾ ਕਰੇ ਜੇ ਆਪਣੀ
ਤਾ ਗੁਰ ਕਾ ਸਬਦੁ ਕਮਾਹਿ॥
ਨਾਨਕੁ ਕਹੈ ਸੁਣਹੁ ਜਨਹੁ
ਇਤੁ ਸੰਜਮਿ ਦੁਖ ਜਾਹਿ॥2॥

ਗੁ.ਗ੍ਰ.ਸਾ. ਪੰਨਾ 466

ਹਉਮੈ ਬਹੁਤ ਸੂਖਮ ਹੋਣ 'ਤੇ ਵੀ ਸਾਡੇ ਸਰੀਰਕ ਅਤੇ ਆਤਮਕ ਰਿਸ਼ਤਿਆਂ ਲਈ ਬਹੁਤ ਘਾਤਕ ਹੈ। ਇਹ ਅਮੀਰ-ਗ਼ਰੀਬ, ਊਚ-ਨੀਚ ਅਤੇ ਪੜ੍ਹੇ-ਅਨਪੜ੍ਹੇ ਆਦਿ ਦੇ ਵਿਚਾਰ ਮੰਡਲ ਵਿਚ ਅਛੋਪਲੇ ਪ੍ਰਵੇਸ਼ ਕਰ ਜਾਂਦੀ ਹੈ ਅਰ ਗੁਰੂ-ਪਰਮੇਸ਼ਰ ਨਾਲ ਸਾਂਝ ਨਹੀਂ ਬਣਨ ਦੇਂਦੀ। ਵੇਖੋ! ਭਗਤ ਰਵਿਦ-ਾਸ ਜੀ ਵੀ ਚੇਤਾ ਕਰਵਾਉਂਦੇ ਹਨ ਕਿ ਨੇੜਤਾ ਭਾਵੇਂ ਕਿੰਨੀ ਵੀ ਹੋ ਜਾਏ; ਆਪਸੀ ਵਿੱਥ ਭਾਵੇਂ ਕਿੰਨੀ ਵੀ ਘਟ ਜਾਏ ਪਰ, ਜਦ ਤਕ -ਚਾਂਦੀ ਤੋਂ ਲੈ ਕੇ ਲੋਹੇ ਤਕ- ਕੋਈ ਵੀ ਧਾਤ ਪਾਰਸ ਨਾਲ ਛੂਹੰਦੀ ਨਹੀਂ, ਉਹ ਸ਼ੁਧ ਸੋਨਾ ਨਹੀਂ ਬਣ ਸਕਦੀ:

ਪੜੀਐ ਗੁਨੀਐ ਨਾਮੁ ਸਭੁ
ਸੁਨੀਐ ਅਨਭਉ ਭਾਉ ਨ ਦਰਸੈ॥
ਲੋਹਾ ਕੰਚਨੁ ਹਿਰਨ ਹੋਇ ਕੈਸੇ
ਜਉ ਪਾਰਸਹਿ ਨ ਪਰਸੈ॥1॥

ਗੁ.ਗ੍ਰ.ਸਾ. ਪੰਨਾ 973

ਪਰ, ਭਾਈ! ਇਸ ਦਾ ਭਾਵ ਇਹ ਨਹੀਂ ਕਿ ਇਸ ਘਾਤਕ/ਦੀਰਘ ਰੋਗ ਦੀ ਕੋਈ ਦਵਾ ਨਹੀਂ। ਗੁਰੂ-ਬਾਬਾ ਜੀ ਦੇ ਦਰ ਤੋਂ ਪਤਾ ਲਗਦਾ ਹੈ ਕਿ ਇਸ ਤੋਂ ਸੁਚੇਤ ਹੋ ਕੇ ਅਰ ਨਿੰਮ੍ਰਤਾ ਨਾਲ ਗੁਰਉਪਦੇਸ਼ 'ਤੇ ਅਮਲ ਕਰਦਿਆਂ ਹੀ ਗੁਰਉਪਦੇਸ਼ ਅਥਵਾ ਕਰਤਾਰ ਨਾਲ ਅਭੇਦ ਹੋਇਆ ਜਾ ਸਕਦਾ ਹੈ'। ਇਹ ਸੁਣਦਿਆਂ ਪ੍ਰੇਮ ਵਿਚ ਬੱਝੇ ਬੈਠੇ ਭਾਈ ਧਿੰਙਾ ਜੀ ਦੇ ਨੇਤਰਾਂ ਵਿਚ ਜਲ ਆ ਗਿਆ, ਸੰਸਾ ਨਵਿਰਤ ਹੋ ਗਿਆ ਅਰ ਹਜ਼ੂਰ ਦੇ ਚਰਨਾਂ ਵਿਚ ਢਹਿ ਪਿਆ। ਗੁਰ-ਦੇਵ ਜੀ ਨੇ ਆਸੀਸ ਬਖ਼ਸ਼ਦਿਆਂ ਸੀਸ 'ਤੇ ਹੱਥ ਰਖਿਆ ਤਾਂ ਭਾਈ ਜੀ ਦੇ ਕਪਾਟ ਖੁਲ੍ਹ ਗਏ। ਹੋਰ ਸੁਚੇਤ ਹੋ ਕੇ ਨਿੰਮਰਤਾ ਸਹਿਤ ਸਿੱਖਾਂ ਦੀ ਸੇਵਾ ਕਰਨ ਲਗਾ ਅਰ ਕੇਵਲ ਪ੍ਰਵਾਰ ਸਹਿਤ ਉਸ ਦਾ ਉਧਾਰ ਹੀ ਨਹੀਂ ਹੋਇਆ ਸਗੋਂ ਦੂਜੇ ਪਾਤਸ਼ਾਹ ਜੀ ਦੇ ਪ੍ਰਸਿਧ ਸਿੱਖਾਂ ਵਿਚ ਸ਼ੁਮਾਰ ਹੋਇਆ। ਭਾਈ ਗੁਰ-ਦਾਸ ਜੀ ਨੇ ਲਿਖਿਆ ਹੈ:

ਨਾਈ ਧਿੰਙ ਵਖਾਣੀਐ
ਸਤਿਗੁਰ ਸੇਵਿ ਕੁਟੰਬੁ ਤਰਾਵੈ॥
ਗੁਰਮੁਖਿ ਸੁਖ ਫ਼ਲੁ
ਅਲਖੁ ਲਖਾਵੈ॥14॥ਵਾਰ ਪਹਿਲੀ

ਇਕ ਦਿਨ ਸਾਹਿਬ ਦੇ ਪਾਸ ਓਸ ਅਰਦਾਸ ਕੀਤੀ ਜੁ ਮੈਨੂ ਉਪਦੇਸੁ ਕਰੋ। ਬਚਨ ਹੋਆ ਮੁਰੀਦ ਮੁਰਦਾ ਕਹੀਂਦਾ ਹੈ। ਤੇ ਗੁਰੂ ਗੋਰ ਹੈ। ਜਬ ਮਿਰਤਕ ਦਾ ਅੰਗੁ ਕੋਈ ਨਹੀ ਹਲਦਾ ਤਾਂ ਗੋਰ ਦੀ ਲਾਇਕ ਹੁੰਦਾ ਹੈ। ਜਬ ਸਿਖ ਦੇ ਮਨ ਵਿਚਹੁ ਅਹੰਕਾਰ ਦੂਰ ਹੋਂਦਾ ਹੈ ਤਾਂ ਸਿਖ ਗੁਰਾਂ ਦੇ ਗਿਆਨੁ ਵਿਚ ਜਾਇ ਸਮਾਵੰਦਾ ਹੈ। ਦੇਖੋ ਸੈਨੁ ਨਾਈ ਜਬ ਮਨ ਲਾਇ ਕੇ ਸਾਧਾਂ ਦੀ ਟਹਿਲ ਕੀਤੀ ਤਾਂ ਭਗਵਾਨ ਓਸ ਦਾ ਰੂਪ ਧਾਰਿ ਕੈ ਰਾਣੇ ਨੂੰ ਰੀਝਾਇ ਆਏ। ਤੂ ਭੀ ਐਸਾ ਹੀ ਹੋਇ ਵਿਚਰੁ। ਤਾਂ ਓਸ ਨੇ ਐਸੇ ਹੀ ਸਿਖਾਂ ਦੀਆਂ ਟਹਲਾਂ ਕੀਤੀਆਂ ਓਸ ਨੂੰ ਸਿਖੀ ਪ੍ਰਾਪਤਿ ਹੋਈ ਤੇ ਓਸ ਦੇ ਸਾਰੇ ਕੁਟੰਬ ਦਾ ਉਧਾਰ ਹੋਆ। 17। ਸਿਖਾਂ ਦੀ ਭਗਤਮਾਲਾ

'ਹੁਇ ਮੁਰੀਦ ਮੁਰਦੇ ਮਾਨਿੰਦ
(ਮੁਰੀਦ ਮੁਰਦੇ ਵਾਂਗ ਹੁੰਦਾ ਹੈ)।
ਅੰਗ ਨ ਕੋ ਹਾਲਤ ਬਿਨੁ ਜਿੰਦ (ਬੇਜਾਨ ਜਿਸ ਦੇ ਅੰਗਾਂ ਵਿਚ ਜਾਨ ਨਹੀਂ ਹੁੰਦੀ)।
ਤਿਮ ਮੁਰੀਦ ਆਦਿਕ ਹੰਕਾਰਾ
(ਉਸ ਤਰਹ ਹੀ ਮੁਰੀਦ ਜੋ ਹੰਕਾਰ)।
ਤਯਾਗ ਦੇਤਿ ਇਹ ਸਗਲ ਬਿਕਾਰਾ (ਹਉਮੈ ਆਦਿ ਸਭ ਅਉਗਣ ਛੱਡ ਦੇਂਦਾ ਹੈ)।38॥
ਗੁਰੂ ਗੋਰ ਮਹਿਂ ਜਾਇ ਸਮਾਇ
(ਉਹ ਗੁਰੂ ਕਬਰ ਵਿਚ ਸਮਾ ਜਾਂਦਾ ਹੈ)।
ਹੁਇ ਮੁਰੀਦ ਮੁਰਦਾ ਜਿਸ ਭਾਇ'
(ਮੁਰਦੇ ਵਾਂਗ ਮੁਰੀਦ ਬਣ ਕੇ')।
ਸੁਨਿ ਉਪਦੇਸ ਕਮਾਵਨ ਕੀਨਿ (ਭਾਈ ਧਿੰਙ ਗੁਰਉਪਦੇਸ਼ ਦਾ ਧਾਰਨੀ ਬਣ ਕੇ)।
ਧਰਯੋ ਪ੍ਰੇਮ ਸਿਖੀ ਪਦ ਲੀਨਿ
(ਬਹੁਤ ਪ੍ਰੇਮੀ ਸਿੱਖ ਹੋਇਆ)।41॥
ਸਭਿ ਕੁਟੰਬ ਕੋ ਭਇਓ ਉਧਾਰ (ਉਸ ਦੇ ਪ੍ਰਵਾਰ ਦਾ ਵੀ ਇਉਂ ਉਧਾਰ ਹੋਇਆ)।
ਜਿਉਂ ਕਾਸ਼ਟ ਸੰਗਿ ਲੋਹੋ ਪਾਰਿ (ਜਿਵੇਂ ਲੱਕੜ ਨਾਲ ਲੋਹਾ ਪਾਰ ਲੱਗ ਜਾਂਦਾ ਹੈ)।
...42॥11॥ ਰਾਸਿ ਪਹਿਲੀ

**ਭਾਈ ਗੁਰਦਾਸ ਜੀ ਦਾ ਸੰਦੇਸ਼:**

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ। ਸਾਬਰ ਸਿਦਕਿ ਸਹੀਦ ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ ਪਾਣੀ ਢੋਵਣਾ। ਪਖੇ ਦੀ ਤਾਗੀਦ ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ ਨ ਹਸਣੁ ਰੋਵਣਾ। ਦਰ ਦਰਵੇਸ ਰਸੀਦੁ ਪਿਰਮ ਰਸੁ ਭੋਵਣਾ। ਚੰਦੁ ਮੁਮਾਰਖਿ ਈਦ ਪੁਗਿ ਖਲੋਵਣਾ॥18॥ ਵਾਰ ਤੀਜੀ

ਫ਼ਿਦਾ-ਓ ਸ਼ੌ ਵ ਉਜ਼ਰ ਮ-ਖਾਹ, ਐ ਗੋਯਾ! ਕਿ ਦਰ ਤਰੀਕਤ-ਇ ਮਾ ਜਾਇ ਉਜ਼ਰ-ਖਾਹੀ ਨੀਸਤ। (ਕੁਰਬਾ ਹੋ ਜਾ ਤੇ ਬਹਾਨੇ ਨਾ ਬਣਾ, ਨੰਦ ਲਾਲਾ! ਕਿਉਂਕਿ ਪ੍ਰੇਮ ਦੇ ਰਾਹ ਵਿਚ ਬਹਾਨੇ ਬਾਜ਼ੀ ਦੀ ਥਾਂ ਨਹੀਂ ਹੁੰਦੀ) ਗ਼ਜ਼ਲ

**ਪਾਰੋ ਜੁਲਕਾ ਪਰਮਹੰਸ**

ਭਾਈ ਗੁਰਦਾਸ ਜੀ 11ਵੀਂ ਵਾਰ ਦੀ 12 ਪਉੜੀ ਦੇ ਆਰੰਭ ਵਿਚ ਗੁਰੂ ਅੰਗਦ ਸਾਹਿਬ ਜੀ ਦੇ ਵਰੋਸਾਏ ਹੋਏ ਜਿਸ ਪ੍ਰਸਿੱਧ ਸਿੱਖ ਦਾ ਜ਼ਿਕਰ ਕਰਦੇ ਹਨ ਉਹ ਹੈਨ ਭਾਈ ਪਾਰੋ ਜੀ। ਜੁਲਕਾ ਖ਼ਾਨਦਾਨ ਦੇ ਰਤਨ ਭਾਈ ਪਾਰੋ ਖਡੂਰ ਸਾਹਿਬ ਤੋਂ 44 ਕਿਲੋਮੀਟਰ/28 ਮੀਲ ਦੀ ਦੂਰੀ 'ਤੇ ਡੱਲਾ ਨਗਰ ਦੇ ਨਿਵਾਸੀ ਸਨ। ਸਮਝਿਆ ਜਾਂਦਾ ਹੈ ਕਿ ਡੱਲੇ ਤੋਂ ਗੁਰੂ-ਘਰ ਨਾਲ ਜੁੜਨ ਵਾਲੀ ਸ਼ਾਇਦ ਇਹ ਪਹਿਲੀ ਸ਼ਖ਼ਸੀਅਤ ਸਨ



ਜਿਨ੍ਹਾਂ ਦੀ ਸੰਗਤ ਨਾਲ ਤੀਜੇ ਪਾਤਸ਼ਾਹ ਜੀ ਦੇ ਸਮੇਂ ਇਸ ਪਿੰਡ ਵਿਚ 72 ਘਰ ਗੁਰਸਿੱਖ ਪਰਵਾਰਾਂ ਦੇ ਹੋਏ ਅਰ ਇਕ ਦਿਨ ਇਸੇ ਪ੍ਰਵਾਰ ਦੇ ਭਾਈ ਨਾਰਾਇਣ ਦਾਸ ਦੇ ਘਰ ਮੀਰੀ-ਪੀਰੀ ਦੇ ਮਾਲਕ ਪਾਤਸ਼ਾਹ ਜੀ ਦਾ ਢੁਕਾਅ ਹੋਇਆ।

ਉਹ ਬਹੁਤ ਸੁਭਾਗਾ ਦਿਨ ਸੀ ਜਦੋਂ ਡੱਲੇ ਤੋਂ ਚੱਲ ਕੇ ਪਾਰੋ ਜੀ ਖਡੂਰ ਸਾਹਿਬ ਗੁਰੂ ਚਰਨਾਂ ਵਿਚ ਆ ਪਹੁੰਚੇ। ਚੱਲ ਰਹੇ ਸਤਸੰਗ ਦਾ ਆਨੰਦ ਮਾਣਦਿਆਂ ਇਕ ਦਿਨ ਭਾਈ ਜੀ ਨੇ ਸੰਗਤ ਵਿਚ ਗੁਰੂ ਸਾਹਿਬ ਪਾਸ ਬੇਨਤੀ ਕੀਤੀ ਕਿ ਸਾਹਿਬ ਜੀ! ਪਰਮਹੰਸ ਕੌਣ ਹੁੰਦੇ ਹਨ? ਗੁਰੂ ਪਾਤਸ਼ਾਹ ਜੀ ਨੇ ਫ਼ੁਰਮਾਇਆ,

'ਕਰਤਾਰ ਨੇ ਚਾਹਿਆ ਤਾਂ ਇਕ ਦਿਨ ਤੁਸੀਂ ਉਹ ਪਰਮਹੰਸ ਬਣੋਗੇ'। ਸੁਣ ਕੇ ਬੜੀ ਨਿੰਮਰਤਾ ਨਾਲ ਭਾਈ ਜੀ ਨੇ ਜਦੋਂ ਪਰਮਹੰਸ ਦੇ ਗੁਣ ਜਾਣਨੇ ਚਾਹੇ ਤਾਂ ਸਤਿਗੁਰਾਂ ਕਿਹਾ,

'ਭਾਈ! ਇਕ ਹੰਸ ਹੁੰਦਾ ਹੈ ਜੋ ਮਾਨਸਰੋਵਰ'ਚੋਂ ਮੋਤੀ ਚੁਗ ਕੇ ਖਾਂਦਾ ਹੈ ਅਰ ਜਦੋਂ ਕੋਈ ਉਸ ਅੱਗੇ ਦੁੱਧ ਰੱਖਦਾ ਹੈ ਤਾਂ ਉਹ ਆਪਣੀ ਖੱਟੀ ਚੁੰਝ ਉਸ ਵਿਚ ਪਾ ਕੇ ਦੁੱਧ ਦੇ ਫੁੱਟ ਤੇ ਪਾਣੀ ਨੂੰ ਵੱਖ ਕਰ ਕੇ ਦੁੱਧ ਦੇ ਫੁੱਟ ਖਾ ਲੈਂਦਾ ਹੈ। ਇਸੇ ਪ੍ਰਕਾਰ ਸੋਝੀਵਾਨ ਮਨੁਖ ਹੈ ਜੋ ਅਉਗਣਾਂ ਦਾ ਤਿਆਗ ਕਰ ਕੇ ਗੁਣਾਂ ਰੂਪੀ ਮੋਤੀ ਗ੍ਰਹਿਣ ਕਰਦਾ ਹੈ ਅਰ ਭਲੇ-ਬੁਰੇ ਦੀ ਪਛਾਣ ਕਰ ਕੇ ਭਲਿਆਂ ਦੀ ਸੰਗਤ ਵਿਚ ਆਨੰਦ ਪਾਉਂਦਾ ਹੈ'।

'ਪਾਤਸ਼ਾਹ ਜੀ! ਹੰਸ ਲਈ ਤਾਂ ਮਾਨਸਰੋਵਰ ਹੋਇਆ ਜਿਥੋਂ ਉਹ ਮੋਤੀ ਚੁਗਦਾ ਹੈ, ਸਿੱਖ ਕਿਥੋਂ ਗੁਣ ਰੂਪ ਮੋਤੀ ਚੁਗੇ'? ਪਾਰੋ ਜੀ ਦਾ ਪ੍ਰਸ਼ਨ ਸੁਣ ਕੇ ਹਜ਼ੂਰ ਨੇ ਕਿਹਾ,

'ਭਾਈ! ਗੁਰ-ਸੰਗਤ ਮਾਨਸਰੋਵਰ ਹੈ ਜੋ ਗੁਰਸ਼ਬਦ ਰੂਪੀ ਜਲ ਨਾਲ ਭਰਪੂਰ ਹੈ। ਇਸ ਜਲ ਵਿਚ ਵਿਚਾਰ ਰੂਪ ਟੁੱਬੇ ਮਾਰਨ ਵਾਲੇ ਹੰਸ ਗੁਰਸਿੱਖ ਸਦਾ ਗੁਣਾਂ ਰੂਪੀ ਰਤਨ ਪ੍ਰਾਪਤ ਕਰਦੇ ਹਨ ਅਰ ਹੋਰ ਕਿਤੇ ਨਹੀਂ ਜਾਂਦੇ। ਗੁਣਾਂ ਦੇ ਧਾਰਨੀ ਹੋਏ ਸਿੱਖ ਬਿਬੇਕ ਬੁੱਧੀ ਵਾਲੇ ਹੋ ਜਾਂਦੇ ਹਨ ਜੋ ਵਿਕਾਰਾਂ ਦੀ ਪਛਾਣ ਕਰ ਲੈਂਦੇ ਹਨ ਅਰ ਭਟਕਦੇ ਨਹੀਂ। ਉਹ ਕਰਤਾਰ ਨਾਲ ਜੁੜ ਕੇ ਆਪੇ ਦੀ ਵੀ ਪਛਾਣ ਕਰ ਲੈਂਦੇ ਹਨ ਕਿ ਉਹ ਸਰੀਰ ਨਹੀਂ ਇਸ ਦੇ ਸਾਖੀ ਹਨ ਜਿਵੇਂ ਮਕਾਨ ਵਿਚ ਰਹਿਣ ਵਾਲੇ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)



ਫ਼ੋਨ : 07853 317 891


Email: jaggikussa@yahoo.de

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਕਿਸ਼ਤ 17

# ਇੱਕ ਮੇਰੀ ਅੱਖ ਕਾਸ਼ਣੀ...

**ਕੈਰੀ ਦੇ ਨਾਲ਼ ਦੇ ਖਿਡਾਰੀ ਉਸ ਦਾ ਪਤਾ ਲੈਣ ਆ ਰਹੇ ਸਨ। ਪਰ ਕੈਰੀ ਨੇ "ਅਸਲ ਗੱਲ" ਕਿਸੇ ਨੂੰ ਵੀ ਨਹੀਂ ਦੱਸੀ ਸੀ। ਉਹ ਇਸ ਗੱਲ ਨੂੰ ਹਿਰਦੇ ਵਿੱਚ ਹੀ ਦਫ਼ਨ ਕਰੀ ਫ਼ਿਰਦਾ ਸੀ। ਹੁਣ ਕੈਰੀ ਦੇ ਮਨ ਵਿੱਚ ਇੱਕ ਹੋਰ ਸ਼ੰਕੇ ਨੇ ਸੱਪ ਵਾਂਗ ਫ਼ਣ ਚੁੱਕ ਲਿਆ ਕਿ ਭਾਨਾ ਇਕੱਲਾ ਨਹੀਂ ਸੀ। ਸਗੋਂ ਉਸ ਨਾਲ਼ ਪੂਰਾ "ਗੈਂਗ" ਸੀ। ਭਾਨਾ ਇੱਕ ਸਮਗਲਰ ਜਾਂ ਡੀਲਰ ਨਹੀਂ, ਇੱਕ "ਗੈਂਗਸਟਰ" ਸੀ। ਉਸ ਦੇ ਯਾਰ ਦੋਸਤ ਟਰੱਕ ਡਰਾਈਵਰ ਬਾਰੇ ਜਾਂ ਟਰੱਕ ਦੇ ਨੰਬਰ ਬਾਰੇ ਪੁੱਛ ਰਹੇ ਸਨ। ਪਰ ਕੈਰੀ ਨੂੰ ਕਿਸੇ ਗੱਲ ਦਾ ਪਤਾ ਨਹੀਂ ਸੀ। ਉਸ ਦੇ ਤਾਂ ਇੱਕ ਦਮ ਐਸੀ ਫ਼ੇਟ ਵੱਜੀ ਕਿ ਸੈਕਿੰਡਾਂ ਵਿੱਚ ਖਤਾਨਾਂ ਵਿੱਚ ਜਾ ਪਿਆ। ਅਜੇ ਤਾਂ ਸ਼ੁਕਰ ਹੈ ਕਿ ਉਸ ਦਾ ਸਕੂਟਰ ਉਸ ਦੇ ਉਪਰ ਨਹੀਂ ਡਿੱਗਿਆ ਸੀ। ਨਹੀਂ ਤਾਂ ਉਸ ਦੇ ਹੋਰ ਵੀ ਗੰਭੀਰ ਸੱਟਾਂ ਵੱਜਣੀਆਂ ਸਨ।**




## ਕਾਂਡ 9

ਹੋਰ ਤਾਂ ਹੋਰ, ਧਮਕਾਉਂਦੇ ਕਿੱਦਾਂ ਨੇ, ਜਿਵੇਂ ਪੰਜਾਬ ਇਹਨਾਂ ਦੇ ਬਾਪੂ ਦੀ ਮਲਕੀਅਤ ਹੁੰਦੈ...! ਅਖੇ ਜੇ ਕੁੱਕੜ ਬਾਂਗ ਨਾ ਦਿਊ, ਕਿਤੇ ਸੂਰਜ ਨਾ ਚੜੂ...? ਅਖੇ ਜੇ ਤੂੰ ਸਾਡੇ ਕੰਮ ਨਾ ਆਇਆ, ਤਾਂ ਇਹ ਨਾ ਸੋਚੀਂ ਕਿ ਸਾਥੋਂ ਇਹ ਮੁਹਿੰਮ ਰੋਕੀ ਨੀ ਜਾਣੀ, ਕੀ ਇਹ ਸਿੱਧੀ ਧਮਕੀ ਨਹੀਂ...? .. 'ਕੱਲਾ ਕਹਿਰਾ ਬੰਦਾ ਐਡੇ 'ਮਾਫ਼ੀਆ' ਨਾਲ਼ ਕਿਵੇਂ ਲੜੂ...? ਲਾਲਚ ਇਹ ਦਿੰਦੇ ਐ...। ਧਮਕੀਆਂ ਇਹ ਦਿੰਦੇ ਐ...। ਕੀ ਕਰੂ ਬੰਦਾ...? ਕਿੱਥੇ ਜਾਊ...? ਭ੍ਰਿਸ਼ਟ ਢਾਂਚੇ ਨਾਲ਼ ਇਕੱਲਾ ਬੰਦਾ ਕਿਵੇਂ ਯੁੱਧ ਲੜੂ...? ਇੱਥੇ ਤਾਂ ਆਵਾ ਹੀ ਊਤਿਆ ਪਿਐ...। ਪੁਰਾਣੇ ਲੋਕ ਐਵੇਂ ਨੀ ਆਖ ਗਏ ਕਿ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ..! ...ਜਦ ਬੁੱਕਲ਼ ਦੇ ਸੱਪ ਹੀ ਡੰਗਣ ਲੱਗ ਜਾਣ, ਫ਼ੇਰ ਬਾਹਰਲੇ ਧਾੜਵੀਆਂ ਤੋਂ ਤਾਂ ਰੱਬ ਹੀ ਬਚਾਊ...। ਸੋਚਾਂ ਦੀਆਂ ਕਪੜਛੱਲਾਂ ਵਿੱਚ ਗੋਤੇ ਖਾਂਦੇ ਕੈਰੀ ਨੇ ਸਕੂਟਰ ਰੋੜ੍ਹ ਲਿਆ। ਸਾਰੀ ਰਾਤ ਕੈਰੀ ਨੂੰ ਨੀਂਦ ਨਾ ਪਈ।

ਜਦ ਵੀ ਉਸ ਦੀ ਅੱਖ ਲੱਗਦੀ, ਭਾਨੇ ਵਰਗੇ ਡਰੱਗ ਡੀਲਰ ਉਸ ਦੀ ਹਿੱਕ 'ਤੇ ਆ ਚੜ੍ਹਦੇ। ਕੈਰੀ ਡਰਦਾ ਤ੍ਰਭਕ ਕੇ ਉਠਦਾ। ਡਰੱਗ ਡੀਲਰ ਅਤੇ ਡਰੱਗ ਸਮਗਲਰ ਰੁਪਈਆਂ ਦੇ ਅਟੈਚੀ ਚੁੱਕ ਕੇ ਉਸ ਦੇ ਮਗਰ ਦੌੜਦੇ। ਕੈਰੀ ਉਹਨਾਂ ਦੇ ਅੱਗੇ-ਅੱਗੇ ਭੱਜਦਾ...। ... ਅਤੇ ਅਖੀਰ ਥੱਕ ਹਾਰ ਕੇ ਸਾਹੋ-ਸਾਹ ਹੋਇਆ ਧਰਤੀ ਉਪਰ ਚੌਫ਼ਾਲ ਡਿੱਗਦਾ। ਜਦ ਉਹ ਮੁੜ੍ਹਕੋ-ਮੁੜ੍ਹਕੀ ਹੋ ਜਾਂਦਾ ਤਾਂ ਉਸ ਦੀ ਅੱਖ ਖੁੱਲ੍ਹ ਜਾਂਦੀ। ਉਹ ਪਾਣੀ ਦਾ ਗਿਲਾਸ ਪੀ ਕੇ ਮੁੜ ਸੌਂ ਜਾਂਦਾ।

ਅਗਲੇ ਦਿਨ ਕੈਰੀ ਨੂੰ ਭਾਨੇ ਦਾ ਮੁੜ ਫ਼ੋਨ ਆਇਆ

ਹੁਣ ਉਸ ਦੀ ਬੋਲੀ ਸਿੱਧੀ ਦੋ ਕਰੋੜ ਉਪਰ ਚਲੀ ਗਈ ਸੀ।

ਉਹ ਦੋ ਕਰੋੜ ਦੇਣ ਲਈ ਤੁਰੰਤ ਤਿਆਰ ਸੀ। ਪਰ ਕੈਰੀ ਨੇ ਲੱਤ ਨਾ ਲਾਈ ਅਤੇ ਨਾ ਉਸ ਦੀ ਲਾਈ 'ਬੋਲੀ' ਵੱਲ ਧਿਆਨ ਦਿੱਤਾ।

ਤੀਜੇ ਦਿਨ ਕੈਰੀ ਆਪਣੇ ਸਕੂਟਰ ਉਪਰ ਮੈਚ ਲਾਉਣ ਮੋਗੇ ਨੂੰ ਜਾ ਰਿਹਾ ਸੀ। ਜਦ ਉਹ ਬੱਧਨੀ ਕਲਾਂ ਵਾਲ਼ੇ ਪੁਲ਼ ਉਪਰ ਚੜ੍ਹਿਆ ਤਾਂ ਕਿਸੇ ਟਰੱਕ ਨੇ ਉਸ ਦੇ "ਫ਼ੇਟ" ਮਾਰੀ। ਉਹ ਬੁੜ੍ਹਕ ਕੇ ਖਤਾਨਾਂ ਵਿੱਚ ਜਾ ਡਿੱਗਿਆ। ਪਿੱਛੇ ਆਉਣ ਵਾਲ਼ੀ ਟਰੈਫ਼ਿਕ ਰੁਕ ਗਈ। ਇਕੱਠ ਹੋ ਗਿਆ। ਟਰੱਕ ਵਾਲ਼ਾ ਮੌਕਾ ਤਾੜ ਕੇ 'ਤਿੱਤਰ' ਹੋ ਗਿਆ। ਕੈਰੀ ਨੂੰ ਚੁੱਕ ਕੇ ਹਸਪਤਾਲ਼ ਪਹੁੰਚਾਇਆ ਗਿਆ।

ਸੱਟਾਂ ਉਸ ਦੇ ਕੋਈ ਖ਼ਾਸ ਨਹੀਂ ਸਨ।

ਡਾਕਟਰਾਂ ਨੇ ਉਸ ਨੂੰ ਸੰਭਾਲ਼ ਲਿਆ ਸੀ

ਪਰ ਹੁਣ ਕੈਰੀ ਦੀ ਮਾਨਸਿਕ ਦਸ਼ਾ "ਫ਼ੱਟੜ" ਹੋ ਗਈ ਸੀ। ਉਸ ਨੂੰ ਸ਼ੱਕ ਹੀ ਨਹੀਂ, ਪ੍ਰਪੱਕ ਪਤਾ ਸੀ ਕਿ ਇਹ ਕਮੀਨੀ ਹਰਕਤ ਭਾਨੇ ਦੇ ਬੰਦਿਆਂ ਨੇ ਹੀ ਕੀਤੀ, ਜਾਂ ਕਰਵਾਈ ਸੀ।

ਕੈਰੀ ਦੇ ਨਾਲ਼ ਦੇ ਖਿਡਾਰੀ ਉਸ ਦਾ ਪਤਾ ਲੈਣ ਆ ਰਹੇ ਸਨ। ਪਰ ਕੈਰੀ ਨੇ "ਅਸਲ ਗੱਲ" ਕਿਸੇ ਨੂੰ ਵੀ ਨਹੀਂ ਦੱਸੀ ਸੀ। ਉਹ ਇਸ ਗੱਲ ਨੂੰ ਹਿਰਦੇ ਵਿੱਚ ਹੀ ਦਫ਼ਨ ਕਰੀ ਫ਼ਿਰਦਾ ਸੀ। ਹੁਣ ਕੈਰੀ ਦੇ ਮਨ ਵਿੱਚ ਇੱਕ ਹੋਰ ਸ਼ੰਕੇ ਨੇ ਸੱਪ ਵਾਂਗ ਫ਼ਣ ਚੁੱਕ ਲਿਆ ਕਿ ਭਾਨਾ ਇਕੱਲਾ ਨਹੀਂ ਸੀ। ਸਗੋਂ ਉਸ ਨਾਲ਼ ਪੂਰਾ "ਗੈਂਗ" ਸੀ। ਭਾਨਾ ਇੱਕ ਸਮਗਲਰ ਜਾਂ ਡੀਲਰ ਨਹੀਂ, ਇੱਕ "ਗੈਂਗਸਟਰ" ਸੀ। ਉਸ ਦੇ ਯਾਰ ਦੋਸਤ ਟਰੱਕ ਡਰਾਈਵਰ ਬਾਰੇ ਜਾਂ ਟਰੱਕ ਦੇ ਨੰਬਰ ਬਾਰੇ ਪੁੱਛ ਰਹੇ ਸਨ। ਪਰ ਕੈਰੀ ਨੂੰ ਕਿਸੇ ਗੱਲ ਦਾ ਪਤਾ ਨਹੀਂ ਸੀ। ਉਸ ਦੇ ਤਾਂ ਇੱਕ ਦਮ ਐਸੀ ਫ਼ੇਟ ਵੱਜੀ ਕਿ ਸੈਕਿੰਡਾਂ ਵਿੱਚ ਖਤਾਨਾਂ ਵਿੱਚ ਜਾ ਪਿਆ। ਅਜੇ ਤਾਂ ਸ਼ੁਕਰ ਹੈ ਕਿ ਉਸ ਦਾ ਸਕੂਟਰ ਉਸ ਦੇ ਉਪਰ ਨਹੀਂ ਡਿੱਗਿਆ ਸੀ। ਨਹੀਂ ਤਾਂ ਉਸ ਦੇ ਹੋਰ ਵੀ ਗੰਭੀਰ ਸੱਟਾਂ ਵੱਜਣੀਆਂ ਸਨ। ਸ਼ਾਮ ਨੂੰ ਡਾਕਟਰ 'ਰਾਊਂਡ' 'ਤੇ ਆਇਆ।

ਨਰਸ ਕੈਰੀ ਦੀ ਬਾਂਹ ਤੋਂ ਗੁਲੂਕੋਜ਼ ਦੀ ਬੋਤਲ ਲਾਹ ਕੇ ਦੂਜੀ ਬੋਤਲ ਲਾ ਰਹੀ ਸੀ।

ਡਾਕਟਰ ਨੇ ਕੈਰੀ ਦੀਆਂ ਰਿਪੋਰਟਾਂ ਦੇਖ ਕੇ ਨਿਰਖੀਆਂ ਅਤੇ ਕੈਰੀ ਦਾ ਹਾਲ ਚਾਲ ਪੁੱਛ ਕੇ ਆਪਣੀ ਟੀਮ ਨਾਲ਼ ਅੱਗੇ ਨਿਕਲ਼ ਗਿਆ।

ਅਜੇ ਡਾਕਟਰ ਆਪਣਾ 'ਰਾਊਂਡ' ਖ਼ਤਮ ਕਰ ਕੇ ਬਾਹਰ ਗਿਆ ਹੀ ਸੀ ਕਿ ਕੈਰੀ ਦਾ ਫ਼ੋਨ ਖੜਕ ਪਿਆ। ਕੋਈ ਅਣਪਛਾਤਾ ਨੰਬਰ ਸੀ। ਕੈਰੀ ਨੇ ਫ਼ੋਨ ਚੁੱਕ ਲਿਆ।

-"ਕਿਉਂ...? ਲੈ ਲਿਆ ਸੁਆਦ ਸਾਡੇ ਨਾਲ਼ ਪੰਗੇ ਲੈਣ ਦਾ...? ਅਜੇ ਤਾਂ ਇਹ 'ਟਰੇਲਰ' ਹੀ ਹੈ ਬਾਈ ਸਿਆਂ ਪੂਰੀ ਫ਼ਿਲਮ ਤਾਂ ਅਜੇ ਬਾਕੀ ਐ...। ਤੂੰ ਦੇਖੀ ਚੱਲ ਆਗੇ ਆਗੇ ਹੋਤਾ ਹੈ ਕਿਆ...।"

-"..............।" ਕੈਰੀ ਦਾ ਸਰੀਰ ਸੁੰਨ ਹੋ ਗਿਆ। ਪਤਾ ਤਾਂ ਉਸ ਨੂੰ ਪਹਿਲਾਂ ਹੀ ਸੀ ਕਿ ਇਹ ਕਾਰਾ ਸਮਗਲਰਾਂ ਦਾ ਹੀ ਸੀ। ਪਰ ਇਹਨਾਂ ਦੀ ਐਨੀ ਹਿੰਮਤ...? ਨਹੀਂ...! ਇਹ ਹਿੰਮਤ ਨਹੀਂ, 'ਹਿਮਾਕਤ' ਸੀ...। ਇੱਕ ਚੰਗੇ ਭਲੇ ਸ਼ਰੀਫ਼ ਇਨਸਾਨ ਨੂੰ ਫ਼ੇਟ ਮਾਰ ਕੇ ਜਾਨੋਂ ਮਾਰਨ ਦੀ ਕੋਸ਼ਿਸ਼ ਕਰੋ ਤੇ ਫ਼ੇਰ ਫ਼ੋਨ ਕਰ ਕੇ ਧਮਕੀ...? ਹੇ ਰੱਬਾ...! ਅਸੀਂ ਕਿਹੜੇ ਮੁਲਕ 'ਚ ਜੀਅ ਰਹੇ ਹਾਂ...? ਕੀ ਅਸੀਂ ਇਸੇ ਸਿਸਟਮ ਨੂੰ ਹੀ "ਡੈਮੋਕਰੇਸੀ" ਜਾਂ "ਲੋਕਤੰਤਰ" ਆਖ ਰਹੇ ਹਾਂ...? ਕੈਰੀ ਦਾ ਸਿਰ ਚਕਰਾ ਰਿਹਾ ਸੀ।

-"ਜੇ ਤੈਨੂੰ ਮਾਰਨਾ ਹੁੰਦਾ, ਮਾਰ ਵੀ ਸਕਦੇ ਸੀ...! ਪਰ ਨਹੀਂ, ਤੈਨੂੰ ਇੱਕ ਸਬਕ ਹੀ ਦੇਣਾ ਸੀ, ਸੋ ਦੇ ਦਿੱਤਾ...। ਹੁਣ ਤੂੰ ਬੰਦਾ ਬਣ ਕੇ ਸਾਡੇ ਵਾਲ਼ੇ ਰਾਹ 'ਤੇ ਆ ਜਾਹ, ਸੌਖਾ ਰਹੇਂਗਾ ਤੇ ਐਸ਼ ਵੀ ਕਰੇਂਗਾ...। ਤੇ ਨਹੀਂ ਜਿਹੜਾ ਡਾਕਟਰ ਤੇਰਾ ਇਲਾਜ਼ ਕਰ ਰਿਹਾ ਹੈ ਨ੍ਹਾਂ...? ਏਸੇ ਕੋਲ਼ੋਂ ਤੈਨੂੰ ਗੱਡੀ ਵੀ ਚੜ੍ਹਵਾ ਸਕਦੇ ਆਂ...। ਬਾਕੀ ਹੁਣ ਤੇਰੀ ਮਰਜ਼ੀ ਐ, ਬਈ ਤੂੰ ਕੀ ਚਾਹੁੰਨੈਂ...। ਸਮੁੰਦਰ 'ਚ ਰਹਿ ਕੇ ਮਗਰਮੱਛ ਨਾਲ਼ ਵੈਰ ਪਾਉਣਾ ਕਿੰਨਾਂ ਮਹਿੰਗਾ ਪੈ ਸਕਦੈ, ਸ਼ਾਇਦ ਤੈਨੂੰ ਪਤਾ ਲੱਗ ਹੀ ਗਿਆ ਹੋਣੈਂ...? ਨਾਲ਼ੇ ਯਾਰ ਤੂੰ ਐਨਾਂ ਵੀ ਬੇਵਕੂਫ਼ ਨਹੀਂ, ਸਿਆਣਾ ਬਿਆਣਾ ਬੰਦੈਂ...।" ਤੇ ਫ਼ੋਨ ਕਰਨ ਵਾਲ਼ਾ ਫ਼ੋਨ ਕੱਟ ਗਿਆ।

-"ਬੁਰਾ ਵਕਤ ਕਦੇ ਵੀ ਦੱਸ ਕੇ ਨਹੀਂ ਆਉਂਦਾ, ਪਰ ਸਾਲ਼ਾ ਸਿਖਾ ਕੇ ਬਹੁਤ ਕੁਛ ਜਾਂਦੈ...!" ਕੈਰੀ ਦੇ ਦਿਮਾਗ ਅੰਦਰ 'ਸੁਨਾਮੀ' ਘੁੰਮ ਰਹੀ ਸੀ।

ਉਹ ਉਠ ਕੇ ਬੈਠ ਗਿਆ।

-"..ਤੇ ਨਹੀਂ ਜਿਹੜਾ ਡਾਕਟਰ ਤੇਰਾ ਇਲਾਜ਼ ਕਰ ਰਿਹਾ ਹੈ ਨ੍ਹਾਂ...? ਏਸੇ ਕੋਲ਼ੋਂ ਤੈਨੂੰ ਗੱਡੀ ਵੀ ਚੜ੍ਹਵਾ ਸਕਦੇ ਆਂ...। ਬਾਕੀ ਹੁਣ ਤੇਰੀ ਮਰਜ਼ੀ ਐ, ਬਈ ਤੂੰ ਕੀ ਚਾਹੁੰਨੈਂ...।" ਫ਼ੋਨ ਕਰਨ ਵਾਲ਼ੇ ਦੇ ਬੋਲ ਕੈਰੀ ਦੇ ਕੰਨਾਂ ਵਿੱਚ ਗੂੰਜੇ। ਉਹ ਬਿਜਲੀ ਦੀ ਫ਼ੁਰਤੀ ਨਾਲ਼ ਉਠ ਕੇ ਬੈਠ ਗਿਆ। ਹੁਣ ਉਸ ਨੂੰ ਸਾਰਾ ਹਸਪਤਾਲ਼ "ਵੈਰੀ" ਲੱਗ ਰਿਹਾ ਸੀ। ਉਸ ਨੇ ਗੁਲੂਕੋਜ਼ ਦੀ ਬੋਤਲ ਵਾਲ਼ੀ ਸੂਈ ਪੱਟ ਕੇ ਪਰ੍ਹਾਂ ਮਾਰੀ, ਆਪਣਾ ਸ਼ਿੱਸ਼ਪੱਤ ਚੁੱਕਿਆ ਅਤੇ ਇੱਕ ਦਮ ਹਸਪਤਾਲ਼ ਵਿੱਚੋਂ ਬਾਹਰ ਆ ਗਿਆ।

ਉਹ ਬੜੀ ਤੇਜ਼ੀ ਨਾਲ਼ ਸੜਕ ਉਪਰ ਦੌੜਿਆ ਜਾ ਰਿਹਾ ਸੀ।

ਜਿਵੇਂ ਉਸ ਮਗਰ ਕੋਈ 'ਵਾਅਰ' ਚੜ੍ਹੀ ਆ ਰਹੀ ਸੀ।

ਉਸ ਦਾ ਫ਼ੋਨ ਫ਼ਿਰ ਖੜਕਿਆ।

ਉਸ ਨੇ ਹਰਫ਼ਲ਼ੇ ਹੋਏ ਨੇ ਫ਼ੋਨ ਚੁੱਕ ਲਿਆ।

-"ਬੱਸ...? ਐਨਾਂ ਈ ਜਿਗਰਾ ਸੀ ਤੇਰਾ...? ਕੋਹ ਨਾ ਚੱਲੀ ਬਾਬਾ ਤਿਹਾਈ...? ਸੜਕ ਤੋਂ ਥੱਲੇ ਉੱਤਰ ਜਾ, ਕਿਤੇ ਫ਼ੇਰ ਨਾ ਕੋਈ ਟਰੱਕ ਫ਼ੇਟ ਮਾਰ ਜਾਵੇ...! ਪਰ ਯਾਰ ਜੇ ਸਾਡੀ ਗੱਲ ਮੰਨ ਲਵੇਂ, ਤੈਨੂੰ ਰਾਤੋ ਰਾਤ ਐਹੋ ਜੇ ਪੰਦਰਾਂ ਟਰੱਕਾਂ ਦਾ ਮਾਲਕ ਬਣਾ ਦੇਈਏ, ਪਰ ਤੂੰ ਤਾਂ ਬਾਹਲ਼ਾ ਢੀਠ ਤੇ ਜ਼ਿੱਦੀ ਐਂ...। ਤੇਰੀ ਮਰਜ਼ੀ ਐ ਬਾਈ...! ਮਾਲਕ ਬਣਨੈਂ ਤਾਂ ਦੇਖਲਾ, ਜੇ ਕੁੱਤੇ ਦੀ ਮੌਤ ਮਰਨੈਂ, ਤਾਂ ਤੇਰੀ ਮਰਜ਼ੀ...! ਸਾਡਾ ਕਿਹੜਾ ਜ਼ੋਰ ਮਾਮੀਏਂ...!" ਕਿਸੇ ਨੇ ਕਵੀਸ਼ਰੀ ਕਰਦੇ ਨੇ ਫ਼ੋਨ ਕੱਟ ਦਿੱਤਾ।

ਕੈਰੀ ਸੜਕੋਂ ਉੱਤਰ ਪਿਆ ਅਤੇ ਖੇਤਾਂ ਵਿੱਚ ਦੀ ਪਿੰਡ ਨੂੰ ਸਿੱਧਾ ਹੋ ਗਿਆ।

ਹੁਣ ਉਹ ਮਾਨਸਿਕ ਤੌਰ 'ਤੇ ਅੰਦਰੋਂ ਹਿੱਲ ਚੁੱਕਿਆ ਸੀ। ਉਸ ਨੂੰ ਆਪਣੀ ਜ਼ਿੰਦਗੀ 'ਖ਼ਤਰੇ' ਵਿੱਚ ਜਾਪ ਰਹੀ ਸੀ। ਕਿਸ ਨੂੰ ਦੱਸਾਂ...? ਕਿਸ ਨਾਲ਼ ਜ਼ੁਬਾਨ ਸਾਂਝੀ ਕਰਾਂ...? ਕੀ ਮੈਂ ਇਹ ਨਸ਼ਾ ਛੁਡਾਊ ਕਾਰਜ ਦਾ ਤਿਆਗ ਕਰ ਦੇਵਾਂ...? ਪਰ ਇਹ ਤਾਂ ਆਪਦੇ ਲੋਕਾਂ ਨਾਲ਼ ਦਗਾ ਕਮਾਉਣ ਵਾਲ਼ੀ ਗੱਲ ਐ...। ਪੰਜਾਬ ਦੀਆਂ ਮਾਂਵਾਂ ਦੀਆਂ ਆਸਾਂ ਦੀਆਂ ਤੰਦਾਂ ਤੇਰੇ ਨਾਲ਼ ਜੁੜੀਆਂ ਹੋਈਆਂ ਨੇ ਕੈਰੀ ਸਿਆਂ...। ਹੁਣ ਉਹਨਾ ਨਾਲ਼ ਧ੍ਰੋਹ ਕਮਾਵੇਂਗਾ...? ਉਹ ਤਾਂ ਦੁਰਸੀਸਾਂ ਦੇਣਗੀਆਂ...! ...ਤੇ ਦੁਰਸੀਸ ਬੰਦੇ ਨੂੰ ਫ਼ਨਾਂਹ ਕਰ ਦਿੰਦੀ ਐ...। ਨਹੀਂ ਕੈਰੀ ਸਿਆਂ...! ਹੁਣ ਜਾਨ ਭਾਵੇਂ ਚਲੀ ਜਾਵੇ, ਪਰ ਆਪਣੇ ਰਸਤੇ, ਆਪਣੇ ਨਿਸ਼ਾਨੇ ਤੋਂ ਥਿੜਕਾਂਗਾ ਨਹੀਂ...।

ਉਹ ਪੈਰ ਤੋਂ ਹੀ ਪਿੱਛੇ ਮੁੜ ਪਿਆ।

ਪਿੰਡ ਜਾਣ ਦੀ ਵਜਾਏ, ਉਹ ਸ਼ਹਿਰ ਦੇ ਸਦਰ ਠਾਣੇ ਨੂੰ ਸਿੱਧਾ ਹੋ ਗਿਆ।

ਉਹ ਸਿਰਤੋੜ ਕਮਲ਼ਿਆਂ ਵਾਂਗ ਦੌੜਿਆ ਜਾ ਰਿਹਾ ਸੀ।

-"ਤੂੰ ਕਿੱਧਰ ਨੂੰ ਬੁਥਾੜ ਚੱਕਿਐ, ਓਏ...? ਇਹ ਸਹੁਰਾ ਘਰ ਐ...?" ਸੰਤਰੀ ਨੇ ਰੇਬੀਏ ਪਏ ਆਉਂਦੇ ਕੈਰੀ ਨੂੰ ਦਰਵਾਜੇ ਵਿੱਚ ਹੀ ਰੋਕ ਲਿਆ।

-"..................।" ਕੈਰੀ ਚੁੱਪ ਹੋ ਗਿਆ। ਸੰਤਰੀ ਦੇ ਪਹਿਲੇ "ਸੁਆਗਤ" ਨੇ ਹੀ ਉਸ ਨੂੰ "ਠਾਰ" ਦਿੱਤਾ ਸੀ।

-"ਨਾ ਕੁਛ ਲੈਣ ਨੂੰ, ਨਾ ਕੁਛ ਦੇਣ ਨੂੰ, ਕੰਜਰ ਲੋਕ ਇਉਂ ਠਾਣੇ ਆ ਵੜਦੇ ਐ, ਜਿਵੇਂ ਠਾਣਾ ਇਹਨਾਂ ਦੇ ਬਾਪੂ ਦਾ ਹੁੰਦੈ...!" ਸੰਤਰੀ ਨੇ ਦੂਰ ਖੜ੍ਹੇ ਸਿਪਾਹੀ ਨੂੰ ਸ਼ਿਕਵਾ ਸੁਣਾਇਆ। ਉਹ ਕਾਫ਼ੀ ਦੁਖੀ ਲੱਗਦਾ ਸੀ।

-"ਪੁੱਛ ਤਾਂ ਲੈ, ਅਗਲਾ ਕੋਈ ਜ਼ਰੂਰੀ ਕੰਮ ਆਇਆ ਹੋਣੈਂ...?" ਸਿਪਾਹੀ ਬੋਲਿਆ।

-"ਕਿਸੇ ਦੀ ਮੱਝ ਨਾ ਮਿਲ਼ੇ, ਤਾਂ ਠਾਣੇ ਨੂੰ ਤੁਰ ਪੈਣਗੇ, ਕਿਸੇ ਦਾ ਕੱਟਾ ਮੱਝ ਚੁੰਘਜੇ, ਤਾਂ ਠਾਣੇ ਗੇੜਾ ਬੰਨ੍ਹ ਲੈਣਗੇ, ਅੱਕੇ ਪਏ ਆਂ, ਨੌਕਰੀ ਕਰਨ ਦਾ ਤਾਂ ਕੋਈ ਹੱਜ ਈ ਨੀ ਰਿਹਾ...।"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਮਾਨਵੀ ਗੁਣਾਂ ਦਾ ਮੁਜੱਸਮਾ - ਦਸਮ ਪਿਤਾ ਦਾ ਲਾਡਲਾ ਪੀਰ ਬੁੱਧੂ ਸ਼ਾਹ

**21 ਮਾਰਚ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼**



- ਲੇਖਕ -
ਭਗਵਾਨ ਸਿੰਘ ਜੌਹਲ
Email:bhagwansinghjohal@gmail.com



ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੀਰ ਬੁੱਧੂ ਸ਼ਾਹ ਜੀ ਨੂੰ ਕੰਘਾ, ਕੇਸ ਅਤੇ ਦਸਤਾਰ ਬਖ਼ਸ਼ਿਸ਼ ਕਰਦੇ ਹੋਏ

ਧਰਮ ਦੀਆਂ ਪੱਕੀਆਂ ਤੇ ਤੰਗ ਸੀਮਾਵਾਂ ਤੋਂ ਉਪਰ ਦੀ ਸੋਚ ਦੇ ਧਾਰਨੀ ਅਤੇ ਮਾਨਵੀ ਗੁਣਾਂ ਦੇ ਮੁਜੱਸਮੇ ਪੀਰ ਬੁੱਧੂ ਸ਼ਾਹ ਨੂੰ ਹਰ ਸਿੱਖ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਦਾ ਹੈ। ਭੰਗਾਣੀ ਦੇ ਯੁੱਧ ਤੋਂ ਉਪਰੰਤ ਪੀਰ ਜੀ ਨੇ ਆਪਣੇ ਚਾਰ ਪੁੱਤਰਾਂ ਵਿੱਚੋਂ ਦੋ ਪੁੱਤਰ ਸੱਯਦ ਅਸ਼ਰਫ਼ ਸ਼ਾਹ ਅਤੇ ਸੱਯਦ ਮੁਹੰਮਦ ਸ਼ਾਹ ਅਤੇ ਸਕੇ ਭਾਈ ਭੂਰੇ ਸ਼ਾਹ ਨੂੰ ਅਤੇ ਸੱਤ ਸੌ ਮੁਰੀਦਾਂ ਵਿੱਚੋਂ ਅਨੇਕਾਂ ਮੁਰੀਦ ਸ਼ਹੀਦ ਕਰਵਾ ਕੇ ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਕ ਪੀਰ ਬੁੱਧੂ ਸ਼ਾਹ ਦਾ ਜਨਮ 13 ਜੂਨ, 1647 ਈ: ਨੂੰ ਸਯਦ ਗੁਲਾਮ ਸ਼ਾਹ ਦੇ ਘਰ ਅੰਬਾਲਾ ਜ਼ਿਲ੍ਹੇ ਦੇ ਸਢੌਰਾ ਕਸਬੇ ਵਿੱਚ ਹੋਇਆ। ਪੀਰ ਜੀ ਦਾ ਪੂਰਾ ਨਾਂਅ ਸਯਦ ਬਦਰੁੱਦੀਨ ਸ਼ਾਹ ਸੀ। ਪੀਰ ਜੀ ਬਚਪਨ ਤੋਂ ਹੀ ਘੱਟ ਬੋਲਣ ਵਾਲੇ, ਗੰਭੀਰ ਅਤੇ ਸਾਦੇ ਸੁਭਾਅ ਵਾਲੇ ਸਨ। ਇਸੇ ਕਰਕੇ ਲੋਕਾਂ ਨੇ ਪੀਰ ਜੀ ਨੂੰ ਬੁੱਧੂ ਕਹਿਣਾ ਸ਼ੁਰੂ ਕਰ ਦਿੱਤਾ। ਇਹ ਨਾਂਅ ਪੀਰ ਜੀ ਦੇ ਸੁਭਾਅ ਕਰਕੇ ਪੱਕੇ ਤੌਰ 'ਤੇ ਉਨ੍ਹਾਂ ਨਾਲ ਜੁੜ ਗਿਆ। ਪੀਰ ਜੀ ਦੇ ਵੱਡੇ-ਵਡੇਰੇ ਪਹਿਲਾਂ ਸਮਾਣੇ ਰਹਿੰਦੇ ਸਨ, ਪਰ ਇਸ ਤੋਂ ਪਿੱਛੋਂ ਸਢੌਰੇ ਆ ਵਸੇ। ਜਿਸ ਮੁਹੱਲੇ ਵਿੱਚ ਇਹ ਪਰਿਵਾਰ ਆ ਕੇ ਵਸਿਆ, ਉਹ ਬਾਅਦ ਵਿੱਚ ਸਯਦਾਂ ਵਾਲਾ ਮੁਹੱਲਾ ਕਰਕੇ ਪ੍ਰਸਿੱਧ ਹੋਇਆ।

ਪੀਰ ਜੀ ਦੀ ਸ਼ਾਦੀ ਮੁਗਲ ਸੈਨਾ ਦੇ ਇਕ ਵੱਡੇ ਜਰਨੈਲ ਸੈਦ ਖਾਨ ਦੀ ਭੈਣ ਨਸੀਰਾਂ ਨਾਲ ਹੋਈ। ਜਦੋਂ ਬਾਲ ਗੁਰੂ ਗੋਬਿੰਦ ਰਾਏ (ਸਿੰਘ) ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਣ ਸਮੇਂ ਕੁਝ ਸਮੇਂ ਲਖਨੌਰ ਰੁਕੇ ਤਾਂ ਪੀਰ ਭੀਖਣ ਸ਼ਾਹ ਜਦੋਂ ਬਾਲ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਏ ਤਾਂ ਉਸ ਸਮੇਂ ਪੀਰ ਬੁੱਧੂ ਸ਼ਾਹ ਨੇ ਵੀ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਇਸ ਤੋਂ ਪਿੱਛੋਂ ਪੀਰ ਜੀ ਦਿੱਲੀ ਵਿਖੇ ਗੋਸ਼ਾ-ਨਸ਼ੀਨ ਰਹਿਣ ਤੋਂ ਉਪਰੰਤ ਜਦੋਂ ਵਾਪਸ ਸਢੌਰਾ ਆਏ ਤਾਂ ਪੀਰ ਜੀ ਨੂੰ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਪਾਉਂਟਾ ਸਾਹਿਬ ਦੀ ਆਮਦ ਬਾਰੇ ਪਤਾ ਲੱਗਾ। ਪਿਆਰ ਵਿੱਚ ਬਿਹਬਲ ਪੀਰ ਜੀ ਨੇ ਗੁਰੂ ਨਾਨਕ ਸਾਹਿਬ ਦੇ ਦੱਸਵੇਂ ਸਰੂਪ ਗੁਰੂ ਗੋਬਿੰਦ ਸਿੰਘ ਜੀ ਦੇ ਪਾਉਂਟਾ ਸਾਹਿਬ ਵਿਖੇ ਦਰਸ਼ਨ ਕੀਤੇ। ਆਪ ਗੁਰੂ ਸਾਹਿਬ ਜੀ ਦੀ ਸ਼ਖ਼ਸੀਅਤ ਤੋਂ ਅਜਿਹੇ ਪ੍ਰਭਾਵਿਤ ਹੋਏ ਕਿ ਰੱਬੀ ਗੁਣਾਂ ਦੇ ਮੁਜੱਸਮੇ ਦਸਮ ਪਿਤਾ ਜੀ ਹਮੇਸ਼ਾਂ ਅੰਗ-ਸੰਗ ਰਹਿਣ ਲਈ ਬੇਨਤੀ ਕਰਨ ਲਈ ਹੱਥ ਜੁੜ ਗਏ।

ਇਕ ਵਾਰ ਅਜਿਹਾ ਸਮਾਂ ਆਇਆ, ਜਦੋਂ ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਨੇ ਆਪਣੀ ਫੌਜ ਦੇ ਬਹੁਤ ਸਾਰੇ ਪਠਾਣਾਂ ਨੂੰ ਨੌਕਰੀ ਤੋਂ ਜਵਾਬ ਦੇ ਦਿੱਤਾ। ਉਹ ਸਾਰੇ ਪਠਾਣ ਪੀਰ ਜੀ ਕੋਲ ਆਪਣੇ ਦੁੱਖੜੇ ਰੋਣ ਲਈ ਪਹੁੰਚੇ। ਪੀਰ ਜੀ ਨੇ ਉਨ੍ਹਾਂ ਪਠਾਣਾਂ ਨੂੰ ਨੌਕਰੀ ਦਿਵਾਉਣ ਲਈ ਪਾਉਂਟਾ ਸਾਹਿਬ ਜਾ ਕੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ। ਗੁਰੂ ਸਾਹਿਬ ਨੇ ਪੀਰ ਜੀ ਦੀ ਬੇਨਤੀ ਮੰਨਦਿਆਂ ਸਾਰੇ ਪਠਾਣਾਂ ਨੂੰ ਆਪਣੇ ਪਾਸ ਰੱਖ ਲਿਆ। ਪਰ ਜਦੋਂ ਪਹਾੜੀ ਰਾਜਿਆਂ ਵੱਲੋਂ ਕਲਗੀਧਰ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੂੰ ਮਜਬੂਰ ਕਰਕੇ ਲੜਾਈ ਛੇੜ ਦਿੱਤੀ ਗਈ ਤਾਂ ਇਨ੍ਹਾਂ ਪਠਾਣਾਂ ਵਿੱਚੋਂ ਇਕ ਪਠਾਣ ਜਰਨੈਲ ਕਾਲੇ ਖਾਨ ਤੋਂ ਬਿਨਾਂ ਬਾਕੀ ਤਿੰਨ ਜਰਨੈਲ ਤੀਖਨ ਖਾਨ, ਨਜਾਬਤ ਖਾਨ ਅਤੇ ਹਯਾਤ ਖਾਨ ਨਮਕ-ਹਰਾਮੀ ਕਰਕੇ ਗੁਰੂ ਸਾਹਿਬ ਨੂੰ ਛੱਡ ਕੇ ਚਲੇ ਗਏ। ਕੇਵਲ ਛੱਡਿਆ ਹੀ ਨਹੀਂ, ਸਗੋਂ ਪਹਾੜੀ ਰਾਜਿਆਂ ਦੀ ਫੌਜ ਨਾਲ ਜਾ ਰਲੇ। ਜਦੋਂ ਪੀਰ ਜੀ ਨੂੰ ਇਹ ਖਬਰ ਮਿਲੀ ਤਾਂ ਪੀਰ ਜੀ ਆਪਣੇ ਸੱਤ ਸੌ ਮੁਰੀਦਾਂ, ਚਾਰ ਪੁੱਤਰਾਂ ਅਤੇ ਇਕ ਭਰਾ ਸਮੇਤ ਭੰਗਾਣੀ ਦੇ ਮੈਦਾਨ ਵਿੱਚ ਪੁੱਜੇ ਅਤੇ ਇਸ ਗਹਿਗੱਚ ਯੁੱਧ ਵਿੱਚ ਆਪਣਾ ਯੋਗਦਾਨ ਪਾਇਆ। ਇਸ ਯੁੱਧ ਵਿੱਚ ਪੀਰ ਜੀ ਦੇ ਅਨੇਕਾਂ ਮੁਰੀਦਾਂ, ਦੋ ਪੁੱਤਰਾਂ ਅਤੇ ਇਕ ਭਰਾ ਨੇ ਸ਼ਹਾਦਤ ਦਾ ਜਾਮ ਪੀਤਾ।

ਇਤਿਹਾਸਕ ਤੱਥ ਇਸ ਗੱਲ ਨੂੰ ਬਿਆਨ ਕਰਦੇ ਹਨ, ਜਦੋਂ ਕਲਗੀਧਰ ਪਾਤਸ਼ਾਹ ਨੇ ਯੁੱਧ ਤੋਂ ਉਪਰੰਤ ਬੇਸ਼ਕੀਮਤੀ ਵਸਤੂਆਂ, ਧਨ ਦੌਲਤ ਪੀਰ ਜੀ ਨੂੰ ਬਖ਼ਸ਼ਿਸ਼ ਵਜੋਂ ਲੈਣ ਲਈ ਕਿਹਾ ਤਾਂ ਪੀਰ ਜੀ ਨਿਮਾਣੇ ਸਿੱਖ ਸ਼ਰਧਾਲੂ ਵਜੋਂ ਹੱਥ ਜੋੜ ਕੇ ਗੁਰੂ ਸਾਹਿਬ ਦੇ ਸਨਮੁੱਖ ਖਲੋ ਗਏ, ਇਹ ਵਸਤਾਂ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਉਸ ਸਮੇਂ ਗੁਰੂ ਸਾਹਿਬ ਕੇਸਾਂ ਨੂੰ ਕੰਘੇ ਨਾਲ ਸੰਵਾਰ ਕੇ ਦਸਤਾਰ ਸਜਾਉਣ ਦੀ ਤਿਆਰੀ ਵਿੱਚ ਸਨ। ਪੀਰ ਜੀ ਨੇ ਬੜੀ ਅਧੀਨਗੀ ਨਾਲ ਕੰਘੇ ਵਿੱਚ ਫਸੇ ਗੁਰੂ ਸਾਹਿਬ ਦੇ ਰੋਮਾਂ (ਕੇਸਾਂ) ਨੂੰ ਆਪਣੀ ਝੋਲੀ ਫੈਲਾਅ ਕੇ ਪ੍ਰਵਾਨ ਕੀਤਾ। ਕੰਘੇ ਸਮੇਤ ਕੇਸਾਂ ਨੂੰ ਪ੍ਰਾਪਤ ਕਰਕੇ ਇਸ ਵੱਡਮੁੱਲੇ ਤੋਹਫ਼ੇ ਨੂੰ ਆਪਣੇ ਜੀਵਨ ਦੌਰਾਨ ਸੰਭਾਲ ਕੇ ਰੱਖਣ ਅਤੇ ਦਰਸ਼ਨ-ਦੀਦਾਰੇ ਕਰਨ ਦਾ ਸੁਭਾਗ ਜੀਵਨ ਭਰ ਨਿਭਾਇਆ। ਗੁਰੂ ਸਾਹਿਬ ਨੇ ਭਰੇ ਦੀਵਾਨ ਵਿੱਚ ਪਾਉਂਟਾ ਸਾਹਿਬ ਦੀ ਪਾਵਨ ਧਰਤੀ ਤੋਂ ਇਸ ਵੱਡਮੁੱਲੇ ਤੋਹਫੇ ਤੋਂ ਇਲਾਵਾ ਇਕ ਛੋਟੀ ਕ੍ਰਿਪਾਨ, ਦਸਤਾਰ ਅਤੇ ਹੁਕਮਨਾਮਾ ਵੀ ਪੀਰ ਜੀ ਨੂੰ ਬਖ਼ਸ਼ਿਆ, ਜੋ ਸਮਾਂ ਪੈ ਕੇ ਪੀਰ ਜੀ ਦੇ ਵਾਰਸਾਂ ਨੂੰ ਜਗੀਰ ਪ੍ਰਦਾਨ ਕਰਕੇ ਮਹਾਰਾਜਾ ਨਾਭਾ ਸ: ਭਰਪੂਰ ਸਿੰਘ ਨੇ ਸ਼ਰਧਾ ਸਹਿਤ ਆਪਣੇ ਮਹਿਲਾਂ ਵਿੱਚ ਇਨ੍ਹਾਂ ਵਸਤਾਂ ਨੂੰ ਸੁਸ਼ੋਭਿਤ ਕੀਤਾ। ਪਰ ਭਰੋਸੇਯੋਗ ਗਵਾਹੀ ਤੋਂ ਪਤਾ ਲੱਗਾ ਹੈ ਕਿ ਇਹ ਛੋਟੀ ਕ੍ਰਿਪਾਨ ਪੀਰ ਜੀ ਦੇ ਮੌਜੂਦਾ ਵਾਰਸਾਂ ਪਾਸ ਅਮਰੀਕਾ ਦੇ ਸ਼ਹਿਰ ਲਾਸ ਏਂਜਲਸ ਵਿੱਚ ਸਤਿਕਾਰ ਨਾਲ ਸਾਂਭੀ ਹੋਈ ਹੈ।

ਪੀਰ ਜੀ ਵੱਲੋਂ ਗੁਰੂ ਸਾਹਿਬ ਦੀ ਭੰਗਾਣੀ ਦੇ ਯੁੱਧ ਵਿੱਚ ਕੀਤੀ ਸਹਾਇਤਾ ਕਰਕੇ ਬਾਦਸ਼ਾਹ ਔਰੰਗਜ਼ੇਬ ਦੇ ਕੰਨ ਭਰੇ ਗਏ। ਔਰੰਗਜ਼ੇਬ ਨੇ ਸਢੌਰੇ ਦੇ ਹਾਕਮ ਉਸਮਾਨ ਖਾਨ ਨੂੰ ਪੀਰ ਜੀ ਨੂੰ ਕਤਲ ਕਰਨ ਦਾ ਆਦੇਸ਼ ਦਿੱਤਾ। ਸਰਹਿੰਦ ਦੇ ਫੌਜਦਾਨ ਨੇ ਬਾਦਸ਼ਾਹ ਦੇ ਹੁਕਮ ਨੂੰ ਉਸਮਾਨ ਖਾਨ ਤੱਕ ਪਹੁੰਚਾਇਆ। ਪੀਰ ਜੀ ਨੂੰ ਇਹ ਖ਼ਬਰ ਪਹਿਲਾਂ ਹੀ ਮਿਲ ਚੁੱਕੀ ਸੀ, ਉਨ੍ਹਾਂ ਆਪਣਾ ਪਰਿਵਾਰ ਨਾਹਨ ਅਤੇ ਸਮਾਣਾ ਭੇਜ ਦਿੱਤਾ। ਸਢੌਰੇ ਦੇ ਹਾਕਮ ਉਸਮਾਨ ਖਾਨ ਨੇ 21 ਮਾਰਚ, 1704 ਨੂੰ ਪੀਰ ਬੁੱਧੂ ਸ਼ਾਹ ਨੂੰ ਬੜੀ ਬੇਦਰਦੀ ਨਾਲ ਟੋਟੇ-ਟੋਟੇ ਕਰਕੇ ਸ਼ਹੀਦ ਕੀਤਾ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਵਧਿਆ ਤਾਂ ਸਭ ਤੋਂ ਪਹਿਲਾਂ ਉਸ ਨੇ ਸਢੌਰੇ ਦੀ ਇੱਟ ਨਾਲ ਇੱਟ ਖੜਕਾਈ ਅਤੇ ਉਸਮਾਨ ਖਾਨ ਨੂੰ ਮੌਤ ਦੇ ਘਾਟ ਉਤਾਰਿਆ। ਇਤਿਹਾਸ ਦੇ ਖੋਜੀ ਤੱਥਾਂ ਮੁਤਾਬਿਕ ਪੀਰ ਜੀ ਦੀ ਅੰਸ਼-ਵੰਸ਼ ਦੇ ਪਰਿਵਾਰ 1947 ਈ: ਵਿੱਚ ਦੇਸ਼ ਦੀ ਵੰਡ ਸਮੇਂ ਪੱਛਮੀ ਪੰਜਾਬ (ਪਾਕਿਸਤਾਨ) ਦੇ ਝੰਗ ਜ਼ਿਲ੍ਹੇ ਜਾ ਵਸੇ। ਪੀਰ ਜੀ ਦੇ ਜੱਦੀ ਘਰ ਦੀ ਖੋਜ ਕਰਕੇ ਹੁਣ ਇਸ ਅਸਥਾਨ ਨੂੰ ਗੁਰਦੁਆਰਾ ਸਾਹਿਬ ਵਿੱਚ ਬਦਲ ਦਿੱਤਾ ਗਿਆ ਹੈ। ਸਮੁੱਚਾ ਸਿੱਖ ਜਗਤ ਅੱਜ ਪੀਰ ਜੀ ਦੇ ਜਨਮ ਦਿਨ 'ਤੇ ਪੀਰ ਜੀ ਦੀ ਕੁਰਬਾਨੀ, ਸ਼ਰਧਾ, ਗੁਰੂ ਪਿਆਰ ਪ੍ਰਤੀ ਨਤਮਸਤਕ ਹੋ ਰਿਹਾ ਹੈ।

## ਅਮਰੀਕਾ ਚ ਅੰਗਰੇਜ਼ੀ ਚ ਪਹਿਲੀ ਵਾਰ ਗੁਰੂ ਗ੍ਰੰਥ ਸਾਹਿਬ ਤੇ ਫਿਲਮ ਬਣਾਉਣ ਬਾਰੇ ਪਲਾਨ

ਨਿਊਯਾਰਕ (ਰਾਜ ਗੋਗਨਾ )- ਨਾਮਵਰ ਅਮਰੀਕੀ ਫਿਲਮ ਡਾਇਰੈਕਟਰ ਵਾਸ਼ਿੰਗਟਨ ਗੈਰਲਡ ਕਰੇਲ ਦੇ ਨਾਲ ਗੱਲਬਾਤ ਦੇ ਦੌਰਾਨ ਗੁਰੂ ਗ੍ਰੰਥ ਸਾਹਿਬ ਬਾਰੇ ਬਹੁਤਾਤ ਅਮਰੀਕਨਾਂ ਨੂੰ ਅਤੇ ਹੋਰਾਂ ਨੂੰ ਵੀ ਨਹੀ ਪਤਾ ਹੈ। ਅਤੇ ਇਸ ਸਬੰਧੀ ਜਾਣਕਾਰੀ ਵਧਾਉਣ ਲਈ ਇਕ ਅੰਗਰੇਜ਼ੀ ਫਿਲਮ ਬਣਾਉਣ ਲਈ ਅਮਰੀਕਾ ਦੀ ਫਿਲਮ ਕੰਪਨੀ ਨਾਲ ਵਿਉਂਤਬੰਦੀ ਕੀਤੀ ਜਾ ਰਹੀ ਹੈ।ਇਸ ਸਬੰਧ ਅਮਰੀਕਾ ਚ ਵੱਸੇ ਨੈਸ਼ਨਲ ਸਿੱਖ ਕੈਂਪਨ ਦੇ ਮੁੱਖੀ ਡਾਕਟਰ ਰਾਜਵੰਤ ਸਿੰਘ ਨੇ ਦੱਸਿਆ ਕਿ ਅਮਰੀਕਾ ਦੇ ਪ੍ਰਮੁੱਖ ਟੀ ਵੀ ਚੈਨਲ ਉਤੇ ਦੇਸ਼ ਭਰ ਚ ਇਸ ਫਿਲਮ ਨੂੰ ਵਿਖਾਇਆ ਜਾਵੇਗਾ। ਇਸੇ ਫਿਲਮ ਕੰਪਨੀ ਨਾਲ ਪਹਿਲੇ ਗੁਰੂ ਨਾਨਕ ਸਾਹਿਬ ਉੱਤੇ ਵੀ 2019 ਚ ਇਕ ਫਿਲਮ ਬਣਾਈ ਗਈ ਸੀ। ਜਿਸ ਨੂੰ ਬਹੁਤ ਅਵਾਰਡ ਵੀ ਮਿਲੇ ਸਨ। ਅਤੇ ਜੋ ਕਿ ਹਰ ਸਾਲ ਅਮਰੀਕਾ ਵਿੱਚ ਵਿਖਾਈ ਜਾਂਦੀ ਹੈ ਲੰਘੇ ਦਸੰਬਰ ਦੇ ਮਹੀਨੇ ਤਕਰੀਬਨ 8 ਕਰੋੜ ਘਰਾਂ ਤੱਕ ਪਹੁੰਚੀ ਸੀ।ਇਸ ਫਿਲਮ ਨੂੰ ਅਮਰੀਕਾ ਦੀ ਸੰਸਥਾ ਨੈਸ਼ਨਲ ਸਿੱਖ ਕੈਂਪੇਨ ਦੇ ਸਹਿਯੋਗ ਦੇ ਨਾਲ ਸਿਰੇ ਚਾੜ੍ਹਿਆ ਗਿਆ ਸੀ।

## ਕੈਨੇਡਾ ਵਿੱਚ ਭਾਰਤੀ ਮੂਲ ਦੀਆਂ ਦੋ ਔਰਤਾਂ ਨੂੰ ਸੌਂਪੀ ਵੱਡੀ ਜ਼ਿੰਮੇਵਾਰੀ

ਕੈਨੇਡਾ ਦੇ ਨਵੇਂ ਮੰਤਰੀ ਮੰਡਲ ਵਿੱਚ ਭਾਰਤੀ ਮੂਲ ਦੀਆਂ ਦੋ ਔਰਤਾਂ ਨੂੰ ਸੌਂਪੀ ਵੱਡੀ ਜ਼ਿੰਮੇਵਾਰੀ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਮੰਤਰੀ ਮੰਡਲ ਵਿੱਚ ਭਾਰਤੀ ਮੂਲ ਦੀਆਂ ਅਨੀਤਾ ਆਨੰਦ ਅਤੇ ਕਮਲ ਖੇੜਾ ਨੂੰ ਮਹੱਤਵਪੂਰਨ ਮੰਤਰਾਲੇ ਸੌਂਪੇ ਅਨੀਤਾ ਆਨੰਦ ਅਤੇ ਕਮਲ ਖੇੜਾ ਨੂੰ ਮਹੱਤਵਪੂਰਨ ਮੰਤਰਾਲੇ ਸੌਂਪੇ ਗਏ ਹਨ। ਅਨੀਤਾ ਆਨੰਦ ਨੂੰ ਨਵੀਨਤਾ, ਵਿਗਿਆਨ ਅਤੇ ਉਦਯੋਗ ਮੰਤਰੀ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਕਮਲ ਖੇੜਾ ਸਿਹਤ ਮੰਤਰੀ ਬਣੀਆਂ ਹਨ। ਮਾਰਕ ਕਾਰਨੀ ਬਣੇ ਨਵੇਂ ਪ੍ਰਧਾਨ ਮੰਤਰੀ 59 ਸਾਲਾ ਮਾਰਕ ਕਾਰਨੀ ਨੇ 15 ਮਾਰਚ 2025 ਨੂੰ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕੀ। ਉਹ ਜਸਟਿਨ ਟਰੂਡੋ ਦੀ ਥਾਂ ਲੈ ਰਹੇ ਹਨ, ਜਿਨ੍ਹਾਂ ਨੇ ਜਨਵਰੀ 2025 ਵਿੱਚ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ ਸੀ। ਟਰੂਡੋ ਨੇ ਉਦੋਂ ਤੱਕ ਪ੍ਰਧਾਨ ਮੰਤਰੀ ਦੇ ਤੌਰ ਤੇ ਕੰਮ ਕੀਤਾ, ਜਦੋਂ ਤੱਕ ਲਿਬਰਲ ਪਾਰਟੀ ਨੇ ਨਵਾਂ ਨੇਤਾ ਨਹੀਂ ਚੁਣਿਆ।

# ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ 'ਚ ਨਾਨਕਸ਼ਾਹੀ ਸੰਮਤ 557 ਦੀ ਆਮਦ ਨੂੰ ਸਮਰਪਿਤ ਕਰਵਾਏ ਗਏ ਸਮਾਗਮ

## ✪ ਵਰਲਡ ਸਿੱਖ ਪਾਰਲੀਮੈਂਟ ਵੱਲੋਂ ਮੂਲ ਨਾਨਕਸ਼ਾਹੀ ਕੈਲੰਡਰ ਕੀਤਾ ਜਾਰੀ



ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਦੀਆਂ ਸੰਗਤਾਂ ਵੱਲੋ ਪਹਿਲੀ ਚੇਤ ਨਾਨਕਸ਼ਾਹੀ ਸੰਮਤ 557 ਦੇ ਨਵੇਂ ਵਰ੍ਹੇ ਦੀ ਅਰੰਭਤਾ ਤੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ ਬੱਚਿਆਂ ਦੇ ਕੀਰਤਨੀ ਜਥੇ ਤੇ ਭਾਈ ਲਖਵਿੰਦਰ ਸਿੰਘ , ਭਾਈ ਗੁਰਨਿਸ਼ਾਨ ਸਿੰਘ ਪੱਟੀ ਦੇ ਜਥੇ ਨੇ ਇਲਾਹੀ ਗੁਰਬਾਣੀ ਦਾ ਰਸ-ਭਿੰਨਾ ਕੀਰਤਨ ਸਰਵਣ ਕਰਵਾਇਆ ਤੇ ਭਾਈ ਚਮਕੌਰ ਸਿੰਘ ਸਭਰਾ ਨੇ ਗੁਰਮਤਿ ਵੀਚਾਰਾਂ ਦੀ ਜਿੱਥੇ ਸਾਂਝ ਪਾਈ ਉੱਥੇ ਸਿੱਖ ਕੌਮ ਦੇ ਤਰਸਯੋਗ ਹਲਾਤਾਂ ਤੇ ਵੀ ਚਾਨਣਾ ਪਾਇਆ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਅੱਜ ਦੇ ਦਿਹਾੜਿਆਂ ਸੱਤਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਹਰਿਰਾਏ ਸਾਹਿਬ ਜੀ ਦੇ ਗੁਰਗੱਦੀ ਦਿਵਸ, ਨਾਨਕਸ਼ਾਹੀ ਸੰਮਤ ੫੫੭ ਦੀ ਅਰੰਭਤਾ ਤੇ ਹੋਲੇ ਮਹੱਲੇ ਦੀਆਂ ਸੰਗਤਾਂ ਨੂੰ ਵਧਾਈਆਂ ਦਿੰਦਿਆਂ ਹੋਇਆਂ ਸ੍ਰ ਪਾਲ ਸਿੰਘ ਪੁਰੇਵਾਲ ਵੱਲੋ ਸਿੱਖ ਕੌਮ ਦੀ ਨਿਆਰੀ ਹੋਂਦ ਦੇ ਪ੍ਰਤੀਕ ਮੂਲ ਨਾਨਕਸ਼ਾਹੀ ਕੈਲੰਡਰ ਬਣਾਉਣ ਦੀ ਘਾਲਣਾ ਫਿਰ ਕਿਵੇਂ 2003 ਵਿੱਚ ਸ਼੍ਰੀ ਅਕਾਲ ਤਖ਼ਤ ਸਾਹਿਬ ਵੱਲੋ ਲਾਗੂ ਕੀਤਾ ਗਿਆ ਜੋ 2010 ਤੱਕ ਰਿਹਾ, ਪਰ ਆਰ . ਐਸ਼. ਐਸ਼ ਦੇ ਮੁੱਖੀ ਦੇ ਬਿਆਨਾਂ ਅਨੁਸਾਰ ਸਿੱਖ ਭੇਸ ਵਾਲੇ ਬ੍ਰਹਮਣਵਾਦੀ ਸੋਚ ਤੇ ਮਹਾਨ ਸ਼ਹੀਦ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆ ਦੀ ਸੋਚ ਦੇ ਭਗੌੜੇ ਹਰਨਾਮ ਸਿੰਘ ਧੁੰਮਾਂ ਮੱਕੜ ਨੇ ਸੋਧਾਂ ਦੇ ਨਾਮ ਹੇਠ ਕੁਸੋਧਾਂ ਕਰਕੇ ਇਸ ਨਾਨਕਸ਼ਾਹੀ ਕੈਲੰਡਰ ਨਾਮ ਹੇਠ ਇਸ ਨੂੰ ਬਿਕਰਮੀ ਕੈਲੰਡਰ ਕਰਕੇ ਆਪਣੀ ਵਿਪਰਵਾਦੀ ਸੋਚ ਦਾ ਪ੍ਰਗਟਾਵਾ ਕਰ ਦਿੱਤਾ ਸੀ। ਅੱਜ ਜੋ ਸਿੱਖ ਕੌਮ ਦੀ ਮਹਾਨ ਸੰਸਥਾਵਾਂ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਿਧਾਂਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖਾਂ ਦੀ ਰਾਜਨੀਤਿਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਵਰਗੀਆਂ ਮਹਾਨ ਸੰਸਥਾਵਾਂ ਦਾ ਘਾਣ ਕਰਨ ਤੇ ਕਰਾਉਣ ਵਿੱਚ ਭਾਈਵਾਲ਼ ਇਹਨਾਂ ਸੰਸਥਾਵਾਂ ਨੂੰ ਬਚਾਉਣ ਦੀ ਦੁਹਾਈ ਪਾ ਰਹੇ ਹਨ ਜਿਵੇਂ ਆਪਣੇ ਘਰ ਆਪ ਹੀ ਅੱਗ ਲਗਾ ਕੇ ਅੱਗ ਲੱਗ ਗਈ ਦੀ ਦੁਹਾਈ ਤੇ ਇੱਕ ਦੂਜੇ ਤੋਂ ਵੱਧ ਕੇ ਰੌਲਾ ਪਾ ਰਹੇ ਹਨ ਭਾਜਪਾ ਤੇ ਆਰ ਐਸ਼ ਐਸ਼ ਨਾਲ ਮਿਲ ਕੇ ਪੁਰਾਣੇ ਭਾਈਚਾਰੇ ਤੇ ਨਵੇਂ ਭਾਈਵਾਲ਼ ਸਿੱਖ ਕੌਮ ਦੀਆਂ ਇਹਨਾਂ ਮਹਾਨ ਸੰਸਥਾਵਾਂ ਨੂੰ ਚੜ੍ਹਦੀ ਕਲਾ ਵਿੱਚ ਲੈਜਾਣ ਵਾਰੇ ਘੱਟ ਸਗੋਂ ਆਰ ਐਸ ਐਸ ਨਾਲ ਅੰਦਰ ਖਾਤੇ ਫਵਾਦਾਰੀ ਤੇ ਉਹਨਾਂ ਦੇ ਕੁਹਾੜੇ ਦਾ ਦਸਤਾ ਬਣਨ ਦੀ ਦੌੜ ਵੱਧ ਲੱਗੀ ਹੋਈ ਹੈ ਪਰ ਇਹ ਸੰਸਥਾਵਾਂ ਨਾਲ ਪਿਆਰ ਤੇ ਸਨੇਹ ਰੱਖਣ ਤੇ ਇਹਨਾਂ ਦੀ ਸਰਬਉੱਚਤਾ ਕਾਇਮ ਰੱਖਣ ਲਈ ਗੁਰਸਿੱਖ ਯਤਨਸ਼ੀਲ ਹਨ। ਉਹ ਵੀਚਾਰਗੋਸ਼ਟੀਆ ਆਪਸ ਵਿੱਚ ਮਿਲ ਬੈਠ ਕੌਮ ਜਾਗਰਤ ਕਰ ਰਹੇ ਹਨ। ਸੋ ਅੱਜ ਲੋੜ ਹੈ ਸ਼੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਦੀ ਪੱਦਵੀ ਵਾਸਤੇ ਵਿਧੀ ਵਿਧਾਨ ਬਣਾਉਣ ਤੇ ਗੁਰੂ ਗ੍ਰੰਥ ਸਾਹਿਬ ਤੇ ਪੰਥ ਨੂੰ ਸਮਰਪਿਤ ਸਰਬਪ੍ਰਵਾਨਤ ਯੋਗ ਗੁਰਸਿੱਖ ਲਗਾਇਆ ਜਾਵੇ। ਕੌਮਾਂ ਸਰੀਰਕ ਤੌਰਤੇ ਮਾਰਿਆ ਨਹੀ ਮਰਦੀਆਂ ਉਦੋ ਮਰਦੀਆਂ ਜਦੋਂ ਇਹਨਾਂ ਨੂੰ ਸਿਧਾਂਤਿਕ ਤੌਰਤੇ ਮਾਰਿਆ ਜਾਵੇ ਸੋ ਇਹ ਕੰਮ ਪਿੱਛਲੇ ਸਮੇਂ ਵਿੱਚ ਬਾਦਲ ਤੇ ਇਸ ਦੇ ਭਾਈਵਾਲ਼ ਅਖੌਤੀ ਸੰਤ ਸਮਾਜੀਆਂ ਨੇ ਭਾਜਪਈਆਂ ਦੀ ਗੋਦ ਵਿੱਚ ਕੀਤਾ ਅੱਜ ਲੋੜ ਹੈ ਕੌਮ ਨੂੰ ਇਹਨਾਂ ਤੋ ਸੁਚੇਤ ਹੋ ਕੇ ਆਪਣੀਆਂ ਸੰਸਥਾਵਾਂ ਨੂੰ ਬਚਾਉਣ ਦੇ ਨਾਲ ਨਾਲ ਇਹਨਾਂ ਮੱਸਲਿਆ ਦਾ ਸਦੀਵੀ ਹੱਲ ਸਰਬੱਤ ਦੇ ਭਲੇ ਵਾਲੇ ਸਿੱਖ ਰਾਜ ਦੀ ਸਿਰਜਣਾ ਵਿੱਚ ਆਪਣਾ ਬਣਦਾ ਯੋਗਦਾਨ ਪਾਈਏ।

ਵਰਲਡ ਸਿੱਖ ਪਾਰਲੀਮੈਂਟ ਵੱਲੋ ਸ੍ਰ. ਪਾਲ ਸਿੰਘ ਪੁਰੇਵਾਲ ਵਾਲਾ ਮੂਲ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ ਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ, ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਅਨੂਪ ਸਿੰਘ, ਮੀਤ ਪ੍ਰਧਾਨ ਭਾਈ ਗੁਰਚਰਨ ਸਿੰਘ ਗੁਰਾਇਆ, ਕੈਸ਼ੀਅਰ ਭਾਈ ਕਰਨੈਲ ਸਿੰਘ ਪ੍ਰਦੇਸੀ, ਲੰਗਰ ਇੰਚਾਰਜ ਭਾਈ ਸਤਨਾਮ ਸਿੰਘ , ਚੇਅਰਮੈਨ ਭਾਈ ਗੁਰਦਿਆਲ ਸਿੰਘ ਲਾਲੀ, ਸਾਬਕਾ ਪ੍ਰਧਾਨ ਭਾਈ ਨਰਿੰਦਰ ਸਿੰਘ, ਭਾਈ ਬਲਕਾਰ ਸਿੰਘ ਨੇ ਜੈਕਾਰਿਆਂ ਦੀ ਗੂੰਜ ਵਿੱਚ ਕੈਲੰਡਰ ਰਲੀਜ ਕੀਤਾ।

## 4 ਸਾਲ ਦੇ ਬੱਚੇ ਨੇ ਮਾਂ ਨੂੰ ਸਬਕ ਸਿਖਾਉਣ ਲਈ ਸੱਦ ਲਈ ਪੁਲਿਸ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਵਿਸਕਾਨਸਿਨ ਵਿਚ ਇਕ 4 ਸਾਲ ਦੇ ਬੱਚੇ ਨੇ ਪੁਲਿਸ ਨੂੰ ਫੋਨ ਕਰਕੇ ਕਿਹਾ ਕਿ ਉਸ ਦੀ ਮਾਂ ਚੰਗੀ ਨਹੀਂ ਹੈ, ਉਸ ਨੇ ਮੇਰੀ ਆਈਸ ਕਰੀਮ ਖਾ ਲਈ ਹੈ, ਉਸ ਨੂੰ ਜੇਲ ਵਿਚ ਬੰਦ ਕਰ ਦਿੱਤਾ ਜਾਵੇ। ਬੱਚੇ ਨੇ ਕਿਹਾ ਕਿ ਉਹ ਆਪਣੀ ਮਾਂ ਨੂੰ ਸਬਕ ਸਿਖਾਉਣਾ ਚਹੁੰਦਾ ਹੈ। ਸਥਾਨਕ ਪੁਲਿਸ ਅਨੁਸਾਰ ਜਦੋਂ ਪੁਲਿਸ ਅਫਸਰ ਵਿਸਕਾਨਸਿਨ ਦੇ ਮਾਊਂਟੀ ਪਲੀਜੈਂਟ ਸਥਿੱਤ ਘਰ ਵਿਚ ਪੁੱਜੇ ਤਾਂ ਮਾਂ ਨੇ ਮੰਨਿਆ ਕਿ ਮੈ ਇਸ ਦੀ ਆਈਸ ਕਰੀਮ ਖਾ ਲਈ ਸੀ ਜਿਸ ਤੋਂ ਇਹ ਨਰਾਜ ਹੈ। ਪੁਲਿਸ ਅਫਸਰਾਂ ਨੇ ਬੱਚੇ ਨੂੰ ਸਮਝਾਇਆ ਕਿ ਆਈਸ ਕਰੀਮ ਖਾਣਾ ਕੋਈ ਗੰਭੀਰ ਅਪਰਾਧ ਨਹੀਂ ਹੈ ਪਰੰਤੂ ਬੱਚਾ ਫਿਰ ਵੀ ਮਾਂ ਨੂੰ ਜੇਲ ਵਿਚ ਬੰਦ ਕਰਨ 'ਤੇ ਜੋਰ ਦਿੰਦਾ ਰਿਹਾ। ਪੁਲਿਸ ਅਨੁਸਾਰ ਆਖਰਕਾਰ ਬੱਚੇ ਨੂੰ ਮਾਮਲਾ ਰਫਾ ਦਫਾ ਕਰਨ ਲਈ ਮਨਾ ਲਿਆ ਗਿਆ। ਬੱਚੇ ਨੇ ਕਿਹਾ ਕਿ ਉਹ ਮਾਂ ਨੂੰ ਸਲਾਖਾਂ ਪਿੱਛੇ ਬੰਦ ਨਹੀਂ ਕਰਨਾ ਚਹੁੰਦਾ ਤੇ ਉਹ ਚਹੁੰਦਾ ਹੈ ਕਿ ਉਸ ਨੂੰ ਆਈਸ ਕਰੀਮ ਦਿੱਤੀ ਜਾਵੇ। 2 ਦਿਨਾਂ ਬਾਅਦ ਪੁਲਿਸ ਅਫਸਰ ਨੰਨੇ ''ਵਿਸਲਬਲੋਅਰ'' ਨੂੰ ਆਈਸ ਕਰੀਮ ਦੇ ਕੇ ਆਏ।

## ਨੱਕ-ਵੱਢਿਆਂ ਦਾ ਡਰੁੱਲੀ-ਜਥਾ !

ਇਕ ਹੈਂਕੜਬਾਜ ਬੰਦਾ ਕਿਤੇ ਚੰਮ ਦੀਆਂ ਚਲਾਉਂਦਾ ਹੋਇਆ ਆਪਣਾ ਨੱਕ ਵਢਾ ਬੈਠਾ ! ਜਿੱਥੇ ਵੀ ਉਹ ਜਾਵੇ, ਕੋਈ ਉਹਨੂੰ 'ਨਕਟਾ' ਕਹੇ ਤੇ ਕੋਈ ਨੱਕ-ਵਢਾ ਕਹਿ ਕਹਿ ਛੇੜੇ। ਇਸੇ ਕਸੂਤੀ ਛੇੜ ਕਾਰਨ ਉਸਨੇ ਸਭਾ-ਸਮਾਗਮਾਂ ਵਿੱਚ ਜਾਣਾ ਛੱਡ ਦਿੱਤਾ। ਹਰੇਕ ਥਾਂਹ ਹੋਏ ਟਿੱਚਰਾਂ ਮਖੌਲ ਸੁਣਕੇ ਉਸਨੇ ਇਕ ਤਰਕੀਬ ਸੋਚੀ !

ਕਿਸੇ ਜਾਣੂ ਵਲੋਂ ਨੱਕ ਕਿੱਦਾਂ ਵੱਢਿਆ ਗਿਆ ? ਪੁੱਛਣ 'ਤੇ ਉਹ ਕਹਿੰਦਾ ਕਿ ਭਰਾਵਾ ਇਕ ਦਿਨ ਮੈਂ ਸਿਮਰਨ ਕਰ ਰਿਹਾ ਸਾਂ ਤਦ ਭਗਵਾਨ ਜੀ ਆਣ ਪ੍ਰਗਟ ਹੋਏ ! ਕਹਿੰਦੇ ਭਗਤਾ ਮੈਂ ਖੁਸ਼ ਹੋ ਕੇ ਤੈਨੂੰ ਵਰੁ ਦੇਣਾ ਚਾਹੁੰਨਾਂ ਪਰ ਪਹਿਲਾਂ ਤੂੰ ਮੈਨੂੰ ਕੋਈ ਆਪਦੀ ਪਿਆਰੀ ਚੀਜ ਅਰਪਣ ਕਰ !

ਮੈਂ ਸੀਸ ਭੇਂਟ ਕਰਨ ਲਈ ਪੇਸ਼ਕਸ਼ ਕੀਤੀ ਪਰ ਉਹ ਕਹਿੰਦੇ ਮੈਨੂੰ ਤਾਂ ਤੇਰਾ ਨੱਕ ਚਾਹੀਦਾ ਭਗਤਾ ! ਲਉ ਜੀ ਮੈਂ ਉਸੇ ਵੇਲੇ ਨੱਕ ਵੱਢ ਕੇ ਦੇ'ਤਾ ਭਗਵਾਨ ਜੀ ਨੂੰ !!

ਇਹ ਗੱਲ ਸੁਣਨ ਵਾਲਾ ਕੋਈ ਮੱਤ ਹੀਣਾ 'ਸ਼ਰਧਾ-ਉੱਲੂ' ਹੋਵੇ ਗਾ ! ਉਹ ਝੱਟ ਬੋਲਿਆ ਜੀ ਮੈਂ ਵੀ ਭਗਵਾਨ ਜੀ ਦੇ ਸਾਖਸ਼ਾਤ ਦਰਸ਼ਣ ਕਰਨਾ ਚਾਹੁੰਨਾ, ਵੱਢ ਲਉ ਮੇਰਾ ਵੀ ਨੱਕ !



ਨੱਕ-ਵਢੇ ਨੇ ਆਪਣੇ ਵਰਗਾ ਇਕ ਹੋਰ 'ਨਕਟਾ' ਬਣਾ ਲਿਆ ਪਰ ਨਵੇਂ ਨਕਟੇ ਨੂੰ ਕਿਸੇ ਭਗਵਾਨ ਦੇ ਦਰਸ਼ਨ ਨਾ ਹੋਏ।

ਹੁਣ ਪਹਿਲੇ ਨੱਕ-ਵਢੇ ਦੀ ਅੱਧੀ ਸਮੱਸਿਆ ਹੱਲ ਹੋ ਗਈ ਕਿਉਂ ਕਿ ਹੁਣ ਉਹਨੂੰ ਇਕੱਲੇ ਨੂੰ ਲੋਕਾਂ ਦੇ ਸਵਾਲ ਜਾਂ ਟਿੱਚਰਾਂ ਨਹੀਂ ਸੀ ਹੁੰਦੀਆਂ।

ਕਰਦਿਆਂ ਕਰਦਿਆਂ ਉਨ੍ਹਾਂ ਦੋਹਾਂ ਨੇ ਭਗਵਾਨ ਦੇ 'ਦਰਸ਼ਣ ਅਤੇ ਵਰ' ਦੀ ਡੌਂਡੀ ਪਿੱਟ ਕੇ ਆਪਣੇ ਵਰਗੇ ਕਈ ਬਣਾ ਲਏ ! ਇੰਜ ਲੋਕਾਂ ਦੇ ਟਿੱਚਰ-ਮਖੌਲਾਂ ਨੂੰ ਨਜ਼ਰਅੰਦਾਜ਼ ਕਰਕੇ ਪਹਿਲੇ ਨੱਕ-ਵਢੇ ਨੇ ਨਕਟਿਆਂ ਦਾ ਇਕ ਡਰੁੱਲੀ-ਜਥਾ ਬਣਾ ਲਿਆ ! ਭਾਵੇਂ ਉਹਦੇ ਦੰਭ-ਪਖੰਡ ਦਾ ਸਾਰੀ ਦੁਨੀਆਂ ਨੂੰ ਪਤਾ ਲੱਗ ਗਿਆ ਪਰ ਜਿੱਥੇ ਦਾਅ ਲਗਦਾ ਉਸਨੇ ਮੁੜਕੇ ਫੇਰ ਮਿੰਨ੍ਹੀਆਂ-ਛੁਰੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ !

(ਯੂ-ਟਿਊਬ ਤੋਂ ਇਕ ਪੰਡਿਤ ਜੀ ਪਾਸੋਂ ਸੁਣੀ ਸਾਖੀ ਦੇ ਅਧਾਰਤ)

ਤਰਲੋਚਨ ਸਿੰਘ ਦੁਪਾਲ ਪੁਰ +917814692724
tsdupalpuri@yahoo.com

# PANJAB TIMES FEATURE: Tweets of the Week

**X Twitter:@SanghaDr. Principal Dr. Sujinder Singh Sangha OBE FRSA**

– ਲੇਖਕ –
ਸੁਜਿੰਦਰ ਸਿੰਘ ਸੰਘਾ



# ਪੰਜਾਬ ਟਾਈਮਜ਼ ਦਾ ਫੀਚਰ – ਟਵੀਟਸ ਆਫ ਦਾ ਵੀਕ

## 2024-2025: ਸਿੱਖ-ਪੰਥ ਦੇ ਇਕ ਇਤਿਹਾਸਕ ਪੜਾਅ ਨੂੰ ਪ੍ਰਭਾਸ਼ਿਤ ਕਰਦੀਆਂ ਰਹੀਆਂ X Tiwtter ਪੋਸਟਾਂ

2025 ਤੋਂ 2030 ਤੱਕ ਦੇ ਪੰਜ ਵਰੇ, 2050ਵੇਂ ਵਲ ਦੇ ਵਿਸ਼ਵ-ਵਿਆਪੀ ਸਿਖ-ਪੰਥਕ ਭਵਿੱਖ ਉਸਾਰਨ ਲਈ, ਅਹਿਮ ਬਣਦੇ ਜਾ ਰਹੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਸਿੱਖ ਪੰਥ, ਸ੍ਰੀ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਮੂਹਿਕ ਸ਼੍ਰੋਮਣੀ ਅਕਾਲੀ ਦਲ ਅਤੇ ਸਿਖ ਸੰਸਥਾਵਾਂ ਪੰਜੇ ਹੀ ਪ੍ਰਮੁੱਖ ਅਦਾਰੇ: ਦਿਸ਼ਾ-ਦ੍ਰਸ਼ਟੀ, ਗਤੀਵਿਧੀਆਂ, ਤਾਲ-ਮੇਲ ਅਤੇ ਵਿਚਾਰ-ਸੰਵਾਦ ਪੱਖੋਂ ਕਿਵੇਂ ਵਿਚਰਦੇ ਹਨ ਅਤੇ ਅਗਾਂਹ ਵਧਦੇ ਹਨ; ਇਹਨਾਂ ਪਹਿਲੂਆਂ ਤੇ ਨਿਰਭਰ ਕਰੇਗਾ।

..............................

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬਾਨ ਚਾਹੇ ਗਿਆਨੀ ਰਘਵੀਰ ਸਿੰਘ ਸਨ, ਹੁਣ ਗਿਆਨੀ ਕੁਲਦੀਪ ਸਿੰਘ ਗੜਗਜ ਹਨ ਜਾਂ ਅਗਾਂਹ ਕੋਈ ਹੋਰ ਹੋਣ – ਜੇ 2025 ਦੇ ਹੋਲੇ-ਮਹੱਲੇ ਨਾਲ ਜੁੜਿਓ ਘਟਨਾਕ੍ਰਮਾਂ ਉਪਰੰਤ ਸਿੱਖ-ਪੰਥ, ਸਿਧਾਂਤਕ ਅਤੇ ਮਰਿਆਦਾ ਸਬੰਧਿਤ ਵਿਵਾਦ-ਸੰਵਾਦ ਦੀ ਲੋਅ ਵਿਚ ਸ਼੍ਰੋ.ਗੁ.ਪ੍ਰ.ਕ ਦੀ ਐਗਜੈਕਟਿਵ ਅਤੇ ਜਨਰਲ ਇਜਲਾਸ ਜਥੇਦਾਰ ਸਾਹਿਬਾਨਾਂ ਦੀਆਂ ਨਿਯੁਕਤੀਆਂ ਦੇ ਮਸਲੇ ਸੁਲਝਾਅ ਲਵੇ ਅਤੇ ਪੰਥਕ ਪ੍ਰਵਾਨਗੀ ਵੀ ਹੋ ਜਾਵੇ – ਤਾਂ ਵੀ, ਓੜਕ ਜਥੇਦਾਰ ਸਾਹਿਬਾਂਨਾਂ ਸਾਹਮਣੇ ਪ੍ਰਮੁੱਖ ਕਾਰਜ ਤਾਂ 2 ਦਸੰਬਰ 2024 ਦੇ ਹੁਕਮਨਾਮੇ ਅਤੇ ਆਦੇਸ਼ਾਂ ਅਨੁਸਾਰ, ਸਮੂਹਿਕ ਤੌਰ ਤੇ ਸ਼੍ਰੋਮਣੀ ਅਕਾਲੀ ਦਲ ਦੀ ਸਾਫ-ਸੁਥਰੇ ਤਰੀਕੇ ਮੈਂਬਰਸ਼ਿਪ ਮੁਹਿੰਮ ਮੁਕੰਮਲ ਕਰ ਲੈਂਣ ਬਾਰੇ ਸੇਧਤ ਕਰਨਾਂ ਹੈ। ਉਪਰੰਤ ਡੈਲੀਗੇਟਾਂ, ਅਹੁਦੇਦਾਰਾਂ, ਆਗੂਆਂ ਅਦਿ ਦੀਆਂ ਚੋਂਣਾਂ ਰਾਹੀਂ ਅਗਾਂਹ ਵਧਣ ਦੀ ਪ੍ਰਕਿਰਿਆ ਚਲੇ ਅਤੇ ਪੂਰੀ ਹੋਵੇ।

..............................

ਵਰਤਮਾਨ ਵਿੱਚ, ਆਪੇ-ਸਹੇੜੇ ਅੰਦਰੂੰਨੀ ਸਿੱਖ-ਪੰਥਕ ਖਲਝਗਣਾਂ ਤੋਂ ਸੁਰਖਰੂ ਹੋ ਕੇ, ਸਮੂਹਿਕ ਸ਼੍ਰੋਮਣੀ ਅਕਾਲੀ ਦਲ ਲਹਿਰ ਅਤੇ ਅਗਵਾਈ ਨੂੰ, ਖੜੇ-ਖੜੋਤੇ ਮਸਲਿਆਂ ਦੇ ਨਾਲ ਪੰਜਾਬ, ਪੰਜਾਬੀਆਂ ਅਤੇ ਸਿੱਖ-ਪੰਥ ਨਾਲ ਸਬੰਧਿਤ ਨਵੀਂਆਂ ਅਤੇ ਉਭਰ ਰਹੀਆਂ ਰਾਜਨੀਤਕ ਲੋੜਾਂ ਵਲ ਤੁਰੰਤ ਕਰਵਾਈਆਂ ਕਰਨੀਆਂ ਪੈਂਣਗੀਆਂ। ਜਿਵੇਂ ਕਿ 'ਡੀਲਿਮੀਟੇਸ਼ਨ' – ਪ੍ਰਤੀਨਿਧਤਾ, 'ਦੀਵਾਲੀਆ-ਪਨ' ਵਲ ਤੋਰਿਆ ਜਾ ਰਿਹਾ ਪੰਜਾਬ ਦਾ ਰਾਜ ਪ੍ਰਬੰਧ ਆਦਿ।

..............................

ਬਤੌਰ ਸਿੱਖ ਕੌਮ ਸਾਨੂੰ ਹੁਣ ਸਪੱਸ਼ਟ ਹੋ ਹੀ ਜਾਣਾਂ ਚਾਹੀਦਾ ਕਿ ਸਾਡੀ ਪੰਥਕ ਰਾਜਨੀਤੀ ਬਹੁਤ ਵਿਭਿੰਨਤਾ ਵਾਲੀ ਹੋ ਗਈ ਹੈ। ਸਿਆਸਤ ਵਾਲੇ ਘਸਮਾਂਣ ਸੁਲਝਾਉਂਣ ਲਈ ਸਮਕਾਲ ਵਿਚ ਅਤੇ ਅਗਾਂਹ ਵੀ, ਫੈਸਲਿਆਂ ਲਈ ਓੜਕ ਗੁਪਤ ਜਮਹੂਰੀ ਵੋਟ-ਵਿਧੀ ਹੀ ਸਹਾਈ ਹੋ ਸਕਦੀ ਹੈ। ਜਥੇਦਾਰ ਸਾਹਿਬਾਨ ਤਾਂ ਆਪਣੀਂ ਸੂਝ ਅਨੁਸਾਰ ਇਖਲਾਕੀ ਨੈਤਿਕਤਾ, ਸਿਧਾਂਤ ਅਤੇ ਅਧਿਆਤਮਕਤਾ ਦੇ ਅਧਾਰ ਤੇ ਸੁਝਾਹਕ ਅਗਵਾਈ ਦੇ ਸਕਦੇ ਹਨ।

..............................

ਸਮਕਾਲੀਨ ਰਾਜਨੀਤਕ ਜਮਾਤ ਤੇ ਖਾਸਕਰਕੇ ਸਰਕਾਰ, ਚੋਂਣਾਂ ਜਿਤਣ ਅਤੇ ਫਿਰ ਸਤਾਹ ਵਿੱਚ ਰਹਿਣ ਲਈ, 'ਮੁਫਤਖੋਰੀ' ਭਤੇ-ਸਹਾਇਤਾ ਵੋਟਾਂ ਖਾਤਿਰ ਵੰਡਦੇ ਹਨ। ਜਿਸ ਨਾਲ ਸਟੇਟ ਕਰਜਾਈ, ਕੁਰੱਪਸ਼ਨ ਅਤੇ ਜਨਤਾ ਦੀਆਂ ਕਦਰਾਂ-ਕੀਮਤਾਂ ਦਾ ਘਾਂਣ ਹੋ ਰਿਹਾ ਹੈ। ਸਿਆਸਤਦਾਨ ਪੰਜਾਬ ਦੇ ਗੁਰੂ-ਵਿਰਸੇ ਤੋਂ ਹੀ ਨਹੀਂ ਨਿਖੜ ਰਹੇ, ਪੰਜਾਬੀਆਂ ਦਾ ਭਵਿੱਖ ਵੀ ਵਿਗਾੜ ਰਹੇ ਹਨ...।

..............................

ਦੇਸ਼-ਦੁਨੀਆਂ ਦੇ ਸਿੱਖ ਸਾਬਕਾ ਜਥੇਦਾਰ ਰਘਵੀਰ ਸਿੰਘ ਤੇ ਪੰਜੇ ਸਿੰਘ ਸਾਹਿਬਾਨ ਤੋਂ ਉਮੀਦ ਕਰਦੇ ਸਨ ਕਿ ਉਹ ਆਪਣੇਂ ਅਸਰ-ਰਸੂਖ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬ-ਉਚ ਇਤਿਹਾਸਕ ਸੰਸਥਾ ਦੇ ਪ੍ਰਭਾਵ ਰਾਹੀਂ, ਸ਼੍ਰੋਮਣੀ ਅਕਾਲੀ ਦਲ ਦੀ ਸਮੂਹਿਕ ਮੈਂਬਰਸ਼ਿਪ ਦੇ ਮਸਲੇ ਨੂੰ ਸੁਲਝਾਉਣ ਵਾਲੀ ਵਿਧੀ ਅਪਨਾ ਕੇ, ਸਮੁੱਚੇ ਸਿੱਖ ਪੰਥ ਨੂੰ ਜੋੜਨ ਦੀ ਜਿੰਮੇਵਾਰੀ ਨਿਭਾਉਂਦੇ।

ਪੰਜਾਬ, ਪੰਜਾਬੀਆਂ ਤੇ ਸਿਖ-ਪੰਥ ਦੇ ਵਡੇਰੇ ਹਿੱਤਾਂ ਨੂੰ ਮੁੱਖ ਰੱਖਦਿਆਂ, ਕਿਉਂ ਨਾਂ ਜਥੇਦਾਰ ਸਾਹਿਬਾਂਨ, ਸ਼੍ਰੋ.ਗੁ.ਪ੍ਰ.ਕ, ਸਭ ਅਕਾਲੀ ਆਗੂ ਅਤੇ 'ਮੈਂਬਰਸ਼ਿਪ ਕਮੇਟੀ', ਹੋ ਚੁਕੀ ਭਾਰਤੀ ਦੀ ਪੜਤਾਲ ਕਰ ਲੈਂਦੇ, ਨਵੇਂ ਬਣਨ ਵਾਲੇ ਮੈਂਬਰ ਨਾਲ ਰਲਾਅ ਕੇ, ਸਾਰੀ ਪ੍ਰਕਿਰਿਆ ਮੁਕੰਮਲ ਕਰਕੇ ਸਾਝੇ ਤੌਰ ਤੇ ਅਗਾਂਹ ਵਧ ਲੈਂਦੇ?

..............................

ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ; ਪੰਜੇ ਸਿੰਘ ਸਾਹਿਬਾਨ ਜਾਂਣਦੇ ਹੋਣਗੇ ਕਿ; ਚੰਗੇ ਅਤੇ ਭਲੇ ਪੰਥਕ ਸਿੱਖ, ਸ਼੍ਰੋਮਣੀ ਅਕਾਲੀ ਦਲ ਅਤੇ ਵਖ ਵਖ ਹੋਰਨਾਂ ਦਲਾਂ ਤੋਂ ਬਿਨਾਂ, ਦੇਸ਼-ਦੁਨੀਆਂ ਦੀਆਂ ਯੂਨੀਅਨਿਸਟ ਪਾਰਟੀਆਂ ਅਤੇ ਖਾਲਿਸਤਾਨ ਪਖੀ ਧਿਰਾਂ ਵਿਚ ਵੀ ਸਰਗਰਮ ਹਨ। ਬਹੁਤੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਵੀ ਸਮਰਪਿਤ ਹੋਣ ਦੇ ਦਾਅਵੇ ਵੀ ਕਰਦੇ ਹੋਂਣਗੇ। ਪਰ, ਇਹਨਾਂ ਦੀ ਸਿਆਸਤ ਵਿਭਿੰਨ ਅਤੇ ਸਤਾਹ ਲਈ 'ਵਿਰੋਧੀ' ਹੈ। ਪਰ ਆਮ ਸਿੱਖ ਤਾਂ ਸਮੂਹਿਕ ਸ਼੍ਰੋਮਣੀ ਅਕਾਲੀ ਦਲ ਤੋਂ ਹੀ ਪੰਜਾਬ, ਪੰਜਾਬੀਅਤ, ਪੰਥ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਅਤੇ ਵਿਕਾਸ-ਵਿਸਥਾਰ ਦੀ ਤਵਕੋਂ ਰਖਦੇ ਰਹੇ ਹਨ। ਬਣ ਰਹੇ ਦਲਾਂ, ਸਮੇਤ ਸਰਬਜੀਤ ਸਿੰਘ ਨਵੇਂ ਪਾਰਲੀਮੈਂਟ ਮੈਂਬਰਾਂ ਅਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆ ਦੇ ਸਿਆਸੀ ਪ੍ਰਭਾਵ ਵੀ ਅਸਰਦਾਰ ਹੋ ਸਕਦੇ ਹਨ।

..............................

ਸਾਬਕਾ ਜਥੇਦਾਰ ਸਾਹਿਬਾਂਨ 2 ਦਸੰਬਰ 2024 ਦੀ ਪ੍ਰਕਿਰਿਆ ਮੁਕੰਮਲ ਕਰਨ ਲਈ, ਚਲਦੀ ਮੈਂਬਰਸ਼ਿਪ ਬਾਰੇ ਵੀ ਵਿਵਾਦ-ਸੰਵਾਦ ਖਤਮ ਕਰਨ ਲਈ, ਉਸਤੇ ਨਜ਼ਰਸਾਨੀ, ਸੰਭਾਵਿਤ ਵਾਧੇ ਅਤੇ ਏਕੇ ਦੇ ਨਿਰਦੇਸ਼ ਕਰਕੇ, ਨਿਰਲੇਪ ਸਥਿਤੀ ਵਿਚ ਆ ਜਾਂਣ ਲਈ, ਸਹਿਮਤੀ ਨਾ ਬਣਾ ਸਕੇ। ਵਿਰੋਧੀ ਧਿਰਾਂ ਤੇ ਬਹੁਤੇ ਮੀਡੀਏ ਅਤੇ ਗੈਰ-ਜਿੰਮੇਵਾਰ ਕਿਸਮ ਦੇ ਸ਼ੋਸ਼ਲ ਮੀਡੀਆ ਨੇ ਚਲਦਾ ਘਸਮਾਂਣ ਖਤਮ ਹੀ ਨਹੀਂ ਸੀ ਹੋਂਣ ਦੇਣਾਂ।

ਸਾਡੀ ਕਥਿਤ ਸਿੱਖ-ਪੰਥਕ ਸਿਆਣਪ ਵੀ ਵਾ-ਕਮਾਲ ਹੈ। ਬੇਅਦਬੀਆਂ ਦੇ ਅਸਲ ਕਥਿਤ ਦੋਸ਼ੀ 'ਸੌਦਾ-ਸਾਧ' ਨੂੰ ਅਜੇ ਤੱਕ ਵੀ ਸਰਕਾਰਾਂ ਮੁਕੰਮਲ ਤਫਤੀਸ਼ ਤੇ ਇਨਸਾਫ-ਅਦਾਲਤਾਂ ਤੱਕ ਨਹੀਂ ਲਿਆਈਆਂ। ਇਧਰ ਧਿਆਨ ਦੇਣ ਨਾਲੋਂ, ਬਹੁਤੇ 'ਸਿੱਖ-ਪੰਥਕ' ਧੜੇ, ਸਿਆਸਤਦਾਨ, ਧਾਰਮਿਕ ਕਿਸਮ ਦੇ ਸਵੈ-ਸਜੇ ਆਗੂ ਅਤੇ ਕਾਫੀ ਮੀਡੀਆ ਤੇ ਸ਼ੋਸ਼ਲ ਮੀਡੀਆ ਖਿਮਾ-ਜਾਚਨਾਂਵਾਂ ਉਪਰੰਤ ਵੀ, ਆਪਸੀ ਭਰਾ-ਭੈਂਣ ਮਾਰੂ ਲਾਹ-ਪਾਹ ਅਤੇ ਅੰਦਰੂੰਨੀ ਵਿਰੋਧਾਂ ਵਿੱਚ ਉਲਝਿਆ ਹੋਇਆ ਹੈ!

..............................

ਸਿੱਖ ਪੰਥ ਵਿੱਚ ਮੌਜੂਦਾ ਸਿਆਸਤੀ ਘਸਮਾਂਣ ਪੰਜਾਬ ਅਤੇ ਪੰਜਾਬੀਆ ਹੋਰ ਨੁਕਸਾਨ ਕਰ ਰਿਹੈ। ਸਾਰੀਆਂ ਕਥਿਤ 'ਪੰਥਕ ਧਿਰਾਂ' ਤਾਂ ਕਦੇ ਵੀ ਸਿਆਸਤੀ ਸਹਿਮਤੀ ਨਹੀਂ ਬਣਾ ਸਕੀਆਂ। ਸਿੰਘ ਸਾਹਿਬਾਨ 2 ਦਸੰਬਰ 2024 ਦੀ ਰਹਿੰਦੀ ਪ੍ਰਕਿਰਿਆ ਪੂਰੀ ਕਰਨ ਹਿੱਤ "7 ਮੈਂਬਰੀ ਕਮੇਟੀ" ਨੂੰ ਸੋਝੀ ਵਾਲੀ ਲਚਕੀਲੀ ਸੇਧ ਦੇ ਕੇ, ਸਲਝਾਅ ਦਾ ਆਦੇਸ਼ ਕਰਨ ਅਤੇ ਆਪ ਨਿਰਲੇਪ ਰਹਿਣ ਵਿੱਚ ਸਫਲ ਕਿਉਂ ਨਾ ਹੋ ਸਕੇ?

..............................

2 ਦਸੰਬਰ 2024 ਦਾ ਦਿਨ ਵਿਸ਼ਵ-ਵਿਆਪਕ ਸਿੱਖ-ਪੰਥ ਦੇ ਕੌਮੀ ਇਤਿਹਾਸ ਵਿੱਚ ਨਿਵੇਕਲਾ ਅਤੇ ਵਿਸ਼ੇਸ਼ ਰਹੇਗਾ। ਇਹ ਪਹਿਲੀਵਾਰ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਜਥੇਦਾਰ ਰਘਵੀਰ ਸਿੰਘ ਹੁਣਾਂ ਦੀ ਅਗਵਾਈ ਵਿੱਚ ਗਿਆਨੀ ਹਰਪ੍ਰੀਤ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਨੇ, ਸਮੁਚਿਤਾ ਵਿਚ ਸਬੰਧਿਤ ਸ਼ੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ, ਵਖ-ਵਖ ਗੁਨਾਹਾਂ, ਭੁਲਾਂ-ਗਲਤੀਆਂ ਅਤੇ ਅਣਗਿਹਲੀਆਂ ਬਾਰੇ ਪਰੰਪਰਾਗਤ ਸਜਾਵਾਂ, ਮਰਿਆਦਾ ਅਨੁਸਾਰ ਆਦੇਸ਼ਤ ਕੀਤੀਆਂ ਸਨ।

..............................

ਸਮੇਤ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੇ, ਅਕਾਲੀ ਸਰਕਾਰ ਵੇਲੇ ਤੋਂ ਸੀ ਗੁਰੂ ਗ੍ਰੰਥ ਸਹਿਬ ਨਾਲ ਸਬੰਧਿਤ ਬੇਅਦਬੀਆਂ ਦੇ ਘਟਨਾਕ੍ਰਮਾਂ, 'ਸੌਦਾ-ਸਾਧ' ਨੂੰ ਮੁਆਫੀ, ਗੋਲੀਕਾਂਡ, ਸਿੱਖ ਭਾਵਨਾਵਾਂ ਦੇ ਉਲਟ ਸਰਕਾਰੀ ਨਿਯੁਕਤੀਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਬਕਾ ਜਥੇਦਾਰਾਂ ਨਾਲ ਜੁੜਦੀਆਂ ਕੁਤਾਹੀਆਂ...ਸਬੰਧੀ ਸਭ ਦੋਸ਼ ਕਬੂਲ ਕਰਦਿਆਂ, ਭੁਲਾਂ ਬਾਰੇ ਮੁਆਫੀਆਂ-ਜੋਦੜੀਆਂ ਨਾਲ ਤਨਖਾਹਾਂ-ਸਜਾਵਾਂ ਪ੍ਰਵਾਨ ਕੀਤੀਆਂ। 1978 ਦੇ ਸ਼ਹੀਦੀ ਸਾਕੇ ਤੋਂ 2017 ਤਕ ਦੀਆਂ ਪ੍ਰਕਿਰਿਆਵਾਂ ਸਮੇਂ ਅਕਾਲੀ ਆਗੂ ਅਤੇ ਮੁੱਖ-ਮੰਤਰੀ ਰਹੇ ਅਕਾਲ ਵਾਸੀ ਪ੍ਰਕਾਸ਼ ਸਿੰਘ ਬਾਦਲ ਹੁਣ ਦਾ 'ਫਖਰੇ-ਕੌਮ' ਖਿਤਾਬ ਵੀ ਗਿਆ।

..............................

ਸਮੁਚਿਤ ਅਕਾਲੀ ਅਗਵਾਈ ਦੀਆਂ ਤਨਖਾਹਾਂ-ਸਜਾਵਾਂ ਅਤੇ ਅਸਤੀਫਿਆਂ ਨਾਲ, ਸ਼੍ਰੋਮਣੀ ਅਕਾਲੀ ਦਲ ਦੀ ਅਗਾਂਹ ਨਵੀਂ ਮੈਂਬਰਸ਼ਿਪ ਭਾਰਤੀ, ਡੈਲੀਗੇਟਾਂ, ਵਰਕਿੰਗ ਕਮੇਟੀ ਅਤੇ ਨਵੀਂ ਪ੍ਰਧਾਨਗੀ ਚੋਂਣ ਲਈ ਰਾਹ ਸਾਫ ਹੋ ਗਏ ਸਨ। 2025 ਵਿੱਚ ਨਵਿਆਇਆ ਅਤੇ ਪੁੰਨਰਗਠਤ ਸ਼੍ਰੋਮਣੀ ਅਕਾਲੀ ਦਲ, ਮੁੜ ਸਿੱਖ-ਪੰਥ, ਪੰਜਾਬ ਅਤੇ ਪੰਜਾਬੀਆਂ ਦੀ ਸੇਵਾ ਵਿਚ ਜੁਟ ਸਕਣ ਦੀਆਂ ਉਮੀਦਾਂ ਪ੍ਰਬਲ ਹੋ ਗਈਆਂ ਸਨ। ਇਹੋ ਹੀ ਵਿਸ਼ਵ-ਵਿਆਪਕ ਸਿੱਖ-ਪੰਥ ਦੀ ਪ੍ਰਮੁੱਖ ਆਸ ਰਹੀ ਸੀ।

..............................

ਇਹਨਾਂ ਸਮਕਾਲੀ ਰਾਜਨੀਤਕ ਹਾਲਤਾਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਅਤੇ ਸਿੰਘ ਸਾਹਿਬਾਨ ਵਾਸਤੇ ਫੈਸਲੇ ਅਤੇ ਆਦੇਸ਼ ਦੇਣੇਂ ਸੌਖੇ ਨਹੀਂ ਸਨ। ਅਗਵਾਈ ਅਤੇ ਸਹਾਇਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ, ਇਤਿਹਾਸਕ ਪਰੰਪਰਾਵਾਂ ਅਤੇ ਮਰਿਆਦਾ ਤੋਂ ਮਿਲਦੀ ਹੈ। ਪਰ ਤਤਕਾਲੀ-ਗਵਾਹੀਆਂ ਤੋਂ ਇਲਾਵਾ, ਹੋਰ ਬਾਹਰੀ ਦਬਾਅ ਵੀ ਅਤਿਅੰਤ ਸਨ।

..............................

ਸਿੱਖ-ਪੰਥ ਪ੍ਰੀਭਾਸ਼ਤ ਕਰਨਾਂ ਵੀ ਸੌਖਾ ਨਹੀਂ ਰਹਿ ਗਿਆ। ਕਿਉਂਕਿ ਸਿੱਖ ਪੀਰੀ ਪਖੋਂ ਤਾਂ ਇਕੋ ਥਾਂਹ ਸਫਾ ਵਿਛਾ ਕੇ ਸੰਗਤੀ ਰੂਪ ਵਿੱਚ ਸਜ ਸਕਦੇ ਹਨ, ਪਰ ਮੀਰੀ ਪਖੋਂ ਇਹ ਅਸੰਭਵ ਹੋ ਗਿਆ ਲਗਦਾ ਹੈ। ਇਹ ਸਭ, ਤਾਜੇ ਘਟਨਾਂਕ੍ਰਮ ਅਤੇ ਪ੍ਰਕਿਰਿਆਵਾਂ ਤੋਂ ਸਪੱਸ਼ਟ ਹੈ। ਸ਼੍ਰੋਮਣੀ ਅਕਾਲੀ ਦਲ, ਵੱਖੋ-ਵੱਖ ਵਿਚਰਦੇ ਛੋਟੇ-ਵੱਡੇ ਅਕਾਲੀ ਧੜੇ, ਗੁਸੇ-ਰਾਜੀ ਅਲਗ-ਥਲਗ ਹੋਇਓ ਅਕਾਲੀ, ਟਕਸਾਲਾਂ, ਨਿਹੰਗ ਸਿੰਘ ਦਲਾਂ, ਜਥਿਆਂ, ਸੰਪਰਦਾਵਾਂ, ਖਾਲਿਸਤਾਨ ਪਖੀ 'ਖਾੜਕੂਵਾਦੀ ਤੇ ਨਰਮਦਲੀਏ', ਕੁਝ ਪੰਥ ਵਿੱਚੋਂ ਕੇਂਦਰਵਾਦੀ ਸਿਆਸਤਾਂ ਵਿਚ ਜਾ ਕੇ ਵੀ ਆਪਣੇ-ਆਪ ਨੂੰ ਪੰਥਕ ਹੋਂਣ ਦੇ ਦਾਅਵੇਦਾਰ ਹਨ...?

..............................

ਦੇਸ਼-ਵਿਦੇਸ਼ਾਂ ਵਿੱਚੋਂ ਸਭਨਾਂ ਨੇ ਹੀ ਆਪੋ-ਅਪਣੇਂ ਢੰਗ-ਤਰੀਕੇ, ਸਿੰਘ ਸਾਹਿਬਾਨਾਂ ਤੇ ਸੁਝਾਅਹਕ ਦਬਾਅ ਬਣਾਏ। ਪਰ ਪ੍ਰਮੁੱਖ ਸਵਾਲ ਤਾਂ ਇਹ ਹੈ ਕਿ ਕੀ ਸਭਨਾਂ ਸਿੱਖਾਂ, ਮੀਰੀ-ਪੀਰੀ ਦੇ ਸਰਵਉਤਮ ਤਖਤ ਤੋਂ ਹੋਏ ਫੈਸਲਿਆਂ ਅਤੇ ਅਦੇਸ਼ਾਂ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ ਸੀ?

2 ਦਸੰਬਰ 2024 ਦਾ ਦਿਨ ਵਿਸ਼ਵ-ਵਿਆਪਕ ਸਿਖਾਂ ਲਈ ਮਹੱਤਵਪੂਰਨ ਰਿਹਾ ਸੀ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜੋ ਵੀ ਘੋਸ਼ਿਤ ਕੀਤਾ ਗਿਆ. ਉਹ ਭਵਿੱਖਤ ਇਤਿਹ-ਾਸ ਸਿਰਜਣ ਲਈ ਫੈਸਲਾਕੁੰਨ ਅਧਾਰ ਬਣਿਆ। ਹੁਣ ਅਗਾਂਹ ਤਾਂ ਮੌਜੂਦਾ ਸੰਦਰਭ ਵਿੱਚ ਮਸਲੇ ਸਿਧਾਂਤ-ਸਮਰਪਿਤ, ਮਜਬੂਤ ਤੇ ਸਾਫ ਦਿਸ਼ਾ-ਦ੍ਰਿਸ਼ਟੀ ਵਾਲੀ ਅਗਵਾਈ, ਸਮੂਹਿਕ ਅਤੇ ਨਵਿਆਏ ਸ਼੍ਰੋਮਣੀ ਅਕਾਲੀ ਦਲ ਅਧਾਰਿਤ ਵਿਸ਼ਾਲ ਅਕਾਲੀ ਲਹਿਰ ਹੀ ਦੇ ਸਕੇਗੀ।

**ਬਾਕੀ ਹਿਸਾ ਸਫਾ 33 'ਤੇ ਪੜ੍ਹੋ**

## 32 ਸਫੇ ਦੀ ਬਾਕੀ

ਜੱਥੇਦਾਰ ਰਘਵੀਰ ਸਿੰਘ ਹੁਣਾਂ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਜੋ ਵੀ ਫੈਸਲਾ ਲਿਆ, ਤਨਖਾਹਾਂ ਲਾਈਆਂ, ਇਹ ਸਿਖ ਇਤਿਹਾਸ ਵਿਚ ਪਰੰਪਰਾਗਤ ਬਣਨਗੀਆਂ। ਸੰਤੁਲਤ ਬੁਧ-ਵਿਵੇਕ ਵਾਲੇ ਸਮੂਹਿਕ ਸਿੱਖ-ਪੰਥਕ ਹਲਕੇ, ਪੰਜਾਬ ਅਤੇ ਦੇਸ਼-ਵਿਦੇਸ਼ਾਂ ਵਿਚ ਉਮੀਦ ਕਰਦੇ ਵੀ ਸਨ ਕਿ ਸਭ ਕੁੱਝ ਮਰਿਆਦਾ ਅਨੁਸਾਰ ਇਨਸਾਫ, ਵਾਜਬਤਾ ਤੇ ਖਿਮਾਂ-ਜਾਚਨਾਂ ਵਾਲਾ ਹੋਵੇਗਾ।

ਵਲੈਤੋਂ ਵੇਖਦਿਆਂ ਲਗਿਆ ਕਿ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ, ਯੂਨੀਅਨ ਮੰਤਰੀ, ਲੋਕ ਸਭਾ ਅਤੇ ਵਿਧਾਨ ਸਭਾ ਦੇ ਮੈਂਬਰ ਰਹੇ ਸੁਖਬੀਰ ਸਿੰਘ ਬਾਦਲ ਵਲੋਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਵੀ ਅਸਤੀਫੇ ਬਾਅਦ, ਰਾਹ ਪਧਰੇ ਹੋ ਗਏ। ਉਹਨੀਂ ਸਤਾਹ ਵੇਲੇ ਦੀਆਂ ਆਪਣੀਆਂ ਸਮੂਹਿਕ ਭੁਲਾਂ ਅਤੇ ਗਲਤੀਆਂ ਨੂੰ ਮੰਨਦਿਆਂ, ਸਰਕਾਰ ਅਤੇ ਅਗਵਾਈ ਵਿੱਚ ਰਹੇ ਆਪਣੇਂ ਸਾਥੀਆਂ ਵਲੋਂ ਵੀ ਜਿੰਮੇਵਾਰੀ ਆਪਣੇਂ ਸਿਰ ਲੈ ਲਈ ਸੀ।

...................................

ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਹੁਣਾਂ ਆਪਣੇਂ ਮੁਆਫੀਨਾਮੇ ਅਤੇ ਤਨਖਾਹ ਲਗਵਾਉਂਣ ਲਈ ਆਪਣੇਂ ਆਪ ਨੂੰ, ਸ੍ਰੀ ਅਕਾਲ ਤਖਤ ਸਾਹਿਬ ਮੋਹਰੇ ਪੇਸ਼ ਕੀਤਾ। ਤਨਖਾਹ-ਸਜਾ ਲਾਉਂਣ ਵਾਸਤੇ ਸਿੱਖ ਪੰਥਕ ਮਰਿਆਦਾ ਅਨੁਸਾਰ ਇਤਿਹਾਸਕ ਮਿਸਾਲਾਂ ਮੌਜੂਦ ਹਨ। ਇਸ ਬਾਬਤ ਮੁਕੰਮਲ ਸੁਲਝਾਅ ਹਿਤ ਵੱਡੀ ਜਿੰਮੇਵਾਰੀ ਪ੍ਰਮੁੱਖ ਜਥੇਦਾਰ ਸਾਹਿਬ ਦੀ ਅਗਵਾਈ ਵਿੱਚ, ਪੰਜ ਸਿੰਘ ਸਾਹਿਬ ਦੀ ਸੀ। ਮਸਲਾ ਢਾਈ-ਤਿੰਨ ਮਹੀਨਿਆਂ ਪਹਿਲੋਂ ਤੇ ਮਗਰੋਂ ਵੀ ਕਿਉਂ ਲਟਕਿਆ?

..................................

ਮਸਲਾ ਸ਼੍ਰੋਮਣੀ ਅਕਾਲੀ ਦਲ ਦੇ ਪੁੰਨਰਗਠਨ, ਮਜਬੂਤ ਅਗਵਾਈ ਅਤੇ ਦਿਸ਼ਾ-ਦ੍ਰਿਸ਼ਟੀ ਦਾ ਹੈ। ਜਰੂਰੀ ਨਹੀਂ ਕਿ ਹਰ ਫੈਸਲਾ ਸਰਬ-ਪਰਵਾਣਿਤ ਹੋਏ, ਰਾਜਨੀਤਕ ਵਿਵਾਦ-ਸੰਵਾਦ ਤੇ ਵਿਰੋਧ ਚਲਦੇ ਰਹਿਣਗੇ ਕਿਉਂਕਿ ਵਿਰੋਧੀ ਧਿਰਾਂ ਨੂੰ ਪੰਜਾਬ ਦੀ ਸਿਅਆਸਤ ਵਿੱਚ ਜਗਾਹ ਉਦੋਂ ਮਿਲਦੀ ਹੈ ਜਦ ਸ਼੍ਰੋਮਣੀ ਅਕਾਲੀ ਦਲ ਅਜੋਕੀ ਸਥਿਤੀ ਵਿੱਚ ਹੋਵੇ।ਹੁਣ ਪੰਜਾਬ, ਪੰਜਾਬੀਆਂ ਅਤੇ ਸਿਖ-ਪੰਥ ਦੇ ਵੱਡੇ ਹਿਤਾਂ ਖਾਤਰ ਸਮਾਂ, ਹਾਲਤਾਂ ਅਤੇ ਲੋੜਾਂ ਪਛਾਂਣਦਿਆਂ, ਰੌਸ਼ਨ ਅਗਵਾਈ ਨਾਲ ਅਗਾਂਹ ਵਧਣ ਦੀ ਲੋੜ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ, ਸਮੂਹ ਅਕਾਲੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਤੇ ਬਾਕੀ ਜਥੇਦਾਰ ਸਾਹਿਬਾਨ ਮੌਜੂਦਾ ਮਸਲੇ ਨਿਪਟਾਉਣ ਉਪਰੰਤ, ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸਿੱਖ-ਪੰਥਕ ਲਹਿਰ ਦੇ ਤੌਰ ਤੇ ਪ੍ਰਚੰਡ ਕਰਨ ਲਈ ਇਕਜੁੱਟਤਾ, ਨਵੀਨਤਾ ਤੇ ਪੁੰਨਰਗਠਤਾ ਲਈ ਯਤਨਸ਼ੀਲ ਹੋਂਣ।

......................

ਪੰਜਾਬ ਦੇ ਵਰਤਮਾਨ ਸੰਦਰਭ ਵਿੱਚ, ਸੰਕਟਾਂ ਵਾਲੇ ਚਲਦੇ ਤੋੜ-ਵਿਛੋੜਿਆਂ ਅਤੇ ਵਿਵਾਦਾ-ਸੰਵਾਦਾਂ ਵਿੱਚੋਂ ਭਲੀਭਾਂਤ ਸੁਰਖਰੂ ਹੋ ਕੇ, ਸਿੱਖ ਕੌਮ ਲਈ ਪੰਜਾਬ ਅਤੇ ਪੰਜਾਬੀਆਂ ਨੂੰ ਅਗਾਂਹ ਤੋਰਨ ਅਤੇ ਚੰਗਾ ਭਵਿੱਖ ਉਸਾਰਨ ਵਿੱਚ ਜੁਟਣਾਂ ਇਕ ਵੱਡੀ ਲੋੜ ਹੈ। ਵਰਨਾਂ ਸਿੱਖ-ਪੰਥ ਅਤੇ ਪੰਜਾਬ ਨੂੰ ਹਮੇਸ਼ਾ ਸਿਆਸੀ ਘਸਮਾਣਾਂ ਵਿਚ ਰੁੱਝਿਆਕੇ, ਕਾਬਜ ਅਤੇ ਵਿਰੋਧੀ ਸਿਆਸੀ ਜਮਾਤ, ਨਿਰਾਰਥਕ ਆਪਸੀ ਵਿਰੋਧਾਂ ਵਿਚ ਖਚਤ ਰਖਣਗੇ। ਬਹੁਤਾ ਸ਼ੋਸਲ ਅਤੇ ਸੰਚਾਰ ਮੀਡੀਆ ਵੀ ਹਮੇਸ਼ਾਂ ਖਲਝਗਣ ਚਕਰ ਨੂੰ ਪਾਈ-ਵਧਾਈਰੱਖਣਗੇ।ਪੰਜਾਬ, ਪੰਜਾਬੀਆਂ ਅਤੇ ਸਿੱਖ-ਪੰਥ ਨੂੰ ਉਸਾਰੂ ਭਵਿੱਖ ਵਲ ਤੋਰਨ ਵਾਸਤੇ:

1. ਮਰਿਆਦਾ ਅਨੁਸਾਰ, ਸਮੂਹ 'ਤਨਖ਼ਾਹਾਂ-ਸਜਾਵਾਂ-ਸੇਵਾਵਾਂ' ਨਿਪਟਾਉਣ ਦੀ ਕਾਰਵਾਈ ਨੂੰ, ਘੱਟੋ-ਘੱਟ ਸਮੇਂ ਵਿੱਚ ਨਿਪਟਾ ਲਿਆ ਜਾਣਾਂ ਜਰੂਰੀ ਸੀ। ਕਿਉਂਕਿ ਇਹ ਕਾਰਵਾਈ ਸਿੱਖ-ਪੰਥਕ ਹੈ, ਮੀਰੀ-ਪੀਰੀ ਸਿਧਾਂਤ ਤਹਿਤ ਸਦਾਚਾਰਕ ਸੀ।

ਸ਼੍ਰੋਮਣੀ ਅਕਾਲੀ ਦਲ ਨੂੰ ਰਾਜਨੀਤਕ ਸਜਾ, ਤਿੰਨ-ਚਾਰ ਵੱਡੀਆਂ ਚੌਣ-ਹਾਰਾਂ ਦੇ ਰੂਪ ਵਿੱਚ ਮਿਲ ਚੁਕੀ ਹੈ। ਬਾਕੀ ਦੀਆਂ ਪ੍ਰਕਿਰਿਆਵਾਂ ਇਕ ਵਖਰਾ ਸੰਦਰਭ ਹੈ। ਇਸਦਾ ਸਿੱਖ-ਪੰਥਕ ਨਿਪਟਾਰਾ ਕਰਨ ਉਪਰੰਤ, ਇਸਤੇ ਸਿਆਸਤ ਬੰਦ ਕਰਨ ਦਾ ਫੁਰਮਾਨ ਸੁਣਾਇਆ ਜਾਣਾਂ ਚਾਹੀਦਾ ਸੀ। ਕਿਉਂਕਿ ਪੰਜਾਬ, ਪੰਜਾਬੀਅਤ ਅਤੇ ਸਿੱਖ-ਪੰਥ ਨਾਲ ਸਬੰਧਿਤ ਮਸਲੇ, ਦਸ ਵਰੇ ਹੋਰ ਪਿਛਾਂਹ ਵਲ ਲੈ ਗਏ ਹਨ।

ਅਗਾਂਹ ਅਸਲ ਤਫਤੀਸ਼ ਅਤੇ ਇਸਦੀ ਕਾਨੂੰਨੀ ਪ੍ਰਕਿਰਿਆ ਬੇਅਦਬੀਆਂ ਦੇ ਕਥਿਤ ਦੋਸ਼ੀ ਜੇਲਬੰਦ ਡੇਰੇਦਾਰ ਰਾਮ ਰਹੀਮ ਤਕ ਕਦੋਂ ਤੇ ਕਿਵੇਂ ਪੁਜੇਗੀ? ਹੁਣ ਤਕ ਤਿੰਨ ਸਰਕਾਰਾਂ ਅਤੇ ਚਾਰ ਮੁੱਖ-ਮੰਤ੍ਰੀ ਅਸਫਲ ਸਾਬਤ ਹੋਏ ਹਨ।

2. ਸ. ਸੁਖਬੀਰ ਸਿੰਘ ਬਾਦਲ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨਾਲ ਜੁੜਿਓ, ਬਹੁਤੇ ਅਕਾਲੀ ਆਗੂਆਂ ਵਲੋਂ 'ਸਜਾਵਾਂ- ਤਨਖਾਹਾਂ' ਤੋਂ ਪਹਿਲਾਂ, ਆਪਣੇ-ਆਪ ਹੀ ਅਸਤੀਫੇ ਦੇ ਦੇਣੇਂ ਸਮਝਦਾਰੀ ਸੀ।ਕਾਰਜਕਾਰੀ ਤੌਰ ਤੇ ਰਾਜਸੀ ਸੇਵਾਵਾਂ ਨਿਭਾਉਂਣ ਵਾਲੇ ਕੰਮ ਕਰਦੇ ਰਹਿਣਾਂ, ਕੋਈ ਕਿੰਤੂ-ਪਰੰਤੂ ਵਾਲਾ ਮਸਲਾ ਨਹੀਂ ਸੀ।

3. 'ਨਿਪਟਾਰੇ' ਉਪਰੰਤ, ਮਿਥੇ ਸਮੇਂ ਲਈ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਖੋਲਣੀਂ, ਫਿਰ ਸੰਵਿਧਾਨ ਅਨੁਸਾਰ ਡੈਲੀਗੇਟਾਂ, ਕਮੇਟੀਆਂ, ਅਹੁਦੇਦਾਰਾਂ ਅਤੇ ਆਗੂਆਂ ਦੀ ਚੋਂਣ ਮੁਕੰਮਲ ਕਰਨ ਬਾਰੇ ਅੰਦੇਸ਼ਤਾ, ਯੋਗ ਵਿਧੀ ਹੋ ਸਕਦੀ ਸੀ।

4. ਚਲਦੇ ਸੰਦਰਭ ਵਿੱਚ ਏਕਤਾ ਅਧਾਰਤ ਨਵਿਆਇਆ ਅਤੇ ਪੁੰਨਰਗਠਤ ਸ਼੍ਰੋਮਣੀ ਅਕਾਲੀ ਦਲ ਹੀ ਪ੍ਰਮੁੱਖਤਾ ਨਾਲ ਜਮਹੂਰੀ, ਵਿਕੇਂਦਰਤ, ਪੰਥ, ਪੰਜਾਬ ਅਤੇ ਪੰਜਾਬੀਆਂ ਦੇ ਭਲੇ ਵਿੱਚ ਸਮੂਹਕ ਅਗਵਾਈ ਦੇ ਸਕਦੈ।

5. ਮੌਜੂਦਾ ਹਾਲਾਤ ਅਤੇ ਵਿਭਿੰਨ ਪੰਥਕ ਸੰਤੁਸ਼ਟੀਆਂ ਲਈ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ, ਪੰਜ ਮੈਂਬਰੀ (ਇਕ ਸਾਬਕਾ ਜਜ, ਇਕ ਇਤਿਹਾਸਕਾਰ, ਇਕ ਅਕਾਦਮਿਕ, ਇਕ ਸਾਬਕਾ ਪ੍ਰਬੰਧਕੀ ਅਫਸਰ, ਇਕ ਵੱਡੇ ਪਤਰਕਾਰ ਅਧਾਰਿਤ) ਕਮਿਸ਼ਨ ਸਥਾਪਤ ਕਰਨ ਲਈ ਆਦੇਸ਼ ਹੋ ਜਾਂਦਾ ਤਾਂ ਵਧੇਰੇ ਸੰਤੁਸ਼ਟੀ ਲਈ, ਸਮੂਹ ਸਮੱਗਰੀ ਬਿਆਨਾਂ/ਗਵਾਹੀਆਂ/ਖਤਾਂ ਆਦਿ ਰੂਪਾਂ ਵਿਚ ਸਾਹਮਣੇ ਆਏ ਤਥ ਸੰਗ੍ਰਹਿਤ ਕਰਕੇ, ਸਿਟੇ ਅਤੇ ਸਬਕਾਂ ਲਈ ਪ੍ਰਕਾਸ਼ਿਤ ਕਰਨ ਲਈ ਵਿਵਸਥਾ ਬਣ ਜਾਂਦੀ।

..............................

1978...1980-90ਵੇਂ...2007... 2015...2017 ਨਾਲ ਸਬੰਧਿਤ ਘਟਨਾਂਕ੍ਰਮ, ਵਿਸ਼ਵ-ਵਿਆਪਕ ਸਿੱਖ ਕੌਮ ਦਾ ਅਤੇ ਪੰਜਾਬ ਦਾ ਵੀ ਵੱਡਾ ਨੁਕਸਾਨ ਕਰ ਚੁੱਕੇ ਹਨ। ਇਸਨੂੰ ਥਮਿਆਂ ਜਾਂਣਾ ਸਮੇਂ ਦੀ ਲੋੜ ਹੈ। ਗੈਰ-ਸਿਧਾਂਤਕ, ਗੈਰ-ਉਸਾਰੂ ਅਤੇ ਦਿਸ਼ਾ-ਨਿਰਦੇਸ਼ ਵਿਹੂਣੇਂ ਵਿਰੋਧ/ਵਖਰੇਵੇਂ/ਜਲੀਲਵਾਦੀ ਪਰਾਪੇਗੰਡੇ ਸਿਖ-ਪੰਥ ਅਤੇ ਪੰਜਾਬ ਦਾ ਰਾਜਨੀਤਕ, ਆਰਥਕ, ਸਭਿਆਚਾਰਕ...ਨੁਕ-ਸਾਨ ਕਰ ਰਹੇ ਹਨ। ਇਸ ਸੰਦਰਭ ਵਿਚ, ਇਸ ਖਿਲਾਅ ਤੋਂ ਲਾਭਪਾਤਰੀ ਬਣੀਆਂ ਸਿਆਸੀ ਅਤੇ ਮੀਡੀਆ ਤਾਕਤਾਂ, ਪੰਜਾਬ ਅਤੇ ਸਿੱਖ-ਪੰਥ ਦੀ ਸੰਸਥਾਤਮਕ ਸ਼ਕਤੀ ਨੂੰ ਕਮਜ਼ੋਰ ਕਰਨ ਵਿੱਚ ਜੁਟੀਆਂ ਹੋਈਆਂ ਹਨ।

......................

ਇਤਿਹਾਸਕ ਤੇ ਸਰਬਉੱਚ ਸਿੱਖ-ਪੰਥਕ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੌਂ, ਪੰਜ ਸਿੰਘ ਸਾਹਿਬਾਨਾਂ ਨੇ ਜਥੇਦਾਰ ਗਿ. ਰਘਵੀਰ ਸਿੰਘ ਤੇ ਗਿ. ਹਰਪ੍ਰੀਤ ਸਿੰਘ ਹੁਣਾਂ ਦੀ ਰਹਿਨੁਮਾਈ 'ਚ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ-ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨ ਦਿਤਾ ਗਿਆ ਸੀ। ਮਰਿਆਦਾ ਤਹਿਤ ਉਹ 'ਤਨਖਾਹ' ਦੇ ਭਾਗੀ ਬਣ ਗਏ ਸਨ। ਉਪਰੰਤ, ਬਾਦਲ ਹੁਣੀਂ, ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ ਅਤੇ ਆਪਣੇਂ ਸਹਿਯੋਗੀਆਂ ਦੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ 'ਤਨਖਾਹੀ-ਸਜਾ' ਲਗਵਾਉਂਣ ਲਈ ਸਮਰਪਿਤ ਹੋਏ। ਉਹਨੀਂ ਆਪਣਾਂ ਪਤਰ ਸਕੱਤਰੇਤ ਵਿੱਚ ਪੇਸ਼ ਕਰ ਦਿਤਾ।

........................

ਪ੍ਰਮੁੱਖ ਮਸਲਾ ਡੇਰਾ ਸਾਧ ਰਾਮ ਰਹੀਮ, ਡੇਰੇਦਾਰਾਂ ਅਤੇ ਸ਼ਰਧਾਲੂਆਂ ਦੀਆਂ ਵੋਟਾਂ ਲੈਂਣ ਦਾ ਰਿਹਾ ਸੀ। ਤਦੇ 2007 ਅਤੇ 2015 ਵਿੱਚ ਗੈਰ-ਪੰਥਕ ਤੇ ਬੇਅਦਬੀ ਵਾਲੇ ਵਰਤਾਰੇ ਵੇਖੇ ਗਏ। ਸਮੇਂ ਦੀ ਪੰਜਾਬ ਸਰਕਾਰ ਦੇ ਮੁਖੀ ਤੇ ਸਬੰਧਿਤ ਅਕਾਲੀ ਆਗੂਆਂ ਨੇ, 'ਸੌਦਾ-ਸਾਧ' ਨੂੰ ਮੁਆਫੀਨਾਮੇਂ ਲਈ, ਸਮੇਂ ਦੇ ਜਥੇਦਾਰਾਂ ਰਾਹੀਂ, ਬੇਨਿਯਮੀਆਂ ਕਰਵਾਈਆਂ। ਇਹਨਾਂ ਨਾਲ ਸਬੰਧਿਤ, ਅਤੇ ਬਾਦਲੀਆਂ ਕੁਤਾਹੀਆਂ ਨਾਲ ਜੁੜਿਓ 2017 ਤਕ ਦੇ ਘਟਨਾਕ੍ਰਮਾਂ ਲਈ, ਜਿੰਮੇਵਾਰ ਆਗੂਆਂ ਨੂੰ ਤਲਬ ਕਰਕੇ, ਸ੍ਰੀ ਅਕਾਲ ਤਖਤ ਸਾਹਿਬ ਵਲੋਂ 'ਤਨਖ਼ਾਹਾਂ-ਸਜਾਵਾਂ' ਅਤੇ ਪ੍ਰਤੀਕਿਰਿਆਵਾਂ ਦਾ ਦੌਰ ਚੱਲਿਆ।

.............................

ਵਲੈਤੋਂ ਵੇਖਦਿਆਂ ਸਪੱਸ਼ਟ ਸੀ ਕਿ ਸੁਖਬੀਰ ਸਿੰਘ ਬਾਦਲ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੋਂ ਵੀ ਅਸਤੀਫਾ ਦੇ ਚੁੱਕੇ ਸਨ। ਉਹਨੀਂ ਸਤਾਹ ਵੇਲੇ ਦੀਆਂ ਆਪਣੀਆਂ ਸਮੂਹਿਕ ਭੁਲਾਂ ਅਤੇ ਗਲਤੀਆਂ ਨੂੰ ਮੰਨਦਿਆਂ, ਸਰਕਾਰ ਅਤੇ ਅਗਵਾਈ ਵਿੱਚ ਰਹੇ ਆਪਣੇਂ ਸਾਥੀਆਂ ਵਲੋਂ ਵੀ ਜਿੰਮੇਵਾਰੀ ਆਪਣੇਂ ਸਿਰ ਲੈ ਲਈ ਸੀ। ਉਹ ਆਪਣਾਂ ਮੁਆਫੀਨਾਮਾ ਪੇਸ਼ ਕਰਕੇ ਤਨਖਾਹ ਲਗਵਾਉਂਣ ਲਈ ਆਪਣੇਂ ਆਪ ਨੂੰ, ਸ੍ਰੀ ਅਕਾਲ ਤਖਤ ਸਾਹਿਬ ਤੇ ਹਾਜ਼ਰੀ ਲਈ ਪੇਸ਼ ਕਰ ਚੁੱਕੇ ਸਨ। ਤਨਖਾਹ-ਸਜਾ ਲਾਉਂਣ ਵਾਸਤੇ ਸਿੱਖ ਪੰਥਕ ਮਰਿਆਦਾ ਅਨੁਸਾਰ ਇਤਿਹਾਸਕ ਮਿਸਾਲਾਂ ਮੌਜੂਦ ਹਨ। ਇਸ ਬਾਬਤ ਵੱਡੀ ਜਿੰਮੇਵਾਰੀ ਪ੍ਰਮੁੱਖ ਜਥੇਦਾਰ ਸਾਹਿਬ ਦੀ ਅਗਵਾਈ ਵਿੱਚ, ਪੰਜ ਸਿੰਘ ਸਾਹਿਬ ਦੀ ਸੀ। ਪਰ ਮਸਲਾ ਢਾਈ-ਤਿੰਨ ਮਹੀਨੇ ਲਟਕਦਾ ਰਿਹਾ। ਜਿਸਨੂੰ ਨਜਿੱਠਣ ਵਾਸਤੇ ਦਰਖ਼ਾਸਤਾਂ ਦਿਨੋਂ-ਦਿਨ ਵੱਡੀਆਂ ਹੋ ਰਹੀਆਂ ਸਨ।

........................

ਮਸਲਾ ਸ਼੍ਰੋਮਣੀ ਅਕਾਲੀ ਦਲ ਦੇ ਪੁੰਨਰਗਠਨ, ਮਜਬੂਤ ਅਗਵਾਈ ਅਤੇ ਦਿਸ਼ਾ-ਦ੍ਰਿਸ਼ਟੀ ਦਾ ਹੈ। ਜਰੂਰੀ ਨਹੀਂ ਕਿ ਹਰ ਫੈਸਲਾ ਸਰਬ-ਪਰਵਾਣਿਤ ਹੋਏ, ਰਾਜਨੀਤਕ ਵਿਵਾਦ-ਸੰਵਾਦ ਤੇ ਵਿਰੋਧ ਚਲਦੇ ਰਹਿਣਗੇ। ਕਿਉਂਕਿ ਵਿਰੋਧੀ ਧਿਰਾਂ ਨੂੰ ਪੰਜਾਬ ਦੀ ਸਿਆਸਤ ਵਿੱਚ ਜਗਾਹ ਉਦੋਂ ਮਿਲਦੀ ਹੈ ਜਦ ਸ਼੍ਰੋਮਣੀ ਅਕਾਲੀ ਦਲ ਅਜੋਕੀ ਸਥਿਤੀ ਵਿੱਚ ਹੋਵੇ। ਪੰਜਾਬ, ਪੰਜਾਬੀਆਂ ਅਤੇ ਸਿਖ-ਪੰਥ ਦੇ ਵੱਡੇ ਹਿਤਾਂ ਖਾਤਰ ਸਮਾਂ, ਹਾਲਤਾਂ ਅਤੇ ਲੋੜਾਂ ਪਛਾਂਣਦਿਆਂ, ਰੌਸ਼ਨ ਅਗਵਾਈ ਨਾਲ ਅਗਾਂਹ ਵਧਣ ਦਾ ਸਮਾਂ ਹੈ।

...................

ਪੰਜਾਬ-ਭਾਰਤ ਲਈ ਵੀ ਇਹ ਅਹਿਮ ਹੈ ਕਿ ਸੰਯੁਕਤ ਰਾਸ਼ਟਰ ਸੰਘ ਦੀ ਵਾਤਾਵਰਣ ਬਚਾਓ, ਬਾਕੂ ਵਿਚ ਹੋਈ 29ਵੀਂ ਕਾਨਫਰੰਸ ਨੇ, ਓੜਕ ਸਮਝੌਤਾ ਕਰ ਲਿਆ ਹੈ। ਵਿਕਸਤ ਦੇਸ਼, ਵਿਗੜ ਰਹੇ ਵਾਤਾਵਰਣ ਕਾਰਨ ਹੜਾਂ, ਤੁਫਾਨਾਂ, ਸੋਕਿਆਂ, ਅਗਾਂ...ਦੀ ਮਾਰ ਹੇਠ ਆ ਰਹੇ ਦੇਸ਼ਾਂ ਦੀ ਸਹਾਇਤਾ ਲਈ, 300 ਬਿਲੀਅਨ ਯੂ. ਐਸ ਡਾਲਰ ਦੇ ਬਰਾਬਰ ਪੈਸਾ ਖਰਚਣ ਦੀ ਵਿਵਸਥਾ ਬਣਾਈ ਹੈ। ਤਾਂ ਕਿ ਤੇਲ ਤੇ ਕੋਲੇ ਵਜਾਏ, ਨਵਿਆਏ ਜਾ ਸਕਣ ਵਾਲੇ ਹੀਲੇ ਵਰਤੇ ਜਾਂਣ – ਲਾਭ ਫਿਰ ਵੀ ਵਿਕਸਤ ਸਨਅਤੀ ਦੇਸ਼ ਲੈ ਲੈਂਣਗੇ ਕਿਉਂਕਿ ਤਕਨੀਕ ਤੇ ਔਜ਼ਾਰ ਇਹਨਾਂ ਕੋਲ ਹੀ ਹਨ। ਜੰਗਾਂ- ਯੁੱਧਾਂ ਨਾਲ ਵੀ ਵਾਤਾਵਰਣ ਤਬਾਹਕੁੰਨ ਬਣਦਾ ਹੈ – ਇਹਨਾਂ ਦਾ ਅੰਤ ਵੀ ਵੱਡਾ ਕੌਮਾਂਤਰੀ ਮੁੱਦਾ ਬਣੇਂ, ਤਾਂ ਕਿ ਸੋਮੇ, ਜਾਨਾਂ ਤੇ ਮਾਲ ਬਚ ਸਕਣ। ਪਰ ਜੋਅ ਬਾਈਡਨ ਮਗਰੋਂ, ਡੋਨਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣਨ ਨਾਲ ਸੰਦਰਭ ਬਦਲ ਰਿਹੈ।

.......................

ਵਲੈਤ ਤੋਂ ਪੰਜਾਬ ਵਲ ਵਿਭਿੰਨ ਮੀਡੀਏ ਰਾਹੀਂ ਵੇਖਦਿਆਂ ਇਹੋ ਜਾਪਦਾ ਹੈ ਕਿ ਪੰਜਾਬੀਆਂ ਦੇ ਵਰਤਮਾਨ ਅਤੇ ਭਵਿੱਖ ਨੂੰ, ਹੋਰ ਹੀ ਪ੍ਰੀਭਾਸ਼ਤ ਕਰ ਰਹੇ ਹਨ। ਵੱਡੇ ਪ੍ਰਸ਼ਾਸਨਿਕ, ਅਮਨ-ਕਾਨੂੰਨ ਅਤੇ ਆਰਥਿਕਤਾ ਅਦਿ ਬਾਰੇ ਫੈਸਲੇ ਵੀ ਓਹੀ, ਪ੍ਰਭਾਵਿਤ ਕਰ ਰਹੇ ਹਨ। ਇਸੇ ਤਰਾਂ ਦਾ ਹਾਲ ਭਾਰਤ ਦਾ ਈਸਟ ਇੰਡੀਆ ਕੰਪਨੀ ਦੇ ਸਮਿਆਂ ਵਿੱਚ ਰਿਹੈ। 'ਰਾਜ ਸਤਾਹ ਰਾਜਿਆਂ ਦੇ ਨਾਂ' ਪਰ ਰਾਜਨੀਤਕ, ਆਰਥਿਕ ਅਤੇ ਨੀਤੀਗਤ ਫੈਸਲੇ ਸਭ ਬਾਹਰਲਿਆਂ ਦੇ ਹੀ ਹਥੀਂ ਹੁੰਦੇ ਸਨ। ਕਿਥੇ ਰਹਿ ਗਈ ਤੇ ਕਿਹੜੀ ਹੈ ਪੰਜਾਬ, ਪੰਜਾਬੀਆਂ ਅਤੇ ਪੰਥ ਦੀ ਮੌਲਿਕ, ਅਧਿਕਾਰਤਾ ਅਤੇ ਲੋਕ-ਹਿਤੈਸ਼ੀ ਜਮਾਤ?

.......................

ਪੰਜਾਬ ਦੇ ਵਰਤਮਾਨ ਸੰਦਰਭ ਵਿੱਚ, ਇਸ ਸੰਕਟ ਵਾਲੇ ਤੋੜ-ਵਿਛੋੜਿਆਂ ਅਤੇ ਵਿਵਾਦ-ਸੰਵਾਦ ਵਿੱਚੋਂ ਭਲੀਭਾਂਤ ਸੁਰਖਰੂ ਹੋ ਕੇ ਸਿੱਖ ਕੌਮ, ਪੰਜਾਬ ਅਤੇ ਪੰਜਾਬੀਆਂ ਨੂੰ ਅਗਾਂਹ ਤੋਰਨਾਂ ਅਤੇ ਚੰਗਾ ਭਵਿੱਖ ਉਸਾਰਨ ਵਿੱਚ ਜੁਟਣਾਂ, ਇਕ ਵੱਡੀ ਲੋੜ ਹੈ। ਵਰਨਾਂ ਸਿੱਖ-ਪੰਥ ਅਤੇ ਪੰਜਾਬ ਨੂੰ ਹਮੇਸ਼ਾ ਸਿਆਸੀ ਘਸਮਾਣਾਂ ਵਿਚ ਰੁੱਝਿਆਕੇ, ਕਾਬਜ ਅਤੇ ਵਿਰੋਧੀ ਸਿਆਸੀ ਜਮਾਤ, ਨਿਰਾਰਥਕ ਆਪਸੀ ਵਿਰੋਧਾਂ ਵਿਚ ਸਭ ਨੂੰ ਖਚਤ ਰਖਦੇ ਹਨ। ਸ਼ੋਸਲ ਅਤੇ ਸੰਚਾਰ ਮੀਡੀਆ ਵੀ ਹਮੇਸ਼ਾਂ ਚਕਰ ਪਾਈ-ਵਧਾਈ ਰੱਖਣਗੇ। ਪੰਜਾਬ, ਪੰਜਾਬੀਆਂ ਅਤੇ ਸਿੱਖ-ਪੰਥ ਨੂੰ ਉਸਾਰੂ ਭਵਿੱਖ ਵਲ ਤੋਰਨ ਵਾਸਤੇ:

ਮਰਿਆਦਾ ਅਨੁਸਾਰ, ਸਮੂਹ ਧਾਰਮਿਕ ਤਨਖ਼ਾਹਾਂ-ਸਜਾਵਾਂ-ਸੇਵਾਵਾਂ ਨਿਪਟਾਉਣ ਦੀ ਕਾਰਵਾਈ, ਘੱਟੋ-ਘੱਟ ਸਮੇਂ ਵਿੱਚ ਨਿਪਟਾ ਲਿਆ ਗਿਆ ਸੀ। ਕਿਉਂਕਿ ਇਹ ਕਾਰਵਾਈ ਸਿੱਖ-ਪੰਥਕ ਹੈ, ਮੀਰੀ-ਪੀਰੀ ਸਿਧਾਂਤ ਤਹਿਤ ਸਦਾਚਾਰਕ ਸੀ। ਰਾਜਨੀਤਕ ਸਜਾਵਾਂ ਤਿੰਨਾਂ-ਚਾਰ ਹਾਰਾਂ ਦੇ ਰੂਪ ਵਿੱਚ ਮਿਲ ਚੁਕੀਆਂ ਸਨ। ਬਾਕੀ ਦੀ ਕਾਨੂੰਨੀ ਪ੍ਰਕਿਰਿਆ ਵਖਰਾ ਸੰਦਰਭ ਹੈ।

**ਬਾਕੀ ਹਿਸਾ ਸਫਾ 34 ਤੇ ਪੜ੍ਹੋ** →

# ਚਰਖੜ੍ਹੀਆਂ ਵੀ ਜਿਹਨਾਂ ਦੇ ਸਿਦਕ ਨੂੰ ਨਹੀਂ ਡੁਲਾ ਸਕੀਆਂ...

ਜਸਵਿੰਦਰ ਸਿੰਘ ਰੁਪਾਲ
9814715796



ਗੁਰੂ ਨਾਨਕ ਨੇ ਪਰਮ ਪਿਤਾ ਅਕਾਲਪੁਰਖ ਨੂੰ ਨਿਰਭਉ ਅਤੇ ਨਿਰਵੈਰ ਦੱਸਦਿਆਂ ਸਿੱਖਾਂ ਨੂੰ ਵੀ ਨਿਰਭਉ ਅਤੇ ਨਿਰਵੈਰ ਬਣਾਉਣ ਦੇ ਯਤਨ ਆਰੰਭੇ ਜਿਨ੍ਹਾਂ ਨੂੰ ਸਾਰੇ ਗੁਰੂ ਸਾਹਿਬਾਨ ਨੇ ਜਾਰੀ ਰੱਖਿਆ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਇਸ ਨੂੰ ਪੂਰਨਤਾ ਬਖਸ਼ੀ ਅਤੇ ਖਾਲਸੇ ਨੇ ਹਮੇਸ਼ਾ ਹੀ ਇਸ ਜੀਵਨ ਨੂੰ ਜਿਉਂ ਕੇ ਦਿਖਾਇਆ ਹੈ। ਬਹੁਤ ਝੱਖੜ ਝੁੱਲਦੇ ਰਹੇ, ਤੂਫ਼ਾਨ ਆਉਂਦੇ ਰਹੇ, ਇਸ ਨੂੰ ਡੁਲਾਉਣ ਲਈ ਝੁਕਾਉਣ ਲਈ , ਪਰ ਇਹ ਗੁਰੂ ਦੇ ਥਾਪੜੇ ਵਾਲਾ ਸਿੱਖ ਆਪਣੇ ਸੱਚ ਦੇ ਮਾਰਗ ਤੋਂ ਇੱਕ ਇੰਚ ਵੀ ਨਹੀਂ ਸਰਕਿਆ ਅਤੇ ਉਸੇ ਮਾਰਗ ਤੇ ਚੱਲ ਕੇ ਵਿਲੱਖਣ ਇਤਿਹਾਸ ਸਿਰਜਦਾ ਰਿਹਾ। ਅਜਿਹੇ ਹੀ ਮਰਜੀਵੜੇ ਯੋਧੇ ਸਨ ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ ਸਿੰਘ, ਜਿਨ੍ਹਾਂ ਨੂੰ ਸੱਚ ਖਾਤਰ ਚਰਖੜੀ ਤੇ ਚੜ੍ਹਾ ਕੇ ਸ਼ਹੀਦ ਕੀਤਾ ਗਿਆ, ਜਿਹਨਾਂ ਦੀ ਕਮਾਈ ਨੂੰ ਅਸੀਂ ਹਰ ਰੋਜ ਅਰਦਾਸ ਵਿਚ ਯਾਦ ਕਰਦੇ ਹਾਂ ਅਤੇ ਧਿਆਨ ਧਰ ਕੇ ਵਾਹਿਗੁਰੂ ਬੋਲਦੇ ਹਾਂ। ਅੱਜ ਉਹਨਾਂ ਦੀ ਸ਼ਹੀਦੀ ਨੂੰ ਸੀਸ ਝੁਕਾਉਂਦੇ ਹੋਏ ਇਤਿਹਾਸ ਦੇ ਉਸ ਪੰਨੇ ਬਾਰੇ ਵਿਚਾਰ ਕਰਦੇ ਹਾਂ।

ਭਾਈ ਸੁਬੇਗ ਸਿੰਘ ਜੀ ਦਾ ਜਨਮ ਲਾਹੌਰ ਜਿਲੇ ਦੀ ਤਹਿਸੀਲ ਚੂਹਣੀਆਂ ਪਿੰਡ ਜੰਬਰ ਵਿਚ ਰਾਇ ਭਾਗਾ ਦੇ ਘਰ ਹੋਇਆ। ਇਹ ਪਿੰਡ ਅੱਜਕੱਲ੍ਹ ਪੱਛਮੀ ਪੰਜਾਬ ਦੇ ਜ਼ਿਲਾ ਕਸੂਰ ਵਿੱਚ ਹੈ। ਇਹ ਆਪਣੇ ਪੁਰਖਿਆਂ ਵਾਂਗ ਸਰਕਾਰ ਤੌਂ ਠੇਕੇ ਲੈ ਕੇ ਆਪਣਾ ਕੰਮ ਬੜੀ ਮਿਹਨਤ ਅਤੇ ਇਮਾਨਦਾਰੀ ਨਾਲ ਕਰਦੇ ਸੀ। ਉਹ ਚੰਗੇ ਰਸੂਖ ਵਾਲੇ ਜਿੰਮੀਦਾਰ ਸਨ। ਆਪ ਜੀ ਅਰਬੀ ਅਤੇ ਫ਼ਾਰਸੀ ਦੇ ਵਿਦਵਾਨ ਸਨ ਅਤੇ ਬਾਦਸ਼ਾਹ ਦੀ ਨੌਕਰੀ ਵੀ ਕਰਦੇ ਸਨ। ਆਪਣੀ ਯੋਗਤਾ ਅਤੇ ਸਿਆਣਪ ਸਦਕਾ ਮੁਗਲ ਸੂਬੇਦਾਰ ( ਸੂਬਾ ਲਾਹੌਰ) ਜ਼ਕਰੀਆ ਖਾਂ ਦੇ ਬਹੁਤ ਨਜ਼ਦੀਕ ਸਨ। ਜ਼ਕਰੀਆ ਖਾਂ ਸਿੱਖਾਂ ਨੂੰ ਕਤਲ ਕਰ ਕਰ ਕੇ ਥੱਕ ਚੁੱਕਿਆ ਸੀ, ਪਰ ਉਹ ਫਿਰ ਵੀ ਸਿੱਖਾਂ ਨੂੰ ਕਾਬੂ ਨ੍ਹ ਸੀ ਕਰ ਸਕਿਆ। ਇਸ ਲਈ ਸੰਨ 1733 ਵਿੱਚ ਵਿੱਚ ਉਸਨੇ ਖਾਲਸੇ ਨਾਲ ਸੁਲਹ ਕਰਨ ਦੀ ਸੋਚੀ ,ਜਿਸ ਦੀ ਉਸ ਨੇ ਦਿੱਲੀ ਦਰਬਾਰ ਤੋਂ ਅਗਾਊਂ ਇਜਾਜ਼ਤ ਲੈ ਲਈ ਸੀ। ਮਕਸਦ ਸੀ ਕਿ ਖਾਲਸਾ ਸ਼ਾਂਤ ਰਹੇ ਅਤੇ ਮੁਗਲ ਅਰਾਮ ਨਾਲ ਰਾਜ ਕਰ ਸਕਣ। ਇਸ ਲਈ ਸੂਬੇਦਾਰ ਨੇ 29 ਮਾਰਚ 1733 ਈਸਵੀ ਨੂੰ ਭਾਈ ਸੁਬੇਗ ਸਿੰਘ ਜੀ ਨੂੰ ਆਪਣਾ ਵਕੀਲ ਬਣਾ ਕੇ ਖਾਲਸਾ ਪੰਥ ਲਈ ਇੱਕ ਲੱਖ ਰੁਪਏ ਦੀ ਜਾਗੀਰ, ਨਵਾਬੀ ਦਾ ਖਿਤਾਬ, ਅਤੇ ਕੀਮਤੀ ਖਿਲਤ ਨਜ਼ਰਾਨੇ ਵਜੋਂ ਅੰਮ੍ਰਿਤਸਰ ਸਾਹਿਬ ਵਿਖੇ ਭੇਜੇ। ਅਕਾਲ ਤਖਤ ਦੀ ਸਰਪ੍ਰਸਤੀ ਵਿਚ ਪਹਿਲਾਂ ਤਾਂ ਖਾਲਸਾ ਪੰਥ ਇਸ ਤੋਂ ਇਨਕਾਰੀ ਸੀ, ਪਰ ਭਾਈ ਸੁਬੇਗ ਸਿੰਘ ਜੀ ਦੇ ਜੋਰ ਪਾਉਣ ਤੇ



ਅਤੇ ਸਮਝਾਏ ਜਾਣ ਤੇ ਖਾਲਸਾ ਪੰਥ ਨੇ ਇਹ ਸਵੀਕਾਰ ਕਰ ਲਈ। ਨਵਾਬੀ ਘੋੜਿਆਂ ਦੀ ਸੇਵਾ ਕਰਨ ਵਾਲੇ ਸੇਵਾਦਾਰ ਸਰਦਾਰ ਕਪੂਰ ਸਿੰਘ ਜੀ ਨੂੰ ਦਿੱਤੀ ਗਈ , ਜਿਸ ਨੇ ਪੰਜ ਪਿਆਰਿਆ ਦੇ ਚਰਨਾਂ ਨੂੰ ਛੁਹਾ ਕੇ ਪੰਥ ਦੇ ਹੁਕਮ ਵਜੋਂ ਇਸ ਸ਼ਰਤ ਤੇ ਸਵੀਕਾਰ ਕੀਤੀ ਕਿ ਉਸਤੋਂ ਘੋੜਿਆਂ ਦੀ ਸੇਵਾ ਵਾਪਸ ਨਹੀਂ ਲਈ ਜਾਵੇਗੀ।

ਕੁਝ ਚਿਰ ਲਈ ਭਾਈ ਸਾਹਿਬ ਸੁਬੇਗ ਸਿੰਘ ਜੀ ਲਾਹੌਰ ਦੇ ਕੋਤਵਾਲ ਵੀ ਰਹੇ। ਇਸ ਸਮੇ ਇਹਨਾਂ ਨੇ ਆਪਣਾ ਕੰਮ ਪੂਰੀ ਇਮਾਨਦਾਰੀ ਨਾਲ ਅਤੇ ਨਿਆਂਪੂਰਨ ਤਰੀਕੇ ਨਾਲ ਨਿਭਾਇਆ। ਭਾਈ ਸਾਹਿਬ ਦੇ ਕੋਤਵਾਲ ਬਣਨ ਤੇ ਲੋਕਾਂ ਨੂੰ ਤਸੀਹੇ ਦੇ ਕੇ ਮੌਤ ਦੇ ਘਾਟ ਉਤਾਰਨ ਦੀ ਸਜਾ ਬੰਦ ਕਰ ਦਿੱਤੀ। ਮੌਤ ਦੀ ਸਜਾ ਖਾਸ ਹਾਲਤਾਂ ਵਿੱਚ ਹੀ ਸਿਰਫ ਫਾਂਸੀ, ਕਤਲ ਜਾਂ ਤੋਪ ਅੱਗੇ ਬੰਨ੍ਹ ਕੇ ਉਡਾ ਦੇਣ ਦੀ ਜਾਰੀ ਰੱਖੀ। ਭਾਈ ਸਾਹਿਬ ਸਿੱਖੀ ਵਿੱਚ ਤਾਂ ਪਰਪੱਕ ਸਨ ਹੀ, ਪਰ ਬਾਕੀ ਧਰਮਾਂ ਦਾ ਵੀ ਬਹੁਤ ਸਤਿਕਾਰ ਕਰਦੇ ਸਨ। ਉਨ੍ਹਾਂ ਨੇ ਮੰਦਰਾਂ ਵਿਚ ਘੰਟੀਆਂ ਤੇ ਟੱਲ ਖੜਕਾਣੇ ਜੋ ਬੰਦ ਕੀਤੇ ਗਏ ਸਨ, ਫਿਰ ਚਾਲੂ ਕਰਵਾ ਦਿੱਤੇ। ਸ਼ਹਿਰ ਵਿਚ ਸ਼ਰੇਆਮ ਗਊਆਂ ਵੱਢਣ ਤੇ ਪਾਬੰਦੀ ਲਗਾ ਦਿੱਤੀ। ਜਦੋਂ ਵੀ ਸਿੱਖਾਂ ਨੂੰ ਕਤਲ ਕੀਤਾ ਜਾਂਦਾ, ਇਹ ਉਹਨਾਂ ਦੇ ਸੰਸਕਾਰ ਬੜੀ ਸ਼ਰਧਾ ਨਾਲ ਕਰਦੇ। ਉਹਨਾਂ ਨੇ ਇਸ ਸਮੇ ਕਈ ਸ਼ਹੀਦਗੰਜ ਅਤੇ ਗੁਰਦੁਆਰੇ ਵੀ ਬਣਵਾਏ। ਇਨ੍ਹਾਂ ਦੇ ਕੰਮ ਕਰਨ ਦੇ ਢੰਗ ਤੋਂ ਲਾਹੌਰ ਵਾਸੀ ਖੁਸ਼ ਸਨ, ਪਰ ਕੱਟੜਪੰਥੀ ਮੁਸਲਮਾਨਾਂ ਨੂੰ ਆਪ ਜੀ ਦਾ ਸਰਬ ਸਾਂਝੀਵਾਲਤਾ ਅਤੇ ਪ੍ਰੇਮ ਵਾਲਾ ਨਿਆਂਪੂਰਨ ਵਿਵਹਾਰ ਪਸੰਦ ਨਹੀਂ ਸੀ।

ਜ਼ਕਰੀਆ ਖਾਂ ਦੀ ਮੌਤ ਤੋਂ ਬਾਅਦ ਯਹੀਆ ਖਾਂ ਲਾਹੌਰ ਦਾ ਸੂਬੇਦਾਰ ਬਣਿਆ। ਉਹ ਕੱਟੜ ਤਾਂ ਹੈ ਹੀ ਸੀ, ਸਿੱਖਾਂ ਨੂੰ ਆਮ ਕਰਕੇ ਅਤੇ ਭਾਈ ਸੁਬੇਗ ਸਿੰਘ ਜੀ ਨੂੰ ਖਾਸ ਕਰਕੇ ਪਸੰਦ ਨਹੀਂ ਸੀ ਕਰਦਾ। ਇਸ ਨੇ ਭਾਈ ਸਾਹਿਬ ਵਿਰੁੱਧ ਸ਼ਿਕਾਇਤਾਂ ਸੁਣਨੀਆਂ ਸ਼ੁਰੂ ਕਰ ਦਿੱਤੀਆਂ। ਇੱਕ ਦਿਨ ਉਸ ਦੀ ਕਚਹਿਰੀ ਵਿਚ ਇੱਕ ਸ਼ਿਕਾਇਤ ਪੁੱਜੀ ਇੱਕ ਸਿੱਖ ਨੇ ਮਦਰੱਸੇ ਦੀ ਭਰੀ ਸਭਾ ਵਿਚ ਮੁਹੰਮਦ ਸਾਹਿਬ ਅਤੇ ਇਸਲਾਮ ਪ੍ਰਤੀ ਅਪਮਾਨਜਨਕ ਸ਼ਬਦ ਕਹੇ ਹਨ। ਇਹ ਸ਼ਿਕਾਇਤ ਭਾਈ ਸੁਬੇਗ ਸਿੰਘ ਜੀ ਦੇ ਨੌਜਵਾਨ ਪੁੱਤਰ ਭਾਈ ਸ਼ਾਹਬਾਜ ਸਿੰਘ ਵਿਰੁੱਧ ਸੀ। ਅਸਲ ਵਿੱਚ ਭਾਈ ਸ਼ਾਹਬਾਜ ਸਿੰਘ ਜਿੱਥੇ ਪੜ੍ਹਦਾ ਸੀ, ਉੱਥੇ ਉਸ ਨੇ ਦੂਸਰੇ ਵਿਦਿਆਰਥੀਆਂ ਵਿਚਾਲੇ ਬਹਿਸ ਦੌਰਾਨ ਕੱਟੜਤਾ ਭਰੇ ਲਹਿਜੇ ਨੂੰ ਨਕਾਰਦਿਆਂ ਮੌਲਵੀ ਸਮੇਤ ਸਭ ਨੂੰ ਨਿਰੁੱਤਰ ਕਰ ਦਿੱਤਾ ਸੀ। ਜਿਸ ਤੋਂ ਖਫਾ ਹੋ ਕੇ ਮੌਲਵੀ ਨੇ ਸ਼ਾਹਬਾਜ ਸਿੰਘ ਨੂੰ ਕਿਹਾ ਕਿ ਜੇ ਜਾਨ ਬਚਾਉਣੀ ਹੈ ਤਾਂ ਇਸਲਾਮ ਕਬੂਲ ਕਰ ਲੈ। ਸ਼ਾਹਬਾਜ ਸਿੰਘ ਦੇ ਇਨਕਾਰ ਕਰਨ ਤੇ ਉਸਦੀ ਸ਼ਿਕਾਇਤ ਕਰ ਦਿੱਤੀ ਗਈ। ਤਫਤੀਸ਼ ਵਿੱਚ ਕੋਈ ਦੋਸ਼ ਤਾਂ ਸਾਬਤ ਨਹੀਂ ਹੋ ਸਕੇ, ਪਰ ਦੀਵਾਨ ਲੱਖਪਤ ਰਾਏ ਨੇ ਯਹੀਆ ਖਾਨ ਦੇ ਕੰਨ ਭਰ ਦਿੱਤੇ ਜਿਸ ਕਾਰਨ ਦੋਹਾਂ ਪਿਉ ਪੁੱਤਰਾਂ ਨੂੰ ਗ੍ਰਿਫਤਾਰ ਕਰਕੇ ਜੇਲ ਭੇਜ ਦਿੱਤਾ ਗਿਆ।

ਦੋਵਾਂ ਨੂੰ ਈਨ ਮਨਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਪਰ ਉਹ ਨਾ ਡੋਲੇ। ਲੱਖਪਤ ਰਾਏ ਨੇ ਬਲਦੀ ਤੇ ਤੇਲ ਪਾਇਆ ਇਹ ਯਾਦ ਕਰਵਾ ਕੇ ਕਿ ਇਹ ਉਹੀ ਤਾਰੂ ਸਿੰਘ ਦੇ ਸਿੱਖ ਭਰਾ ਹਨ, ਜਿਸ ਨੇ ਤਾਰੂ ਸਿੰਘ ਦੀ ਜੁੱਤੀ ਲਿਆ ਕੇ ਆਪ ਜੀ ਦੇ ਪਿਤਾ ਖਾਨ ਬਹਾਦਰ ਜ਼ਕਰੀਆ ਖਾਂ ਨੂੰ ਜਲੀਲ ਕੀਤਾ ਸੀ। ਉਸਨੇ ਬਦਲਾ ਲੈਣ ਲਈ ਉਕਸਾਇਆ। ਭਾਈ ਸੁਬੇਗ ਸਿੰਘ ਜੀ ਨੇ ਕਿਹਾ ਕਿ ਮੈਂ ਨੌਕਰੀ ਛੱਡ ਦਿਆਂਗਾ, ਪਰ ਧਰਮ ਨਹੀਂ ਛੱਡਾਂਗਾ। ਮੌਤ ਦੇ ਡਰਾਵੇ ਵੀ ਦਿੱਤੇ ਗਏ, ਇਸਲਾਮ ਕਬੂਲ ਕਰਨ ਤੇ ਲਾਲਚ ਵੀ ਦਿੱਤੇ ਗਏ। ਦੋਹਾਂ ਨੂੰ ਵੱਖੋ ਵੱਖਰੇ ਤੌਰ ਤੇ ਮਨਾਉਣ ਦੀ ਵੀ ਕੋਸ਼ਿਸ਼ ਕੀਤੀ ਗਈ। ਪੁੱਤਰ ਨੂੰ ਕਿਹਾ ਗਿਆ ਕਿ ਤੇਰਾ ਪਿਤਾ ਦੀਨ ਕਬੂਲ ਕਰ ਚੁੱਕਿਆ ਹੈ, ਹੁਣ ਤੂੰ ਵੀ ਕਰ ਲੈ। ਪਰ ਉਹ ਨਹੀਂ ਡੋਲਿਆ। ਪਿਤਾ ਨੂੰ ਸ਼ਾਹਬਾਜ ਦੀ ਜਵਾਨੀ ਵੱਲ ਇਸ਼ਾਰਾ ਕਰਕੇ ਵੀ ਮਨਾਉਣ ਦਾ ਯਤਨ ਕੀਤਾ ਗਿਆ ਤੇ ਕਿਹਾ ਗਿਆ ਕਿ ਆਪਣੇ ਪੁੱਤਰ ਨੂੰ ਬਚਾ ਲੈ ਤੇ ਆਪਣੀ ਕੁੱਲ ਚੱਲਦੀ ਰੱਖ ਲੈ। ਭਾਈ ਸੁਬੇਗ ਸਿੰਘ ਜੀ ਦੇ ਕਰਾਰੇ ਜਵਾਬ ਨੂੰ ਪ੍ਰਾਚੀਨ ਪੰਥ ਪ੍ਰਕਾਸ਼ ਦੇ ਕਰਤਾ ਸ ਰਤਨ ਸਿੰਘ ਭੰਗੂ ਨੇ ਇੰਝ ਲਿਖਿਆ ਹੈ।

ਸਿੱਖਨ ਕਾਜ ਸੁ ਗੁਰੂ ਸਵਾਰੇ ॥
ਸੀਸ ਦੀਓ ਨਿਜ ਸੈਣ ਪਰਵਾਰੇ ॥
ਹਮ ਕਾਰਨਿ ਗੁਰਿ ਕੁਲਿ ਗਵਾਈ ॥
ਹਮ ਕੁਲ ਰਾਖਹਿ ਕੌਨ ਬਡਾਈ ॥.....
(ਪ੍ਰਾਚੀਨ ਪੰਥ ਪ੍ਰਕਾਸ਼ )

ਅਖੀਰ ਕਾਜੀ ਤੌਂ ਫਤਵਾ ਲੈ ਕੇ ਯਹੀਆ ਖਾਨ ਨੇ ਦੋਹਾਂ ਨੂੰ ਚਰਖੜ੍ਹੀਆਂ ਤੇ ਚਾੜ੍ਹ ਕੇ ਕਤਲ ਕਰਨ ਦਾ ਹੁਕਮ ਸੁਣਾ ਦਿੱਤਾ। ਭਾਈ ਕਾਨ੍ਹ ਸਿੰਘ ਜੀ ਨਾਭਾ ਚਰਖੜ੍ਹੀ ਬਾਰੇ ਲਿਖਦੇ ਹਨ ਕਿ ਇਹ ਚਰਖੇ ਦੇ ਆਕਾਰ ਦਾ ਇੱਕ ਗੋਲ ਯੰਤਰ ਹੁੰਦਾ ਸੀ ਜਿਸ ਤੇ ਅਪਰਾਧੀ ਦਾ ਅੱਧਾ ਸਰੀਰ ਬੰਨ੍ਹ ਕੇ ਅੱਧਾ ਖੁਲ੍ਹਾ ਲਟਕਦਾ ਰਹਿਣ ਦਿੱਤਾ ਜਾਂਦਾ ਸੀ। ਜਿਸ ਵੇਲੇ ਚਰਖੀ ਜੋਰ ਨਾਲ ਘੁਮਾਈ ਜਾਂਦੀ ਤਦ ਲਟਕਦੇ ਹੋਏ ਅੰਗ ਝਟਕੇ ਨਾਲ ਚੂਰ ਹੋ ਜਾਂਦੇ। ਇਸ ਚਰਖੜ੍ਹੀ ਤੇ ਤਿੱਖੇ ਤਿੱਖੇ ਦੰਦੇ ਵੀ ਹੁੰਦੇ ਸਨ, ਜੋ ਉੱਪਰ ਪਏ ਸਰੀਰ ਵਿੱਚ ਚੁਭਦੇ ਅਤੇ ਖੂਨ ਡੁੱਲਦਾ। ਚਰਖੜ੍ਹੀ ਤੇ ਪਿਆ ਵਿਅਕਤੀ ਖਤਮ ਹੋ ਜਾਂਦਾ। ਭਾਈ ਸੁਬੇਗ ਸਿੰਘ ਜੀ ਅਤੇ ਭਾਈ ਸ਼ਾਹਬਾਜ ਸਿੰਘ ਜੀ ਨੂੰ ਵੀ ਦੋ ਵੱਖ ਵੱਖ ਚਰਖੜੀਆਂ ਤੇ ਚਾੜ੍ਹ ਕੇ ਇਸੇ ਤਰਾਂ ਸ਼ਹੀਦ ਕੀਤਾ ਗਿਆ। ਇਹ ਘਟਨਾ 1745 ਈਸਵੀ ਦੀ ਹੈ। ਇਸ ਸਮੇਂ ਭਾਈ ਸ਼ਾਹਬਾਜ ਸਿੰਘ ਜੀ ਦੀ ਉਮਰ ਕੇਵਲ 18 ਸਾਲ ਸੀ। ਪਰ ਧੰਨ ਉਹ ਗੁਰਸਿੱਖ ਜਿਨ੍ਹਾਂ ਨੇ ਆਪਣਾ ਸਿਦਕ ਨਹੀਂ ਛੱਡਿਆ। ਆਪਣੇ ਸਰੀਰਾਂ ਦੀ ਆਹੂਤੀ ਦੇ ਦਿੱਤੀ ਪਰ ਗੁਰੂ ਦੀ ਸਿੱਖੀ ਨੂੰ ਆਂਚ ਨਹੀਂ ਆਉਣ ਦਿੱਤੀ। ਅੱਜ ਵੀ ਇਹ ਸ਼ਹੀਦੀ ਸਿੱਖ ਕੌਮ ਦੀ ਪ੍ਰੇਰਨਾ ਬਣਦੀ ਹੈ ਅਤੇ ਸਿੱਖਾਂ ਨੂੰ ਜ਼ੁਲਮ ਵਿਰੁੱਧ ਡਟਣ ਅਤੇ ਸੱਚ ਨਾਲ ਖੜ੍ਹੇ ਹੋਣ ਦਾ ਬਲ ਬਖਸ਼ਦੀ ਹੈ।

**33 ਸਫੇ ਦੀ ਬਾਕੀ**

ਇਸਦਾ ਸਿੱਖ-ਪੰਥਕ ਨਿਪਟਾਰਾ ਕਰਨ ਉਪਰੰਤ, ਇਸਤੇ ਸਿਆਸਤ ਬੰਦ ਕਰਨ ਦਾ ਫੁਰਮਾਨ ਵੀ ਸੁਣਾਇਆ ਜਾਣਾਂ ਚਾਹੀਦਾ ਸੀ। ਕਿਉਂਕਿ ਪੰਜਾਬ, ਪੰਜਾਬੀਅਤ ਅਤੇ ਸਿੱਖ-ਪੰਥ ਨਾਲ ਸਬੰਧਿਤ ਮਸਲੇ, ਦਸ ਵਰੇ ਹੋਰ ਪਛੜ ਗਏ ਹਨ।

..........................

ਵਿਸ਼ਵਾਸ ਸੀ ਕਿ ਸਿੱਖ-ਪੰਥ ਦੀ ਪ੍ਰਮੁੱਖ ਤੇ ਇਤਿਹਾਸਕ ਸਥਾਪਤੀ; ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ, ਸਰਬਪੱਖੀ ਪੇਸ਼ਗੀਆਂ ਨੂੰ ਮਰਿਆਦਾ 'ਚ ਵਿਚਾਰਾਕੇ, ਜੋ ਗੁਰ-ਮਤਾ ਐਲਾਨਿਆ, ਉਸਨੂੰ ਸਮੂਹਿਕ ਤੌਰ ਤੇ ਸਿੱਖ-ਪੰਥਕ ਜਥੇਬੰਦੀਆਂ, ਸੰਸਥਾਵਾਂ, ਟਕਸਾਲਾਂ, ਸੰਗਤਾਂ, ਹਸਤੀਆਂ... ਮਾਣ-ਸਤਿਕਾਰ ਨਾਲ ਸਿਰ-ਮਥੇ ਪ੍ਰਵਾਂਨ ਕਰ ਲੈਂਣਗੀਆਂ। 2007...2015...2017 ਨਾਲ ਸਬੰਧਿਤ ਘਟਨਾਂਕ੍ਰਮ, ਵਿਸ਼ਵ-ਵਿਆਪਕ ਸਿੱਖ ਕੌਮ ਦਾ ਅਤੇ ਪੰਜਾਬ ਦਾ ਵੀ ਵੱਡਾ ਨੁਕਸਾਨ ਕਰ ਚੁੱਕੇ ਸਨ। ਇਸਨੂੰ ਥਮਿਆਂ ਜਾਂਣਾ ਸਮੇਂ ਦੀ ਲੋੜ ਹੈ। ਗੈਰ-ਸਿਧਾਂਤਕ, ਗੈਰ-ਉਸਾਰੂ ਅਤੇ ਦਿਸ਼ਾ-ਨਿਰਦੇਸ਼ ਵਿਹੂੰਣੇਂ ਵਿਰੋਧ/ਵਖਰੇਵੇਂ/ਜਲੀਲਵਾਦੀ ਪਰਾਪੇਗੰਡੇ ਸਿਖ-ਪੰਥ ਅਤੇ ਪੰਜਾਬ ਦਾ ਰਾਜਨੀਤਕ, ਆਰਥਕ, ਸਭਿਆਚਾਰਕ...ਨੁਕਸਾਨ ਕਰ ਰਹੇ ਹਨ। ਇਸ ਸੰਦਰਭ ਵਿਚ, ਇਸ ਖਿਲਾਅ ਤੋਂ ਲਾਭਪਾਤਰੀ ਬਣੀਆਂ ਸਿਆਸੀ ਅਤੇ ਮੀਡੀਆ ਤਾਕਤਾਂ, ਪੰਜਾਬ ਅਤੇ ਸਿੱਖ-ਪੰਥ ਦੀ ਸੰਸਥਾਤਮਕ ਸ਼ਕਤੀ ਨੂੰ ਕਮਜ਼ੋਰ ਕਰਨ ਵਿੱਚ ਜੁਟੀਆਂ ਹੋਈਆਂ ਹਨ।

..........................

# ਅਫਰਾ ਬੁਖਾਰੀ ਬੁੱਕ ਕਲੱਬ-ਲਾਹੌਰ, ਲੇਖਕਾਂ, ਪਾਠਕਾਂ ਤੇ ਸਰੋਤਿਆਂ ਦਾ ਇਕ ਵਧੀਆ ਮੰਚ

ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ ?)



ਪਾਕਿਸਤਾਨ ਦੀ ਮਸ਼ਹੂਰ ਕਹਾਣੀਕਾਰਾ ਬੀਬੀ ਅਫਰਾ ਬੁਖਾਰੀ ਦਾ ਜਨਮ 1938 ਵਿਚ ਅੰਮ੍ਰਿਤਸਰ ਵਿਖੇ ਹੋਇਆ, 1947 ਦੀ ਖੂਨੀ ਵੰਡ ਸਮੇਂ ਉੱਜੜਕੇ ਉਸ ਨੂੰ ਲਾਹੌਰ ਜਾ ਵਸਣ ਵਾਸਤੇ ਮਜਬੂਰ ਹੋਣਾ ਪਿਆ। ਉਹਨਾਂ ਨੇ ਲਾਹੌਰ ਦੇ ਗੌਰਮਿੰਟ ਕਾਲੇਜ ਵਿਚ ਪੜ੍ਹਾਈ ਕੀਤੀ, ਉਰਦੂ ਵਿਚ ਕਹਾਣੀਆਂ ਲਿਖਣਾ ਉਹਨਾਂ ਦਾ ਸ਼ੌਂਕ ਸੀ ਤੇ 1959 ਤੱਕ ਉਹ ਮੁਸੱਲਸਲ ਕਹਾਣੀਆਂ ਲਿਖਦੇ ਰਹੇ। 1978 ਵਿਚ ਆਪਣੇ ਪਤੀ ਦੀ ਮੌਤ ਤੋਂ ਬਾਅਦ ਬੀਬੀ ਅਫਰਾ ਨੇ ਕਹਾਣੀਆਂ ਲਿਖਣੀਆਂ ਬੰਦ ਕਰਕੇ ਆਪਣਾ ਬਹੁਤਾ ਧਿਆਨ ਪਰਿਵਾਰਕ ਕੰਮਾਕਾਰਾਂ ਉੱਤੇ ਕੇਂਦਰਤ ਕਰਨਾ ਸ਼ੁਰੂ ਕਰ ਦਿੱਤਾ। 1990 ਵਿਚ ਬੀਬੀ ਅਫਰਾ ਬੁਖਾਰੀ ਨੇ ਫਿਰ ਤੋਂ ਲਿਖਣਾ ਸ਼ੁਰੂ ਕੀਤਾ ਤੇ ਕਹਾਣੀਆਂ ਦੀਆਂ ਕੁੱਲ ਪੰਜ ਪੁਸਤਕਾਂ ਲਿਖੀਆਂ, ਜਿਹਨਾਂ ਵਿਚੋਂ "ਫਾਸਲੇ, ਨਿਜਾਤ, ਰੇਤ ਮੇ ਪਾਓਂ ਅਤੇ ਆਂਖ ਔਰ ਅੰਧੇਰਾ ਕਹਾਣੀ ਸੰਗ੍ਰਹਿ ਬਹੁਤ ਮਕਬੂਲ ਹੋਏ, 83 ਸਾਲ ਦੀ ਲੰਮੀ ਉਮਰ ਭੋਗ ਕੇ 2022 ਵਿਚ ਬੀਬੀ ਅਫਰਾ ਬੁਖਾਰੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਉਹਨਾਂ ਦੇ ਦੋ ਬੱਚੇ - ਪੁੱਤਰ ਆਮਿਰ ਫਰਾਜ਼ (ਲੇਖਕ) ਤੇ ਬੇਟੀ ਫਾਤਿਮਾ ਅਲੀ (ਪੱਤਰਕਾਰ) ਹਨ।

ਬੀਬੀ ਅਫਰਾ ਬੁਖਾਰੀ ਦੀ ਯਾਦ ਵਿਚ ਉਹਨਾਂ ਦਾ ਪੁੱਤਰ ਆਮਿਰ ਫਰਾਜ਼ ਇਸ ਵੇਲੇ ਲਾਹੌਰ ਸ਼ਹਿਰ ਦੀ ਅੰਗਰੇਜਾਂ ਦੇ ਵੇਲੇ ਤੋਂ ਹੀ ਬਹੁਤ ਮਸ਼ਹੂਰ ਗੌਲਫ ਕਲੱਬ "ਰੌਇਲ ਪਾਮ ਗੌਲਫ ਕਲੱਬ" ਵਿਚ ਇਸ ਵੇਲੇ ਅਫਰਾ ਬੁਖਾਰੀ ਬੁੱਕ ਕਲੱਬ ਚਲਾ ਰਹੇ ਹਨ।

ਆਮਿਰ ਫਰਾਜ਼ ਦੁਆਰਾ ਚਲਾਈ ਜਾ ਰਹੀ ਇਹ ਬੁੱਕ ਕਲੱਬ ਨਵੇਂ ਪੁਰਾਣੇ ਲੇਖਕਾਂ ਵਾਸਤੇ ਇਕ ਬਹੁਤ ਹੀ ਵਧੀਆ ਪਲੇਟ ਫਾਰਮ ਹੈ। ਇਸ ਕਲੱਬ ਵਿਚ ਨਵੀਆਂ ਪੁਸਤਕਾਂ ਦੀ ਘੁੰਡ ਚਕਾਈ ਕੀਤੀ ਜਾਂਦੀ ਹੈ, ਇਥੇ ਪੁਸਤਕ ਲੇਖਕਾਂ ਨੂੰ ਪੂਰਾ ਪੂਰਾ ਮੌਕਾ ਦਿੱਤਾ ਜਾਂਦਾ ਹੈ ਕਿ ਉਹ ਆਪਣੀ ਪੁਸਤਕ ਬਾਰੇ ਵਿਚਾਰ ਪੇਸ਼ ਕਰਨ ਤੇ ਦੱਸਣ ਉਹਨਾਂ ਨੂੰ ਪੁਸਤਕ ਰਚਨਾ ਦੀ ਜਰੂਰਤ ਕਿਉਂ ਪਈ, ਪੁਸਤਕ ਰਚਨਾ ਪ੍ਰਕਿਰਿਆ ਦਰਮਿਆਨ ਉਹਨਾਂ ਦਾ ਤਜਰਬਾ ਕਿਹੋ ਜਿਹਾ ਰਿਹਾ, ਕਿਹੜੀਆਂ ਔਕੜਾਂ ਦਰਪੇਸ਼ ਰਹੀਆਂ, ਕੀ ਨਵਾਂ ਸਿੱਖਣ ਤੇ ਸਿਰਜਣ ਨੂੰ ਮਿਲਿਆ ਅਤੇ ਉਹਨਾਂ ਦੀ ਪੁਸਤਕ ਦਾ ਪਾਠਕ ਘੇਰਾ ਕੀ ਹੈ।

ਸੋ ਕਹਿਣ ਦਾ ਭਾਵ ਇਹ ਕਿ ਲੇਖਕ ਨੂੰ ਆਪਣੀ ਪੁਸਤਕ ਬਾਰੇ ਪਾਠਕਾਂ ਨੂੰ ਜਾਣੂ ਕਰਾਉਣ ਦਾ ਪੂਰਾ ਪੂਰਾ ਮੌਕਾ ਦਿੱਤਾ ਜਾਂਦਾ ਹੈ। ਹਰ ਹਫਤੇ ਆਯੋਜਿਤ ਹੋਣ ਵਾਲੇ ਕਲੱਬ ਦੇ ਸਮਾਗਮ ਵਿਚ ਨਾਮਵਰ ਲਿਖਾਰੀ ਅਤੇ ਨਵੇਂ ਲਿਖਾਰੀ ਹੁੰਮ ਹਮਾ ਕੇ ਸ਼ਿਰਕਤ ਕਰਦੇ ਹਨ। ਨਵੇਂ ਪੁਰਾਣੇ ਲੇਖਕਾਂ ਦੀਆਂ ਪੁਸਤਕਾਂ ਦੇ ਪੈਨਲ ਬਣਾ ਕੇ ਵੱਖ ਵੱਖ ਵਿਸ਼ਿਆਂ ਨਾਲ ਸਬੰਧਿਤ ਪੁਸਤਕਾਂ ਉਤੇ ਖੁਲ ਕੇ ਵਿਚਾਰਾਂ ਕੀਤੀਆਂ ਜਾਂਦੀਆਂ ਹਨ। ਸਰੋਤਿਆਂ ਵਲੋਂ ਪੁਸਤਕ ਲੇਖਕਾਂ ਨੂੰ ਸਵਾਲ ਪੁੱਛੇ ਜਾਂਦੇ ਹਨ, ਲੇਖਕ ਆਪੋ ਆਪਣੀਆਂ ਪੁਸਤਕਾਂ ਦੇ ਵਿਸ਼ਿਆਂ ਮੁਤਾਬਿਕ ਜਵਾਬ ਦੇਂਦੇ ਹਨ। ਸਰੋਤੇ, ਲਿਖਾਰੀਆਂ ਦੀ ਨਿੱਜੀ, ਪਰਿਵਾਰਕ ਤੇ ਸਮਾਜਿਕ ਜਿੰਦਗੀ ਬਾਰੇ ਵੀ ਸਵਾਲ ਪੁੱਛਦੇ ਹਨ ਜਿਹਨਾਂ ਦੇ ਬਣਦੇ ਜਵਾਬ ਲਿਖਾਰੀਆਂ ਵਲੋਂ ਦਿੱਤੇ ਜਾਂਦੇ ਹਨ।

ਆਮਿਰ ਫਰਾਜ ਇਸ ਕਲੱਬ ਦੇ ਰੂਹੇ ਰਵਾਂ ਹਨ। ਉਹ ਇਕ ਹੰਢੇ ਹੋਏ ਮੰਚ ਸੰਚਾਲਿਕ ਤੇ ਨਾਮਵਰ ਲਿਖਾਰੀ ਹਨ ਜੋ ਆਪਣੀ ਮੰਚ ਸੰਚਾਲਨ ਕਲਾ ਨਾਲ ਕਲੱਬ ਦੇ ਹਰ ਪਰੋਗਰਾਮ ਨੂੰ ਜਿੱਥੇ ਬਹੁਤ ਹੀ ਵਿਧੀਵਤ ਢੰਗ ਨਾਲ ਸੰਚਾਲਿਤ ਕਰਦੇ ਹਨ ਉਥੇ ਆਪਣੇ ਲੰਮੇ ਤਜਰਬੇ ਦੀ ਵਰਤੋਂ ਕਰਦੇ ਹੋਏ ਸਮਾਗਮ ਦਾ ਖੂਬ ਰੰਗ ਵੀ ਬੰਨ੍ਹਦੇ ਹਨ।

ਆਫਰਾ ਬੁਖਾਰੀ ਬੁੱਕ ਕਲੱਬ ਲਾਹੌਰ ਸ਼ਹਿਰ ਵਿਚ ਲੇਖਕਾਂ ਅਤੇ ਸਾਹਿਤ ਪਰੇਮੀਆਂ ਦਾ ਇਕ ਅਜਿਹਾ ਪਲੇਟ ਫਾਰਮ ਬਣ ਚੁੱਕਾ ਹੈ ਜੋ ਸਾਹਿਤਕਾਰਾਂ ਨੂੰ ਇਕੋ ਸਮੇਂ ਸਰੋਤਿਆਂ ਦੇ ਰੂ ਬ ਰੂ ਵੀ ਕਰਾਉਂਦਾ ਹੈ ਤੇ ਉਹਨਾਂ ਦੀਆਂ ਸੱਜਰੀਆਂ ਰਚਨਾਵਾਂ ਨੂੰ ਜਨਤਕ ਕਰਕੇ ਪਰੋਮੋਟ ਵੀ ਕਰਦਾ ਹੈ ਤੇ ਇਸ ਦੇ ਨਾਲ ਹੀ ਦੂਰ ਨੇੜੇ ਦੇ ਨਵੇਂ ਤੇ ਪੁਰਾਣੇ ਸਾਹਿਤਕਾਰਾਂ ਨੂੰ ਮਿਲ ਬੈਠਣ ਦਾ ਇਕ ਵਧੀਆ ਮੰਚ ਵੀ ਪ੍ਰਦਾਨ ਕਰਦਾ ਹੈ।








ਅਫਰਾ ਬੁਖਾਰੀ ਬੁੱਕ ਕਲੱਬ ਪੰਜਾਬੀ ਲਿਖਾਰੀਆਂ ਤੇ ਪਾਠਕਾਂ ਵਾਸਤੇ ਬਹੁਤ ਵੱਡੀ ਪਰੇਰਣਾ ਹੈ। ਜੇਕਰ ਸਮੂਹ ਪੰਜਾਬੀ ਲਿਖਾਰੀ ਤੇ ਪਾਠਕ ਆਪੋ ਆਪਣੇ ਖਿੱਤਿਆਂ ਵਿਚ ਮਿਲਕੇ ਇਹੋ ਜਿਹੀਆਂ ਬੁੱਕ ਕਲਿਬਾਂ ਦੀ ਸਥਾਪਤੀ ਕਰ ਲੈਣ ਤਾਂ ਇਸ ਤਰਾਂ ਕਰਨ ਨਾਲ ਪੰਜਾਬੀ ਲੇਖਕਾਂ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਦਾ ਹੱਲ ਹੋ ਸਕਦਾ ਹੈ, ਖਾਸ ਤੌਰ 'ਤੇ ਪੁਸਤਕਾਂ ਦੇ ਲੋਕ ਅਰਪਣ, ਲੇਖਕਾਂ ਦੀ ਜਾਣ ਪਹਿਚਾਣ, ਨਵੀਂ ਪੁਸਤਕ ਦਾ ਰਚਣ ਥੀਮ ਅਤੇ ਉਭਰ ਰਹੇ ਲੇਖਕਾਂ ਦੀ ਹੌਂਸਲਾ ਅਫਜਾਈ ਆਦਿ ਸਭ ਕਾਰਜ ਇਕੋ ਮੰਚ ਤੋਂ ਹੋ ਜਾਂਦੇ ਹਨ। ਇਸ ਦੇ ਨਾਲ ਹੀ ਨਵੀਆਂ ਪੁਸਤਕਾਂ ਦੀ ਜਾਣਕਾਰੀ ਤੇ ਉਹਨਾਂ ਦੀ ਵੰਡ ਜਾਂ ਵਿਕਰੀ ਵੀ ਇਸ ਤਰਾਂ ਦੇ ਪਲੇਟ ਫਾਰਮਾਂ ਤੋਂ ਅਸਾਨੀ ਨਾਲ ਕੀਤੀ ਜਾ ਸਕਦੀ ਹੈ। ਜੇਕਰ ਅੱਜ ਦੇ ਜਮਾਨੇ ਵਿਚ ਇਸ ਤਰਾਂ ਦੇ ਕਲੱਬਾਂ ਨੂੰ ਸ਼ੋਸ਼ਲ ਮੀਡੀਏ ਨਾਲ ਜੋੜ ਕੇ ਜਨਤਕ ਕੀਤਾ ਜਾਵੇ ਤਾਂ ਬਹੁਤ ਚੰਗੇ ਨਤੀਜੇ ਪਰਾਪਤ ਕੀਤੇ ਜਾ ਸਕਦੇ ਹਨ।

ਅਜੌਕੇ ਭੱਜ ਦੌੜ ਦੇ ਜਮਾਨੇ ਵਿਚ ਅਸੀਂ ਮਾਨਸਿਕ ਤੌਰ ਅਸ਼ਾਂਤ ਹੋ ਚੁੱਕੇ ਹਨ। ਸਾਹਿਤ ਨਾਲੋਂ ਟੁੱਟ ਜਾਣ ਕਾਰਨ ਸਾਡੀ ਅਸ਼ਾਂਤੀ ਹੋਰ ਵੀ ਵਧ ਚੁੱਕੀ ਹੈ। ਜੇਕਰ ਇਸ ਤਰਾਂ ਦੀਆਂ ਕਲੱਬਾਂ ਸਥਾਪਿਤ ਕਰਕੇ ਆਪੋ ਆਪਣੇ ਇਲਾਕਿਆਂ ਵਿਚ ਸਾਹਿਤਕ ਕਾਰਜ ਆਰੰਭੇ ਜਾਣ ਤਾਂ ਮੇਰੀ ਜਾਚੇ ਇਹ ਇਕ ਵਧੀਆ ਕਾਰਜ ਹੋਵੇਗਾ ਜਿਸ ਨਾਲ ਲੇਖਕਾਂ ਤੇ ਸਰੋਤਿਆਂ ਦੀ ਸਾਹਿਤਕ ਤ੍ਰਿਪਤੀ ਵੀ ਹੋਵੇਗੀ, ਮਨ ਪਸੰਦੀਦਾ ਸਾਹਿਤ ਵੀ ਪਰਾਪਤ ਹੋਵੇਗਾ ਤੇ ਸਾਹਿਤਕ ਤੇ ਮਾਨਸਿਕ ਤ੍ਰਿਪਤੀ ਵੀ।


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

**ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:**
**ਜਾਣਕਾਰੀ ਲਈ ਸੰਪਰਕ: M: 07966 388 388**



## ਗੁਰੂ ਨਾਨਕ ਗੁਰਦੁਆਰਾ, ਵਿਲਨਹਾਲ ਵਿਖੇ ਤਿੰਨ ਧਾਰਮਿਕ ਸੇਵਾਦਾਰਾਂ ਦੀ ਲੋੜ

ਮੁੱਖ ਕੰਮ :– ਉਹਨਾਂ ਦੀ ਡਿਊਟੀ ਵਿੱਚ ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਅਤੇ ਗੁਰੂ ਘਰ ਵਿਖੇ ਜ਼ਰੂਰੀ ਸੇਵਾਵਾਂ।

ਅਰਜ਼ੀਕਰਤਾ ਸੇਵਾਦਾਰ ਗੁਰਮਤਿ ਰਹਿਤ ਮਰਯਾਦਾ ਦੇ ਪੂਰਨ ਧਾਰਨੀ ਹੋਣ। ਉਹ ਹਰ ਮੌਕੇ ਦੇ ਮੁਤਾਬਕ ਕੀਰਤਨ ਕਰਨ ਦੇ ਯੋਗ ਹੋਣ, ਜੋ ਹਰਮੋਨੀਅਮ ਤੇ ਤਬਲਾ ਵਜਾਉਣਾ ਜਾਣਦੇ ਹੋਣ। ਧਾਰਮਿਕ ਅਤੇ ਸਮਾਜਿਕ ਖਾਸ ਮੌਕਿਆਂ ਤੇ ਸਾਰੇ ਧਾਰਮਿਕ ਕਾਰਜਾਂ ਸਬੰਧੀ ਸੇਵਾਵਾਂ ਨਿਭਾਉਣ ਦੇ ਯੋਗ ਹੋਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਸ਼ੁੱਧ ਪਾਠ ਕਰਨ ਦਾ ਅਭਿਆਸ ਹੋਣਾ ਜ਼ਰੂਰੀ ਹੈ। ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਨ ਦਾ ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ, ਰਿਹਾਇਸ਼ ਅਤੇ ਹੋਰ ਸਹੂਲਤਾਂ ਦਾ ਪ੍ਰਬੰਧ ਹੈ।

**ਅਰਜ਼ੀ ਦੇਣ ਦੀ ਆਖਰੀ ਤਾਰੀਕ : 18 ਅਪ੍ਰੈਲ 2025**
**ਅਰਜ਼ੀ ਦੇਣ ਵਾਸਤੇ ਜਾਂ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:**
**ਭਾਈ ਸੁਤੰਤਰ ਸਿੰਘ – 01902 605286**

## 3 Vacancies for (Tier - 5) Religious workers @ GURU NANAK GURDWARA Willenhall

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening.

Applicants must be of high charactor and abide by Gurmat Rehat Maryada (Sikh code of conduct). Should be able to perform on the Harmonium / Tabla and must have the relevant skills to perform Kirtan, to read correct Gurbani of Sri Guru Granth Sahib Ji and recite prayers on all religious and social occasions. Wages will be in line with UK Employment Law. Benefits include full board and lodgings.

***Closing Date: 18 APRIL 2025***
**For more Information or to apply, please contact:**
**Bhai Sutantar Singh on 01902 605286.**
**Interested applicants To send CV - admin@gngw.org**


**GURU NANAK GURDWARA, WILLENHALL**

**65-67 Walsall Road, Willenhall, WV13 2RD**

ਲੜੀਵਾਰ ਨਾਵਲ

ਕਮਲ ਗਿੱਲ

Mob : +44 07454 394684



ਕਿਸ਼ਤ-16

# ਗੰਧਲੇ ਰਿਸ਼ਤੇ

**ਕੈਲਾਸ਼ ਜੀ ਦੀਆਂ ਕਹੀਆਂ ਗੱਲਾਂ ਮੈਨੂੰ ਅੱਜ ਵੀ ਯਾਦ ਸਨ। ਉਨ੍ਹਾਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਮੈਂ ਬੜਾ ਦੇਰ ਸਵਰਗ-ਨਰਕ ਸਮਝਣ 'ਚ ਹੀ ਲੱਗੀ ਰਹੀ। ਜਦ ਕੋਈ ਮੇਰੇ ਵਿਆਹ ਦੀ ਗੱਲ ਕਰਦਾ ਤਾਂ ਕੈਲਾਸ਼ ਜੀ ਦਾ ਧਰਤੀ ਉਪਰਲਾ ਸਵਰਗ ਨਰਕ ਮੇਰੇ ਸਾਹਮਣੇ ਆ ਖੜ੍ਹਦਾ। ਖੈਰ ਅੱਜ ਦੱਸ ਵਰ੍ਹੇ ਹੋ ਗਏ ਸਨ ਮੇਰੇ ਤੇ ਰਵੀ ਦੇ ਵਿਆਹ ਹੋਇਆਂ, ਟੱਚ ਵੁੱਡ ਮੈਂ ਹਮੇਸ਼ਾ ਆਪਣੇ ਆਪ ਨੂੰ ਸਵਰਗ 'ਚ ਹੀ ਬੈਠੀ ਮਹਿਸੂਸ ਕੀਤਾ। ਰਵੀ ਬਹੁਤ ਹੀ ਵਧੀਆ ਸੁਭਾਅ ਦਾ ਮਾਲਕ ਹੈ। ਸ਼ੁਕਰ ਹੈ ਮਾਲਕ ਦਾ ਮੇਰੇ ਕਰਮਾਂ 'ਚ ਧਰਤੀ 'ਤੇ ਹੀ ਸਵਰਗ ਦੇ ਦਿੱਤਾ। ਮੈਂ ਧਰਤੀ ਵੱਲ ਵੇਖ ਮਨ ਹੀ ਮਨ ਧਰਤੀ ਨੂੰ ਨਮਸਕਾਰ ਕੀਤਾ ਤੇ ਰੱਬ ਦਾ ਸ਼ੁਕਰ ਕੀਤਾ।**




"ਨਹੀਂ ਨਹੀਂ, ਬਿਲਕੁਲ ਨਹੀਂ ਕੈਲਾਸ਼ ਜੀ, ਮੈਂ ਬਿਲਕੁਲ ਫ੍ਰੀ ਹਾਂ, ਮੈਂ ਸਵੇਰੇ ਦੱਸ ਵਜੇ ਆ ਜਾਂਵਾਂ ? ਤੁਸੀਂ ਜਾਗਦੇ ਹੋਵੋਂਗੇ? ਜਾਂ ਲੇਟ ਆਵਾਂ?"

ਮੈਂ ਉਨ੍ਹਾਂ ਨਾਲ ਵੱਧ ਤੋਂ ਵੱਧ ਸਮ੍ਹਾਂ ਬਿਤਾਉਣਾ ਚਾਹੁੰਦੀ ਸੀ, ਮੇਰਾ ਚਾਅ ਥੰਮਿਆ ਨਹੀਂ ਜਾਂਦਾ ਸੀ।

"ਹਾਂ ਬਿਲਕੁਲ ਰਾਜੇ ਤੂੰ ਆ ਜਾਵੀਂ ਦੱਸ ਵਜੇ, ਮੈਂ ਤਾਂ 6 ਵਜੇ ਹੀ ਉੱਠ ਜਾਂਦੀ ਹਾਂ। ਮੈਨੂੰ ਤੇਰੀ ਉਡੀਕ ਰਹੇਗੀ।"

"ਠੀਕ ਹੈ ਜੀ, ਮੈਂ ਸਵੇਰੇ ਮਿਲਦੀ ਹਾਂ।"

"ਹਾਂ ਇਕ ਗੱਲ ਹੋਰ ਬੀਰਾ, ਮੇਰਾ ਫੂਨ ਨੰਬਰ ਅਤੇ ਮੇਰਾ ਪਤਾ ਕਿਸੇ ਨਾਲ ਸ਼ੇਅਰ ਨਾ ਕਰੀਂ, ਤੇ ਨਾ ਹੀ ਮੇਰੇ ਇਸ ਗੁਪਤਗਾਹ ਯਾਨੀ ਮੇਰੇ ਇਸ ਕਨੇਰੀ ਆਈਲੈਂਡ ਲੈਂਜ਼ਰੋਟੀ ਦਾ ਜ਼ਿਕਰ।"

"ਤੁਸੀਂ ਬਿਲਕੁਲ ਫਿਕਰ ਨਾ ਕਰੋ, ਮੇਰਾ ਯਕੀਨ ਕਰੋ ਪਿਛਲੀ ਵਾਰ ਦੀ ਤਰ੍ਹਾਂ ਆਪਣੀ ਇਹ ਮੁਲਾਕਾਤ ਵੀ ਆਪਾਂ ਦੋਹਾਂ 'ਚ ਹੀ ਰਹੇਗੀ।"

"ਸ਼ੁਕਰੀਆ ਬੀਰਾ, ਪਤਾ ਨਹੀਂ ਕਿਉਂ ਤੂੰ ਆਪਣੀ ਆਪਣੀ ਲੱਗਦੀ ਹੈ ਪੁੱਤ, ਤੈਨੂੰ ਮਿਲ ਕੇ ਅੱਜ ਬਹੁਤ ਚੰਗਾ ਲੱਗਾ, ਕਿਸੇ ਆਪਣੇ ਦਾ ਮੰਨੋ ਸਾਲਾਂ ਬਾਅਦ ਅਹਿਸਾਸ ਹੋਇਆ ਕਿ ਮੇਰਾ ਆਪਣਾ ਵੀ ਕੋਈ ਹੈ ਮੇਰੇ ਨੇੜੇ।"

ਇੰਨਾ ਆਖਦਿਆਂ ਕੈਲਾਸ਼ ਨੇ ਅੱਖਾਂ ਭਰ ਲਈਆਂ। ਹੋਟਲ ਦੀਆਂ ਚਮਕਦੀਆਂ ਲਾਈਟਾਂ ਦੀ ਰੋਸ਼ਨੀ ਵਿਚ ਉਸ ਦੀਆਂ ਭਰੀਆਂ ਅੱਖਾਂ 'ਚ ਮੋਟੇ ਮੋਟੇ ਹੰਝੂ ਮੋਤੀ ਵਾਂਗ ਬਾਹਰ ਆ ਗਏ। ਮੈਂ ਮੁੜ ਉਨ੍ਹਾਂ ਨੂੰ ਗਲਵਕੜੀ 'ਚ ਲੈ ਲਿਆ।

ਇਸ ਵਾਰ ਉਨ੍ਹਾਂ ਦੀ ਧੜਕਣ ਬਹੁਤ ਤੇਜ਼ ਹੋ ਗਈ ਸੀ ਤੇ ਸਰੀਰ ਵੀ ਕੰਬ ਰਿਹਾ ਸੀ। ਇਕ ਦਮ ਮੈਨੂੰ ਸੁੰਦਰ ਸਰੀਰ ਵਾਲੀ ਕੈਲਾਸ਼ ਵਿਚ ਬਜ਼ੁਰਗ ਕਮਜ਼ੋਰ ਰੂਪ ਵਿਚ ਦਿਖਾਈ ਦਿੱਤੀ। ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਇਨ੍ਹਾਂ 12 ਸਾਲਾਂ ਵਿਚ ਉਹ ਹੋਰ ਮਣਾ ਮੂਹੀ ਦਰਦ ਸਹੇੜ ਬੈਠੀ ਹੋਵੇ। ਮੇਰਾ ਮਨ ਕੀਤਾ ਮੈਂ ਹੁਣ ਹੀ ਉਸ ਨਾਲ ਚਲੀ ਜਾਵਾਂ ਉਸ ਦੇ ਘਰ ਪਰ ਫਿਰ ਮੈਨੂੰ ਇਹ ਜ਼ਬਰਦਸਤੀ ਜਿਹੀ ਫੀਲ ਹੋਈ। ਮੈਂ ਉਨ੍ਹਾਂ ਨੂੰ ਉਨ੍ਹਾਂ ਦਾ ਟਾਈਮ ਦੇਣਾ ਚਾਹੁੰਦੀ ਸੀ। ਨਾਲੇ ਮੈਨੂੰ ਹਾਲੇ ਇਹ ਵੀ ਨਹੀਂ ਪਤਾ ਸੀ ਕਿ ਉਨ੍ਹਾਂ ਦਾ ਨਵਾਂ ਘਰਵਾਲਾ ਘਰ ਹੀ ਹੈ ਜਾਂ ਕਿਤੇ ਬਾਹਰ ਗਿਆ ਹੈ ਜਾਂ ਫਿਰ ਹੋਰ ਕੋਈ ਰਾਜ਼ ਜੋ ਹਾਲੇ ਉਨ੍ਹਾਂ ਦੇ ਮਨ ਵਿਚ ਹੀ ਸਨ।

ਪਰ ਇਸ ਗੱਲ ਦਾ ਮੈਨੂੰ ਪੱਕਾ ਪਤਾ ਲੱਗ ਗਿਆ ਸੀ ਕਿ ਜ਼ਿੰਦਗੀ ਇਕ ਵਾਰ ਫਿਰ ਉਨ੍ਹਾਂ ਨੂੰ ਹਰਾ ਕੇ ਗਈ ਸੀ।

ਖ਼ੈਰ ਅਸੀਂ ਇਕ-ਦੂਜੇ ਤੋਂ ਵਿਦਾ ਲਈ ਤੇ ਆਪੋ ਆਪਣੇ ਰਾਹ ਮੁੜ ਗਈਆਂ।

ਹੋਟਲ ਅੰਦਰ ਵੜਦਿਆਂ ਹੀ ਰਿਸ਼ੈਪਸ਼ਨ 'ਤੇ ਖੜ੍ਹੇ ਮੈਨੇਜਰ ਨੇ ਮੇਰਾ ਸਪੈਨਸ਼ ਭਾਸ਼ਾ ਵਿਚ ਦੁਬਾਰਾ ਸਵਾਗਤ ਕੀਤਾ। ਬਹੁਤ ਹੀ ਚੰਗਾ ਸਟਾਫ ਸੀ ਇਸ ਹੋਟਲ ਦਾ। ਰਿਸੈਪਸ਼ਨ ਤੇ ਖੂਬਸੂਰਤ ਵਾਟਰ ਫੋਨਟੈਨ ਲੱਗਾ ਸੀ ਜੋ ਹੋਟਲ ਦੀ ਖੂਬਸੂਰਤੀ ਨੂੰ ਚਾਰ ਚੰਨ ਲਾ ਰਿਹਾ ਸੀ। ਲਿਫਟ ਦਾ ਬਟਨ ਦੱਬਿਆ ਤਾਂ ਕੁਝ ਕੁ ਮਿੰਟਾਂ ਬਾਅਦ ਤੱਕ ਖੁੱਲ੍ਹ ਗਈ। ਅੰਦਰ ਪੈਰ ਪਾਉਣ ਲੱਗੀ ਤਾਂ ਮੈਨੂੰ ਖਿਆਲ ਆਇਆ ਮੈਂ ਤਾਂ ਹਾਲੇ ਡਿਨਰ ਨਹੀਂ ਕੀਤਾ ਸੀ। ਕੁਝ ਘੰਟੇ ਪਹਿਲਾਂ ਤੱਕ ਮੈਨੂੰ ਬੜੀ ਭੁੱਖ ਲੱਗੀ ਸੀ ਪਰ ਕੈਲਾਸ਼ ਜੀ ਨੂੰ ਮਿਲਦਿਆਂ ਹੀ ਮੇਰੀ ਭੁੱਖ ਹੀ ਮਰ ਗਈ ਸੀ।

ਖ਼ੈਰ ਖਾਣਾ ਤਾਂ ਖਾਣਾ ਹੀ ਪੈਣਾ ਸੀ ਨਹੀਂ ਤਾਂ ਦੇਰ ਰਾਤ ਭੁੱਖ ਨਾਲ ਵਿਲਕਦੀ ਫਿਰਦੀ।

ਸਵੇਰੇ ਘਰੋਂ ਤੁਰਨ ਵੇਲੇ ਘਰ ਦਾ ਹੀ ਬ੍ਰੇਕਫਾਸਟ ਕੀਤਾ ਹੋਇਆ ਸੀ।

ਸੋਚ ਵਿਚਾਰ ਕੇ ਮੈਂ ਵਾਪਸ ਰੈਸਟੋਰੈਂਟ ਵੱਲ ਤੁਰ ਪਈ। ਹੋਟਲ ਵਿਚ ਹੀ ਆਲ ਇਨਕਲੂਸਿਵ ਪੈਕੇਜ ਸੀ ਸੋ ਮੇਰਾ ਸਾਰੇ ਦਿਨ ਦਾ ਖਾਣਾ ਰਵੀ ਨੇ ਬੁੱਕ ਕੀਤਾ ਹੋਇਆ ਸੀ। ਕੁੱਝ ਬੇਸਿਕ ਜਿਹਾ ਖਾਣ ਨੂੰ ਮੈਂ ਆਪਣੀ ਪਲੇਟ ਵਿਚ ਪਾਇਆ ਅਤੇ ਨਾਲ ਰੈੱਡ ਵਾਈਨ ਦਾ ਗਲਾਸ ਲੈ ਕੇ ਟੇਬਲ 'ਤੇ ਬੈਠ ਗਈ। ਸਾਹਮਣੇ ਨੇੜੇ ਹੀ ਸਮੁੰਦਰ ਦੀਆਂ ਲਹਿਰਾਂ ਦੀ ਗੂੰਜ ਸੁਣਾਈ ਦੇ ਰਹੀ ਸੀ। ਹੋਟਲ ਬਿਲਕੁਲ ਫਰੰਟ 'ਤੇ ਸੀ। ਸਮੁੰਦਰ ਦੀਆਂ ਲਹਿਰਾਂ ਦੀ ਆਵਾਜ਼ ਇੱਕ ਸੰਗੀਤ ਵਾਂਗ ਸੁਣਾਈ ਦੇ ਰਹੀ ਸੀ। ਥੋੜ੍ਹਾ ਜਿਹਾ ਖਾਣਾ ਮਸਾਂ ਨਬੇੜਿਆ। ਕੈਲਾਸ਼ ਨੂੰ ਮਿਲ ਕੇ ਸੱਚੀ ਮੇਰੀ ਜਮ੍ਹਾ ਭੁੱਖ ਹੀ ਮਰ ਗਈ ਸੀ।

ਮੈਂ ਵਾਈਨ ਦਾ ਘੁੱਟ ਭਰਦਿਆਂ ਦੁਬਾਰਾ ਉਨ੍ਹਾਂ ਦਾ ਸੋਚਣ ਲੱਗ ਗਈ। ਮਨ ਵਿਚ ਬਹੁਤ ਸਾਰੇ ਸਵਾਲ ਆ ਰਹੇ ਸਨ। ਇਨ੍ਹਾਂ 11 ਸਾਲਾਂ 'ਚ ਉਨ੍ਹਾਂ ਦਾ ਜੀਵਨ ਕਿਹੋ ਜਿਹਾ ਰਿਹਾ ਹੋਵੇਗਾ ਅਤਿ ਆਦਿ। ਮੇਰੇ ਦਿਮਾਗ ਵਿਚ ਘੇਰਾ ਪਾ ਰਹੇ ਸਨ।

"ਮੈਡਮ ਮੋਰ ਵਾਈਨ।"

ਸਾਹਮਣੇ ਖੜੀ ਖੂਬਸੂਰਤ ਸਪੈਨਿਸ਼ ਵੇਟਰ ਦੇ ਸ਼ਬਦਾਂ ਨੇ ਮੈਨੂੰ ਮੇਰੀਆਂ ਸੋਚਾਂ 'ਚੋਂ ਵਾਪਸ ਲੈ ਆਉਂਦਾ।

ਉਹ ਵਾਈਨ ਦੀ ਬੋਤਲ ਲੈ ਮੇਰੇ ਸਾਹਮਣੇ ਖੜ੍ਹੀ ਮੁਸਕਰਾ ਰਹੀ ਸੀ।

"ਓਹ ਯੈਸ, ਪਲੀਜ਼ ਰੀ ਫਿਲ ਦਿਸ ਗਲਾਸ।"

ਉਹ ਮੇਰਾ ਗਲਾਸ ਦੁਬਾਰਾ ਭਰ ਉਥੋਂ ਅਗਾਂਹ ਚਲੀ ਗਈ ਤੇ ਮੈਂ ਪਲੇਟ ਵਿਚ ਪਏ ਨਾਇਫ ਫੋਕ ਨਾਲ ਖੇਡਣ ਲੱਗ ਗਈ। ਖਾਣਾ-ਖਾਣ ਦਾ ਮੇਰਾ ਕੋਈ ਮਨ ਨਹੀਂ ਸੀ, ਬੱਸ ਮੈਂ ਟਾਈਮ ਪਾਸ ਹੀ ਕਰ ਰਹੀ ਸੀ ਕੀ ਕੱਦ ਸਵੇਰ ਹੋਵੇ ਤੇ ਮੈਂ ਕੈਲਾਸ਼ ਕੋਲ ਜਾ ਕੇ ਬੈਠਾਂ। ਰੈੱਡ ਵਾਈਨ ਦੇ ਮੈਂ ਦੋ ਵੱਡੇ ਗਲਾਸ ਨਬੇੜ ਦਿੱਤੇ ਸਨ ਪਰ ਥੋੜ੍ਹੇ ਬਹੁਤ ਸਰੂਰ ਤੋਂ ਬਿਨਾਂ ਕੋਈ ਖਾਸ ਨਸ਼ਾ ਨਾ ਹੋਇਆ। ਸ਼ਾਇਦ ਮਨ ਤੇ ਕੁਝ ਹੋਰ ਗੱਲਾਂ ਹਾਵੀ ਸਨ। ਜਦ ਤੱਕ ਮੈਨੂੰ ਮੇਰੇ ਸਵਾਲਾਂ ਦੇ ਜਵਾਬ ਨਹੀਂ ਮਿਲਣੇ ਸਨ ਮੈਂ ਸ਼ਾਂਤ ਨਹੀਂ ਹੋਣਾ ਸੀ।ਇਹ ਮੇਰੀ ਪੁਰਾਣੀ ਆਦਤ ਸੀ।

ਸਾਹਮਣੇ ਖੱਬੇ ਪਾਸੇ ਸਵਿਮਿੰਗ ਪੂਲ ਦੇ ਨੀਲੇ ਫਲੋਰ 'ਤੇ ਪਾਣੀ ਲਾਈਟਾਂ ਨਾਲ ਚਮਕ ਰਿਹਾ ਸੀ। ਉਥੇ ਹੀ ਪੂਲ ਦੀਆਂ ਪੌੜੀਆਂ 'ਤੇ ਇਕ ਜਵਾਨ ਜੋੜਾ ਬੈਠਾ ਚੋਹਲ ਮੋਹਲ ਕਰ ਰਿਹਾ ਸੀ।

ਦੋਵੇਂ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਉਨ੍ਹਾਂ ਨੂੰ ਦੇਖ ਮੈਨੂੰ ਕੈਲਾਸ਼ ਦੀ 12 ਵਰ੍ਹੇ ਪਹਿਲਾਂ ਕਹੀ ਗੱਲ ਯਾਦ ਆ ਗਈ.....

"ਬੀਰਾ ਸਵਰਗ ਨਰਕ ਇਥੇ ਹੀ ਹੈ, ਜੇ ਜੀਵਨ ਸਾਥੀ ਚੰਗਾ ਮਿਲ ਜਾਵੇ ਤਾਂ ਸਵਰਗ ਤੇ ਜੇ ਮਾੜਾ ਮਿਲ ਜਾਵੇ ਤਾਂ ਨਰਕ।" ਉੱਪਰ ਕੁਝ ਨਹੀਂ ਹੈ। ਬੱਸ ਇਸ ਜਹਾਨ 'ਚ ਹੀ ਹੈ ਸਵਰਗ ਤੇ ਨਰਕ ਬੀਰਾ।"

ਕੈਲਾਸ਼ ਜੀ ਦੀਆਂ ਕਹੀਆਂ ਗੱਲਾਂ ਮੈਨੂੰ ਅੱਜ ਵੀ ਯਾਦ ਸਨ। ਉਨ੍ਹਾਂ ਦੀਆਂ ਗੱਲਾਂ ਸੁਣਨ ਤੋਂ ਬਾਅਦ ਮੈਂ ਬੜਾ ਦੇਰ ਸਵਰਗ-ਨਰਕ ਸਮਝਣ 'ਚ ਹੀ ਲੱਗੀ ਰਹੀ। ਜਦ ਕੋਈ ਮੇਰੇ ਵਿਆਹ ਦੀ ਗੱਲ ਕਰਦਾ ਤਾਂ ਕੈਲਾਸ਼ ਜੀ ਦਾ ਧਰਤੀ ਉਪਰਲਾ ਸਵਰਗ ਨਰਕ ਮੇਰੇ ਸਾਹਮਣੇ ਆ ਖੜ੍ਹਦਾ। ਖੈਰ ਅੱਜ ਦੱਸ ਵਰ੍ਹੇ ਹੋ ਗਏ ਸਨ ਮੇਰੇ ਤੇ ਰਵੀ ਦੇ ਵਿਆਹ ਹੋਇਆਂ, ਟੱਚ ਵੁੱਡ ਮੈਂ ਹਮੇਸ਼ਾ ਆਪਣੇ ਆਪ ਨੂੰ ਸਵਰਗ 'ਚ ਹੀ ਬੈਠੀ ਮਹਿਸੂਸ ਕੀਤਾ। ਰਵੀ ਬਹੁਤ ਹੀ ਵਧੀਆ ਸੁਭਾਅ ਦਾ ਮਾਲਕ ਹੈ। ਸ਼ੁਕਰ ਹੈ ਮਾਲਕ ਦਾ ਮੇਰੇ ਕਰਮਾਂ 'ਚ ਧਰਤੀ 'ਤੇ ਹੀ ਸਵਰਗ ਦੇ ਦਿੱਤਾ। ਮੈਂ ਧਰਤੀ ਵੱਲ ਵੇਖ ਮਨ ਹੀ ਮਨ ਧਰਤੀ ਨੂੰ ਨਮਸਕਾਰ ਕੀਤਾ ਤੇ ਰੱਬ ਦਾ ਸ਼ੁਕਰ ਕੀਤਾ।

ਵੇਟਰਸ ਮੇਰਾ ਤੀਜਾ ਗਲਾਸ ਵੀ ਭਰ ਗਈ ਸੀ, ਸ਼ਾਇਦ ਸੋਚਾਂ 'ਚ ਡੁੱਬੀ ਨੂੰ ਮੈਨੂੰ ਇਸ ਵਾਰ ਉਸ ਦੀ ਆਮਦ ਦਾ ਅਹਿਸਾਸ ਹੀ ਨਾ ਹੋਇਆ।

ਮੇਰੇ ਫੂਨ ਦੀ ਘੰਟੀ ਵੱਜੀ ਤਾਂ ਵੇਖਿਆ ਰਵੀ ਸੀ ਸ਼ਾਇਦ ਕੰਮ ਤੋਂ ਵਿਹਲੇ ਹੋ ਕੇ ਘਰ ਜਾ ਰਹੇ ਹੋਣੇ ਹਨ।

"ਹੈਲੋ ਰਵੀ ਕਿਵੇਂ ਹੋ? ਮੈਂ ਤੁਹਾਡਾ ਹੀ ਸੋਚਦੀ ਸੀ।"

"ਚੱਲ ਝੂਠੀ ਕੋਈ ਫੋਨ ਕੋਈ ਮੈਸੇਜ ਨਹੀਂ ਕੀਤਾ ਸ਼ਾਮ ਦਾ, ਆਖੇ ਮੈਂ ਤੇਰਾ ਹੀ ਸੋਚਦੀ ਸੀ।" ਆਖ ਰਵੀ ਹੱਸ ਪਏ।

"ਨਹੀਂ ਨਹੀਂ ਬੱਸ ਬਿਜ਼ੀ ਹੋ ਗਈ ਸੀ, ਆਉਂਦਿਆਂ ਹੀ ਸਾਮਾਨ ਰੱਖ ਕੇ ਬਾਹਰ ਬੀਚ 'ਤੇ ਲੰਬੀ ਵਾਕ ਲਈ ਨਿਕਲ ਗਈ ਸੀ।"

"ਅੱਛਾ-ਅੱਛਾ ਕੋਈ ਨਹੀਂ ਮੈਂ ਤਾਂ ਮਜ਼ਾਕ ਕਰ ਰਿਹਾ ਸੀ, ਮੈਂ ਵੀ ਵੱਸ ਹੁਣ ਕੰਮ ਖਤਮ ਕਰ ਘਰ ਵੱਲ ਜਾ ਰਿਹਾ ਹਾਂ, ਸੋਚਿਆ ਤੇਰਾ ਪਤਾ ਲਵਾਂ ਕਿਵੇਂ ਚੱਲ ਰਿਹਾ ਹੈ। ਮੌਸਮ ਕਿਹੋ ਜਿਹਾ ਹੈ, ਵਾਹਲੀ ਗਰਮੀ ਤਾਂ ਨਹੀਂ?"

ਆਪਣਾ ਖਿਆਲ ਰੱਖੀਂ, ਮੇਕ ਸ਼ੋਅਰ ਸਨਸਕ੍ਰੀਮ ਲਾ ਕੇ ਬਾਹਰ ਧੁੱਪ 'ਚ ਨਿਕਲੀ ਤੇ ਸਨਗਲਾਸਿਸ ਵੀ ਲਾਉਣੀਆਂ। ਬਾਹਲੀ ਦੇਰ ਧੁੱਪ 'ਚ ਬੀਚ 'ਤੇ ਨਹੀਂ ਬੈਠਣਾ। ਸੁਣ ਰਹੀ ਹੈ ਨਾ ਮੈਂ ਕੀ ਕਹਿ ਰਿਹਾਂ। ਫਿਰ ਆਖੇਂਗੀ ਮੇਰਾ ਸਿਰ ਦੁਖੀ ਜਾਂਦਾ ਆ।"

"ਹਾਂ ਹਾਂ ਤੁਸੀਂ ਟੀਚਰ ਵਾਂਗ ਲੈਕਚਰ ਦੇਣ ਲੱਗ ਜਾਂਦੇ ਹੋ- ਫਿਕਰ ਨਾ ਕਰਿਓ ਮੈਂ ਆਪਣਾ ਖਿਆਲ ਰੱਖਾਂਗੀ। ਤੁਸੀਂ ਆਪਣਾ ਖਾਣਾ-ਪੀਣਾ ਟਾਈਮ ਨਾਲ ਖਾਇਓ ਤੇ ਆਪਣਾ ਖਿਆਲ ਰੱਖਿਓ।"

"ਕਿੱਦਾਂ ਕੋਈ ਨਵੇਂ ਨਾਵਲ ਕਹਾਣੀ ਦਾ ਟੌਪਿਕ ਆਇਆ ਦਿਮਾਗ ਵਿਚ ਹਾਲੇ ਕੀ ਨਹੀਂ?"

"ਹਾ..ਹਾ. ਹਾਂਜੀ ਬੱਸ ਉਸੇ ਦੀ ਤਿਆਰੀ 'ਚ ਹੀ ਹਾਂ। ਸ਼ਾਇਦ ਕੱਲ ਉਸ 'ਤੇ ਡਟ ਕੇ ਕੰਮ ਕਰਾਂਗੀ। ਇਕ ਨਵੀਂ ਕਹਾਣੀ ਸੋਚੀ ਹੈ ਅੱਜ ਰਾਤ ਨੂੰ ਸ਼ੁਰੂ ਕਰਾਂਗੀ।"

"ਕੋਈ ਨਾ ਟੇਕ ਇਟ ਈਜ਼ੀ, ਚੱਲ ਆਪਣਾ ਖਿਆਲ ਰੱਖੀਂ ਮੈਂ ਖਾਣ ਨੂੰ ਚੁੱਕ ਲਵਾਂ ਕੁਝ।"

"ਓ ਕੇ ਟੇਕ ਕੇਅਰ ਰਵੀ ਲਵ ਯੂ ਗੁੱਡ ਨਾਈਟ।"

"ਲਵ ਯੂ ਟੂ ਮੇਰੇ ਜਾਨ ਲੁੱਕ ਆਫਟਰ ਯੂਅਰ ਸੈਲਫ।"

ਚਲਦਾ....

# ਸਿੰਘ ਸਾਹਿਬਾਨ ਦੀ ਨਿਯੁਕਤੀ ਅਤੇ ਸੇਵਾ ਮੁਕਤੀ ਦੇ ਨਿਯਮ ਘੜਨ ਦੀ ਲੋੜ

**ਡਾਕਟਰ ਪਰਮਵੀਰ ਸਿੰਘ**





ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਿੱਖਾਂ ਦੀਆਂ ਤਿੰਨ ਮਹੱਤਵਪੂਰਨ ਸੰਸਥਾਵਾਂ ਸਮਝਿਆ ਜਾਂਦਾ ਰਿਹਾ ਹੈ। ਇਨ੍ਹਾਂ ਵਿਚੋਂ ਹਰ ਇਕ ਸੰਸਥਾ ਦੇ ਆਪਣੇ ਨਿਯਮ ਅਤੇ ਅਧਿਕਾਰ ਖੇਤਰ ਹਨ। ਇਕ-ਦੂਜੇ ਨਾਲ ਸੰਬੰਧਿਤ ਹੋਣ ਕਰਕੇ ਕਈ ਵਾਰੀ ਇਨ੍ਹਾਂ ਦੇ ਅਧਿਕਾਰਾਂ ਅਤੇ ਕਾਰਜ-ਪ੍ਰਣਾਲੀ ਵਿਚ ਟਕਰਾਓ ਵੀ ਦੇਖਣ ਨੂੰ ਮਿਲਦਾ ਹੈ। ਇਨ੍ਹਾਂ ਤਿੰਨਾਂ ਸੰਸਥਾਵਾਂ 'ਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਰਬਉੱਚ ਮੰਨਦੇ ਹੋਏ ਅਕਸਰ ਇਹ ਕਿਹਾ ਜਾਂਦਾ ਹੈ ਕਿ ਇਸ ਦਾ ਅਧਿਕਾਰ ਖੇਤਰ ਸਮੁੱਚੇ ਵਿਸ਼ਵ 'ਚ ਵੱਸਦੇ ਸਿੱਖਾਂ ਅਤੇ ਮਾਨਵੀ ਸਰੋਕਾਰਾਂ ਦੇ ਪੱਖ ਤੋਂ ਪੂਰੀ ਲੋਕਾਈ 'ਤੇ ਵੀ ਲਾਗੂ ਹੁੰਦਾ ਹੈ। ਭਾਵੇਂ ਕਿ ਦੂਜੀਆਂ ਦੋਵੇਂ ਸੰਸਥਾਵਾਂ ਵੀ ਇਲਾਕਾਈ ਪ੍ਰਬੰਧ ਨਾਲ ਜੁੜੀਆਂ ਹੋਈਆਂ ਹਨ, ਪਰ ਫਿਰ ਵੀ ਅਕਸਰ ਇਹ ਕਹਿੰਦੀਆਂ ਨਜ਼ਰ ਆਉਂਦੀਆਂ ਹਨ ਕਿ ਜਦੋਂ ਵੀ ਸੰਸਾਰ ਭਰ ਦੇ ਸਿੱਖਾਂ ਨੂੰ ਕੋਈ ਸਮੱਸਿਆ ਆਉਂਦੀ ਹੈ ਤਾਂ ਉਹ ਉਨ੍ਹਾਂ ਵੱਲ ਦੇਖਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਦੇਸ਼-ਵਿਦੇਸ਼ ਦੇ ਸਿੱਖਾਂ ਦੇ ਮਸਲਿਆਂ ਨਾਲ ਸੰਬੰਧਿਤ ਮਤੇ ਵੀ ਪਾਸ ਕੀਤੇ ਜਾਂਦੇ ਰਹੇ ਹਨ, ਜਿਹੜੇ ਕਿ ਵਿਦੇਸ਼ਾਂ 'ਚ ਵਸੇ ਹੋਏ ਸਿੱਖਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਹਨ।

ਸਿੱਖ ਧਰਮ ਦੀਆਂ ਇਨ੍ਹਾਂ ਤਿੰਨੇ ਸੰਸਥਾਵਾਂ 'ਚੋਂ ਪਹਿਲੀਆਂ ਦੋ ਸੰਸਥਾਵਾਂ ਨੂੰ ਚੁਣਨ ਦਾ ਵਿਧੀ-ਵਿਧਾਨ ਬਣਿਆ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ ਸਮਾਂ ਆਉਣ 'ਤੇ ਨਿਰਪੱਖ ਤੌਰ 'ਤੇ ਆਪਣੇ ਮੈਂਬਰ ਭਰਤੀ ਕਰਨ ਦਾ ਦਾਅਵਾ ਕਰਦਾ ਹੈ ਅਤੇ ਇਸੇ ਤਰ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨੂੰ 1925 ਦੇ ਗੁਰਦੁਆਰਾ ਐਕਟ ਅਧੀਨ ਚੁਣਿਆ ਜਾਂਦਾ ਹੈ, ਜਿਹੜੇ ਕਿ ਨਿਰਧਾਰਿਤ ਨਿਯਮਾਂ ਅਨੁਸਾਰ ਗੁਰਧਾਮਾਂ ਦਾ ਪ੍ਰਬੰਧ ਅਤੇ ਧਰਮ ਪ੍ਰਚਾਰ ਦਾ ਕਾਰਜ ਕਰਦੇ ਹਨ। ਪਰ ਵਿਧੀ-ਵਿਧਾਨ, ਨਿਯਮ ਅਤੇ ਕਾਰਜ ਖੇਤਰ ਨਿਰਧਾਰਿਤ ਹੋਣ ਦੇ ਬਾਵਜੂਦ ਵੀ ਇਨ੍ਹਾਂ ਸੰਸਥਾਵਾਂ 'ਚ ਟਕਰਾਓ ਦੇਖਣ ਨੂੰ ਮਿਲਦਾ ਰਹਿੰਦਾ ਹੈ, ਜਿਹੜਾ ਕਿ ਦੇਸ਼-ਵਿਦੇਸ਼ ਵਿਚ ਵੱਸਦੇ ਸੁਹਿਰਦ ਸਿੱਖਾਂ 'ਚ ਉਦਾਸੀ ਅਤੇ ਬੇਚੈਨੀ ਪੈਦਾ ਕਰਦਾ ਹੈ।

2 ਦਸੰਬਰ, 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਿਹੜੇ ਹੁਕਮਨਾਮੇ ਸਾਹਮਣੇ ਆਏ, ਉਨ੍ਹਾਂ ਵਿਚ ਇਕ ਗੱਲ ਬਹੁਤ ਹੀ ਸਪੱਸ਼ਟ ਸੀ ਕਿ ਸਿੱਖਾਂ ਦੀ ਰਾਜਨੀਤਕ ਅਗਵਾਈ ਕਰਨ ਵਾਲੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਆਪਣਾ ਨੈਤਿਕ ਆਧਾਰ ਗਵਾ ਚੁੱਕੀ ਹੈ। ਇਸ ਪਾਰਟੀ ਦਾ ਇਹ ਆਧਾਰ ਕੇਵਲ ਇਕ ਜਾਂ ਦੋ ਸਾਲਾਂ ਵਿਚ ਹੀ ਨਹੀਂ ਖੁਰਿਆ, ਬਲਕਿ ਪਿਛਲੇ ਸਮੇਂ ਦੌਰਾਨ ਸਰਕਾਰ ਵਿਚ ਰਹਿੰਦਿਆਂ ਇਨ੍ਹਾਂ ਨੇ ਕੁਝ ਅਜਿਹੇ ਕਾਰਜ ਕੀਤੇ ਹਨ, ਜਿਹੜੇ ਕਿ ਸਿੱਖ ਸਿਧਾਂਤਾਂ ਅਤੇ ਭਾਵਨਾਵਾਂ ਦੇ ਅਨੁਸਾਰੀ ਨਹੀਂ ਸਨ। ਇਨ੍ਹਾਂ ਵਿਚੋਂ ਸਭ ਤੋਂ ਪ੍ਰਮੁੱਖ ਇਨ੍ਹਾਂ ਦੇ ਰਾਜ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਸਿਰਸੇ ਦੇ ਡੇਰਾ ਸੱਚਾ ਸੌਦਾ ਨੂੰ ਬਿਨਾਂ ਮੰਗਿਆਂ ਮੁਆਫ਼ੀ ਦੇਣੀ ਵੀ ਸ਼ਾਮਿਲ ਸੀ। ਭਾਵੇਂ ਕਿ ਅਕਾਲੀ ਆਗੂ ਇਹ ਮੰਨਦੇ ਨਜ਼ਰ ਆਏ ਕਿ ਉਨ੍ਹਾਂ ਦੇ ਸ਼ਾਸਨ ਕਾਲ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਹੋਈਆਂ ਹਨ, ਜਿਨ੍ਹਾਂ ਨੂੰ ਰੋਕਣ ਤੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਵਿਚ ਉਹ ਸਫ਼ਲ ਨਹੀਂ ਹੋ ਸਕੇ। ਪਰ ਸਿੱਖਾਂ 'ਚ ਇਹ ਸੁਨੇਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਡੇਰਾ ਸੌਦਾ ਨਾਲ ਸੰਬੰਧਾਂ ਕਾਰਨ ਬੇਅਦਬੀ ਦੀਆਂ ਘਟਨਾ ਦੇ ਦੋਸ਼ੀਆਂ ਨੂੰ ਫੜਿਆ ਨਹੀਂ ਗਿਆ, ਬਲਕਿ ਇਸ ਘਟਨਾ ਦਾ ਵਿਰੋਧ ਕਰ ਰਹੀ ਸਿੱਖ ਸੰਗਤ ਨੂੰ ਹੀ ਉਨ੍ਹਾਂ ਦੇ ਗ਼ੁੱਸੇ ਦਾ ਸ਼ਿਕਾਰ ਹੋਣਾ ਪਿਆ।

ਪਿਛੋਕੜ 'ਚ ਵਾਪਰੀਆਂ ਘਟਨਾਵਾਂ ਨੇ ਸ਼੍ਰੋਮਣੀ ਅਕਾਲੀ ਦਲ ਦਾ ਆਧਾਰ ਘਟਾਉਣ ਦਾ ਕਾਰਜ ਕੀਤਾ ਹੈ। ਬਹੁਤ ਸਾਰੇ ਸੁਹਿਰਦ ਸਿੱਖਾਂ ਨੇ ਇਨ੍ਹਾਂ ਤੋਂ ਦੂਰੀ ਬਣਾਉਣੀ ਆਰੰਭ ਕਰ ਦਿੱਤੀ, ਜਿਸ ਕਰਕੇ ਇਹ ਨਿਰੰਤਰ ਰਾਜਨੀਤਕ ਹਾਰ ਦਾ ਸਾਹਮਣਾ ਕਰਨ ਲੱਗੇ। ਰਾਜਨੀਤਕ ਆਧਾਰ ਗਵਾਉਣ ਕਰਕੇ ਹੀ ਪਹਿਲਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੱਥੋਂ ਗਈ ਅਤੇ ਫਿਰ ਹਰਿਆਣਾ ਵਿਚ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣੀ। ਭਾਵੇਂ ਕਿ ਅਜਿਹੀਆਂ ਘਟਨਾਵਾਂ ਨਾਲ ਆਮ ਸਿੱਖਾਂ 'ਤੇ ਵੀ ਭਾਰੀ ਅਸਰ ਪਿਆ ਹੈ। ਜਿੱਥੇ ਉਹ ਆਪਣੇ-ਆਪ ਨੂੰ ਮਜ਼ਬੂਤ ਸਮਝਦੇ ਸਨ, ਹੁਣ ਲਾਵਾਰਿਸ ਸਮਝਣ ਲੱਗੇ ਹਨ। ਅਜਿਹੇ ਸਮੇਂ 'ਚ ਪੰਜਾਬ ਦੇ ਬਹੁਤ ਸਾਰੇ ਲੋਕ ਅਤੇ ਸਿੱਖ ਇਹ ਸਮਝਣ ਲੱਗੇ ਸਨ ਕਿ ਸਿੱਖਾਂ ਦੀ ਰਾਜਨੀਤਕ ਧਿਰ ਦਾ ਪੰਜਾਬ ਵਿਚ ਮਜ਼ਬੂਤ ਹੋਣਾ ਬਹੁਤ ਜ਼ਰੂਰੀ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਵੀ ਆਪਣਾ ਆਧਾਰ ਮਜ਼ਬੂਤ ਕਰਨ ਅਤੇ ਆਮ ਸਿੱਖਾਂ ਨੂੰ ਨਾਲ ਜੋੜਨ ਦੇ ਉਦੇਸ਼ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾ ਕੇ ਗੁਰੂ-ਪੰਥ ਕੋਲੋਂ ਮੁਆਫ਼ੀ ਮੰਗਣ ਦਾ ਫ਼ੈਸਲਾ ਕਰ ਲਿਆ ਸੀ। ਭਾਵੇਂ ਕਿ ਇਸ ਫ਼ੈਸਲੇ ਦੀ ਸਭ ਪਾਸਿਓਂ ਸ਼ਲਾਘਾ ਹੋਈ ਅਤੇ ਰਾਜਨੀਤਕ ਧਿਰ ਨਾਲ ਜੁੜੇ ਹੋਏ ਆਗੂਆਂ ਨੇ ਵੀ ਇਸ ਨੂੰ ਪ੍ਰਵਾਨ ਕਰ ਲਿਆ ਸੀ। ਸਭ ਨੂੰ ਨਿਰਧਾਰਿਤ ਮਰਯਾਦਾ ਅਨੁਸਾਰ ਤਨਖ਼ਾਹ ਲਗਾਈ ਗਈ, ਜਿਹੜੀ ਕਿ ਸਾਰਿਆਂ ਨੇ ਪੂਰੀ ਕੀਤੀ। ਉਸ ਤਨਖ਼ਾਹ ਦੀ ਸੰਪੂਰਨਤਾ ਦੀ ਅਰਦਾਸ ਹੋਈ ਤਾਂ ਸਭ ਨੇ ਬਹੁਤ ਸਕੂਨ ਮਹਿਸੂਸ ਕੀਤਾ ਕਿ ਚਲੋ ਅਕਾਲੀ ਆਗੂ ਆਪਣੀਆਂ ਭੁੱਲਾਂ ਬਖ਼ਸ਼ਾ ਕੇ ਦੁਬਾਰਾ ਪੰਥ ਨਾਲ ਜੁੜੇ ਹਨ, ਜਿਸ ਨਾਲ ਇਨ੍ਹਾਂ ਦੇ ਪੁਨਰ-ਉਥਾਨ ਦਾ ਮਾਰਗ ਦੁਬਾਰਾ ਖੁੱਲ੍ਹ ਸਕਦਾ ਹੈ।

ਪਰ ਇਹ ਸੁਖਦ ਮਾਹੌਲ ਬਹੁਤਾ ਸਮਾਂ ਕਾਇਮ ਨਾ ਰਹਿ ਸਕਿਆ ਅਤੇ ਗਿਆਨੀ ਹਰਪ੍ਰੀਤ ਸਿੰਘ ਵਿਰੁੱਧ ਇਕ ਪੁਰਾਣੇ ਪਰਿਵਾਰਕ ਮਸਲੇ ਨੂੰ ਲੈ ਕੇ ਆਰੰਭ ਕੀਤੀ ਗਈ ਕਾਰਵਾਈ ਨੇ ਹਰੇ ਜ਼ਖ਼ਮਾਂ ਨੂੰ ਦੁਬਾਰਾ ਉਚੇੜਨਾ ਸ਼ੁਰੂ ਕਰ ਦਿੱਤਾ। ਸਿੱਖ ਪੰਥ ਦਾ ਧਿਆਨ ਦੁਬਾਰਾ 2 ਦਸੰਬਰ ਵਾਲੇ ਮਸਲੇ ਅਤੇ ਸਿੰਘ ਸਾਹਿਬਾਨ ਦੁਆਰਾ ਕੀਤੇ ਗਏ ਫ਼ੈਸਲੇ 'ਤੇ ਕੇਂਦਰਿਤ ਹੋ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਜਾਰੀ ਹੋਏ ਜਿਹੜੇ ਆਦੇਸ਼ ਲਾਗੂ ਹੋਣੇ ਬਾਕੀ ਸਨ, ਉਨ੍ਹਾਂ ਨੂੰ ਲੈ ਕੇ ਚਰਚਾ ਆਰੰਭ ਹੋਈ, ਜਿਹੜੀ ਕਿ ਬੇਰੁਖੀ ਅਤੇ ਕੁੜੱਤਣ ਭਰੀ ਸ਼ਬਦਾਵਲੀ ਵਿਚ ਬਦਲ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਬਹੁਤ ਹੀ ਸਹਿਜ ਅਤੇ ਸ਼ਾਂਤ ਭਾਵਨਾ 'ਚ ਰਹਿਣ ਵਾਲੇ ਮੰਨਿਆ ਜਾਂਦਾ ਸੀ, ਉਨ੍ਹਾਂ ਨੂੰ ਵੀ ਮੀਡੀਆ 'ਚ ਆ ਕੇ ਤਿੱਖੇ ਸਵਾਲਾਂ ਦੇ ਜਵਾਬ ਦੇਣ ਅਤੇ ਪੈਦਾ ਹੋਈ ਸਥਿਤੀ ਨੂੰ ਸਪੱਸ਼ਟ ਕਰਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਦੇ ਬਿਆਨਾਂ ਨੇ ਅਕਾਲੀ ਆਗੂਆਂ ਦੀ ਕਾਰਜਸ਼ੈਲੀ ਸੰਬੰਧੀ ਜਿਹੜੇ ਨੁਕਤੇ ਉਠਾਏ ਸਨ, ਉਨ੍ਹਾਂ ਨਾਲ ਅਕਾਲੀ ਆਗੂ ਇਕ ਵਾਰੀ ਫਿਰ ਕਟਹਿਰੇ 'ਚ ਖੜ੍ਹੇ ਹੋ ਗਏ। ਅਕਾਲੀ ਦਲ ਦੇ ਕੁਝ ਸਿਰਮੌਰ ਆਗੂਆਂ ਨੂੰ ਸ਼ਾਇਦ ਇਹ ਸਹੀ ਨਹੀਂ ਲੱਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਇੰਨੀ ਬੇਬਾਕੀ ਨਾਲ ਉਨ੍ਹਾਂ ਦੀ ਕਾਰਜਸ਼ੈਲੀ ਸੰਬੰਧੀ ਪ੍ਰਸ਼ਨ ਕਰ ਸਕਦਾ ਹੈ। ਪੱਤਰਕਾਰਾਂ ਅਤੇ ਸਿੱਖ ਚਿੰਤਕਾਂ 'ਚ ਇਹ ਚਰਚਾ ਆਰੰਭ ਹੋ ਗਈ ਸੀ ਕਿ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਜਾਣਾ ਲਗਪਗ ਤੈਅ ਹੈ।

7 ਮਾਰਚ, 2025 ਨੂੰ ਜਿਸ ਢੰਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਾਹਿਬਾਨ ਨੂੰ ਹਟਾਇਆ ਗਿਆ ਹੈ, ਉਸ ਨੇ ਸਿੱਖਾਂ 'ਚ ਬੇਚੈਨੀ ਪੈਦਾ ਕਰ ਦਿੱਤੀ ਹੈ। ਉਹ ਸੋਚਣ ਲੱਗੇ ਹਨ ਕਿ, ਕੀ ਇਸੇ ਤਰ੍ਹਾਂ ਹੀ ਸਿੱਖਾਂ ਦੀਆਂ ਸਰਬਉੱਚ ਸੰਸਥਾਵਾਂ 'ਤੇ ਬੈਠੀਆਂ ਸ਼ਖ਼ਸੀਅਤਾਂ ਨੂੰ ਹਟਾਇਆ ਜਾ ਸਕਦਾ ਹੈ? ਛੋਟੇ ਤੋਂ ਛੋਟੇ ਅਤੇ ਵੱਡੇ ਤੋਂ ਵੱਡੇ ਅਹੁਦੇ 'ਤੇ ਬਿਰਾਜਮਾਨ ਸ਼ਖ਼ਸੀਅਤਾਂ ਨੂੰ ਲਗਾਇਆ ਅਤੇ ਬਦਲਿਆ ਜਾ ਸਕਦਾ ਹੈ? ਕੀ ਉਨ੍ਹਾਂ ਦੇ ਮਾਣ-ਸਨਮਾਨ ਦਾ ਵਿਸ਼ੇਸ਼ ਧਿਆਨ ਨਹੀਂ ਰੱਖਿਆ ਜਾਣਾ ਚਾਹੀਦਾ? ਕੀ ਸਿੱਖਾਂ ਦੀ ਸਰਬਉੱਚ ਸੰਸਥਾ 'ਤੇ ਨਿਯੁਕਤ ਕੀਤੇ ਜਾਣ ਵਾਲੇ ਅਤੇ ਕੌਮ ਦੀ ਅਗਵਾਈ ਕਰਨ ਵਾਲੇ ਸਿੰਘ ਸਾਹਿਬਾਨ ਦੀ ਨਿਯੁਕਤੀ, ਅਧਿਕਾਰਾਂ ਅਤੇ ਸੇਵਾ ਨਵਿਰਤੀ ਸੰਬੰਧੀ ਵੀ ਕੋਈ ਨਿਯਮ ਨਹੀਂ ਹੋਣੇ ਚਾਹੀਦੇ ਹਨ?

ਅਜਿਹਾ ਨਹੀਂ ਕਿ ਹੁਣ ਪਹਿਲੀ ਵਾਰੀ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਜਾਂ ਸੇਵਾ-ਮੁਕਤੀ ਦੇ ਨਿਯਮ ਨਿਰਧਾਰਿਤ ਕਰਨ ਸੰਬੰਧੀ ਵਿਚਾਰ ਸਾਹਮਣੇ ਆ ਰਹੇ ਹਨ। ਪਹਿਲਾਂ ਵੀ ਇਸ ਦਿਸ਼ਾ 'ਚ ਚਿੰਤਨ ਚਲਦਾ ਰਿਹਾ ਹੈ। 25 ਜੂਨ, 1948 ਦੀ ਅੰਤ੍ਰਿੰਗ ਕਮੇਟੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧ ਸੰਬੰਧੀ ਨਿਯਮ ਨਿਰਧਾਰਿਤ ਕਰਦੇ ਹੋਏ ਕਿਹਾ ਗਿਆ ਸੀ ਕਿ 'ਜਥੇਦਾਰ ਸਾਹਿਬ ਨੀਯਤ ਕਰਨ ਤੇ ਹਟਾਉਣ ਦਾ ਅਧਿਕਾਰ ਜਨਰਲ ਕਮੇਟੀ ਨੂੰ ਹੋਵੇਗਾ, ਪ੍ਰੰਤੂ ਅਸਤੀਫ਼ਾ ਪ੍ਰਵਾਨ ਕਰਨ ਦਾ ਅਧਿਕਾਰ ਅੰਤ੍ਰਿੰਗ ਕਮੇਟੀ ਨੂੰ ਹੋਵੇਗਾ।' 1986 'ਚ ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਪ੍ਰਧਾਨਗੀ ਹੇਠ ਤਿੰਨ ਮੈਂਬਰੀ ਕਮੇਟੀ ਵਲੋਂ ਤਿਆਰ ਕੀਤੇ ਗਏ ਸਰਬ-ਹਿੰਦ ਗੁਰਦੁਆਰਾ ਐਕਟ 'ਚ ਇਹ ਤਜਵੀਜ਼ ਪੇਸ਼ ਕੀਤੀ ਗਈ ਸੀ ਕਿ ਇਮਾਨਦਾਰ, ਸਿੱਖ ਪੰਥ ਦੀਆਂ ਸਤਿਕਾਰਯੋਗ ਸ਼ਖ਼ਸੀਅਤਾਂ 'ਚੋਂ ਸਿੱਖ ਧਰਮ ਅਤੇ ਸਿੱਖ ਇਤਿਹਾਸ ਦੇ ਗਿਆਤਾ ਹੀ ਇਨ੍ਹਾਂ ਉੱਚ ਅਹੁਦਿਆਂ 'ਤੇ ਨਿਯੁਕਤ ਹੋਣ। ਤਖ਼ਤ ਸਾਹਿਬਾਨ ਦੇ ਜਥੇਦਾਰਾਂ ਅਤੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਨੂੰ ਕੇਂਦਰੀ ਬੋਰਡ ਦੇ ਕਰਮਚਾਰੀ ਨਹੀਂ ਸਮਝਿਆ ਜਾਣਾ ਚਾਹੀਦਾ। ਸੇਵਾ ਮੁਕਤ ਹੋਣ ਪਿੱਛੋਂ ਵੀ ਇਹ ਜਥੇਦਾਰ ਆਪਣੇ ਅਹੁਦੇ ਕਾਰਨ ਕੇਂਦਰੀ ਬੋਰਡ ਦੇ ਮੈਂਬਰ ਬਣੇ ਰਹਿਣਗੇ। ਇਸ ਤੋਂ ਬਾਅਦ 2015 'ਚ ਵੀ ਜਥੇਦਾਰ ਸਾਹਿਬਾਨ ਦੀ ਨਿਯੁਕਤੀ ਸੰਬੰਧੀ ਨਿਯਮ ਬਣਾਉਣ ਲਈ ਯਤਨ ਹੋਇਆ ਸੀ, ਜਿਹੜਾ ਕਿ ਸਿਰੇ ਨਹੀਂ ਚੜ੍ਹ ਸਕਿਆ। ਜਥੇਦਾਰ ਸਾਹਿਬਾਨ ਦੀ ਨਿਯੁਕਤੀ ਅਤੇ ਸੇਵਾ-ਮੁਕਤੀ ਸੰਬੰਧੀ ਨਿਯਮ ਬਣਾਉਣ ਦਾ ਇਹ ਫਾਇਦਾ ਹੋਵੇਗਾ ਕਿ ਇਕ ਤਾਂ ਪਦਵੀ ਦਾ ਸਤਿਕਾਰ ਅਤੇ ਮਾਣ-ਮਰਯਾਦਾ ਕਾਇਮ ਰੱਖਣ 'ਚ ਸਹਾਇਤਾ ਮਿਲੇਗੀ, ਜਥੇਦਾਰ ਸਾਹਿਬਾਨ ਨਿਯਮਬੱਧ ਸਮੇਂ ਅੰਦਰ ਪੰਥਕ ਕਾਰਜ ਕਰਨ ਲਈ ਸੁਤੰਤਰ ਅਤੇ ਜ਼ਿੰਮੇਵਾਰ ਹੋਣਗੇ ਅਤੇ ਸ਼੍ਰੋਮਣੀ ਕਮੇਟੀ 'ਤੇ ਕਾਬਜ਼ ਧਿਰ ਮਨਮਰਜ਼ੀ ਨਾਲ ਜਥੇਦਾਰ ਸਾਹਿਬਾਨ ਨੂੰ ਨਿਯੁਕਤ ਜਾਂ ਹਟਾਉਣ ਦਾ ਕਾਰਜ ਨਹੀਂ ਕਰ ਸਕੇਗੀ। ਅਜੋਕੀਆਂ ਸਥਿਤੀਆਂ ਵਿਚ ਇਸ ਦੀ ਬੇਹੱਦ ਲੋੜ ਹੈ।

*********

# ਨਸ਼ਾ ਮੁਕਤ ਪੰਜਾਬ ਹੋਂਦ ਵਿਚ ਕਿਵੇਂ ਆਵੇ ?



**ਗੁਰਪ੍ਰੀਤ ਸਿੰਘ ਤੂਰ**
ਸੀਨੀਅਰ ਪੁਲਿਸ ਅਫਸਰ

ਨਸ਼ਿਆਂ ਦੀ ਰੋਕਥਾਮ ਬਿਜਲੀ ਦਾ ਬੱਲਬ ਜਗਾਉਣ ਵਾਂਗ ਨਹੀਂ ਹੈ, ਇਸ ਅਲਾਮਤ ਦੀ ਹੋਂਦ ਮੱਸਿਆ ਦੀ ਕਾਲ਼ੀ-ਬੋਲ਼ੀ ਰਾਤ ਵਰਗੀ ਹੈ। ਨਸ਼ਿਆਂ ਵਿਰੁੱਧ ਮੌਜੂਦਾ ਯੁੱਧ 28 ਫਰਵਰੀ ਨੂੰ ਮੁੱਖ ਮੰਤਰੀ ਦੀ ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਮੀਟਿੰਗ ਤੋਂ ਤੁਰੰਤ ਬਾਅਦ ਸ਼ੁਰੂ ਹੋਇਆ। ਅਜਿਹੇ ਵਿਸ਼ੇਸ਼ ਯਤਨ ਪਹਿਲੀ ਵਾਰ 2014 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਪ੍ਰਾਂਤ ਵਿਚ ਰਾਜ ਕਰਦੀ ਪਾਰਟੀ ਦੀ ਮਾੜੀ ਕਾਰਗੁਜ਼ਾਰੀ ਤੋਂ ਸ਼ੁਰੂ ਹੋਏ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸੰਭਾਵੀ ਜੇਤੂ ਪਾਰਟੀ ਮੁਖੀ ਨੇ ਮਾਲਵੇ ਦੀ ਇਕ ਭਰਵੀਂ ਰੈਲੀ ਦੀ ਸਟੇਜ ਤੋਂ ਵਾਅਦਾ ਕੀਤਾ ਕਿ, ''ਮੈਂ ਗੁਟਕਾ ਸਾਹਿਬ ਦੀ ਸਹੁੰ ਖਾਂਦਾ ਹਾਂ ਕਿ ਮੈਂ ਚਾਰ ਹਫ਼ਤਿਆਂ ਵਿਚ ਪੰਜਾਬ 'ਚੋਂ ਨਸ਼ੇ ਖ਼ਤਮ ਕਰ ਦਿਆਂਗਾ।'' ਸਾਲ 2023 ਦੇ ਆਜ਼ਾਦੀ ਦਿਵਸ ਸਮਾਗਮ ਦੌਰਾਨ ਪਟਿਆਲਾ ਵਿਖੇ ਮੌਜੂਦਾ ਮੁੱਖ ਮੰਤਰੀ ਨੇ ਇਕ ਸਾਲ ਤੱਕ ਨਸ਼ਿਆਂ 'ਤੇ ਕਾਬੂ ਪਾ ਲੈਣ ਦਾ ਅਹਿਦ ਕੀਤਾ ਸੀ। ਅਜਿਹੇ ਵੱਡੇ ਯਤਨਾਂ ਦੇ ਬਾਵਜੂਦ 10-11 ਵਰ੍ਹਿਆਂ ਬਾਅਦ ਵੀ ਪ੍ਰਾਂਤ ਵਿਚ ਨਸ਼ਿਆਂ ਦੀ ਸਥਿਤੀ ਜਿਉਂ ਦੀ ਤਿਉਂ ਪ੍ਰਤੀਤ ਹੁੰਦੀ ਹੈ।

* * *

ਨਸ਼ਿਆਂ ਦੀਆਂ ਕਿਸਮਾਂ ਵਿਚ ਵੰਨ-ਸੁਵੰਨਤਾ ਆ ਗਈ ਹੈ ਅਤੇ ਨਸ਼ਿਆਂ ਦੀ ਸਪਲਾਈ ਦੇ ਰਸਤੇ ਬਦਲ ਗਏ ਹਨ; ਲੇਕਿਨ ਨੌਜਵਾਨਾਂ 'ਤੇ ਨਸ਼ਿਆਂ ਦਾ ਕਹਿਰ ਜਾਰੀ ਹੈ। ਨਸ਼ਿਆਂ ਦੀ ਵੱਧ ਮਾਤਰਾ ਕਾਰਨ ਹੁੰਦੀਆਂ ਮੌਤਾਂ, ਨਸ਼ਿਆਂ ਦੀ ਬੇਰੋਕ-ਟੋਕ ਸਪਲਾਈ ਦਾ ਸਪਸ਼ਟ ਸੰਕੇਤ ਹਨ। ਦਰਅਸਲ, ਹੈਰੋਇਨ ਤੇ ਚਿੱਟੇ ਵਰਗੇ ਨਸ਼ਿਆਂ ਵਿਚ ਰਸਾਇਣ ਦੀ ਘਣਤਾ ਦੀ ਕੋਈ ਗਿਣੀ-ਮਿੱਥੀ ਮਾਤਰਾ ਨਹੀਂ ਹੁੰਦੀ ਜਿਵੇਂ ਕਿ ਦਵਾਈਆਂ ਵਿਚ ਰਸਾਇਣਾਂ ਦੀ 5 ਜਾਂ 10 ਮਿਲੀਗ੍ਰਾਮ ਦੀ ਨਿਸਚਿਤ ਮਾਤਰਾ ਹੁੰਦੀ ਹੈ। ਅਚਾਨਕ ਵੱਧ ਮਾਤਰਾ ਵਾਲੇ ਨਸ਼ੇ ਦੀ ਵਰਤੋਂ ਜਾਨਲੇਵਾ ਸਾਬਤ ਹੁੰਦੀ ਹੈ। ਵਿਦੇਸ਼ੋਂ ਪਰਤੇ ਕਈ ਨੌਜਵਾਨ ਵੀ ਅਜਿਹੇ ਨਸ਼ਿਆਂ ਦੀ ਵਰਤੋਂ ਕਰਦਿਆਂ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੁੰਦੇ ਵੇਖੇ ਗਏ ਹਨ।

ਨਸ਼ਿਆਂ ਕਾਰਨ ਹੁੰਦੀਆਂ ਮੌਤਾਂ ਦੇ ਅੰਕੜੇ ਵੀ ਅਸਲੀਅਤ ਤੋਂ ਘੱਟ ਹੁੰਦੇ ਹਨ। ਅਕਸਰ ਮਾਪੇ ਇਸ ਦੁਖਾਂਤ ਨੂੰ ਲੁਕਾਉਣਾ ਚਾਹੁੰਦੇ ਹਨ। ਨਸ਼ਾ ਛੱਡਣ ਲਈ ਜੱਦੋ-ਜਹਿਦ ਕਰਨ ਵਾਲਾ ਵਿਅਕਤੀ ਨਸ਼ੇ ਦੀ ਤੋੜ ਨਾ ਸਹਾਰਦਿਆਂ ਅਚਾਨਕ ਨਸ਼ੇ ਦੀ ਓਵਰਡੋਜ਼ ਕਾਰਨ ਮੌਤ ਦਾ ਸ਼ਿਕਾਰ ਹੋ ਜਾਂਦਾ ਹੈ, ਅਜਿਹੀਆਂ ਮੌਤਾਂ ਨੂੰ ਓਵਰਡੋਜ਼ ਵਾਲੀਆਂ ਮੌਤਾਂ ਤੋਂ ਬਾਹਰ ਕੱਢ ਲਿਆ ਜਾਂਦਾ ਹੈ। ਕਿਤੇ ਸਿਸਟਮ ਵੀ ਚੁੱਪ ਧਾਰ ਲੈਂਦਾ ਹੈ। ਲੰਮੇ ਸਮੇਂ ਤੋਂ ਪ੍ਰਾਂਤ ਵਿਚ ਇਹ ਪ੍ਰਸਥਿਤੀਆਂ ਜਿਉਂ ਦੀਆਂ ਤਿਉਂ ਹਨ। ਸਪਲਾਈ ਲਾਈਨ ਨੂੰ ਰੋਕਣਾ ਇੰਨਾ ਗੁੰਝਲਦਾਰ ਤੇ ਪੇਚੀਦਾ ਕਿਉਂ ਹੋ ਗਿਆ ਹੈ, ਨਸ਼ਿਆਂ ਦੀ ਰੋਕਥਾਮ ਲਈ ਇਹ ਇਕ ਅਹਿਮ ਸਵਾਲ ਹੈ।

* * *

ਇਹ ਅਪ੍ਰੈਲ 2022 ਜਲੰਧਰ ਸ਼ਹਿਰ ਦੀ ਗੱਲ ਹੈ। ਦਿਨ ਢਲਦਿਆਂ ਹੀ ਮੋਬਾਈਲ ਫੋਨ, ਚੇਨੀਆਂ ਤੇ ਪਰਸ ਝਪਟਣ ਦੀਆਂ ਵਾਰਦਾਤਾਂ ਸ਼ੁਰੂ ਹੋ ਜਾਂਦੀਆਂ ਤੇ ਦੇਰ ਰਾਤ ਤੱਕ ਜਾਰੀ ਰਹਿੰਦੀਆਂ। ਇਕ ਦਿਨ ਦੇ ਵੱਡੇ ਤੜਕੇ ਸ਼ਹਿਰ ਵਿਚੋਂ ਨਸ਼ੇ ਦੇ ਗੰਭੀਰ ਆਦੀ 15-20 ਵਿਅਕਤੀਆਂ ਨੂੰ ਇਕੱਠੇ ਕਰ ਲਿਆ ਗਿਆ। ਹਰ ਇਕ ਖਿਲਾਫ਼ ਨਸ਼ਿਆਂ ਦੇ ਪੰਜ-ਪੰਜ, ਸੱਤ-ਸੱਤ ਮੁਕੱਦਮੇ ਦਰਜ ਸਨ। ਕਈਆਂ ਦੇ ਘਰਾਂ ਵਿਚੋਂ ਮੋਬਾਈਲ ਫ਼ੋਨ ਤੇ ਖ਼ਾਲੀ ਪਰਸ ਮਿਲੇ। ਸਾਰਿਆਂ ਦੇ ਸਰੀਰ ਟੀਕੇ ਲਾ ਲਾ ਦਾਗ਼ੀ ਹੋਏ ਪਏ ਸਨ। ਉਨ੍ਹਾਂ ਵਿਚੋਂ ਤਿੰਨਾਂ ਦੀਆਂ ਬਾਹਵਾਂ ਤੋਂ ਗਿੱਟਿਆਂ ਤੱਕ ਸਰੀਰ ਦਾ ਅੰਗ-ਅੰਗ ਟੀਕਿਆਂ ਨਾਲ ਵਿੰਨ੍ਹਿਆ ਪਿਆ ਸੀ। ਉਸ ਦਿਨ ਤੋਂ ਹਫ਼ਤੇ ਤੱਕ ਝਪਟਣ ਦੀਆਂ ਘਟਨਾਵਾਂ ਨਾ-ਮਾਤਰ ਹੋਈਆਂ। ਹੌਲ਼ੀ-ਹੌਲ਼ੀ ਇਨ੍ਹਾਂ ਵਾਰਦਾਤਾਂ ਦਾ ਗ੍ਰਾਫ਼ ਫਿਰ ਵਧਣ ਲੱਗ ਪਿਆ।

ਪਰਦੇ ਪਿੱਛੇ ਕਈ ਹੋਰ ਕਾਰਨ ਨਸ਼ਿਆਂ ਦੀ ਰੋਕਥਾਮ ਲਈ ਵੱਡੇ ਅੜਿੱਕੇ ਹਨ। ਅਮੀਰ-ਗ਼ਰੀਬ ਵਿਚਕਾਰ ਨਿਰੰਤਰ ਵਧਦਾ ਫ਼ਾਸਲਾ ਅਤੇ ਸਮਾਜ ਦੇ ਕੁਝ ਵਰਗਾਂ ਵਲੋਂ ਨਸ਼ਿਆਂ ਦੇ ਵਪਾਰ ਨੂੰ ਮੋਟੀ ਕਮਾਈ ਵਾਲਾ ਧੰਦਾ ਸਮਝ ਕੇ ਜਾਰੀ ਰੱਖਣਾ ਨਸ਼ਿਆਂ ਦੀ ਰੋਕਥਾਮ ਲਈ ਅਣਦਿਸਦੇ ਤੇ ਵੱਡੇ ਕਾਰਨ ਹਨ। ਸ਼ਰਾਬ ਦਾ ਬਹੁਤ ਵੱਧ ਸੇਵਨ ਅਤੇ ਵਿਆਹਾਂ ਦੇ ਵੱਡੇ ਖ਼ਰਚੇ ਪੰਜਾਬ ਦੇ ਕੈਨਵਸ 'ਤੇ ਨਸ਼ਿਆਂ ਦਾ ਧਰਾਤਲ ਸਿਰਜਦੇ ਹਨ।

ਇਹ ਲਗਭਗ 10 ਵਰ੍ਹੇ ਪੁਰਾਣੀ ਗੱਲ ਹੈ। ਇਕ ਨੌਜਵਾਨ ਸਮੈਕ ਦਾ ਨਸ਼ਾ ਕਰਦਾ ਪਾਇਆ ਗਿਆ। ਉਸ ਦੀ ਜੇਬ ਵਿਚ ਇਕ ਪੁੜੀ ਵੀ ਸੀ। ਮੁਹਤਬਰਾਂ ਤੇ ਮਾਪਿਆਂ ਵਾਸਤਾ ਪਾਇਆ ਕਿ ਅਸੀਂ ਇਸ ਦਾ ਇਲਾਜ ਕਰਵਾ ਦਿੰਦੇ ਹਾਂ। ਇਲਾਜ ਉਪਰੰਤ ਉਸਨੂੰ ਇਕ ਵਿਅਕਤੀ ਦੀ ਕਾਰ ਦਾ ਡਰਾਇਵਰ ਰਖਵਾ ਦਿੱਤਾ ਗਿਆ। ਉਸ ਨੂੰ ਮਾਣ ਦਿੰਦਿਆਂ ਮੈਂ ਕਿਹਾ, ''ਜੇ ਤੇਰਾ ਕਦੇ ਨਸ਼ਾ ਕਰਨ ਨੂੰ ਦਿਲ ਕੀਤਾ ਤਾਂ ਪਹਿਲਾਂ ਮੇਰੇ ਨਾਲ ਫ਼ੋਨ 'ਤੇ ਗੱਲ ਕਰਨੀ।'' ਸਿਆਲ਼ ਦੀ ਇਕ ਵੱਡੀ ਰਾਤ ਉਸਦਾ ਫ਼ੋਨ ਆਇਆ। ਮੈਂ ਪੁੱਛਿਆ, ''ਨਸ਼ਾ ਕਰਨ ਨੂੰ ਦਿਲ ਕਰਦਾ ਹੈ ?'' ''ਨਹੀਂ'' ਉਸਨੇ ਉੱਤਰ ਦਿੱਤਾ। ਉਸਨੇ ਕਿਹਾ, ''ਇਕ ਸੋਚ ਮੈਨੂੰ ਸੌਣ ਨਹੀਂ ਦਿੰਦੀ। ਮੇਰਾ ਮਾਲਕ ਆਪਣੇ ਇਕ ਮਿੱਤਰ ਨਾਲ ਰਾਤ ਦੇ ਖਾਣੇ ਲਈ ਗਿਆ। ਉੱਠਦਾ ਹੋਇਆ ਉਹ ਬਿੱਲ ਅਗਲੀ ਸੀਟ 'ਤੇ ਭੁੱਲ ਗਿਆ। ਮੇਰੀ ਮਹੀਨੇ ਦੀ ਤਨਖ਼ਾਹ 5500 ਰੁਪਏ ਹੈ, ਜਦ ਕਿ ਉਨ੍ਹਾਂ ਦੋ ਜਣਿਆਂ ਦੇ ਇਕ ਵੇਲੇ ਦੇ ਖਾਣੇ ਦਾ ਬਿੱਲ 6500 ਰੁਪਏ ਹੈ॥'' ਇੰਨਾ ਵੱਡਾ ਫ਼ਰਕ ਨੌਜਵਾਨਾਂ ਦਾ ਕਿਰਤ ਵਿਚ ਮਨ ਨਹੀਂ ਲੱਗਣ ਦਿੰਦਾ।

ਕਈ ਕਈ ਪਿੰਡਾਂ ਵਿਚ ਘਰਾਂ ਦੇ ਘਰ, ਪਰਿਵਾਰ ਦੇ ਸਾਰੇ ਮੈਂਬਰ ਹੀ ਨਸ਼ਾ ਵੇਚਣ ਦੇ ਧੰਦੇ ਵਿਚ ਪੈ ਗਏ ਹਨ। ਉਨ੍ਹਾਂ ਆਪਣੇ ਬੱਚਿਆਂ ਨੂੰ ਵੀ ਇਸ ਕਾਲੇ ਧੰਦੇ ਦਾ ਹਿੱਸਾ ਬਣਾ ਲਿਆ ਹੈ। ਲੁਧਿਆਣਾ ਨੇੜਲੇ ਇਕ ਪਿੰਡ ਦੀ ਔਰਤ ਨਸ਼ਿਆਂ ਦੀ ਬਰਾਮਦਗੀ ਸੰਬੰਧੀ ਗ੍ਰਿਫ਼ਤਾਰ (2008) ਕੀਤੀ ਗਈ। ਉਸ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਸ ਸਮੇਤ ਉਸ ਦੇ ਘਰ ਦੇ ਸੱਤ ਬਾਲਗ ਮੈਂਬਰ ਹਨ, ਜਿਨ੍ਹਾਂ ਵਿਚੋਂ ਚਾਰ ਉਸ ਸਮੇਂ ਨਸ਼ਿਆਂ ਦੇ ਮੁਕੱਦਮਿਆਂ ਕਾਰਨ ਜੇਲ੍ਹ ਵਿਚ ਸਨ।

ਇਹ ਸਾਲ 2012 ਫ਼ਰੀਦਕੋਟ ਜ਼ਿਲ੍ਹੇ ਦੀ ਘਟਨਾ ਹੈ। ਨਸ਼ਿਆਂ ਸੰਬੰਧੀ ਇਕ ਵਿਅਕਤੀ ਗ੍ਰਿਫ਼ਤਾਰ ਕੀਤਾ ਗਿਆ। ਜਦ ਪੁਲਿਸ ਨੇ ਉਸ ਦਾ ਖੁਰਾ ਖੋਜ ਭਾਲਿਆ ਤਾਂ ਪਤਾ ਲੱਗਾ ਕਿ ਉਹ ਫਾਜ਼ਿਲਕਾ ਜ਼ਿਲ੍ਹੇ ਦੇ ਜਲਾਲਾਬਾਦ ਨੇੜਲੇ ਪਿੰਡ ਦਾ ਰਹਿਣ ਵਾਲਾ ਹੈ। ਜਦ ਨਸ਼ਾ ਵੇਚਣ ਸੰਬੰਧੀ ਉਸ ਵਿਰੁੱਧ ਮੁਕੱਦਮਾ ਦਰਜ ਹੋਇਆ ਤਾਂ ਉਸ ਨੇ ਆਪਣਾ ਟਿਕਾਣਾ ਬਦਲ ਲਿਆ। ਇਹ ਪਿਛਲੇ 20 ਵਰ੍ਹਿਆਂ ਦੌਰਾਨ ਉਸਦਾ ਪੰਜਵਾਂ ਟਿਕਾਣਾ ਸੀ। ਉਸ ਸਮੇਂ ਉਸ ਦੇ ਦੋਵੇਂ ਲੜਕੇ ਵੀ ਨਸ਼ਿਆਂ ਦੇ ਮੁਕੱਦਮਿਆਂ ਅਧੀਨ ਜੇਲ੍ਹ ਵਿਚ ਬੰਦ ਸਨ।

ਲਗਭਗ ਪੰਦਰਾਂ ਵਰ੍ਹੇ ਪੁਰਾਣੀ ਗੱਲ ਹੈ। ਆਪਣੇ ਘਰੋਂ ਚਾਲੀ ਕਿੱਲੋਮੀਟਰ ਦੂਰ ਕਾਲਜ ਪੜ੍ਹਦਾ ਇਕ ਨੌਜਵਾਨ ਨਸ਼ਿਆਂ ਦਾ ਆਦੀ ਹੋ ਗਿਆ। ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਉਹ ਕਾਲਜ ਫੀਸ ਤੇ ਟਿਊਸ਼ਨ ਦੇ ਪੈਸੇ ਲੈ ਕੇ ਹੈਰੋਇਨ ਪੀਂਦਾ ਰਿਹਾ। ਸਾਲ ਬਾਅਦ ਕਾਲਜ ਪ੍ਰਿੰਸੀਪਲ ਦੀ ਚਿੱਠੀ ਆਉਣ 'ਤੇ ਹੀ ਇਹ ਭੇਦ ਖੁੱਲ੍ਹਿਆ। ਘਬਰਾਹਟ ਵਿਚ ਉਸ ਦੀ ਮਾਂ ਤੋਂ ਘਾਤਕ ਗ਼ਲਤੀ ਹੋਈ। ਚਿੱਠੀ ਪੜ੍ਹਦਿਆਂ ਹੀ ਉਸ ਨੇ ਆਪਣੇ ਪੁੱਤ ਦਾ ਫ਼ੋਨ ਮਿਲਾਇਆ। ਉਦੋਂ ਉਹ ਆਪਣੇ ਹੀ ਸ਼ਹਿਰ ਦੇ ਬੱਸ ਅੱਡੇ 'ਤੇ ਉਤਰ ਰਿਹਾ ਸੀ। ਤਦ ਉਸ ਨੇ ਪ੍ਰਿੰਸੀਪਲ ਵੱਲੋਂ ਆਈ ਚਿੱਠੀ ਪੁੱਤ ਨੂੰ ਪੜ੍ਹ ਕੇ ਸੁਣਾ ਦਿੱਤੀ। ਇੱਕੋ ਗੱਲ ਹੀ ਉਸ ਨੇ ਚਿੱਠੀ ਤੋਂ ਬਾਹਰ ਆਖੀ ਸੀ ਕਿ ਚਿੱਠੀ ਪੜ੍ਹਦਿਆਂ ਹੀ ਤੇਰਾ ਪਿਓ ਤੇਰੇ ਕਾਲਜ ਗਿਆ ਹੋਇਆ ਹੈ। ਉਹ ਪਲ ਤੇ ਆਹ ਦਿਨ, ਉਹ ਨੌਜਵਾਨ ਕਦੇ ਘਰ ਵਾਪਸ ਨਹੀਂ ਆਇਆ। ਤਿੰਨ ਵਰ੍ਹੇ ਲੰਘ ਜਾਣ 'ਤੇ ਵੀ ਉਹ ਔਰਤ ਮਹੀਨੇ ਵਿੱਚ ਇੱਕ-ਅੱਧ ਵਾਰ ਆਪਣੇ ਪੁੱਤ ਨੂੰ ਲੱਭਣ ਕਾਲਜ ਜ਼ਰੂਰ ਜਾਂਦੀ ਹੈ। ਉਹ ਥੋੜ੍ਹੀ ਦੇਰ ਕਾਲਜ ਕੰਟੀਨ ਵਿਚ ਬੈਠਦੀ ਹੈ। ਸਟੱਡੀ ਰੂਮਜ਼ ਵਿਚ ਲੱਗੀਆਂ ਕਲਾਸਾਂ ਸ਼ੀਸ਼ਿਆਂ ਰਾਹੀਂ ਵੇਖਣ ਲਗਦੀ ਹੈ। ਛੁੱਟੀ ਹੋਣ 'ਤੇ ਕੁਝ ਵਿਦਿਆਰਥੀਆਂ ਤੋਂ ਆਪਣੇ ਪੁੱਤ ਬਾਰੇ ਪੁੱਛ-ਪੜਤਾਲ ਦਾ ਯਤਨ ਕਰਦੀ ਹੈ। ਵਾਪਸ ਮੁੜਦੀ ਹੋਈ ਉਹ ਕਾਲਜ ਦੇ ਮੁੱਖ ਗੇਟ 'ਤੇ ਖੜ੍ਹ ਕੇ ਹੱਥ ਜੋੜਦੀ ਹੈ ਤੇ ਸਿਰ ਝੁਕਾਉਂਦੀ ਹੈ। ਕੋਈ ਅਰਦਾਸ ਕਰਦੀ ਹੈ ਜਾਂ ਉਲਾਂਭਾ ਦਿੰਦੀ ਹੈ, ਉਸ ਦੇ ਬੋਲਾਂ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ।

'ਮੈਂ ਜਾਇਆ ਪੂਰਨ ਭਗਤਾਂ ਨੂੰ ,
ਅੱਜ ਸਾਂਭਿਓ ਮੇਰੇ ਵਕਤਾਂ ਨੂੰ।'

ਇਕ ਔਰਤ ਨਸ਼ੇ ਦੀਆਂ ਪੁੜੀਆਂ ਖ਼ਰੀਦ ਰਹੀ ਸੀ। ਉਸ ਦੀ ਦਿੱਖ ਤੋਂ ਇਹ ਬਹੁਤ ਅਜੀਬ ਲੱਗਿਆ। ਜਦ ਉਸ ਤੋਂ ਇਸ ਦੀ ਪੁੱਛਗਿੱਛ ਕੀਤੀ ਗਈ ਤਾਂ ਪਾਣੀ ਧਰਾਲ਼ਾਂ ਵਾਂਗ ਉਸਦੀਆਂ ਅੱਖਾਂ 'ਚੋਂ ਵਗ ਤੁਰਿਆ, ''ਮੇਰਾ ਪੁੱਤ ਨਸ਼ਿਆਂ 'ਤੇ ਲੱਗ ਗਿਆ ਹੈ। ਅਸੀਂ ਉਸਨੂੰ ਬਾਹਰ ਨਹੀਂ ਜਾਣ ਦਿੰਦੇ। ਹਰ ਤੀਜੇ-ਚੌਥੇ ਦਿਨ ਨਸ਼ਾ ਮੈਂ ਹੀ ਉਸ ਨੂੰ ਲਿਆ ਕੇ ਦਿੰਦੀ ਹਾਂ।''

* * *

• ਮੁਹਿੰਮਾਂ, ਜਿੱਤਾਂ ਲਈ ਵਿਸ਼ੇਸ਼ ਰੋਲ ਨਿਭਾਉਂਦੀਆਂ ਹਨ। ਨਸ਼ਿਆਂ ਵਿਰੁੱਧ ਅਜਿਹੇ ਸਮੂਹਿਕ ਤੇ ਵੱਡੀ ਪੱਧਰ ਦੇ ਯਤਨ ਸ਼ਲਾਘਾਯੋਗ ਹਨ। ਪਰ ਨਸ਼ਿਆਂ ਵਿਰੁੱਧ ਲੜਾਈ ਲਈ ਬਹੁਪੱਖੀ ਤੇ ਨਿਰੰਤਰ ਯਤਨਾਂ ਦੀ ਲੋੜ ਹੈ। ਇਸ ਮੁਹਿੰਮ ਦੀ ਨਿਗਰਾਨੀ ਲਈ ਪੰਜ ਕੈਬਨਿਟ ਮੰਤਰੀਆਂ ਦਾ ਗਠਨ ਸ਼ਲਾਘਾਯੋਗ ਕਦਮ ਹੈ। ਇਸ ਨਾਲ ਫੀਲਡ 'ਚ ਕੰਮ ਕਰਦੇ ਕਰਮਚਾਰੀਆਂ ਤੇ ਅਧਿਕਾਰੀਆਂ ਨੂੰ ਇਸ ਦੀ ਅਹਿਮੀਅਤ ਦਾ ਅਹਿਸਾਸ ਹੋਵੇਗਾ। ਨਸ਼ਿਆਂ ਦੀ ਰੋਕਥਾਮ ਲਈ ਹਰ ਮਹੀਨੇ ਦੇ ਆਖ਼ਰੀ ਦਿਨ ਪ੍ਰਾਂਤ ਪੱਧਰ 'ਤੇ ਸਾਰੇ ਡਿਪਟੀ ਕਮਿਸ਼ਨਰਾਂ ਅਤੇ ਪੁਲਿਸ ਮੁਖੀਆਂ ਦੀ ਮੀਟਿੰਗ ਦੌਰਾਨ ਇਨ੍ਹਾਂ ਯਤਨਾਂ ਦਾ ਮੁਲਾਂਕਣ ਹੋਣਾ ਵਿਸ਼ੇਸ਼ ਉਪਰਾਲਾ ਹੋਵੇਗਾ।

• ਨਸ਼ਿਆਂ ਦੀ ਰੋਕਥਾਮ ਲਈ ਪ੍ਰਸ਼ਾਸਨਿਕ ਤੇ ਰਾਜਨੀਤਿਕ ਖੇਤਰ ਦੀ ਵਚਨਬੱਧਤਾ ਤੇ ਜ਼ਿੰਮੇਵਾਰੀ ਸਮੇਂ ਦੀ ਅਹਿਮ ਲੋੜ ਹੈ।

• ਸਪਲਾਈ ਲਾਈਨ ਨੂੰ ਤੋੜਨਾ ਇਸ ਜੱਦੋ-ਜਹਿਦ ਦਾ ਅਹਿਮ ਪਹਿਲੂ ਹੈ। ਇਹ ਸਮੱਸਿਆ ਦਾ ਕੇਂਦਰ-ਬਿੰਦੂ ਹੈ। ਇਸ ਲਈ ਪੁਲਿਸ ਵਿਭਾਗ ਕੋਲ ਨਫ਼ਰੀ ਦੀ ਘਾਟ ਹੈ। ਤਫ਼ਤੀਸ਼ ਪੇਚੀਦਾ ਤੇ ਸਮਾਂਬੱਧ ਹੈ। ਇਸ ਸਮੱਸਿਆ ਲਈ ਲੋੜੀਂਦੇ ਸਾਧਨਾਂ ਦੀ ਲੋੜ ਹੈ।

• ਇਸ ਮੁਹਿੰਮ ਤਹਿਤ ਜਿਵੇਂ ਸਪਲਾਈ ਲਾਈਨ ਤੋੜਨ ਲਈ ਵਿਸ਼ੇਸ਼ ਯਤਨ ਕੀਤੇ ਜਾ ਰਹੇ ਹਨ, ਇਵੇਂ ਹੀ ਨਸ਼ਾ ਛੁਡਾਉਣ ਲਈ ਵੀ ਵਿਸ਼ੇਸ਼ ਉਪਰਾਲਿਆਂ ਦੀ ਲੋੜ ਹੈ। ਨਸ਼ਾ ਛੁਡਾਊ ਮਾਹਿਰਾਂ ਤੇ ਕੌਂਸਲਰਾਂ ਦੀ ਗਿਣਤੀ ਸਮੱਸਿਆ ਦੇ ਮੁਕਾਬਲੇ ਬਹੁਤ ਘੱਟ ਹੈ। ਪ੍ਰਾਈਵੇਟ ਨਸ਼ਾ ਛੁਡਾਊ ਕੇਂਦਰਾਂ ਦੀ ਛਾਣਬੀਣ ਕਰਨੀ ਜ਼ਰੂਰੀ ਹੈ। ਸਿਹਤ ਵਿਭਾਗ ਵਲੋਂ ਅਹਿਮ ਰੋਲ ਅਦਾ ਕਰਨ ਦੀ ਲੋੜ ਹੈ।

• ਸਕੂਲਾਂ ਵਿਚ ਨਸ਼ਿਆਂ ਬਾਰੇ ਇਕ ਪੀਰੀਅਡ ਨਸ਼ਿਆਂ ਵਿਰੁੱਧ ਜਾਗਿਬੀ, ਨੈਤਿਕਤਾ ਤੇ ਹੋਰ ਸਮਾਜਿਕ ਕੁਰੀਤੀਆਂ ਬਾਰੇ ਹੋਣਾ ਚਾਹੀਦਾ ਹੈ।

• ਨਸ਼ਿਆਂ ਵਿਰੁੱਧ ਵਿੱਢੀ ਮੁਹਿੰਮ ਇਕ ਦਿਨ ਲੋਕਾਂ ਦੇ ਸਹਿਯੋਗ ਨਾਲ ਹੀ ਪ੍ਰਵਾਨ ਚੜ੍ਹਨੀ ਹੈ। ਇਸ ਸੰਬੰਧ ਵਿਚ ਨਸ਼ਾ ਰੋਕੂ ਕਮੇਟੀਆਂ ਦੇ ਮੁੜ ਨਿਰਮਾਣ ਦੀ ਲੋੜ ਹੈ। ਇਸ ਉਦੇਸ਼ ਲਈ ਸਮਾਜਿਕ ਸੁਰੱਖਿਆ ਅਤੇ ਪੇਂਡੂ ਵਿਕਾਸ ਮਹਿਕਮਿਆਂ ਵਲੋਂ ਪੂਰਨ ਸ਼ਮੂਲੀਅਤ, ਸੇਧ ਅਤੇ ਸਹਾਇਤਾ ਦੀ ਅਹਿਮ ਲੋੜ ਹੈ।

* * *

ਇਹ ਸਾਲ 2014 ਫ਼ਿਰੋਜ਼ਪੁਰ ਜ਼ਿਲ੍ਹੇ ਦੀ ਘਟਨਾ ਹੈ। ਨਸ਼ਿਆਂ ਵਿਰੁੱਧ ਚੱਲ ਰਹੀ ਮੁਹਿੰਮ ਤੋਂ ਉਤਸ਼ਾਹਿਤ ਹੋ ਕੇ ਇਕ ਬੁੱਢੀ ਮਾਂ ਨੇ ਨਸ਼ਈ ਜਵਾਈ ਵਿਰੁੱਧ ਸੂਚਨਾ ਦਿੱਤੀ। ਉਸ ਦੀਆਂ ਦੋਹਤੀਆਂ ਜਵਾਨੀ ਦੇ ਬੂਹੇ 'ਤੇ ਆ ਖਲੋਤੀਆਂ ਸਨ, ਲੇਕਿਨ ਉਸ ਦਾ ਜਵਾਈ ਨਸ਼ਿਆਂ ਦੀ ਲੋੜ ਪੂਰੀ ਕਰਦਾ-ਕਰਦਾ ਜਾਇਦਾਦ ਦਾ ਵੱਡਾ ਹਿੱਸਾ ਵੇਚ ਚੁੱਕਾ ਸੀ। ਹੁਣ ਉਹ ਦੋ ਖੇਤ ਇਕੱਠੇ ਵੇਚਣ ਦੀ ਤਿਆਰੀ ਕਰ ਰਿਹਾ ਸੀ। ਬੁੱਢੀ ਮਾਂ ਨੇ ਕਚਹਿਰੀ ਦੇ ਗੇੜਿਆਂ ਦੀ ਪੂਰੀ ਕਨਸੋਅ ਰੱਖੀ। ਉਸ ਨੇ ਦੋਵੇਂ ਦੋਹਤੀਆਂ ਨੂੰ ਨਾਲ ਲੈ ਕੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਦਰਖ਼ਾਸਤ ਦਿੱਤੀ ਕਿ ਬੱਚੀਆਂ ਦੀ ਜਾਇਦਾਦ ਉਨ੍ਹਾਂ ਦਾ ਬਾਪ ਅੱਗੇ ਨਾ ਵੇਚ ਸਕੇ। ਇਸੇ ਦਰਖ਼ਾਸਤ ਦੀ ਇੱਕ ਕਾਪੀ ਲੈ ਕੇ ਉਹ ਤਿੰਨੋਂ ਮੇਰੇ ਦਫ਼ਤਰ ਆਈਆਂ ਸਨ। ਇਸ਼ਾਰੇ ਨਾਲ ਦੋਵੇਂ ਕੁੜੀਆਂ ਨੂੰ ਦਫ਼ਤਰ ਤੋਂ ਬਾਹਰ ਭੇਜ ਉਹ ਨਸ਼ਿਆਂ ਬਾਰੇ ਸੂਚਨਾ ਦੇਣ ਲੱਗੀ। ਨਸ਼ਾ ਖ਼ਰੀਦਣ ਵਾਲਿਆਂ ਦਾ ਸਮਾਂ, ਪੁੜੀਆਂ ਕਿੱਥੇ-ਕਿੱਥੇ ਪਈਆਂ ਹੁੰਦੀਆਂ ਹਨ ਤੇ ਪੈਸੇ ਦੀ ਸੰਭਾਲ ਕਿਵੇਂ ਤੇ ਕਿੱਥੇ ਕੀਤੀ ਜਾਂਦੀ ਹੈ, ਉਸ ਨੇ ਦੱਬਵੀਂ ਆਵਾਜ਼ ਵਿਚ ਹਾਲਾਤ ਨੂੰ ਪੂਰੇ ਵਿਸਥਾਰ ਨਾਲ ਖੋਲ੍ਹਿਆ। ਅਗਲੀ ਸਵੇਰ ਹੀ ਛਾਪਾ ਮਾਰਿਆ ਗਿਆ। ਨਸ਼ਿਆਂ ਦਾ ਤਸਕਰ ਜੇਲ੍ਹ ਚਲਿਆ ਗਿਆ ਤੇ ਬੁੱਢੀ ਮਾਂ ਕੋਲ ਬੈਠ ਕੇ ਨਸ਼ਈ ਜਵਾਈ ਦਾ ਇਲਾਜ ਕਰਾਉਣ ਲੱਗੀ।

ਪੰਜਾਬ ਦੀ ਅਸਹਿ ਪੀੜ ਨੂੰ ਮੁੱਖ ਰੱਖਦਿਆਂ ਸਾਨੂੰ ਨਸ਼ਿਆਂ ਦੀ ਰੋਕਥਾਮ ਲਈ ਕੰਡਿਆਂ ਦੀ ਚੋਭ ਵੀ ਸਹਾਰ ਲੈਣੀ ਚਾਹੀਦੀ ਹੈ।

# ਗੁਰਦੁਆਰਾ ਲਮਿੰਗਟਨ ਸਫਾ ਵਿਖੇ ਨਵੇਂ ਸਾਲ ਦੀ ਆਮਦ ਵਿੱਚ ਮਹਾਨ ਗੁਰਮਤਿ ਸਮਾਗਮ




ਦਰਬਾਰ ਸਾਹਿਬ ਦੇ ਹਜੂਰੀ ਰਾਗੀ ਭਾਈ ਹਰਦੀਪ ਸਿੰਘ ਆਪਣੇ ਸਾਥੀਆਂ ਨਾਲ ਕੀਰਤਨ ਕਰਦੇ ਹੋਏ-ਸ: ਅਮਰਦੀਪ ਸਿੰਘ ਸੰਘਾ ਤੇ ਭਾਈ ਜੋਗਿੰਦਰ ਸਿੰਘ ਨੂੰ ਪੁਸਤਕ ਭੇਟ ਕਰਦੇ ਹੋਏ।

**ਲਮਿੰਗਟਨ ਸਪਾ-(ਸੁਖਜਿੰਦਰ ਸਿੰਘ ਢੱਡੇ) ਧਰਮ ਪ੍ਰਚਾਰ ਨੂੰ ਸਮਰਪਿਤ ਗੁਰਦੁਆਰਾ ਲਮਿੰਗਟਨ ਸਪਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਨਾਨਕ ਸ਼ਾਹੀ ਸੰਮਤ 557ਵਾਂ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸ: ਅਮਰਦੀਪ ਸਿੰਘ ਸੰਘਾ ਵੱਲੋਂ ਪ੍ਰਾਪਤ ਸੂਚਨਾ ਅਨੁਸਾਰ ਇਸ ਸਬੰਧ ਵਿੱਚ ਸਜਾਏ ਗਏ ਵਿਸ਼ੇਸ਼ ਦੀਵਾਨ ਵਿੱਚ ਰਹਿਰਾਸ ਸਾਹਿਬ ਜੀ ਦੇ ਪਾਠ ਉਪਰੰਤ ਹਜੂਰੀ ਰਾਗੀ ਗਿਆਨੀ ਸਰਜੀਤ ਸਿੰਘ ਨੇ ਆਪਣੇ ਸਾਥੀਆਂ ਨਾਲ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ ਉਪਰੰਤ ਭਾਈ ਹਰਦੀਪ ਸਿੰਘ ਹਜੂਰੀ ਰਾਗੀ ਸਚਖੰਡ ਸ੍ਰੀ ਦਰਬਾਰ ਸਾਹਿਬ ਨੇ ਕੀਰਤਨ ਸਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ।**

ਪੰਥਕ ਵਿਦਵਾਨ ਗਿ: ਅੰਮ੍ਰਿਤਪਾਲ ਸਿੰਘ ਜੀ ਲੁਧਿਆਣੇ ਵਾਲਿਆਂ ਨੇ ਸੰਮਤ 557 ਦੇ ਸਬੰਧ ਵਿੱਚ ਗੁਰਬਾਣੀ ਦੀ ਰੋਸ਼ਨੀ ਵਿੱਚ ਇਤਿਹਾਸਕ ਚਾਨਣਾ ਪਾਇਆ। ਇਸ ਮੌਕੇ ਮੁੱਖ ਪ੍ਰਬੰਧਕ ਸ: ਜੋਗਿੰਦਰ ਸਿੰਘ, ਸਕੱਤਰ ਸ: ਜਸਵੰਤ ਸਿੰਘ ਵਿਰਦੀ ਨੇ ਨਵੇਂ ਸਾਲ ਦੀ ਸਮੂਹ ਸੰਗਤ ਨੂੰ ਵਧਾਈ ਦਿੱਤੀ। ਇਸ ਮੌਕੇ ਸੰਭਲ ਜੀ ਵੱਲੋਂ ਲਿਖੀ ਪੁਸਤਕ ਰੂਹਾਨੀ ਸੰਦੇਸ਼ ਰੱਬੀ ਇਤਿਹਾਸਕ ਨੂਰੀ ਕਿਰਨਾਂ ਨਾਮ ਦੀ ਸ: ਅਮਰਦੀਪ ਸਿੰਘ ਸੰਘਾ ਅਤੇ ਜੀਵਨ ਬਾਬਾ ਬਚਿੱਤਰ ਸਿੰਘ ਸ਼ਹੀਦ ਦੀ ਪੁਸਤਕ ਜੋਗਿੰਦਰ ਸਿੰਘ ਪ੍ਰਧਾਨ ਨੂੰ ਗਿ: ਸਰਜੀਤ ਸਿੰਘ ਤੇ ਭਾਈ ਕੁਲਤਾਰਨ ਸਿੰਘ ਲਾਲੀ ਰਾਹੀਂ ਭੇਂਟ ਕੀਤੀ। ਇਸ ਮੌਕੇ ਭਾਈ ਰਣਧੀਰ ਸਿੰਘ ਸੰਭਲ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਜ ਸੇਵਾ ਦਾ ਸੰਚਾਲਨ ਗਿਆਨੀ ਸਰਜੀਤ ਸਿੰਘ ਨੇ ਕੀਤਾ।


# ਗੁਰੂ ਤੇਗ ਬਹਾਦਰ ਗੁਰਦੁਆਰਾ ਡਡਲੀ ਵਿਖੇ ਇਕ ਮੁੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ

## 1 VACANCY FOR MINISTER OF RELIGION (TIER-2)

***Job Title : MINISTER OF RELIGION - Full Time***

**Duration:-** Two Year – with the prospect to become a permanent position

**Duties & Responsibilities:-** Officiating marriages, birth and funerals

- Duties include reading of the Sri Guru Granth Shib Ji, conducting Daily/weekly Diwans, preach Sikh Religion to congregation.
- The Sikh Holy Parkash Guru Granth Sahib ie Morning Prayer and Evening Prayer,
- To be responsible to ensure the daily religious activities are in line with the Sikh religion. - Require leading daily worship
- Must pay the highest respect to the Guru Maharaj ji as well as public (Guru Ki Sadh Sangat) is essential.
- Undertake any other reasonable duties/activities in pursuing the Organization's religious programs.
- On occasions the candidate maybe required to carry out prayers for family functions at the homes of the devotees
- Benefits include full board and lodges

**Salary: National Minimum Wage for 30 hours a week.**

**Personnel Specification:** The post holder will need to display the following:

I. Previous experience holding a similar role is essential.
2. Knowledge and understanding of the Sikh Religion and Guru Granth Sahib.
4. Strong motivation and empathy towards the aims and objectives of the organisation.
5. Strong organisational skills.
6. Good command of the English and Punjabi language is desirable
7. Good communication and interpersonal skills.
8. Ability to work off own initiative as well as within a team.
9. Willingness to work unsocial hours.

**Other details:**

Applicants must be able to demonstrate that they are legally entitled to work in the U.K and where applicable must provide original proof of their work rights and legal status in the United Kingdom. The Temple committee reserve the rights to make official enquiries to make checks against any documents provided.

**Closing date: 10/04/2025**


**Apply/ Contact: via Phone 01384 238936 or Email:sdevsingh56@googlemail.com**

**GURDWARA GURU TEG BAHADHUR SAHIB JI**
**7 Vicar Street, Dudley, West Midlands, DY2 8RQ**


# ਤੁਸੀਂ ਸਿੱਖ ਕੌਮ ਨੂੰ ਇਕ ਪਲੇਟਫਾਰਮ 'ਤੇ ਲਿਆ ਕਿਵੇਂ ਸਕਦੇ ਹੋ?

## ਪਾਠਕਾਂ ਦੇ ਪੱਤਰ

ਸਿੱਖ ਕੌਮ ਤਾਂ ਸਿਰਫ਼ ਕਰਨੀ ਲਈ ਅੱਗੇ ਵੱਧ ਰਹੀ ਹੈ। ਜਿਥੇ ਕੁਰਸੀ ਹੈ ਉਥੇ ਸਿੱਖ ਦੇਖੋ ਕਿਤਨੇ ਇਕੱਠੇ ਹੁੰਦੇ ਹਨ। ਜਿਵੇਂ ਮਾਂ ਬੋਲੀ ਬਾਰੇ ਲਿਖਿਆ ਹੈ ਪੰਜਾਬੀ ਬੋਲੀ ਵੱਧ ਤਾਂ ਰਹੀ ਹੈ ਸਿਰਫ਼ ਕਾਗਜ਼ਾਂ ਵਿੱਚ ਬਾਕੀ ਆਪ ਦੇਖ ਸਕਦੇ ਹੋ। ਸਾਡੇ ਲੀਡਰ ਦੇਖੋ even ਪੰਜਾਬ ਕੋਈ ਲੀਡਰ ਸਹੀ ਪੰਜਾਬੀ ਵਿੱਚ ਬਿਆਨ ਬਾਜੀ ਕਰਦਾ ਸਤਿ ਸ੍ਰੀ ਅਕਾਲ ਕਹਿ ਕੇ ਤੁਮ ਜਾਨਤੇ ਹੋ। ਆਪਣੇ ਲੈਕਚਰ ਵਿੱਚ ਨਾ ਸਹੀ ਪੰਜਾਬੀ ਬੋਲੀ ਨਾ ਅੰਗ੍ਰੇਜ਼ੀ ਨਾ ਹੀ ਸਹੀ ਹਿੰਦੀ ਹੁੰਦੀ ਹੈ ਸਭ ਥਾਂ ਮਿਲ ਗੋਬਾ ਹੈ। ਫਿਰ ਤੁਸੀਂ ਸਿੱਖ ਕੌਮ ਨੂੰ ਇਕ ਪਲੇਟਫਾਰਮ 'ਤੇ ਲਿਆ ਕਿਵੇਂ ਸਕਦੇ ਹੋ। ਜ਼ਿਆਦਾ ਸਿੱਖ ਕੌਮ ਤਾਂ ਇਕ ਪਾਸੇ ਰਹੀ ਪਰਿਵਾਰ ਜਾਂ ਹਮਜੋਲੀ ਜੋ ਉਨ੍ਹਾਂ ਦਾ ਹੁਕਮ ਮੰਨਦੇ ਹਨ ਉਥੇ ਤੀਕਰ ਹੀ ਸੀਮਤ ਹੈ ਪੰਥਕ ਹਿੱਤ ਲਈ ਦੇਖੋ ਕੀ ਹੋ ਰਿਹਾ ਹੈ ਸ਼੍ਰੋਮਣੀ ਕਮੇਟੀ ਇਕ ਸਾਡੀ ਉੱਤਮ ਸੰਸਥਾ ਹੈ ਉਸ ਵਿੱਚ ਕੀ ਹੋ ਰਿਹਾ ਸਾਡੇ ਪ੍ਰਧਾਨ ਸਾਹਿਬ ਵਕਤ ਸਿਰ ਪ੍ਰਧਾਨਗੀ ਕਰਨ ਤੋਂ ਦੂਰ ਚਲੇ ਜਾਂਦੇ ਹਨ ਬਾਕੀ ਮੈਂਬਰਾਂ ਦੀ ਗੱਲ ਛੱਡੋ। ਅਗਰ ਉਨ੍ਹਾਂ ਬਾਰੇ ਕੋਈ ਟਿੱਪਣੀ ਕਰਦਾ ਹੈ ਉਸ ਬਾਰੇ ਬਹਿਸ ਨਹੀਂ ਕਰਨੀ ਜਾਂ ਸਹੀ ਰਸਤਾ ਨਹੀਂ ਦੱਸਣਾ। ਚਲੋ ਚੁੱਕ ਮੇਰਾ ਅਸਤੀਫਾ। ਹੋਰ ਕੋਈ ਪੰਜਾਬ ਲਈ ਜਾਂ ਪੰਥਕ ਹਿੱਤ ਲਈ ਕਿਹੜਾ ਅੱਗੇ ਆਵੇ-ਗਾ। ਅਗਰ ਸਹੀ ਗੱਲ ਕਰਦਾ ਹੈ ਉਸ ਨੂੰ ਬਾਹਰ ਕਰ ਦਿੱਤਾ ਜਾਂਦਾ ਹੈ even ਸਤਿਕਾਰ ਯੋਗ ਜਥੇਦਾਰ ਸਾਹਿਬ ਨਾਲ ਕੀ ਹੋਈ ਹੈ ਸਾਰੇ ਤਕਰੀਬਨ ਇਸ ਹੱਕ ਵਿੱਚ ਨਹੀਂ ਨਾ ਤਾਂ ਮੋਹਰੇ ਹੋ ਸਹੀ ਗੱਲ ਕਰਦਾ ਹੈ ਜਾਂ ਪਿੱਛੇ ਹੱਟਦਾ ਹੈ। ਆਪਣੀ-ਆਪਣੀ ਦੂਹਾ-ਦੁਹਾਈ ਬਜਾਈ ਜਾਂਦੇ ਹਨ ਫਿਰ ਅੱਗੇ ਪੰਜਾਬ ਦੇ ਹਿੱਤ ਲਈ ਕਿਹੜਾ ਆਵੇਗਾ। ਕਿਤਨੇ ਅਕਾਲੀ ਦਲ ਬਣ ਗਏ ਹਨ। ਸਾਰੇ ਪੰਜਾਬ ਦੇ ਹਿੱਤ ਵਿੱਚ ਨਹੀਂ ਪਰ ਜੇ ਪ੍ਰਧਾਨਗੀ ਮਿਲੇ ਫਿਰ ਨਹੀਂ ਤਾਂ ਇਕ ਦੂਜੇ ਦੀਆਂ ਲੱਤਾਂ ਖਿੱਚਦੇ ਹਨ, ਪਹਿਲੀ ਗੱਲ ਹੁਣ ਕਿਥੇ ਉਸ ਵਕਤ ਮਹਿਤਾਬ ਸਿੰਘ ਤੇ ਮੰਨੂੰ ਦੀ ਕੈਦ ਵਿੱਚ ਬੀਬੀਆਂ ਨੇ ਧਰਮ ਖਾਤਰ ਕੁਰਬਾਨੀਆਂ ਦਿੱਤੀਆਂ ਇਹ ਲੰਮਾ ਇਤਿਹਾਸ ਹੈ ਪਰ ਹੁਣ ਕਿਹੜੀ ਬੀਬੀ ਇਸ ਤਰ੍ਹਾਂ ਕਰ ਸਕਦੀ ਹੈ ਸਿਰਫ ਪ੍ਰਧਾਨ ਜਰੂਰ ਬਣ ਸਕਦੀਆਂ ਬਾਕੀ ਕੁਰਬਾਨੀ ਦੀ ਦੇਵੀ ਈਸ਼ਰ ਸਿੰਘ ਦੀ ਕਵਿਤਾ ਠੀਕ ਢੁੱਕਦੀ ਹੈ ਕਿਸੇ ਪਾਈ ਸਾੜੀ ਦਾ ਮਜਬ ਨੂੰ ਖਤਰਾ-ਕਿਸੇ ਬੰਨੀ ਦਾਹੜੀ ਤਾਂ ਮਜਬ ਨੂੰ ਖਤਰਾ-ਵਗੈਰਾ



ਇਹ ਠੀਕ ਹੈ ਫਿਰ ਕਿਵੇਂ ਕਿਵੇਂ ਸਿੱਖ ਕੌਮ ਪੰਜਾਬ ਜਾਂ ਪੰਥਕ ਹਿੱਤ ਵਿੱਚ ਅੱਗੇ ਵੱਧ ਕੇ ਕਰ ਸਕਦੀ ਹੈ ਜੋ ਹੁੰਦਾ ਇਹੋ ਹੀ ਅੱਗੇ ਹੋਣਾ ਹੈ। ਗਲਤੀ ਮੁਆਫ।

**-ਆਪ ਦਾ ਦਾਸ-K.Jogi**

# ਸੰਯੁਕਤ ਕਿਸਾਨ ਮੋਰਚਾ ਵੱਲੋਂ ਪੰਜਾਬ ਵਿਧਾਨ ਸਭਾ ਵੱਲ ਮਾਰਚ 26 ਨੂੰ

**ਚੰਡੀਗੜ੍ਹ- ਸੰਯੁਕਤ ਕਿਸਾਨ ਮੋਰਚਾ ਨੇ ਬਜਟ ਵਾਲੇ ਦਿਨ 26 ਮਾਰਚ ਨੂੰ ਚੰਡੀਗੜ੍ਹ ਵਿੱਚ ਪੰਜਾਬ ਵਿਧਾਨ ਸਭਾ ਵੱਲ ਮਾਰਚ ਕਰਨ ਦਾ ਐਲਾਨ ਕੀਤਾ ਹੈ। ਇਹ ਐਲਾਨ ਅੱਜ ਚੰਡੀਗੜ੍ਹ ਚ ਸਥਿਤ ਕਿਸਾਨ ਭਵਨ ਵਿੱਚ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਮੀਟਿੰਗ ਤੋਂ ਬਾਅਦ ਕੀਤਾ ਹੈ। ਇਸ ਦੌਰਾਨ ਮੋਰਚੇ ਦੇ ਆਗੂ ਡਾ. ਦਰਸ਼ਨ ਪਾਲ ਅਤੇ ਹੋਰਨਾਂ ਕਿਸਾਨ ਆਗੂਆਂ ਨੇ 3 ਮਾਰਚ ਨੂੰ ਮੁੱਖ ਮੰਤਰੀ ਨਾਲ ਹੋਈ ਮੀਟਿੰਗ ਅਤੇ 5 ਮਾਰਚ ਨੂੰ ਸਰਕਾਰ ਦੇ ਕਿਸਾਨਾਂ ਪ੍ਰਤੀ ਰਵੱਈਏ ਦੀ ਨਿਖੇਧੀ ਕੀਤੀ।**

ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਮਾਰਚ ਨੂੰ ਚੰਡੀਗੜ੍ਹ ਦੇ ਸੈਕਟਰ-34 ਵਿੱਚ ਵੱਡਾ ਇਕੱਠ ਕੀਤਾ ਜਾਵੇਗਾ ਅਤੇ ਪੰਜਾਬ ਵਿਧਾਨ ਸਭਾ ਵੱਲ ਕੂਚ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 4 ਮਈ ਨੂੰ ਜਲੰਧਰ ਵਿੱਚ ਇੱਕ ਸੈਮੀਨਾਰ ਕੀਤਾ ਜਾਵੇਗਾ ਜਿਸ ਵਿੱਚ ਪੰਜਾਬ ਦੇ ਵੱਖ-ਵੱਖ ਵਰਗਾਂ ਨਾਲ ਸਬੰਧਤ ਜਥੇਬੰਦੀਆਂ ਨੂੰ ਸੱਦਾ ਦੇ ਕੇ ਪੰਜਾਬ ਅਤੇ ਕੇਂਦਰ ਸਰਕਾਰ ਦੇ ਕਿਸਾਨ ਵਿਰੋਧੀ ਰਵਈਏ ਬਾਰੇ ਜਾਣੂ ਕਰਵਾਇਆ ਜਾਵੇਗਾ। ਸੰਯੁਕਤ ਕਿਸਾਨ ਮੋਰਚੇ ਵੱਲੋਂ ਮਈ ਮਹੀਨੇ ਵਿੱਚ ਬਰਨਾਲਾ, ਅੰਮ੍ਰਿਤਸਰ ਅਤੇ ਜਲੰਧਰ ਵਿੱਚ ਤਿੰਨ ਵੱਡੀਆਂ ਕਿਸਾਨ ਮਹਾ ਪੰਚਾਇਤਾਂ ਕਰਕੇ ਲੋਕਾਂ ਨੂੰ ਵੀ ਸਰਕਾਰ ਦੇ ਰਵਈਏ ਬਾਰੇ ਜਾਣੂ ਕਰਵਾਇਆ ਜਾਵੇਗਾ ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਵੱਲੋਂ ਹਲੇ ਵੀ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਕਿਸਾਨਾਂ ਦੇ ਤਿੱਖੇ ਰੋਂਅ ਦਾ ਸਾਹਮਣਾ ਕਰਨਾ ਪਵੇਗਾ।

## ਭਗਵੰਤ ਮਾਨ ਹੀ ਮੁੱਖ ਮੰਤਰੀ ਰਹਿਣਗੇ: ਕੇਜਰੀਵਾਲ

ਅੰਮ੍ਰਿਤਸਰ/ਚੰਡੀਗੜ੍ਹ- ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪੰਜਾਬ ਚ ਪਿਛਲੇ ਕੁਝ ਸਮੇਂ ਤੋਂ ਚੱਲ ਰਹੀਆਂ ਅਫ਼ਵਾਹਾਂ ਨੂੰ ਵਿਰਾਮ ਦਿੰਦਿਆਂ ਸਪਸ਼ਟ ਕੀਤਾ ਕਿ ਭਗਵੰਤ ਮਾਨ ਹੀ ਪੰਜਾਬ ਦੇ ਮੁੱਖ ਮੰਤਰੀ ਰਹਿਣਗੇ। ਅੰਮ੍ਰਿਤਸਰ ਵਿੱਚ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਕੇਜਰੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਵਜੋਂ ਭਗਵੰਤ ਮਾਨ ਪੰਜ ਸਾਲ ਪੂਰੇ ਹੀ ਨਹੀਂ ਕਰਨਗੇ ਬਲਕਿ ਉਸ ਤੋਂ ਬਾਅਦ ਅਗਲੇ ਪੰਜ ਸਾਲ ਵੀ ਭਗਵੰਤ ਮਾਨ ਹੀ ਮੁੱਖ ਮੰਤਰੀ ਹੋਣਗੇ।

# ਇਹ ਕੈਲੰਡਰ, 'ਪੁਰਾਤਨ ਨਾਨਕਸ਼ਾਹੀ ਕੈਲੰਡਰ' ਕਿਵੇਂ ਹੈ?

– ਲੇਖਕ–
**ਸਰਵਜੀਤ ਸਿੰਘ ਸੈਕਰਾਮੈਂਟੋ**



ਦਮਦਮੀ ਟਕਸਾਲ ਦੇ ਵਿਦਿਆਰਥੀਆਂ, ਵਿਦਵਾਨਾਂ, ਪ੍ਰਚਾਰਕਾਂ, ਲੇਖਕਾਂ ਅਤੇ ਪ੍ਰਮੁੱਖ ਸੇਵਾਦਾਰਾਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਮੂਲ ਮੰਤਰ ਅਤੇ ਗੁਰਮੰਤਰ ਦੇ ਜਾਪ ਉਪ੍ਰੰਤ ਅਰਦਾਸ ਕਰਕੇ, ਜੈਕਾਰਿਆਂ ਅਤੇ ਨਾਅਰਿਆਂ ਦੀ ਗੂੰਜ ਵਿੱਚ ਨਵੇਂ ਸਾਲ ਦਾ ਕੈਲੰਡਰ, "ਪੁਰਾਤਨ ਨਾਨਕਸ਼ਾਹੀ ਕੈਲੰਡਰ" ਜਾਰੀ ਕੀਤਾ ਗਿਆ। ਜਿਸ ਬਾਰੇ ਲਿਖਤੀ ਦਾਵਾ ਕੀਤਾ ਗਿਆ ਹੈ, ਕਿ ਇਸ ਕੈਲੰਡਰ ਵਿੱਚ ਪੁਰਾਤਨ ਸਮੇਂ ਤੋਂ ਚਲਦੀ ਰਵਾਇਤ ਅਨੁਸਾਰ ਗੁਰੂ ਸਾਹਿਬਾਨਾਂ ਦੇ ਪ੍ਰਕਾਸ਼ ਪੁਰਬ, ਗੁਰਿਆਈ ਅਤੇ ਜੋਤੀ ਜੋਤ ਦਿਵਸ ਅਤੇ ਹੋਰ ਸ਼ਹੀਦੀ ਦਿਹਾੜਿਆਂ ਸਮੇਤ ਕੌਮੀ ਤਿਉਹਾਰਾਂ ਦੀਆਂ ਪੁਰਾਤਨ ਤਾਰੀਖਾਂ ਦਰਜ ਹਨ। ਕੈਲੰਡਰ ਦੇ ਪਿਛਲੇ ਪਾਸੇ ਸਿੱਖ ਇਤਿਹਾਸ ਦੀ ਸੰਬੰਧਿਤ ਮੁੱਢਲੀ ਜਾਣਕਾਰੀ, ਗੁਰੂ ਸਾਹਿਬਾਨਾਂ, ਪੰਜ ਪਿਆਰਿਆਂ, ਚਾਰ ਸਾਹਿਬਜ਼ਾਦਿਆਂ, ਪੰਜ ਤਖ਼ਤਾਂ, ਚਾਰ ਧਾਮਾਂ, ਪੰਜ ਕਕਾਰਾਂ, ਨਿਤਨੇਮ ਦੀਆਂ ਬਾਣੀਆਂ, ਭਗਤਾਂ, ਭੱਟਾਂ, ਦੇਸੀ ਮਹੀਨਿਆਂ ਅਤੇ ਸ਼ਹੀਦਾਂ ਬਾਰੇ ਵੀ ਜਾਣਕਾਰੀ ਦਰਜ ਹੈ।

ਦਮਦਮੀ ਟਕਸਾਲ ਵੱਲੋਂ ਛਾਪੇ ਗਏ ਕੈਲੰਡਰ ਮੁਤਾਬਕ ਨਵੇਂ ਸਾਲ ਦਾ ਆਰੰਭ 1 ਚੇਤ (14 ਮਾਰਚ) ਤੋਂ ਹੁੰਦਾ ਹੈ ਅਤੇ ਸਾਲ ਦਾ ਆਖਰੀ ਦਿਨ 30 ਫੱਗਣ (13 ਮਾਰਚ) ਹੈ। ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਹ ਸੂਰਜੀ ਕੈਲੰਡਰ ਹੈ। ਸਾਲ, ਭਾਵ ਉਹ ਸਮਾਂ ਜਿੰਨੇ ਸਮੇਂ ਵਿੱਚ ਧਰਤੀ ਸੂਰਜ ਦੁਵਾਲੇ ਇਕ ਚੱਕਰ ਪੂਰਾ ਕਰਦੀ ਹੈ, ਉਸ ਨੂੰ ਇਕ ਸਾਲ ਕਿਹਾ ਜਾਂਦਾ ਹੈ। ਇਸ ਸਮੇ ਮੁਤਾਬਕ ਸਾਲ ਦੀ 365.242190 ਦਿਨ ਮੰਨੀ ਗਈ। ਪਰ ਜਦੋਂ ਦਮਦਮੀ ਟਕਸਾਲ ਵੱਲੋਂ ਛਾਪੇ ਗਏ ਕੈਲੰਡਰ ਦੇ ਮਹੀਨਿਆਂ ਦਾ ਆਰੰਭ (ਸੰਗਰਾਂਦ) ਅਤੇ ਮਹੀਨੇ ਦੇ ਦਿਨਾਂ ਦੀ ਗਿਣਤੀ ਦੇ ਮੁਤਾ-ਬਕ ਸਾਲ ਦੀ ਲੰਬਾਈ ਦਾ ਹਿਸਾਬ-ਕਿਤਾਬ ਲਾਇਆ ਤਾਂ ਇਹ 365.256363 ਦਿਨ ਬਣਦੀ ਹੈ। ਜਿਹੜੀ ਦੇ ਕੁਦਰਤ ਦੇ ਨਿਯਮ ਮੁਤਾਬਕ ਧਰਤੀ ਵੱਲੋਂ ਸੂਰਜ ਦਾ ਇਕ ਚੱਕਰ ਪੂਰਾ ਕਰਨ ਦੇ ਸਮੇ ਤੋਂ 0.014173 ਦਿਨ (ਲੱਗਭੱਗ 20 ਮਿੰਟ 24.5 ਸੈਕਿੰਡ) ਵੱਧ ਹੈ। ਦਿਨ ਦੀ ਇਹ ਵਾਧੂ ਲੰਬਾਈ ਲੱਗ ਭੱਗ 71 ਸਾਲ ਪਿਛੋਂ ਇਕ ਦਿਨ ਦੀ ਲੰਬਾਈ ਬਣ ਜਾਂਦੀ ਹੈ। ਇਹ ਲੰਬਾਈ ਸੂਰਜੀ ਬਿਕ੍ਰਮੀ (ਦ੍ਰਿਕ ਗਿਣਤ ਸਿਧਾਂਤ) ਦੇ ਕੈਲੰਡਰ ਦੀ ਲੰਬਾਈ ਹੈ। ਇਹ ਸਿਧਾਂਤ 18-19 ਨਵੰਬਰ 1964 ਈ: ਨੂੰ ਅੰਮ੍ਰਿਤਸਰ ਵਿਖੇ ਹੋਏ ਹਿੰਦੂ ਵਿਦਵਾਨਾਂ ਦੇ ਸਮੇਲਨ ਵੱਲੋਂ ਅਪਣਾਇਆ ਗਿਆ ਗਈ ਸੀ। ਹੁਣ ਸਵਾਲ ਪੈਦਾ ਹੁੰਦਾ ਹੈ ਕਿ 1964 ਈ: ਦੀ ਸੋਧ ਮੁਤਾਬਕ ਬਣਾਏ ਗਏ ਬਿਕ੍ਰਮੀ ਕੈਲੰਡਰ ਨੂੰ, ਪੁਰਾਤਨ ਕੈਲੰਡਰ ਕਿਵੇਂ ਕਿਹਾ ਜਾ ਸਕਦਾ ਹੈ?




ਗੁਰੂ ਕਾਲ ਵੇਲੇ ਆਪਣੇ ਖਿੱਤੇ ਵਿੱਚ ਪ੍ਰਚੱਲਤ ਕੈਲੰਡਰ, ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਕੈਲੰਡਰ ਸੀ। ਇਸ ਦੇ ਸਾਲ ਦੀ ਲੰਬਾਈ 365.258756 ਦਿਨ ਮੰਨੀ ਗਈ ਸੀ। ਜਿਹੜੀ ਕਿ ਰੁੱਤੀ ਸਾਲ (ਠਰੋਪਿਚਓਲੈਇਓਰ) ਤੋਂ 0.16566 ਦਿਨ (ਲੱਗਭੱਗ 23 ਮਿੰਟ 51.3 ਸਕਿੰਟ ) ਵੱਧ ਸੀ। ਜਿਸ ਕਾਰਨ 60 ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਂਦਾ ਸੀ। ਯਾਦ ਰਹੇ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ, ਹੁਣ ਤਾਈਂ 9 ਦਿਨਾਂ ਦਾ ਫਰਕ ਪੈ ਚੁੱਕਾ ਹੈ। 1964 ਈ: ਵਿੱਚ ਸਾਲ ਦੀ ਲੰਬਾਈ ਘਟਾਉਣ ਕਾਰਨ, ਇਸ ਸਾਲ ਭਾਵ ਸੰਮਤ 2082 ਬਿਕ੍ਰਮੀ ਵਿੱਚ 4 ਸੰਗਰਾਂਦਾਂ ਵਿੱਚ ਇਕ ਦਿਨ ਦਾ ਫ਼ਰਕ ਪੈ ਚੁੱਕਾ ਹੈ। ਹੌਲੀ-ਹੌਲੀ 12 ਦੀਆਂ 12 ਸੰਗਰਾਂਦਾਂ ਹੀ ਵੱਖ ਹੋ ਜਾਣਗੀਆਂ। ਮਹੀਨਿਆਂ ਦੇ ਦਿਨਾਂ ਦੀ ਗਿਣਤੀ ਦਾ ਫ਼ਰਕ ਵੀ ਹੇਠ ਦਿੱਤੇ ਟੇਬਲ ਵਿੱਚ ਵੇਖਿਆ ਜਾ ਸਕਦਾ। ਇਸ ਨਜ਼ਰੀਏ ਤੋਂ ਵੀ ਦਮਦਮੀ ਟਕਸਾਲ ਵੱਲੋਂ ਛਾਪੇ ਅਤੇ ਵੰਡੇ ਗਏ ਕੈਲੰਡਰ ਨੂੰ, ਪੁਰਾਤਨ ਕੈਲੰਡਰ ਨਹੀਂ ਕਿਹਾ ਜਾ ਸਕਦਾ ਹੈ।

| ਸੰਮਤ 2082 ਬਿਕ੍ਰਮੀ | | | | |
|---|---|---|---|---|
| ਸਾਲ | ਸੂਰਜੀ ਸਿਧਾਂਤ | | ਦ੍ਰਿਕ ਗਿਣਤ ਸਿਧਾਂਤ | |
| ਮਹੀਨਾ | ਆਰੰਭ | ਦਿਨ | ਆਰੰਭ | ਦਿਨ |
| ਚੇਤ | 14 ਮਾਰਚ | 30 | 14 ਮਾਰਚ | 30 |
| ਵੈਸਾਖ | 13 ਅਪ੍ਰੈਲ | 31 | 13 ਅਪ੍ਰੈਲ | 31 |
| ਜੇਠ | 14 ਮਈ | 32 | 14 ਮਈ | 32 |
| ਹਾੜ | 15 ਜੂਨ | 31 | 15 ਜੂਨ | 31 |
| ਸਾਵਣ | 16 ਜੁਲਾਈ | 31 | 16 ਜੁਲਾਈ | 32 |
| ਭਾਦੋਂ | 17 ਅਗਸਤ | 31 | 16 ਅਗਸਤ | 31 |
| ਅੱਸੂ | 17 ਸਤੰਬਰ | 30 | 16 ਸਤੰਬਰ | 31 |
| ਕੱਤਕ | 17 ਅਕਤੂਬਰ | 30 | 17 ਅਕਤੂਬਰ | 30 |
| ਮੱਘਰ | 16 ਨਵੰਬਰ | 30 | 16 ਨਵੰਬਰ | 29 |
| ਪੋਹ | 16 ਦਸੰਬਰ | 29 | 15 ਦਸੰਬਰ | 30 |
| ਮਾਘ | 14 ਜਨਵਰੀ | 30 | 14 ਜਨਵਰੀ | 29 |
| ਫੱਗਣ | 13 ਫਰਵਰੀ | 29 | 12 ਫਰਵਰੀ | 30 |

ਚੰਦਰ-ਸੂਰਜੀ ਬਿਕ੍ਰਮੀ (ਸੂਰਜੀ ਸਿਧਾਂਤ) ਕੈਲੰਡਰ ਉੱਪਰ ਹੀ ਨਾਨਕਸ਼ਾਹੀ ਸੰਮਤ ਲਿਖੇ ਜਾਣ ਬਾਰੇ, ਹੁਣ ਤਾਈਂ ਕੀਤੀ ਖੋਜ-ਪੜਤਾਲ ਮੁਤਾਬਕ, ਲਾਹੌਰ ਤੋਂ ਛਪੀ ਜਨਮਸਾਖੀ ਉੱਪਰ ਸੰਮਤ ਸ੍ਰੀ ਗੁਰੂ ਨਾਨਕ 414 (1883 ਈ:) ਮਿਲਿਆ ਹੈ। (ਜੇ ਕਿਸੇ ਸੱਜਣ ਪਾਸ ਇਸ ਤੋਂ ਪਹਿਲਾ ਨਾਨਕਸ਼ਾਹੀ ਸੰਮਤ ਲਿਖੇ ਜਾਣ ਦੀ ਜਾਣਕਾਰੀ ਹੋਵੇ ਤਾਂ ਸਬੂਤ ਸਮੇਤ ਸਾਂਝੀ ਕਰਨ ਦੀ ਕ੍ਰਿਪਾਲਤਾ ਕਰਨੀ ਜੀ) ਡਾ ਗੰਡਾ ਸਿੰਘ ਜੀ ਵੱਲੋਂ ਸੰਪਾਦਕ ਕੀਤੀ ਗਈ ਕਿਤਾਬ, 'ਹੁਕਮਨਾਮੇ' ਵਿੱਚ ਆਖਰੀ ਹੁਕਮਨਾਮਾ, ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਸਾਹਿਬ ਦਾ ਦਰਜ ਹੈ। ਇਸ ਉਪਰ ਮਾਘ ਸੁਦੀ 5, ਸੰਮਤ 1918 ਬਿਕ੍ਰਮੀ (4 ਫਰਵਰੀ 1862 ਈ:) ਤਾਰੀਖ ਦਰਜ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ 1862 ਈ: ਤੀਕ ਨਾਨਕਸ਼ਾਹੀ ਸੰਮਤ ਲਿਖਣ ਦਾ ਰਿਵਾਜ ਨਹੀਂ ਸੀ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ ਛਾਪੀ ਗਈ 1992 ਈ: ਦੀ ਜੰਤਰੀ ਉੱਪਰ ਸੰਮਤ ਬਿਕ੍ਰਮੀ 2048-2049, ਸੰਮਤ ਨਾਨਕਸ਼ਾਹੀ 523-524, ਸੰਮਤ ਸਾਕਾ 1913-1914 ਅਤੇ ਸੰਮਤ ਖਾਲਸਾ 293-294 ਦਰਜ ਹੈ। ਇਸ ਜੰਤਰੀ ਦਾ ਆਰੰਭ 1 ਜਨਵਰੀ 1992 ਈ: ਤੋਂ ਹੁੰਦਾ ਹੈ। ਇਸ ਜੰਤਰੀ ਮੁਤਾਬਕ ਸੰਮਤ 2049 ਦਾ ਆਰੰਭ ਚੇਤ ਸੁਦੀ ੧ (4 ਅਪ੍ਰੈਲ) ਤੋਂ ਹੁੰਦਾ ਹੈ। ਨਾਨਕਸ਼ਾਹੀ ਸੰਮਤ 524, ਭਾਵ ਨਵੇਂ ਸਾਲ ਦਾ ਆਰੰਭ ਕੱਤਕ ਦੀ ਪੁੰਨਿਆ (10 ਨਵੰਬਰ) ਤੋਂ ਹੁੰਦਾ ਹੈ। ਇਸ ਤੋਂ ਸਹਿਜੇ ਹੀ ਅਸੀਂ ਇਸ ਨਤੀਜੇ ਤੇ ਪੁੱਜ ਜਾਂਦੇ ਹਾਂ ਕਿ ਪੁਰਾਣਾ ਨਾਨਕਸ਼ਾਹੀ ਸੰਮਤ ਚੰਦ ਦੇ ਸਾਲ (ਕੈਲੰਡਰ) ਮੁਤਾਬਕ ਬਦਲਦਾ ਸੀ ਨਾਕਿ ਸੂਰਜੀ ਸਾਲ ਮੁਤਾਬਕ। ਟਕਸਾਲ ਵੱਲੋਂ ਜਾਰੀ ਕੀਤੇ ਗਏ ਕੈਲੰਡਰ ਦਾ ਆਰੰਭ ੧ ਚੇਤ ਤੋਂ ਹੁੰਦਾ ਹੈ। ਦਮਦਮੀ ਟਕਸਾਲ ਵੱਲੋਂ ਆਪਣੇ ਕੈਲੰਡਰ ਉੱਪਰ "ਪੁਰਾਤਨ ਨਾਨਕਸ਼ਾਹੀ ਕੈਲੰਡਰ" ਲਿਖਣਾ ਇਸ ਕਸਵੱਟੀ ਤੇ ਪੂਰਾ ਵੀ ਪੂਰਾ ਨਹੀਂ ਉਤਰਦਾ।

ਗੁਰੂ ਕਾਲ ਅਤੇ ਮੌਜੂਦਾ ਸਮੇਂ ਪ੍ਰਚਲਤ ਕੈਲੰਡਰਾਂ ਦੀਆਂ ਚੰਦ੍ਰਮਾ ਦੀਆਂ ਵਦੀਆਂ-ਸੁਦੀਆਂ ਵਾਲੀਆਂ ਤਿੱਥਾਂ ਨੂੰ ਮਿਲਾ ਕੇ ਵੇਖਿਆ ਤਾਂ ਉਨ੍ਹਾਂ ਵਿੱਚ ਵੀ ਫ਼ਰਕ ਸਪਸ਼ਟ ਵਿਖਾਈ ਦਿੰਦਾ ਹੈ। ਉਪ੍ਰੋਕਤ ਸਾਰਣੀ ਨੂੰ ਧਿਆਨ ਨਾਲ ਵੇਖੋ। ਗੁਰੂ ਕਾਲ ਵਾਲੇ ਭਾਵ ਪੁਰਾਤਨ ਕੈਲੰਡਰ (ਸੂਰਜੀ ਸਿਧਾਂਤ) ਅਤੇ 1964 ਈ: ਵਿੱਚ ਕੀਤੀ ਗਈ ਸੋਧ ਮੁਤਾ-ਬਕ (ਦ੍ਰਿਕ ਗਿਣਤ ਸਿਧਾਂਤ) ਵਾਲੇ ਨਵੇਂ ਬਿਕ੍ਰਮੀ ਕੈਲੰਡਰ ਦੇ, ਨਵੇਂ ਸਾਲ (ਸੰਮਤ 2082 ਬਿਕ੍ਰਮੀ) ਦਾ ਆਰੰਭ ਚੇਤ ਸੁਦੀ ੧, (30 ਮਾਰਚ ) ਦਿਨ ਐਤਵਾਰ ਤੋਂ ਹੋਵੇਗਾ। 31 ਮਾਰਚ ਨੂੰ ਦੋਵਾਂ ਕੈਲੰਡਰਾਂ ਦੀ ਚੇਤ ਸੁਦੀ ੨ ਹੈ। 1 ਅਤੇ 2 ਅਪ੍ਰੈਲ ਨੂੰ ਇਕ ਦਿਨ ਦਾ ਫਰਕ ਪੈ ਜਾਂਦਾ ਹੈ। 3 ਅਪ੍ਰੈਲ ਨੂੰ ਫੇਰ ਦੋਵਾਂ ਸਿਧਾਂਤਾਂ ਮੁਤਾਬਕ ਚੇਤ ਸੁਦੀ ੬ ਆ ਜਾਂਦੀ ਹੈ।

ਪਾਠਕ ਵੇਖ ਸਕਦੇ ਹਨ ਕਿ ਦਮਦਮੀ ਟਕਸਾਲ ਵੱਲੋਂ ਛਾਪਿਆ "ਪੁਰਾਤਨ ਨਾਨਕਸ਼ਾਹੀ ਕੈਲੰਡਰ" ਕਿਸੇ ਵੀ ਕਸਵੱਟੀ ਉੱਪਰ ਪੂਰਾ ਨਹੀਂ ਉਤਰਿਆ। ਇਸ ਕੈਲੰਡਰ ਨੂੰ 'ਪੁਰਾਤਨ ਨਾਨਕਸ਼ਾਹੀ ਕੈਲੰਡਰ' ਕਹਿਣਾ ਤਾਂ ਦੂਰ ਦੀ ਗੱਲ, 'ਪੁਰਾਤਨ ਬਿਕ੍ਰਮੀ ਕੈਲੰਡਰ' ਵੀ ਨਹੀਂ ਕਿਹਾ ਜਾ ਸਕਦਾ। ਕੀ ਇਕ ਧਾਰਮਿਕ ਸੰਸਥਾ ਨੂੰ ਕੈਲੰਡਰ ਸਬੰਧੀ ਗੁਮਰਾਹ ਕੁਨ ਪ੍ਰਚਾਰ ਕਰਨਾ ਸ਼ੋਭਾ ਦਿੰਦਾ ਹੈ? ਹੁਣ 'ਖ਼ਾਲਸਾ ਪੰਥ ਦੀ ਚੱਕਰਵਰਤੀ ਧਾਰਮਿਕ ਯੂਨੀਵਰਸਿਟੀ' ਦੇ ਵਿਦਵਾਨਾਂ ਦਾ ਫਰਜ਼ ਬਣਦਾ ਹੈ ਕਿ ਉਹ ਇਹ ਸਾਬਿਤ ਕਰਨ, ਕਿ ਦਮਦਮੀ ਟਕਸਾਲ ਵੱਲੋਂ ਛਾਪ ਕੇ ਦੇਸ਼-ਵਿਦੇਸ਼ ਵਿੱਚ ਵੰਡਿਆ ਗਿਆ ਇਹ ਕੈਲੰਡਰ 'ਪੁਰਾਤਨ ਨਾਨਕਸ਼ਾਹੀ ਕੈਲੰਡਰ' ਕਿਵੇਂ ਹੈ?

| ਤਾਰੀਖ | ਸੂਰਜੀ ਸਿਧਾਂਤ | ਦ੍ਰਿਕ ਗਿਣਤ ਸਿਧਾਂਤ |
|---|---|---|
| 30 ਮਾਰਚ | ਚੇਤ ਸੁਦੀ 1 | ਚੇਤ ਸੁਦੀ 1 |
| 31 ਮਾਰਚ | ਚੇਤ ਸੁਦੀ 2 | ਚੇਤ ਸੁਦੀ 2 |
| 1 ਅਪ੍ਰੈਲ | ਚੇਤ ਸੁਦੀ 3 | ਚੇਤ ਸੁਦੀ 4 |
| 2 ਅਪ੍ਰੈਲ | ਚੇਤ ਸੁਦੀ 4 | ਚੇਤ ਸੁਦੀ 5 |
| 3 ਅਪ੍ਰੈਲ | ਚੇਤ ਸੁਦੀ 6 | ਚੇਤ ਸੁਦੀ 6 |

**ਲੇਖਿਕਾ**
**ਬਲਵਿੰਦਰ ਕੌਰ**
**ਚਾਹਲ (ਸਾਊਥਾਲ)**



# ਨਿਰਣਾ

ਦੂਜਾ ਭਾਗ, ਇਕ ਵਾਰਤਾ ਵਿੱਚ ਸ਼ਾਮਿਲ ਸੀ ਬਾਪੇ ਜਥੇਦਾਰ ਗੜਗੱਜ ਦੇ ਹੱਕ ਵਿੱਚ ਨਿਤਰੇ ਸਰਬਜੀਤ ਸਿੰਘ ਧੂੰਦਾ, ਕਥਾਵਾਚਕ, ਸ਼ਾਇਦ ਸਬੰਧੀ ਧੂੰਦਾ ਕੁਝ ਵਰ੍ਹੇ ਪਹਿਲਾਂ ਵਿਵਾਦਾਂ ਵਿੱਚ ਤੇ ਆਏ ਸਾਊਥਾਲ, ਅਸੀਂ ਬਚਾਅ ਪੱਖੀ, ਇਹ ਫੇਰ ਅਫ਼ਗਾਨੀ ਗੁਰੂ ਘਰ ਗਏ, ਅਸੀਂ ਮਗਰ ਸਕਿਊਰਿਟੀ ਬਣੇ, ਮੁੜ ਇਹ ਕੈਨੇਡਾ ਵੱਲ ਨੂੰ ਨਿਕਲ ਗਏ, ਵਿਵਾਦੀ ਨਹੀਂ ਹਟੇ ਗੜਗੱਜ ਜਥੇਦਾਰ ਨੇ ਭਿਉਂ ਕੇ ਟਕੋਰਾਂ ਲਾਈਆਂ ਜਦੋਂ ਕਿਹਾ ਜੇ ਮੈਂ ਜਥੇਦਾਰੀ ਤੋਂ ਲਾਹ ਦਿੱਤਾ ਫਿਰ ਵੀ ਨਵੇਂ ਬਣਾਏ ਜਥੇਦਾਰ ਨੂੰ ਦਸਤਾਰ ਭੇਟ ਕਰੂੰ, ਵਿਰੋਧੀਆਂ ਨੂੰ ਨੰਗੇ ਪੈਰੀਂ ਮਿਲਣ ਜਾਊਂ ਗਿਆਨੀ ਹਰਿਪ੍ਰੀਤ ਸਿੰਘ ਨੂੰ ਸ਼ਾਦਾਂ, ਨਾਲ ਹੀ ਗਿਆਨੀ ਰਘਬੀਰ ਸਿੰਘ ਨੂੰ ਜੋ ਹਮਾਇਤੀਆਂ ਨੂੰ ਉਕਸਾਹ ਰਿਹਾ ਹੈ, ਬਹਾਲੀ ਕਰਵਾਊ ਗੁਰਮੁਖ ਬਣ ਸਫਾਰਸ਼ਾਂ ਨਾਲ ਹੈਡ ਗ੍ਰੰਥੀ ਪੁਣਾ ਮਿਲ ਗਿਆ, ਹੁਣ ਰੱਖ ਨੀ ਹੋਣਾ, ਚਤੁਰਾਈਆਂ ਨਾਲ ਮਾਣ ਭੀ ਗੁਆਊ ਗੜਗੱਜ ਹੋਰਾਂ, ਕਿਹਾ ਮਹਿਲ ਢਹਿ ਢੇਰੀ ਕਰਨ ਵਾਲੇ ਨੇ ਇਹ ਕਮਰਿਆਂ ਪਿੱਛੇ ਲੜਦੇ ਫਿਰਦੇ ਨੇ।

**ਬੋਲੀ**: ਮੇਰਾ ਲੌਂਗ ਗੁਆਚਾ, ਮੇਰੇ ਦਿਉਰ ਨੂੰ ਧਿਆਇਆ, ਉਹਨੇ ਕੰਠਾ ਕਰਾਇਆ, ਮੇਰੇ ਸਾਹਮਣੇ ਹੰਡਾਇਆ, ਮੇਰੇ ਵਗਣ ਕਾਲਜੇ ਛੁਰੀਆਂ, ਲੌਂਗ ਗੁਆ ਆਈ ਵੇ। ਨਵੇਂ ਬਾਪੇ ਜਥੇਦਾਰ ਨੂੰ ਸਬਕ, ਭਾਈ ਕਿਤੇ ਇੰਗਲੈਂਡ ਨੂੰ ਨੰਗੇ ਪੈਰੀਂ ਤੁਰ ਪੈਣਾ, ਇਥੇ ਤਾਂ ਸਰਾਫ ਹੀ ਸਰਾਫ ਹੈ। ਘਰੇ ਟਿਕੇ ਰਹਿਣਾ, ਅਸ਼ਰਫੀਆਂ ਦੀ ਲੋੜ ਇਹ ਸੂਲ੍ਹੀ ਨੇ ਖਾਸ ਕਰ ਯੂ.ਕੇ.

**ਅਕਾਲੀ ਸੰਕਟ**:–ਡੂੰਘਾ ਪਰ ਇਕ ਲਈ ਨਹੀਂ ਬਾਗੀਆਂ ਦਾ ਪਰਦਾ ਫਾਸ਼ ਸਿਕੰਦਰ ਮਲੂਕੇ ਨੇ ਕਰਤਾ ਕਹਿ ਕੇ ਨਵੀਂ ਪਾਰਟੀ ਬੀ. ਜੇ. ਪੀ. ਭਾਈਵਾਲੀ, ਦੂਜੇ ਪਾਸੇ ਵਿਕਰਮ ਮਜੀਠੀਆ ਨੇ ਇਯਾਲੀ ਨਾਲ ਜੋਟੀ ਪਾ ਕੇ ਦੋਨਾਂ ਨੇ ਬਲ੍ਹਵ ਫਲੁਸ ਕਰਕੇ, ਦੂਜੇ ਲੋਧੀਨੰਗਲ, ਸ਼ਰਨਜੀਤ ਢਿੱਲੋਂ ਤਾਂ ਪਿਲਸਣੀਏ ਸਨ ਇਕੋ ਦੁੱਕੇ ਤਾਂ ਐਮੇ ਡਿੱਗੇ ਪਏ ਸਨ ਸਾਹ ਲੈਂਦੇ ਨੇ ਭਰਤੀ ਵਿੱਚ ਬਹੁਤੀ ਭੂਮਿਕਾ ਨਿਭਾਈ ਨੀ ਹੁਣ ਤਾਂ ਸਮਝੋ ਗੁਆ ਲਿਆ ਕੀਤਾ ਕਰਾਇਆ, ਮੋਠਾਂ ਛਾਵੇਂ।

ਸੂਬੇਦਾਰਨੀਏ ਕਰ ਕਚਰਿਆਂ ਦੀ ਰਾਖੀ, ਸੁਖਬੀਰ ਨੇ ਆਪਣੇ ਜੀਜੇ ਨਾਲ ਕੀਤੀ ਸੀ (ਆਦੇਸ਼ ਪ੍ਰਤਾਪ ਸਿੰਘ) ਲਿਖਦੀ ਜਾਵਾਂ ਇਹ ਪ੍ਰਤਾਪ ਸਿੰਘ ਕੈਰੋਂ (ਸਵ: ਮੁੱਖ ਮੰਤਰੀ) ਪੰਜਾਬ ਲਈ ਬੜਾ ਕੁਝ ਕੀਤਾ ਸੀ ਦੇ ਫਰਜੰਦ ਹਨ, ਲੋਕੀ ਬੇਗੁਰੇ ਹੁੰਦੇ ਨੇ, ਕਤਲ ਕੀਤਾ ਸੀ, ਪਰ ਸਜ਼ਾ ਪਾਈ ਸੀ, ਬੇਅੰਤ ਸਿੰਘ ਦੇ ਕਾਤਲ ਰਾਜੋਆਣਾ ਭੀ ਭੁਗਤਦਾ ਹੈ, ਅਸੀਂ ਕੀਤੀ ਚੰਗਿਆਈ ਨੀ ਜਾਣਦੇ ਪ੍ਰਾਪੇਗੰਡੇ ਦੇ ਆਦੀ ਹਾਂ, ਇਹੀ ਹਾਲ ਬਾਦਲਾਂ ਬਾਰੇ ਹੈ, ਕੈਪਟਨ ਸਾਹਬ ਨੇ ਕੂੜ ਪ੍ਰਚਾਰ ਕਰਕੇ ਸੱਤਾ ਹਥਿਆਈ ਬੇਅਦਬੀ ਇਕ ਅਡੰਬਰ ਇਹ ਇਨ੍ਹਾਂ ਦੀ ਕੰਨਸਲਟੈਂਸੀ ਦੀ ਕਾਢ ਸੀ ਪਰ ਅੱਜ ਉਹ ਬੰਦਾ ਭੀ ਤੇ ਕਪਤਾਨ ਸਾਹਬ ਭੀ ਕਿਥੇ ਨੇ? ਇਸੇ ਤਰ੍ਹਾਂ ਆਹ ਵਿੱਚ ਜੋ ਗੁਰੂ ਘਰਾਂ ਵਿੱਚ ਕੁਝ ਪ੍ਰਬੰਧਕ ਬਣਕੇ ਬੜਕਾਂ ਤੇ ਜਬਾੜ੍ਹੇ ਮਾਰਦੇ ਨੇ ਜੀ ਬਾਦਲਾਂ ਦੀ (ਕੱਖ ਨਾ ਰਹੇ) ਸੋਚ ਹੋਣੀ ਏ, ਧੀਰੇ ਰਹੋ ਤੁਹਾਡੀ ਭੀ ਵਾਰੀ ਸ਼ਬਦੇ ਕਿਵੇਂ ਭਿੰਣ ਭਿੰਣ ਕਰਦੇ ਫਿਰਦੇ ਨੇ ਆਹ ਨਵੇਂ ਨਵੇਂ ਬਗਲੀਗਰ ਕੀ ਮੂਰਖ ਬਣਾ ਰਹੇ ਹਨ ਲੋਕਾਂ ਨੂੰ ਪਛਾਣ ਕਰੋ ਸਭ ਪੁਰਾਣੇ ਵਿਰੋਧੀ ਹੀ ਹਨ, ਬੱਸ ਚਰਨਜੀਤ ਬਰਾੜ ਨੂੰ ਬੇਅਸੂਲੀਆਂ ਦਾ ਸੁੰਦਰ ਬੋਰਿਆਂ ਵਾਂਗੂੰ ਪੋਸਟਾਂ ਪਾਉਣ 'ਤੇ, ਆਪਣੀ ਹੇਠੀ ਕਰਵਾਈ ਜਾਂਦਾ ਹੈ, ਸ਼੍ਰੋਮਣੀ ਅਕਾਲੀ ਦਲ ਸੁਲਝੀ ਪਾਰਟੀ ਹੈ ਐਮੇ ਭਮਕਿਆਂ ਦੀ ਤਰ੍ਹਾਂ ਲਬੜ ਲਬੜ ਨਹੀਂ ਕਰਦੀ ਭੂੰਦੜ ਸਾਹਬ ਤਾਂ ਠਰੰਮੇ ਵਾਲੇ ਆਗੂ ਹਨ, ਹੁਣ ਲਉ ਸੁੱਚਾ ਸਿੰਘ ਲੰਗਾਹ ਨੇ ਇਨ੍ਹਾਂ ਵਾਲੀ ਬੋਲੀ (ਨਰੈਣੂ) 'ਤੇ ਭੜਕਾਹਟ ਮੱਚ ਗਈ ਪਰ ਬੋਲੀ ਤੁਹਾਡੀ ਹੀ ਹੈ ਤੁਹਾਨੂੰ ਸਮਝ ਭੀ ਇਹੀ ਆਉਂਦੀ ਹੈ, ਜੇਕਰ ਅਸਭਿਅਕ ਹੈ ਤਾਂ ਹੱਟ ਜਾਵੋ।

ਅਹਿਮ ਵਿਸ਼ਾ, ਸਿੱਧ ਕਰਦੇ ਨੇ ਕਿ ਗਿਆਨੀ ਹਰਿਪ੍ਰੀਤ ਸਿੰਘ ਤੇ ਰਘਬੀਰ ਸਿੰਘ, ਦੂਜੇ ਵੈਰੀ ਦਲ, ਜਥੇਬੰਦੀਆਂ ਦੇ ਹੱਥਾਂ ਵਿੱਚ ਖੇਡਦੇ ਸਨ, ਹੁਣ ਦੇਖ ਲਵੋ ਕੌਣ ਤਰਲੋਮੱਛੀ ਹਨ ਸਭ ਉਹੀ ਹਨ ਜੋ ਪਹਿਲਾਂ ਭੀ ਹੋਰ ਮੁੱਦਿਆਂ 'ਤੇ ਗਾਹੇ ਬਗਾਹੇ ਇਹੀ ਧਮੁਸਲੀ ਚੱਕਦੇ ਸਨ ਕੋਈ ਨਵੀਂ ਕਹਾਣੀ ਨਹੀਂ, ਹਾਂ ਆਹ ਮੂਰਖ ਅਕਾਲੀ ਬਾਗੀ ਆਪਣੀ ਮਿੱਟੀ ਪੱਟਣ ਲੱਗੇ ਪਏ ਇਨ੍ਹਾਂ ਨੇ ਕਿਹੜੀ ਪੰਥਕ ਪਿਰਤ ਪਾਈ ਸੀ? ਮੇਰਾ ਬੋਲ ਹੈ ਕਿ ਇਹ ਸਿੱਖ ਤਾਂ ਹਨ ਨਹੀਂ ਪਿਛੋਕੜ ਫਰੋਲੋ ਉਧਮ ਮਚਾਉਣੇ ਨੇ ਪਹਿਲਾਂ ਵਾਂਗੂੰ।

ਹੁਣ ਆਉ ਲਾਹੇ 'ਤੇ ਬਠਾਏ ਗ੍ਰੰਥੀ, ਨਵਾਂ ਭਾਵੇਂ ਗ੍ਰੰਥੀ ਨਹੀਂ, ਕਥਾਵਾਚਕ ਹੈ, ਪਰ ਨਵੀਂ ਪਿਰਤ ਨਾਲ ਨਿਵਾਜਿਆ ਗਿਆ ਹਾਲ ਦੁਹਾਈ ਮਰਿਯਾਦਾ ਭੰਗ ਪਹਿਲੀ ਗੱਲ ਮਰਿਯਾਦਾ ਤੇ ਗੁਰਮਰਿਯਾਦਾ ਵਿੱਚ ਅੰਤਰ ਹੈ, ਮਰਿਯਾਦਾ ਤਾਂ ਹਰ ਦਿਨ ਬਦਲਦੀਆਂ ਨੇ ਅਰਦਾਸ ਵਿੱਚ ਵਾਧੇ ਚੈਨਲਾਂ 'ਤੇ ਪਾਠ ਗੁਰੂ ਘਰਾਂ ਵਿੱਚ ਸਿਆਸਤਾਂ ਦਾ ਬੋਲ ਬਾਲਾ।

**ਮਹੱਤਵਪੂਰਨ ਵਿਸ਼ਾ**:– ਹੁਕਮਨਾਮਾ ਗੁਰੂ ਗ੍ਰੰਥ ਦਾ ਵਾਕ ਹੁੰਦਾ ਹੈ ਨਾ ਕਿ ਅਕਾਲ ਤਖ਼ਤ 'ਤੇ ਮੁਲਾਜ਼ਮ ਬੈਠੇ ਮਸ਼ਵਰੇ ਕਰਕੇ ਅਦੇਸ਼ ਦੇਣ ਨੂੰ ਹੁਕਮਨਾਮੇ ਆਖੋ, ਕੀ ਇਹ ਅਵੱਗਿਆ ਨਹੀਂ ਮਰਿਯਾਦਾ ਗੁਰਮਰਿਯਾਦਾ ਦੋਵੇਂ ਭੰਗ ਕਿਥੇ ਹਨ ਧਰਮ ਰੱਖਵਾਲੇ? ਕਲਮਾਂ ਵਗਾਉਣ ਨੂੰ।

ਮੇਰੇ ਲਈ ਲਾਹੇ, ਬਠਾਏ ਏਕ ਮੈਂ ਤਾਂ ਇਸ ਸਾਰੀ ਕਾਰਵਾਈ ਨੂੰ ਇਕ ਦੂਜੇ ਨੂੰ ਠਿੱਬੀਆਂ ਲਈ ਢਕਵੰਝ ਮੰਨਦੀ ਹਾਂ, ਸ਼੍ਰੋਮਣੀ ਕਮੇਟੀ ਜਾਂ ਸ਼੍ਰੋਮਣੀ ਅਕਾਲੀ ਦਲ ਤੇ ਦੂਜੇ ਨਾ ਮੰਨਦੇ ਹੀ ਹਨ ਨਾ ਜਾਣਦੇ ਬੱਸ ਤਮਾਸ਼ਾ, ਵਿਚਾਰੋ ਵਿਸ਼ਾ ਨਵੇਂ ਬਾਪੇ ਦਾ ਵਿਰੋਧ? ਦਿੱਲੀ ਕਮੇਟੀ ਨੇ ਨਿਹੰਗ ਭੁਕਾਨਾ ਭਰਕੇ ਤੜਕੇ ਜਾਵੋ ਖੜਕਾਵੋ ਖੰਡੇ, ਭਗਵੰਤ ਸਰਕਾਰ ਦਾ ਸਪੀਕਰ ਸੰਧਵਾ ਗਿਆਨੀ ਕੇਵਲ ਸਿੰਘ ਜੋ ਆਪਣੀ ਜਿੱਦ ਕੱਢਦਾ ਹੈ ਨਾਲ ਅਕਾਲ ਤਖ਼ਤ 'ਤੇ ਵਿਰੋਧ ਧਰਨਾ, ਕਾਂਗਰਸੀ ਅੱਡ ਪਿੱਟ ਸਿਆਪੇ ਹਾਲੇ ਇਹ ਗੁਰੂ ਸਿੱਖ ਨੇ, ਮੇਰੇ ਵਰਗੇ ਸਿੱਖ ਨਹੀਂ ਜੀ ਕਾਲੇ ਬੱਦਲ, ਝਮੇਲੇ ਛਲਕਦੇ ਨੇ, ਸਿੱਖਾਂ ਦੀ ਭਾਸ਼ਾ ਇਹ ਪ੍ਰਮੇਸ਼ਰ ਤੋਂ ਡਰਦੇ ਨੇ ਤੇ ਗੁਰੂ ਦੇ ਸਿੱਖ ਨੇ, ਸੁਣੋ ਬਾਦਲਾਂ ਦਾ ਸਫਾਇਆ ਬੇੜਾ ਗਰਕ ਹੋਣਾ ਹੈ ਪਰ ਇਨ੍ਹਾਂ ਦਾ ਉਚਾ, ਆਹ ਨਵੇਂ ਅਕਾਲੀ ਦਲ ਨੇ ਕੱਲ੍ਹ ਇਕ ਜਲਸਾ ਲਾਇਆ ਜੀ ਵਿਰਸੇ ਵਾਲੇ ਅਕਾਲੀ ਦਲ ਨੂੰ ਮੰਨੋ ਬਾਦਲਾਂ ਦੀ ਭਰਤੀ ਰੱਦ, ਕੀ ਹੈ ਜੀ ਤਰਸੇਮ ਸਿੰਘ ਬਾਪੂ ਤੇ ਚਾਚੇ ਦੀ ਕੁਰਬਾਨੀ? ਕੀ ਅੰਮ੍ਰਿਤਪਾਲ ਗੁਰੂ ਦਾ ਸਿੱਖ ਸੀ ਜਦੋਂ ਧਮੱਚੀ ਪਾ ਕੇ ਪੰਜਾਬ ਵਿੱਚ ਤਰਥੱਲੀ ਮਚਾਈ ਸੀ? ਦੁੱਬਈ ਦੇ ਕਾਂਡ ਸਭ ਨੂੰ ਉਜਾਗਰ ਨੇ ਮੁੰਡਾ ਭਲਾ ਨਹੀਂ ਸੀ, ਅਤਿ ਰੱਬ ਦੀ ਵੈਰੀ ਕੌਮ 'ਤੇ ਭਾਰੀ ਹੈ, ਧਰਮ ਦੀ ਕੋਈ ਵੱਡਿਆਈ ਨਹੀਂ ਹੋ ਰਹੀ ਪਸਾਰੇ ਦੀ ਥਾਂ ਕੁਸਾਰਾ ਹੈ, ਧੁਰੇ ਨੂੰ ਮੰਨੋ। ਬੀਮਾਰੀ ਜੋ ਸਾਨੂੰ ਲੱਗ ਗਈ ਉਹਦਾ ਉਹੜ ਪੋਹੜ ਕਰੀਏ ਅੱਜ ਸਾਡਾ ਧਰਮ ਜੋ ਕੇਵਲ ਕੁਝ ਸਦੀਆਂ ਪੁਰਾਣਾ ਹੀ ਜੋ ਸਭ ਜਹਾਦੀ ਜਲਾਦੀ ਸਮੇਂ ਹੰਡਾਉਣ ਮਗਰੋਂ ਸਾਰਿਆਂ ਤੋਂ ਸਬਕ ਸਿੱਖ ਚੰਗੇਰੇ ਜੀਵਨ ਦੀਆਂ ਵਿਧੀਆਂ ਕੇਂਦਰਤ ਕੀਤੀਆਂ, ਪਰ ਮੀਆਂ ਮਿੱਠੂ ਬਣਨ ਦੀ ਥਾਂ ਅਸਲੀਅਤ ਵੱਲ ਝਾਕੋ ਪੂਰਨ ਤੱਥ ਹਨ ਕਿ ਸਾਧਾਰਨ ਸਿੱਖ ਸੰਗਤਾਂ ਧੰਨਤਾ ਦੇ ਯੋਗ ਹਨ ਪਰ ਦੋ ਤਿੰਨ ਵਰਗ ਹਨ ਜੋ ਜੇਕਰ ਇਕ ਗਿਣਤੀ ਵਿੱਚੋਂ ਮਨਫ਼ੀ ਹੋ ਜਾਣ ਤਾਂ ਸਿੱਖ ਧਰਮ ਸੰਸਾਰ 'ਤੇ ਪ੍ਰਚੱਲਤ ਹੋ ਸਕਦਾ ਹੈ, ਸੁਣੋ (ਗੁਰੂ ਨਾਨਕ ਦੇਵ) ਸੌਖਾ ਉਪਦੇਸ਼ ਨਾਮ ਜਪੋ ਯਾਨੀ ਸਤਿਨਾਮ ਆਖੋ, ਰੋਹ ਵਿੱਚ ਦੁਖੀ ਹੋ ਕੇ ਇਕ ਨਿੱਜੀ ਜਾਣਕਾਰੀ ਸਾਂਝੀ ਕਰਨ ਲੱਗੀ ਹਾਂ ਕੁਝ ਸਮਾਂ ਪਹਿਲਾਂ ਯੂ.ਕੇ. ਤੋਂ ਇਕ ਕੌਮੀ ਤੁਣਖੀ 'ਤੇ ਦੂਜਾ ਭੀ ਯੂ:ਟੂਬੀ: ਸੁਖਬੀਰ ਬਾਦਲ ਕੋਲ ਗਏ ਕਿ ਸਾਨੂੰ ਸਿੱਟੋ ਪੈਸਾ ਤੇਰਾ ਪ੍ਰਚਾਰ ਕਰੀਏ, ਉਹਨੇ ਭਾਂਪ ਲਿਆ ਪੈਸਾ ਬਟੋਰੀ ਨੇ, ਮੈਨੂੰ ਕਹਿੰਦੇ ਜੀ ਲਉ ਸੁਖਬੀਰ ਨੂੰ ਤਾਂ ਅਕਲ ਨੀ ਗੱਲ ਨੀ ਸੁਣਦਾ ਹੁਣ ਦੋਨੋਂ ਚੈਨਲਾਂ 'ਤੇ ਵਿਰੁੱਧ ਦੂਹੋ ਦੂਹੀ ਵਿਰੋਧੀ, ਆਹ ਹੈ ਕੌਮੀ ਤੇ ਧਰਮੀ ਚੈਨਲੀ ਟੀਯੂਬਾਂ ਚਲਾਉਣੇ, ਐਨੀ ਭੈਰਮੀ ਬਾਦਲਾਂ ਵਿਰੁੱਧ ਕਿਉਂ, ਕਿਵੇਂ ਤੇ ਕੌਣ ਚੋਗਾ? ਚੈਨਲ ਭੀ ਦੋ ਹੀ ਹਨ ਤਰਲੋ ਮੱਛੀ, ਇਕ ਨੂੰ ਤਾਂ ਸਾਹ ਨੀ ਆਉਂਦਾ ਦੂਜਾ ਠਰੰਮੇ ਨਾਲ ਜਰਾ ਲੁੱਕ ਕੇ ਲੋਕੀ ਜਾਣਦੇ ਹਨ ਕਿ ਬਗਾਨੀ ਮਾਇਆ ਮੱਤ ਮਾਰ ਧਰਦੀ ਹੈ, ਦਿਨ ਦੂਰ ਨਹੀਂ ਜਦੋਂ ਰੱਬ ਦਾ ਖੂੰਡਾ ਖੜਕੂ ਹੰਕਾਰ ਹੀ ਮਾਰੂ।


## ਨਿਰਣਾ

ਝੱਟ ਕਿਥੇ ਗੁਜ਼ਾਰਾਂ ਜੀ ਦੁਨੀਆਂ ਟਿਕਣ ਨੀ ਦਿੰਦੀ, ਧਰਮ ਤਾਂ ਮੱਤ-ਬੁੱਧ ਦੇਣ ਲਈ ਹੁੰਦੇ ਸੀ, ਜੇਕਰ ਅਸੀਂ ਸ੍ਰਿਸ਼ਟੀ ਦੇ ਰਚਨ-ਹਾਰ ਦੀ ਕਰਾਮਾਤ ਨੂੰ ਸਿਜਦੇ ਕਰਦੇ ਕਿ ਕਿਵੇਂ ਸੰਸਾਰ ਉਭਾਰਿਆ ਤੇ ਉਹਦੀ ਪਾਲਣਾ ਪੋਸ਼ਣਾ ਲਈ ਪ੍ਰਕਿਰਤੀ ਉਪਜਾਈ ਪੀਰ-ਪਰੰਬਰ ਔਲੀਏ ਭਗਤ ਅੰਤ ਗੁਰੂ ਰੱਬੀ ਸਨੇਹੇ ਨਸ਼ਰ ਹੋਏ ਭਾਵੇਂ ਸ਼ੈਤਾਨ ਦੀ ਔਲਾਦ ਭੀ ਨਾਲ ਹੀ ਆਈ, ਜ਼ੁਲਮ ਜਹਾਦ ਦੇ ਕਾਲ ਇਤਿਹਾਸ ਵਿੱਚ ਮਿਲਦੇ ਨੇ ਮਨੁੱਖਤਾ ਲਈ ਦਰਵੇਸ਼ ਬੁੱਧੀ ਉਪਦੇਸ਼ ਸਨ, ਪਰ ਅੱਜ ਤਾਂ ਭੈਰਮੀ ਚੱਕੀ ਫਿਰਦੇ ਨੇ ਫੇਰ ਉਹ ਇਲਾਹੀ ਅਦੇਸ਼ ਕਿਥੇ ਗਏ, ਸਵੇਰੇ ਉਠ ਕੇ ਕਾਇਆ ਸੋਧੋ ਬੱਸ ਪ੍ਰਭੂ ਨੂੰ ਨਮਣ, ਕਿਰਤ ਵੱਲ ਤੁਰੋ, ਇਹ ਲੱਖਾਂ ਪ੍ਰਾਣੀ ਤਾਂ ਕਰਦੇ ਹਨ ਪਰ ਕੋਈ ਸੌ ਕੁ ਹਨ ਜੋ ਫਠਕੜੀ ਪਾ ਕੇ ਸਾਰਾ ਤ੍ਰੇਰਮਾਂ ਰਤਨ ਫਟਾ ਰਹੇ ਹਨ, ਇਕ ਤਾਂ ਮਹੰਤਗੀਰੀ ਗੁਰੂ ਘਰ ਖੋਲ੍ਹ ਪੂਜਾ ਦਾ ਧਨ ਹੁੰਝਣ 'ਤੇ ਹਨ ਤੇ ਝਾਕੀਆਂ ਦਿਖਾ ਰਹੇ ਹਨ ਅਸੀਂ ਜੀ ਪੂਰਨ ਸਿੱਖ ਹਾਂ, ਦੂਜੇ ਸਵੇਰੇ ਦੋ ਕੁ ਉਠ ਕੇ ਸ਼ਸਤਰ, ਬਾਣੇ ਤੇ ਕੁਝ ਹਥਿਆਰ ਭੀ ਗੁਰੂ ਦੇ ਬਖ਼ਸ਼ੇ ਆਖ ਵੱਡਣ ਟੁੱਕਣ ਨੂੰ ਟੁੱਕਣ ਨੂੰ ਤੁਰ ਪੈਂਦੇ ਨੇ ਵੇਲਾ ਸੰਭਾਲ ਪਤਾ ਨਹੀਂ ਕਦੋਂ? ਹੁਣ ਦੇ ਸਿੱਖ ਸੇਵਕ ਲੱਖਾਂ ਨੂੰ ਨਹੀਂ ਇਨ੍ਹਾਂ ਨੂੰ ਸਿੱਖ ਮੰਨਦੇ ਹਨ।

ਚਲੋ ਵਿਸ਼ੇ ਵੱਲ ਆਵਾਂ ਪੰਜਾਬ ਵਿੱਚ ਤਾਂ ਇਨ੍ਹਾਂ ਦੇ ਚੋਗੇ ਦਾ ਬੰਦੋਬਸਤ ਭੜਥੂ ਪੁਆਉਣ ਵਾਲੀਆਂ ਜਥੇਬੰਦੀਆਂ ਕਰਦੀਆਂ ਹਨ, ਇਥੇ ਥਾਂ ਥਾਂ ਡੇਰੇ ਭਲੇ ਨੂੰ (ਗੁਰੂ ਗ੍ਰੰਥ) ਛਾਪ ਛਾਪ ਸ਼੍ਰੋਮਣੀ ਕਮੇਟੀ ਨੇ ਰੰਗ ਲਾ ਤੇ ਮਹੰਤ ਫੇਰ ਪਤਾ ਨਹੀਂ ਹੋਰ ਕਿਹੋ ਜਿਹੇ ਸਨ ਆਹ ਪ੍ਰਬੰਧਕ ਨਿੱਤ ਇਕੱਠ ਕਰਕੇ ਮਤੇ ਪਾਸ ਕਰਨ 'ਤੇ ਉਧਰ ਚਤਰ ਕਿ ਅਸੀਂ ਤਾਂ ਪੰਥ ਹਾਂ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਹੱਕ ਨਹੀਂ ਕਿ ਉਹ ਕੋਈ ਫੈਸਲੇ ਲੈ ਸਕਣ ਸਾਥੋਂ ਹੁਕਮ ਲੈਣ, ਇਕ ਮੁੱਦਾ ਠੰਡਾ ਦੂਜਾ ਭੰਬਾ ਭਮੋਰੀਆਂ ਤਿਆਰ ਬੰਦੇ ਜਥੇਬੰਦੀਆਂ ਉਹੀ। ਪੰਜਾਬ ਵਿੱਚ ਤਾਂ ਹਨ੍ਹੇਰੀ ਲਿਆਂਦੀ ਸੀ, ਇਨ੍ਹਾਂ ਲੋਕਾਂ ਇਥੇ ਜ਼ਿੰਦਗੀ ਦੁੱਭਰ ਜੀ ਸਿੱਖ ਧਰਮ ਵਿੱਚ ਵਿਅਕਤੀਗਤ ਮਾਨਤਾ ਨਹੀਂ ਨਿਰਾ ਕੂੜ ਦੇਖੋ ਇਹ ਲੋਕ ਅੰਤ ਭਿੰਡਰਾਂਵਾਲੇ ਸਮੇਂ ਨੂੰ 40 ਸਾਲ ਮਗਰੋਂ ਭੀ ਮਹਾਨ ਦੱਸਕੇ ਲੋਕਾਂ ਵਿੱਚ ਦਹਿਸ਼ਤ ਪਾ ਰਹੇ ਹਨ, ਕਹਿੰਦੇ ਜੀ ਸੰਤਾਂ ਦੇ ਬਚਨ ਸਨ ਮੀਡੀਆ ਹੋਵੇ ਪੂਰੇ ਹੋ ਗਏ ਚੈਨਲ ਮਿਲ ਗਏ ਉਧਰ ਅਕਾਲ ਤਖ਼ਤ 'ਤੇ ਇਕ ਪ੍ਰਚੰਡ ਜੀ ਆਹ ਸਾਡੀ ਉੱਚ ਅਦਾਲਤ ਦੇ ਜੱਜ ਕੌਣ? ਗ੍ਰੰਥੀ ਚੈਨਲਾਂ ਕਰਕੇ ਇਨ੍ਹਾਂ ਗ੍ਰੰਥੀਆਂ ਨੇ ਦਫੜੀ ਪੱਟ ਧਰੀ ਜੀ ਹਟਾਏ ਗਏ ਲਾਹੇ ਗਏ ਇਹ ਗੁਰੂ ਜੀ ਬਾਪੇ ਸਨ, ਕਸੂਰ ਦੱਸੋ, ਸ਼ਰਮ ਕਰੋ ਹਾਲੇ ਕਸੂਰ ਸਾਹਮਣੇ ਨਹੀਂ? ਜਰੂਰ ਮਿੱਟੀ ਪਟਾਉਣੀ ਹੈ, ਇਹ ਸਭ ਯੂ.ਕੇ. ਦੀ ਪਟਮੇਲ੍ਹੀ ਹੈ, ਸੋਸ਼ਲ ਮੀਡੀਆ ਗਿਆਨੀ ਹਰਿਪ੍ਰੀਤ ਸਿੰਘ ਦਾ ਮੂੰਹ ਮੁਹਾਂਦਰਾ ਦੱਸੀ ਹੀ ਜਾਂਦਾ ਹੈ ਕਿ ਝੁਰਮਟ ਪਾ ਕੇ ਸੱਚਾ ਬਣਦਾ ਹੈ ਪਰ ਨਾਲ ਗਿਆਨੀ ਰਘਬੀਰ ਸਿੰਘ ਹਟਾਉਣ ਵੇਲੇ ਤਾਂ ਸਫਾਰਸ਼ ਪਾਈ ਮੈਨੂੰ ਹੈਡ ਗ੍ਰੰਥੀ ਤੋਂ ਨਾ ਲਾਹੋ ਹੁਣ ਬਹਾਲ ਕਰੋ ਲਹਿਰ ਸੁਣਕੇ ਫੇਰ ਬਿਆਨ ਇਹ ਲੋਕ ਤਾਂ ਸਿਆਸਤੀਆਂ ਦੇ ਭੀ ਗੁਰੂ ਹਨ ਕੌਮ ਖੇਰੂੰ ਖੇਰੂੰ ਕਰਤੀ, ਇੰਗਲੈਂਡ ਵਿੱਚ ਦੇਖੋ ਪਹਿਲਾਂ ਸਮੈਦਿਕ ਫੇਰ ਮਾਨਚੈਸਟਰ ਉਥੇ ਦਾ ਪ੍ਰਬੰਧਕ ਕੋਈ ਅਮਰੀਕ ਸਿੰਘ ਰਠੌਰ ਸਟੇਜ 'ਤੇ ਘੁੰਮਰ ਪਾਈ ਜਾਵੇ ਉਨਾ ਸਮਾਂ ਬੁਲਾਰੇ ਨਹੀਂ ਜਿੰਨਾ ਆਪ,

**ਬਾਕੀ ਹਿਸਾ ਸਫਾ 42 ਤੇ ਪੜ੍ਹੋ**

## ਸਿਹਤ ਤੇ ਸੁੰਦਰਤਾ



# ਸਿਗਰਟ ਤੋਂ ਕਿਤੇ ਵੱਧ ਸਿਹਤ ਲਈ ਹਾਨੀਕਾਰਕ ਹੈ ਵੈਪਿੰਗ !

## ✪ ਪਹਿਲੀ ਵਾਰ ਅਧਿਐਨ ਵਿਚ ਸਾਹਮਣੇ ਆਏ ਡਰਾਉਣੇ ਤਥ



ਅਕਸਰ ਕਿਹਾ ਜਾਂਦਾ ਰਿਹੈ ਕਿ ਵੈਪਿੰਗ ਨਾਲ ਸਰੀਰ ਨੂੰ ਕੋਈ ਨੁਕਸਾਨ ਨਹੀਂ ਹੁੰਦਾ ਪਰ ਹਾਲ ਹੀ ਵਿਚ ਹੋਏ ਇਕ ਅਧਿਐਨ ਵਿਚ ਹੈਰਾਨ ਕਰਨ ਵਾਲੇ ਖੁਲਾਸੇ ਹੋਏ ਹਨ। ਇਸ ਦੌਰਾਨ ਕਿਹਾ ਗਿਆ ਹੈ ਕਿ ਵੈਪਿੰਗ ਸਰੀਰ ਲਈ ਸਿਗਰਟ ਨਾਲੋਂ ਜ਼ਿਆਦਾ ਖ਼ਤਰਨਾਕ ਹੋ ਸਕਦੀ ਹੈ। ਇੱਕ ਬੰਬਸ਼ੈਲ ਅਧਿਐਨ ਦੇ ਲੇਖਕ ਦੇ ਅਨੁਸਾਰ, ਲੰਬੇ ਸਮੇਂ ਦੇ ਉਪਭੋਗਤਾਵਾਂ ਨੂੰ ਡਿਮੈਂਸ਼ੀਆ, ਦਿਲ ਦੀ ਬਿਮਾਰੀ ਅਤੇ ਅੰਗ ਫੇਲ ਹੋਣ ਦੇ ਜੋਖਮ ਬਹੁਤ ਵਧ ਜਾਂਦੇ ਹਨ।

ਐੱਨਐੱਚਐੱਸ ਵੱਲੋਂ ਈ-ਸਿਗਰੇਟ ਤੋਂ ਨਿਕੋਟੀਨ ਵਾਸ਼ਪ ਨੂੰ ਸਾਹ ਰਾਹੀਂ ਅੰਦਰ ਲੈਣਾ "ਸਿਗਰੇਟ ਪੀਣ ਨਾਲੋਂ ਕਾਫ਼ੀ ਘੱਟ ਨੁਕਸਾਨਦੇਹ" ਦੱਸਿਆ ਗਿਆ ਹੈ। ਪਰ ਮੈਨਚੈਸਟਰ ਮੈਟਰੋਪੋਲੀਟਨ ਯੂਨੀਵਰਸਿਟੀ 'ਚ ਵੈਪਿੰਗ ਦੇ ਲੰਬੇ ਸਮੇਂ ਦੇ ਪ੍ਰਭਾਵਾਂ ਵਿੱਚ ਦੁਨੀਆ ਦੇ ਪਹਿਲੇ ਅਧਿਐਨ ਦੇ ਮੁਖੀ ਡਾਕਟਰ ਮੈਕਸੀਮੀ ਬੋਇਡਿਨ ਦਾ ਮੰਨਣਾ ਹੈ ਕਿ ਵੈਪਰਾਂ ਦੀ ਵਰਤੋਂ ਕਰਨਾ ਸਿਹਤ ਲਈ ਖ਼ਤਰੇ ਨੂੰ ਹੋਰ ਵਧਾ ਦਿੰਦਾ ਹੈ ਕਿਉਂਕਿ ਇਸਨੂੰ ਕੰਟਰੋਲ ਕਰਨਾ ਬਹੁਤ ਔਖਾ ਹੈ।

ਉਨ੍ਹਾਂ ਨੇ ਅੱਗੇ ਕਿਹਾ ਕਿ 'ਸਿਗਰੇਟ ਪੀਣ ਵਾਲੇ ਬਾਹਰ ਜਾ ਕੇ ਸਿਗਰਟ ਪੀਂਦੇ ਹਨ ਅਤੇ ਇੱਕ ਵਾਰ ਇੱਕ ਸਿਗਰਟ ਖਤਮ ਹੋ ਜਾਣ ਤੋਂ ਬਾਅਦ ਉਹਨਾਂ ਨੂੰ ਜਾਰੀ ਰੱਖਣ ਲਈ ਇੱਕ ਹੋਰ ਨੂੰ ਬਾਲਣਾ ਪੈਂਦਾ ਹੈ। ਪਰ ਵੈਪਰਾਂ ਨਾਲ, ਤੁਸੀਂ ਬੱਸ ਚੱਲਦੇ ਹੀ ਰਹਿੰਦੇ ਹੋ ਤੇ ਇਹ ਜਲਾਉਣਾ ਬਹੁਤ ਔਖਾ ਹੁੰਦਾ ਹੈ। ਇਸ ਦੌਰਾਨ ਤੁਸੀਂ ਇਹ ਭੁੱਲ ਜਾਂਦੇ ਹੋ ਕਿ ਤੁਸੀਂ ਕਿੰਨੇ ਪਫ ਪੀਤੇ ਹਨ। ਲਗਾਤਾਰ ਵੈਪ ਕਰਨਾ ਬਹੁਤ ਸੌਖਾ ਹੈ ਕਿਉਂਕਿ ਤੁਸੀਂ ਇਹ ਉਹਨਾਂ ਥਾਵਾਂ 'ਤੇ ਵੀ ਇਸ ਦੀ ਵਰਤੋਂ ਕਰ ਸਕਦੇ ਹੋ ਜਿੱਥੇ ਸਿਗਰਟ ਪੀਣੀ ਘੱਟ ਸਵੀਕਾਰਯੋਗ ਹੋ ਸਕਦੀ ਹੈ।'

ਆਪਣੀਆਂ ਖੋਜਾਂ ਦੌਰਾਨ ਹੈਰਾਨ ਹੋ ਕੇ ਉਹ ਕਹਿੰਦੇ ਹਨ ਕਿ "ਅਸੀਂ ਜੋ ਪਤਾ ਲਾਇਆ ਉਹ ਇਹ ਹੈ ਕਿ ਵੈਪਿੰਗ ਕਰਨ ਵਾਲੇ ਵਿਅਕਤੀ ਲਈ ਖ਼ਤਰੇ ਸਿਗਰਟਨੋਸ਼ੀ ਕਰਨ ਵਾਲਿਆਂ ਤੋਂ ਵੱਖਰੇ ਨਹੀਂ ਹਨ। ਸ਼ੁਰੂਆਤ (ਅਧਿਐਨ ਦੇ) ਵਿਚ ਮੈਂ ਇਹ ਵੀ ਮੰਨਦਾ ਸੀ ਕਿ ਵੈਪਿੰਗ ਸਿਗਰਟਨੋਸ਼ੀ ਨਾਲੋਂ ਵਧੇਰੇ ਲਾਭਦਾਇਕ ਸੀ। ਤੁਸੀਂ ਅੱਜਕੱਲ੍ਹ ਬਹੁਤ ਸਾਰੇ ਲੋਕਾਂ ਨੂੰ ਵੈਪਿੰਗ ਕਰਦੇ ਦੇਖਦੇ ਹੋ ਕਿਉਂਕਿ ਉਹ ਨਹੀਂ ਸੋਚਦੇ ਕਿ ਇਹ ਬਹੁਤ ਬੁਰਾ ਹੈ। ਬਹੁਤ ਸਾਰੇ ਸੱਚਾਈ ਜਾਣ ਕੇ ਡਰ ਜਾਣਗੇ।"

ਯੂਨੀਵਰਸਿਟੀ ਦੇ ਇੰਸਟੀਚਿਊਟ ਆਫ਼ ਸਪੋਰਟ ਵਿਖੇ ਅਧਿਐਨ ਦੌਰਾਨ, ਭਾਗੀਦਾਰਾਂ - 18 ਤੋਂ 45 ਸਾਲ ਦੀ ਉਮਰ ਦੇ ਵਿਚਕਾਰ, ਔਸਤਨ 27 ਸਾਲ ਦੀ ਉਮਰ ਅਤੇ ਤੰਦਰੁਸਤੀ ਅਤੇ ਸਰੀਰਕ ਗਤੀਵਿਧੀ ਦੇ ਸਮਾਨ ਪੱਧਰ-ਨੂੰ ਉਨ੍ਹਾਂ ਦੀਆਂ ਖੂਨ ਦੀਆਂ ਨਾੜੀਆਂ ਦੀ ਲਚਕਤਾ ਅਤੇ ਉਨ੍ਹਾਂ ਦੇ ਦਿਮਾਗ ਵਿੱਚ ਖੂਨ ਦੇ ਪ੍ਰਵਾਹ ਦੀ ਗਤੀ ਨੂੰ ਮਾਪਣ ਲਈ ਨਿਯਮਤ ਤਣਾਅ ਟੈਸਟ ਦਿੱਤੇ ਗਏ।

ਟੈਸਟਿੰਗ ਤੋਂ 12 ਘੰਟੇ ਪਹਿਲਾਂ, ਉਨ੍ਹਾਂ ਨੇ ਸਿਰਫ਼ ਪਾਣੀ ਪੀਤਾ ਅਤੇ ਵੈਪਿੰਗ, ਸਿਗਰਟਨੋਸ਼ੀ ਅਤੇ ਕਸਰਤ ਤੋਂ ਪਰਹੇਜ਼ ਕੀਤਾ। ਡਾ. ਬੋਇਡਿਨ ਦੇ ਅਨੁਸਾਰ, ਵਿਚੋਲਗੀ ਵਾਲੇ ਡਾਇਲੇਸ਼ਨ (ਫੰਧ) ਟੈਸਟ, ਜਿਸ ਵਿੱਚ ਭਾਗੀਦਾਰ ਦੀ ਬਾਂਹ 'ਤੇ ਇੱਕ ਕਫ਼ ਰੱਖਿਆ ਜਾਂਦਾ ਹੈ ਅਤੇ ਖੂਨ ਦੇ ਪ੍ਰਵਾਹ ਨੂੰ ਸੀਮਤ ਕਰਨ ਲਈ ਫੁੱਲਾਇਆ ਜਾਂਦਾ ਹੈ, ਇਹ ਮਾਪਣ ਲਈ ਛੱਡਣ ਤੋਂ ਪਹਿਲਾਂ ਕਿ ਧਮਣੀ ਕਿੰਨੀ ਫੈਲਦੀ ਹੈ ਕਿਉਂਕਿ ਇਸ ਵਿੱਚੋਂ ਜ਼ਿਆਦਾ ਖੂਨ ਲੰਘਦਾ ਹੈ, ਨੇ ਸਭ ਤੋਂ ਵਧੀਆ ਨਤੀਜੇ ਦਿੱਤੇ।

ਅਸੀਂ ਇਸਦੇ ਆਖਰੀ ਹਫ਼ਤਿਆਂ ਵਿੱਚ ਅਧਿਐਨ ਵਿੱਚ ਸ਼ਾਮਲ ਹੋਏ ਅਤੇ ਦੇਖਿਆ ਕਿ ਸਿਗਰਟਨੋਸ਼ੀ ਕਰਨ ਵਾਲਿਆਂ ਅਤੇ ਵੇਪਰਾਂ ਨੇ ਇੱਕ ਫਲੈਟ ਰੀਡਿੰਗ ਪ੍ਰਾਪਤ ਕੀਤੀ, ਜੋ ਖਰਾਬ ਧਮਣੀ ਦੀਆਂ ਦੀਵਾਰਾਂ ਵੱਲ ਸੰਕੇਤ ਕਰਦੀ ਹੈ ਜੋ ਹੁਣ ਫੈਲ ਨਹੀਂ ਸਕਦੀਆਂ - ਜੋ ਭਵਿੱਖ ਦੀਆਂ ਗੰਭੀਰ ਕਾਰਡੀਓਵੈਸਕੁਲਰ ਸਮੱਸਿਆਵਾਂ ਦਾ ਇੱਕ ਲਗਭਗ ਨਿਸ਼ਚਿਤ ਸੰਕੇਤ ਹੈ। ਹੋਰ ਟੈਸਟਾਂ ਨੇ ਸਾਬਤ ਕੀਤਾ ਕਿ ਸਿਗਰਟਨੋਸ਼ੀ ਕਰਨ ਵਾਲਿਆਂ ਅਤੇ ਵੈਪਰਾਂ ਵਿੱਚ ਖੂਨ ਦਾ ਪ੍ਰਵਾਹ ਵੀ ਇਸੇ ਤਰ੍ਹਾਂ ਕਮਜ਼ੋਰ ਹੁੰਦਾ ਹੈ, ਜਿਸ ਨਾਲ ਉਨ੍ਹਾਂ ਨੂੰ ਡਿਮੈਂਸ਼ੀਆ ਸਮੇਤ ਬੋਧਾਤਮਕ ਨਪੁੰਸਕਤਾ ਦੇ ਵਿਕਾਸ ਦਾ ਜੋਖਮ ਹੁੰਦਾ ਹੈ।

ਡਾਕਟਰ ਮੈਕਸੀਮੀ ਬੋਇਡਿਨ ਕਾਰਡੀਅਕ ਰੀਹੈਬਲੀਟੇਸ਼ਨ ਦੇ ਸੀਨੀਅਰ ਲੈਕਚਰਾਰ, ਮੰਨਦੇ ਹਨ ਕਿ ਨੁਕਸਾਨ ਨਿਕੋਟੀਨ ਕਾਰਨ ਹੋਣ ਵਾਲੀ ਸੋਜਸ਼ ਦੇ ਨਾਲ-ਨਾਲ ਵੈਪਾਂ ਵਿੱਚ ਪਾਈਆਂ ਜਾਣ ਵਾਲੀਆਂ ਧਾਤਾਂ ਅਤੇ ਰਸਾਇਣਾਂ, ਜਿਸ ਵਿੱਚ ਪ੍ਰੋਪੀਲੀਨ ਗਲਾਈਕੋਲ, ਵੈਜੀਟੇਬਲ ਗਲਿਸਰੀਨ ਸ਼ਾਮਲ ਹਨ, ਕਾਰਨ ਹੁੰਦਾ ਹੈ। ਕਾਰਬੋਨਿਲ ਮਿਸ਼ਰਣ ਵਰਗੇ ਰਸਾਇਣਕ ਸੁਆਦਾਂ ਵਿੱਚ ਪਦਾਰਥ ਸੋਜਸ਼ ਅਤੇ ਆਕਸੀਡੇਟਿਵ ਤਣਾਅ ਪੈਦਾ ਕਰਨ ਲਈ ਜਾਣੇ ਜਾਂਦੇ ਹਨ, ਜੋ ਧਮਣੀ ਦੀ ਅੰਦਰੂਨੀ ਕੰਧ ਨੂੰ ਨੁਕਸਾਨ ਅਤੇ ਸੈੱਲ ਦੀ ਮੌਤ ਦਾ ਕਾਰਨ ਬਣ ਸਕਦੇ ਹਨ।

ਉਹ ਕਹਿੰਦੇ ਹਨ ਕਿ "ਜਦੋਂ ਤੁਸੀਂ ਧਾਤਾਂ ਅਤੇ ਰਸਾਇਣਾਂ ਦੇ ਇਸ ਮਿਸ਼ਰਣ ਨੂੰ ਆਪਣੇ ਸਰੀਰ ਵਿੱਚ ਪਾਉਂਦੇ ਹੋ ਤਾਂ ਤੁਸੀਂ ਕੁਝ ਵੀ ਹੋਣ ਦੀ ਉਮੀਦ ਨਹੀਂ ਕਰ ਸਕਦੇ।"

ਯੂਕੇ ਵਿੱਚ ਵੈਪਿੰਗ ਦੀ ਵਰਤੋਂ 2005 ਵਿੱਚ ਪਹਿਲੀ ਇਲੈਕਟ੍ਰਾਨਿਕ ਸਿਗਰਟ ਦੇ ਆਉਣ ਤੋਂ ਬਾਅਦ ਬਹੁਤ ਮਸ਼ਹੂਰ ਹੋਈ ਸੀ। ਆਫਿਸ ਫਾਰ ਨੈਸ਼ਨਲ ਸਟੈਟਿਸਟਿਕਸ ਦੇ ਪਿਛਲੇ ਸਾਲ ਦੇ ਅੰਕੜਿਆਂ ਅਨੁਸਾਰ, ਬ੍ਰਿਟੇਨ ਵਿੱਚ ਹੁਣ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ 5.1 ਮਿਲੀਅਨ ਲੋਕ -ਲਗਭਗ ਦਸਾਂ ਵਿੱਚੋਂ ਇੱਕ- ਵੈਪ ਦੀ ਵਰਤੋਂ ਕਰ ਰਹੇ ਹਨ। ਵੈਪਿੰਗ ਦਰਾਂ 16 ਤੋਂ 24 ਸਾਲ ਦੀ ਉਮਰ ਦੇ ਲੋਕਾਂ ਵਿੱਚ ਸਭ ਤੋਂ ਵੱਧ 15.8 ਫੀਸਦੀ ਸਨ।

## * ਚੂੰਢੀਆਂ-ਪੁੱਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਕਿਸਾਨਾਂ ਨਾਲ ਟਕਰਾਅ ਤੋਂ ਬਚਣ ਮੁੱਖ ਮੰਤਰੀ ਭਗਵੰਤ ਮਾਨ- ਟਿਕੈਤ

-ਦੀਵਾ ਬਾਲ਼ ਕੇ ਮਿਟਾ ਲੈ ਹਨ੍ਹੇਰਾ, ਕੁੱਲੀ ਵਿਚੋਂ ਯਾਰ ਲੱਭ ਲੈ।



*ਚੀਫ਼ ਖ਼ਾਲਸਾ ਦੀਵਾਨ ਨੇ ਨਵੇਂ ਜਥੇਦਾਰ ਦੀ ਤਾਜਪੋਸ਼ੀ ਦਾ ਕੀਤਾ ਵਿਰੋਧ- ਇਕ ਖ਼ਬਰ

-ਗੱਡੀ ਨੂੰ ਪਿਛਾਂਹ ਮੋੜ ਲੈ, ਸਾਡੇ ਹਾਣ ਦਾ ਮੁੰਡਾ ਨਾ ਕੋਈ।

*ਵਪਾਰ ਯੁੱਧ ਕਾਰਨ ਅਮਰੀਕਾ 'ਚ ਆ ਸਕਦੀ ਹੈ ਮੰਦੀ- ਅਮਰੀਕਨ ਅਰਥ ਸ਼ਾਸਤਰੀ

-ਲੱਡੂ ਪੰਜਾਂ ਦੇ ਪੰਜਾਹਾਂ ਦੀ ਕੁੜਤੀ, ਪਾੜ ਦਿਤੀ ਰੁੱਗ ਭਰ ਕੇ।



*ਗੁਆਂਢੀ ਦੇਸ਼ਾਂ ਨਾਲ ਸ਼ਾਂਤੀ ਦੀ ਨੀਤੀ ਬਿਨਾ ਦੇਸ਼ ਵਿਚ ਸ਼ਾਂਤੀ ਨਹੀਂ ਹੋ ਸਕਦੀ- ਇਮਰਾਨ ਖ਼ਾਨ

-ਨੱਚਣ ਦੇਵੇ ਨਾ ਚੰਨਣ ਦੀ ਮਾਤਾ, ਨੱਚਣਾ ਬਥੇਰਾ ਜਾਣਦੀ।

*ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਦੇ ਘਰ ਦੇ ਬਾਹਰ ਮੁੜ ਹੋਇਆ ਰੋਸ ਪ੍ਰਦਰਸ਼ਨ- ਇਕ ਖ਼ਬਰ

-ਦਾਰੂ ਪੀ ਕੇ ਮਿੱਤਰਾਂ ਨੇ, ਤੇਰੇ ਬੂਹੇ ਅੱਗੇ ਡਾਂਗ ਖੜਕਾਉਣੀ।



*ਕੇਂਦਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਿਹਾ ਹੈ- ਭਗਵੰਤ ਮਾਨ

-ਜੇ ਮਾਏਂ ਕੁਝ ਦਿਸਦਾ ਹੋਵੇ, ਕਰਾਂ ਅੰਦੇਸ਼ਾ ਥੋੜ੍ਹਾ।



*ਮਰਯਾਦਾ ਦੇ ਉਲਟ ਜਾ ਕੇ ਗਿਆਨੀ ਕੁਲਦੀਪ ਸਿੰਘ ਦੀ ਹੋਈ ਦਸਤਾਰਬੰਦੀ- ਗਿਆਨੀ ਰਘਬੀਰ ਸਿੰਘ

-ਦੋਜ਼ਖ਼ ਮੋਰੀਆਂ ਜਾਣ ਬੇਸਿਦਕ ਝੂਠੇ, ਜਿਨ੍ਹਾਂ ਬਾਣ ਤੱਕਣ ਆਸ ਪਾਸ ਦਾ ਈ।



*ਭਾਜਪਾ ਲਈ ਕੰਮ ਕਰਨ ਵਾਲੇ ਕਾਂਗਰਸੀ ਆਗੂਆਂ ਨੂੰ ਪਾਰਟੀ 'ਚੋਂ ਬਾਹਰ ਕਰਨ ਦੀ ਲੋੜ ਹੈ- ਰਾਹੁਲ ਗਾਂਧੀ

-ਜ਼ਾਫ਼ਰ ਬੇਗ ਪੰਜਾਬ ਦਾ ਨਮਕ ਖਾ ਕੇ, ਇਹਨਾਂ ਜ਼ਾਲਮਾਂ ਬੇਇਨਸਾਫ਼ ਕੀਤਾ।

*ਹਰਿਆਣਾ ਦੇ 487 ਸਰਕਾਰੀ ਪ੍ਰਾਇਮਰੀ ਸਕੂਲ ਅਧਿਆਪਕਾਂ ਤੋਂ ਸੱਖਣੇ- ਇਕ ਖ਼ਬਰ

-ਰਾਜ ਕਰਨ ਲਈ ਲੋਕਾਂ ਨੂੰ ਅਨਪੜ੍ਹ ਰੱਖਣਾ ਜ਼ਰੂਰੀ ਹੁੰਦੈ।



*ਅਸੀਂ ਜਾਨ ਦੇ ਦਿਆਂਗੇ ਪਰ ਕਾਲੇ ਖੇਤੀ ਕਾਨੂੰਨ ਲਾਗੂ ਨਹੀਂ ਹੋਣ ਦੇਵਾਂਗੇ- ਰਤਨ ਸਿੰਘ ਮਾਨ

-ਸਿੰਘ ਸੂਰਮੇ ਸ਼ੇਰ ਦਲੇਰ ਬਾਂਕੇ, ਕੱਸਣ ਘੋੜੀਆਂ ਜ਼ੀਨਾਂ ਸਵਾਰੀਆਂ ਨੇ।

*ਮਾਨ ਸਰਕਾਰ ਕੇਂਦਰੀ ਸਕੀਮਾਂ ਲਾਗੂ ਨਹੀਂ ਕਰ ਰਹੀ- ਇਕ ਖ਼ਬਰ

-ਟੁੱਟ ਪੈਣੇ ਦਰਜੀ ਨੇ, ਮੇਰੀ ਰੱਖ ਲਈ ਸੁੱਥਣ 'ਚੋਂ ਟਾਕੀ।



*ਵਾਰ ਵਾਰ ਰਾਹੁਲ ਗਾਂਧੀ ਕਿਉਂ ਜਾਂਦੇ ਹਨ ਵੀਅਤਨਾਮ?- ਭਾਜਪਾ ਨੇਤਾ ਰਵੀ ਸ਼ੰਕਰ ਪ੍ਰਸਾਦ

-ਵੇ ਘਰ ਤੇਲਣ ਦੇ, ਤੇਰਾ ਚਾਦਰਾ ਖੜਕੇ।



*ਗੁਰੂ ਪ੍ਰੰਪਰਾਵਾਂ ਦਾ ਘਾਣ ਬਰਦਾਸ਼ਤ ਨਹੀਂ ਕਰੇਗਾ ਪੰਥ- ਗਿਆਨੀ ਹਰਪ੍ਰੀਤ ਸਿੰਘ

-ਇਹਨਾਂ ਸੋਹਣਿਆਂ ਮੂੰਹਾਂ 'ਤੇ ਖ਼ਾਕ ਪੈਣੀ, ਕੁੰਡੇ ਲੱਗਣੇ ਅੰਤ ਹਵੇਲੀਆਂ ਨੂੰ।



*ਰੂਸ ਕੋਲੋਂ ਹਥਿਆਰ ਖ਼ਰੀਦਣੇ ਬੰਦ ਕਰੇ ਭਾਰਤ- ਟਰੰਪ

-ਛੜੇ ਬੈਠ ਕੇ ਸਲਾਹਾਂ ਕਰਦੇ, ਰੱਬਾ ਹੁਣ ਕੀ ਕਰੀਏ।

TAIL PIECE

Dalip Singh Wasan, Advocate
Email: dalipsinghwassan@yahoo.co.in

## Sardar Bhagwant Singh Maan CM Punjab shall complete his tenure---Kejriwal



Someone pointd out that Mr. Bhagwant Maan is an incompetent Chief Minister and Mr. Kejriwal has come with answer that Mr. Bhagwant Maan shall complete his tenure of five years. Mr Bhagwant Maan was not the Chief Minister- designate and Mr. Kejriwal left the point on shoulders of the people and this is the first time when a man has been chosen by the people and therefore, Mr. Maan is the first Chief Minister who is representing the people. With Maan a new tradition has been established here in India where people themselves have chosen their Chief Minister.

Mr. Bhagwant Maan is a non politician, but he has established much for the welfare of the people. People have been provided services at home about 43 items while sitting at home and they are not to visit offices. More than fifty one thousands people could get regularization of their services. Demestice free supply of electricity, promise to create more jobs in the state and assured ideal service and conditions of employment, implementation of Pay Commission Report and even provided big amount for payment of arrears to government employees and pensioners before start of new Pay scales from first January, 2026. Medical free service in colonies. He could create peace in the state and more corporate houses are coming back when there is peace in the state. More jobs shall be available for the unemployed.

All such woriks were not expected from a non-politician, but this choice of the people actually proved election of a representative of the people. Here Mr. Kejriwal is proud of his selection allowing the people to elect their own representative and on the authority of performance, he is sure that Mr. Bhagwant Singh maan shall complete this tenure and even next tenure could be his shqare because of better representation of the people in the State.

Bhagwant Singh Maan even claims that he could write off drug addiction and all big smugglers have been identified and their illegally acquired properties have been sealed and most of them have been arrested. Even he talks of dealing with gangsters. Since Mr. Maan had been the selection of people and not of politicians, he has become representative of the people of Punjab. Let his case may become an example for elecdtions in whole of the country so that people representatives could come forward and may work as per their own conscience, will, wisdom and not under whips.

## Candidates themselves must show their abilities and duty chart

The British while leaving this country handed over charge of country in hands of politicians and that tradition is still going on.Till date no qualifications, training, experience and expertises have been prescribed and even no duty chart could be established and it is on record that most of the elected members just mark their presence and receive pay, allowances and even pension. There is no occasion when there shall be a set of abilities and items of duty chart and Public Servants shall remain a burden on the state exchequer. We have noted that number of voters started coming down in this biggest democracy in this world. The only remedy could be that each candidate coming forward must himself must show the voters his compentencies, abilities, age, expertises and should also show the voters that he could collect problems of the area which he shall present in the Parliament and shall place these problems before the House for solution.

The people shall have the occasion to consider these items and then decide to whom their votes should go. The present system of voting in name of PM Designate must be a thing of the past because the representative of the people is the candidate and ot the PM Designate.

The contesting groups are just coming up as per the decision of the PM Designate because after elections, we have noted, the parties go silent and all performances are as per decision of the PM and even executives of the party go silent and at no stage they are seen giving directions to the PM as per their policies. Even the fighting parties have stopped forming any specific agenda for the five years tenure.. The result of recent elections have shown the will the people and this coming down of percentage of voters shall disturb our status of biggest democracy in the world. Let us go ahead and must ensure that each candidate must be competent and must be alive to his duties while in the House and he must place before the people chart of his abiligties and dutities for consideration of the people.

Let all elected get equal status in the House and the present system of two groups governing group and opposition too must go because it lowers down status of one group called opposition and status of representatives too must be established. The members should not work under direct and indirect whips, but must work as per their own conscience, will, wisdom and discretion. The present system of marking mere presence in the House must go because the members could not become complete members of the House.

## Punjabi became the first language in schools in all schools - A nes

All know that there had been demand of Punjabi Language State and even one man died because of his hunger strike. And we all know that Punjab lost Himachal Pradesh, Chandigarh and Haryana being not Punjabi speaking areas. All know that all Punjabis migrated from Pakistan sides settled in himachal Pradesh and Haryana still speak Punjabi language at home and even Punjabi Language is still taught in these states and UT Chandigarh.

Punjab lost much in 1947 partition and then this establishment of Punjabi Language State broke down Punjab and turned it just a smallvillage and it has turned just a state of farmers who are in ag agitation.

The political wings had been creating all these demands and result is before us. This Punjab left now will not get all the industrial units back and the youths who have left Punjab and are trying to settle abroad too would not come back. And we can say that all these semi political movements initiated by politicians brought much losses and now Punjab would never get t4he same situations which had been established here jut after partition of 1947.Merger of Himachal Pradesh and Haryana is now just a dream and even loss of Chandigarh is now just a dream. And because of these semi political movements in the state of Punjab The Sikhs suffered much and none is claiming responsibility and these items too have become just entries in history of the Sikhs. The people killed have not been called martyres, just killed. All was done in name of riots and very few could get punishment.

## Repeated reference to religions castes rich and poor be avoided

Our society had been divided since the times of our mythology and this division continued throughout in history. Even the British too adopted the principle of Divide and Rule and when we brought this Constitution we even tried to define who is Hindu and prepared lists of Scheduled Castes, Scheduled Tribes and Backward Classes. The Sikhs tried to become a casteless society but keeping in view the benefits to Scheduled Castes, Scheduled Tribes and Backward Classes, they too agreed to continue with castes system.Repeated reference to religions, castes, rich and poor in government recoreds played adverse role in 1947 brought partition of India in which lakhs were kille and crores were uprooted and we could not learn a lesson and still division on the basis of religions is working. There are often calls of Hindu Nation, Sikh Nation and Muslim Minority and in spite of our best efforts till date we could not fill up gap between rich and poor.

Repeated references to these items in government records could not allow us to become a Nation and people in different groups are still living a separate life in each group. Even they are accommodated in different basties and often try to establish that they have different language and social life. Matrimonial alliances too are limited. All are trying to add with their names their castes and have some signs which show that they are from such and such religion. We adopted universal policy of secularism, but this policy could not bring unity and therefore, time has come that we should adopt some way out so that all identifications marks be written off. When we all call ourselves Indians when abroad, let us become all Indians when in our own country. The methods adopted update often worked against our desire to become a nation. Let us have a special session of parliament on this subject and somehow we should try to stop entries of religions, castes, poor and rich in all government records. Even then we shall need at least one century when people shall forget to which religion they belong.

# ਲੋਕਾਂ ਦੇ ਵਿਰੋਧ ਮਗਰੋਂ ਵਿਧਾਇਕ ਦੇਵ ਮਾਨ ਨੂੰ ਚਮਕੀਲੇ ਬਾਰੇ ਪੋਸਟ ਹਟਾਉਣੀ ਪਈ

## ○ ਅਖੇ ਸ਼ਹੀਦ ਚਮਕੀਲੇ ਦੀ ਸਮਾਧ ਨੂੰ ਹੋਰ ਸੁੰਦਰ ਬਣਾਇਆ ਜਾਵੇਗਾ

ਨਾਭਾ-ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵੱਲੋਂ ਮਰਹੂਮ ਗਾਇਕ ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਕੌਰ ਦੀ ਸਮਾਧ ਅੱਗੇ ਖੜ੍ਹ ਕੇ ਖਿਚਵਾਈ ਤਸਵੀਰ ਫੇਸਬੁੱਕ ਉੱਪਰ ਸਾਂਝੀ ਕਰਨ 'ਤੇ ਲੋਕਾਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਉਸ ਨੇ ਪੋਸਟ ਵਿੱਚ ਲਿਖਿਆ ਸੀ ਕਿ ਇਸ ਸਮਾਧ ਨੂੰ ਹੋਰ ਸੁੰਦਰ ਬਣਾਇਆ ਜਾਵੇਗਾ ਤਾਂ ਕਿ ਸ਼ਹੀਦ ਚਮਕੀਲਾ ਦੇ ਪ੍ਰਸ਼ੰਸਕਾਂ ਨੂੰ ਮੱਥਾ ਟੇਕਣ ਵਿੱਚ ਕੋਈ ਪ੍ਰੇਸ਼ਾਨੀ ਨਾ ਆਵੇ। ਹੁਣ ਇਹ ਪੋਸਟ ਵਿਧਾਇਕ ਦੇਵ ਮਾਨ ਦੇ ਪੇਜ ਤੋਂ ਡਿਲੀਟ ਹੋ ਚੁੱਕੀ ਹੈ।




ਲੋਕਾਂ ਨੇ ਰੋਸ ਜਤਾਇਆ ਕਿ ਪੰਜਾਬ ਦੀ ਵਿਰਾਸਤ, ਹਸਪਤਾਲਾਂ ਤੇ ਸਕੂਲਾਂ ਆਦਿ ਦੇ ਵਿਕਾਸ ਕਰਨ ਦੀ ਲੋੜ ਹੈ। ਕਈਆਂ ਨੇ ਚਮਕੀਲੇ ਦੇ ਗੀਤਾਂ ਵਿੱਚ ਅਸ਼ਲੀਲਤਾ ਦੀ ਗੱਲ ਆਖਦਿਆਂ ਇਸ ਪੋਸਟ ਦੀ ਆਲੋਚਨਾ ਕੀਤੀ। ਇਸੇ ਮਹੀਨੇ ਲੁਧਿਆਣਾ ਵਿੱਚ ਅਮਰ ਸਿੰਘ ਚਮਕੀਲਾ ਅਤੇ ਅਮਰਜੋਤ ਕੌਰ ਦੀ 37ਵੀਂ ਬਰਸੀ ਸਮਾਗਮ ਵਿੱਚ ਵਿਧਾਇਕ ਦੇਵ ਮਾਨ ਨੇ ਹਿੱਸਾ ਲਿਆ ਸੀ। ਉਨ੍ਹਾਂ ਨੇ ਲੋਕਾਂ ਨੂੰ ਸੋਸ਼ਲ ਮੀਡੀਆ ਰਾਹੀਂ ਬਰਸੀ ਸਮਾਗਮ ਵਿੱਚ ਸ਼ਾਮਲ ਹੋਣ ਦੀ ਕਈ ਵਾਰੀ ਅਪੀਲ ਕੀਤੀ ਅਤੇ ਆਪਣੇ ਫੇਸਬੁੱਕ ਪੇਜ ਉੱਪਰ ਸਮਾਗਮ ਦੇ ਕੁਝ ਹਿੱਸੇ ਦਾ ਲਾਈਵ ਪ੍ਰਸਾਰਨ ਵੀ ਕੀਤਾ। ਦੇਵ ਮਾਨ ਖੁਦ ਵੀ ਗਾਇਕ ਹਨ। ਇਸ ਬਾਬਤ ਵਿਧਾਇਕ ਦੇਵ ਮਾਨ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਉਨ੍ਹਾਂ ਨੇ ਫੋਨ ਅਤੇ ਸੁਨੇਹੇ ਦਾ ਜਵਾਬ ਨਾ ਦਿੱਤਾ। ਲੋਕਾਂ ਦਾ ਦੋਸ਼ ਹੈ ਕਿ ਚਮਕੀਲੇ ਨੇ ਗਾਇਕੀ ਰਾਹੀਂ ਅਸ਼ਲੀਲਤਾ ਤੇ ਨਸ਼ੇ ਫੈਲਾਕੇ ਨੌਜਵਾਨ ਪੀੜੀ ਨੂੰ ਬਰਬਾਦ ਕੀਤਾ।

# ਜਲਾਵਤਨੀ ਜਥੇਦਾਰ ਵਧਾਵਾ ਸਿੰਘ ਬੱਬਰ ਦੇ ਭਣੋਈਆ ਭਾਈ ਗੁਰਨਾਮ ਸਿੰਘ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ



ਸਵਾਰਗੀ ਭਾਈ ਗੁਰਨਾਮ ਸਿੰਘ ਦੇ ਅੰਤਿਮ ਦਰਸ਼ਨ ਸਮੇਂ ਸੰਗਤਾਂ

**ਨੂਰਮਹਿਲ (ਪੰਜਾਬ ਟਾਈਮਜ਼) – ਮੌਜੂਦਾ ਸੰਘਰਸ਼ ਦੀ ਜੁਝਾਰੂ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਜਲਾਵਤਨੀ ਜਥੇਦਾਰ ਵਧਾਵਾ ਸਿੰਘ ਬੱਬਰ ਦੇ ਭਣੋਈਏ ਭਾਈ ਗੁਰਨਾਮ ਸਿੰਘ (ਉਮਰ 80 ਸਾਲ) ਪਿੰਡ ਭੰਗਾਲਾ ਜ਼ਿਲ੍ਹਾ ਜਲੰਧਰ ਜੋ ਪਿਛਲੇ ਦਿਨੀਂ ਬਿਮਾਰੀ ਨਾਲ ਜੂਝਦੇ ਹੋਏ ਅਕਾਲ ਚਲਾਣਾ ਕਰ ਗਏ ਸਨ ਦਾ ਅੰਤਿਮ ਸੰਸਕਾਰ ਧਾਰਮਿਕ ਮਰਿਆਦਾ ਅਨੁਸਾਰ ਉਹਨਾਂ ਦੇ ਜੱਦੀ ਪਿੰਡ ਭੰਗਾਲਾ ਵਿਖੇ ਕੀਤਾ ਗਿਆ।**

ਗੁਰਮਤਿ ਦੇ ਧਾਰਨੀ ਭਾਈ ਗੁਰਨਾਮ ਸਿੰਘ ਅਤੇ ਉਹਨਾਂ ਦੀ ਧਰਮ ਪਤਨੀ ਬੀਬੀ ਬਲਬੀਰ ਕੌਰ ਨੇ ਮੌਜੂਦਾ ਸੰਘਰਸ਼ ਦੌਰਾਨ ਕਈ ਵਾਰ ਸਰਕਾਰੀ ਤਸ਼ੱਦਦ ਝੱਲਿਆ ਪਰ ਸਿੱਖੀ ਸਿਦਕ ਤੋਂ ਨਹੀਂ ਡੋਲੇ। ਇਸ ਮੌਕੇ 'ਤੇ ਅਖੰਡ ਕੀਰਤਨੀ ਜਥੇ ਦੇ ਜਥੇਦਾਰ ਭਾਈ ਬਖ਼ਸ਼ੀਸ਼ ਸਿੰਘ, ਸਿੰਘ ਸਾਹਿਬ ਰਘਬੀਰ ਸਿੰਘ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸਿੰਘ ਸਾਹਿਬ ਸੁਲਤਾਨ ਸਿੰਘ ਗ੍ਰੰਥੀ ਸ੍ਰੀ ਦਰਬਾਰ ਸਾਹਿਬ, ਪੰਜ ਪਿਆਰਿਆਂ ਚੋਂ ਭਾਈ ਸਤਨਾਮ ਸਿੰਘ, ਭਾਈ ਤਰਲੋਕ ਸਿੰਘ, ਭਾਈ ਦਲਬੀਰ ਸਿੰਘ, ਭਾਈ ਭੁਪਿੰਦਰ ਸਿੰਘ ਭਲਵਾਨ ਜਰਮਨੀ ਨਤੇ ਮ੍ਰਿਤਕ ਦੇਹ ਤੇ ਦੁਸ਼ਾਲਾ ਭੇਟ ਕੀਤਾ। ਇਲਾਕਾ ਨਿਵਾਸੀਆਂ ਅਤੇ ਪਿੰਡ ਦੇ ਵਸਨੀਕਾਂ ਦੇ ਇਲਾਵਾ ਜਸਵੰਤ ਸਿੰਘ ਕੈਨੇਡਾ, ਮਹਾਂਬੀਰ ਸਿੰਘ ਸੁਲਤਾਨਵਿੰਡ, ਵੱਸਣ ਸਿੰਘ, ਜਸਪਾਲ ਸਿੰਘ ਨਵਾਂਪਿੰਡ, ਪਰਮਿੰਦਰ ਸਿੰਘ ਬਟਾਲਾ, ਮਾਸਟਰ ਬਲਦੇਵ ਸਿੰਘ ਆਦਿ ਹਾਜ਼ਰ ਸਨ। ਉਹਨਾਂ ਦੇ ਅਕਾਲ ਚਲਾਣੇ 'ਤੇ ਵਰਲਡ ਸਿੱਖ ਪਾਰਲੀਮਿੰਟ ਦੇ ਆਗੂਆਂ ਯੂ ਕੇ ਤੋਂ ਭਾਈ ਜੋਗਾ ਸਿੰਘ, ਭਾਈ ਮਨਪ੍ਰੀਤ ਸਿੰਘ, ਅਮਰੀਕਾ ਤੋਂ ਭਾਈ ਹਿੰਮਤ ਸਿੰਘ ਅਤੇ ਸਾਥੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਗੁਰੂ ਮਹਾਰਾਜ ਉਹਨਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਿੱਛੇ ਰਹਿ ਗਏ ਪਰਿਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ਣ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ

rajinder.pardesi7@gmail.com




# ਕੈਨੇਡੀਅਨ ਸਿੱਖਾਂ ਨੇ ਵੈਂਕੂਵਰ ਅਤੇ ਓਟਵਾ ਵਿਖੇ ਭਾਰਤ ਅਤੇ ਰੂਸ ਦੇ ਡਿਪਲੋਮੈਟਿਕ ਮਿਸ਼ਨਾਂ ਦੇ ਬਾਹਰ ਭਾਰੀ ਗਿਣਤੀ 'ਚ ਇੱਕਠੇ ਹੋਕੇ ਕੀਤਾ ਜ਼ੋਰਦਾਰ ਵਿਰੋਧ ਪ੍ਰਦਰਸ਼ਨ








ਨਵੀਂ ਦਿੱਲੀ-(ਮਨਪ੍ਰੀਤ ਸਿੰਘ ਖਾਲਸਾ):- ਕੈਨੇਡੀਅਨ ਸਿੱਖਾਂ ਨੇ ਸਰੀ ਵੈਂਕੂਵਰ ਅਤੇ ਓਟਵਾ ਵਿਖੇ ਭਾਰਤ ਅਤੇ ਰੂਸ ਦੇ ਡਿਪਲੋਮੈਟਿਕ ਮਿਸ਼ਨਾਂ ਦੇ ਬਾਹਰ ਭਾਰੀ ਗਿਣਤੀ 'ਚ ਇੱਕਠੇ ਹੋਕੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤੇ ਹਨ ।ਓਟਵਾ ਦੇ ਵਿਰੋਧ ਪ੍ਰਦਰਸ਼ਨ ਵਿਚ ਮੌਂਟਰੀਆਲ, ਟੋਰਾਂਟੋ ਅਤੇ ਓਟਵਾ ਦੀ ਸੰਗਤਾਂ ਨੇ ਹਜਾਰਾਂ ਦੀ ਤਾਦਾਦ ਅੰਦਰ ਖਾਲਿਸਤਾਨੀ ਝੰਡਿਆਂ ਦੇ ਨਾਲ ਇਸ ਰੋਸ ਪ੍ਰਦਰਸ਼ਨ ਵਿਚ ਹਿੱਸਾ ਲੈ ਕੇ ਭਾਈ ਨਿਝਰ ਦੇ ਹੱਕ ਵਿਚ ਭਾਰਤ ਅਤੇ ਰੂਸ ਵਿਰੁੱਧ ਜ਼ੋਰਦਾਰ ਪ੍ਰਦਰਸ਼ਨ ਕਰਦਿਆਂ ਭਾਰਤੀ ਐਂਬੇਸੀਆਂ ਨੂੰ ਬੰਦ ਕਰਣ ਦੀ ਮੰਗ ਦੇ ਨਾਲ ਭਾਰਤੀ ਮੰਤਰੀ ਰਾਜਨਾਥ ਵਿਰੁੱਧ ਨਾਹਰੇ ਲਗਾਏ ਸਨ ਅਤੇ ਉਨ੍ਹਾਂ ਦਾ ਪੁਤਲਾ ਫੂਕਿਆ ਗਿਆ ਸੀ

# ਕਾਵਿ-ਕਿਆਰੀ

## ਮਾਪਿਆਂ ਦਾ ਸਤਿਕਾਰ



ਨਛੱਤਰ ਸਿੰਘ
ਭੋਗਲ "ਭਾਖੜੀਆਣਾ" ਯੂ ਕੇ

ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ।

ਮਾਪਿਆਂ ਦੀ ਸੇਵਾ ਵਿੱਚੋਂ ਰੱਬ ਦਾ ਦੀਦਾਰ ਹੁੰਦਾ,
ਸੇਵਾ ਵਾਲ਼ੀ ਸੋਚ ਨਾਲ ਜੀਵਨ ਸੁਧਾਰ ਹੁੰਦਾ,
ਸੁੱਖਾਂ ਦਾ ਖ਼ਜ਼ਾਨਾ ਤੇ ਭੰਡਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਮਾਂ ਦੀਆਂ ਲੋਰੀਆਂ ਤੋਂ ਕੋਈ ਮਿੱਠਾ ਰਾਗ ਨਹੀਂ,
ਗੋਦ ਵਾਲ਼ੇ ਨਿੱਘ ਨਾਲੋਂ ਹੋਰ ਚੰਗੇ ਭਾਗ ਨਹੀਂ,
ਮਾਪਿਆਂ 'ਚੋਂ ਦਿਸੇ ਕਰਤਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਸੁੱਖਾਂ ਰਹਿਣ ਸੁੱਖਦੇ ਤੇ ਕਰਨ ਦੁਆਵਾਂ ਜੀ,
ਦੂਰ ਰਹਿਣ ਬੱਚਿਆਂ ਤੋਂ ਬੁਰੀਆਂ ਬਲਾਵਾਂ ਜੀ,
ਸਦਾ ਰਹਿਣ ਕਰਦੇ ਪੁਕਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਕੌੜੇ ਬੋਲ ਮਾਪਿਆਂ ਨੂੰ ਭੁੱਲਕੇ ਨਾ ਬੋਲਿਉ,
ਕੀਮਤੀ ਸੁਗਾਤ ਕੌਡੀਆਂ ਦੇ ਭਾਅ ਨਾ ਤੋਲਿਉ,
ਔਲਾਦ ਨਾਲ਼ ਵਸਦਾ ਸੰਸਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਜਿਉਂਦੇ ਮਾਪੇ ਜੱਗ ਉੱਤੇ ਠੰਢੀਆਂ ਨੇ ਛਾਵਾਂ ਜੀ,
ਤੀਰਥਾਂ ਤੋਂ ਵੱਧ ਇਹੋ ਪੂਜਨੀਕ ਥਾਂਵਾਂ ਜੀ,
ਮਾਣ ਲਉ ਅਸੀਸਾਂ ਦੀ ਬਹਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਬਜ਼ੁਰਗਾਂ ਨੂੰ ਘਰੇ ਛੱਡ ਯਾਤਰਾ ਤੇ ਜਾਣ ਦਾ,
ਕੀ ਫ਼ਾਇਦਾ ਤੀਰਥਾਂ ਤੇ ਜਾ ਕੇ ਧੱਕੇ ਖਾਣ ਦਾ,
ਸੇਵਾ-ਫਲ ਕਰੇ ਬੇੜੇ ਪਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਟਹਿਲ ਕਮਾਉ, ਲਾਓ ਘੁੱਟ ਸੀਨੇ ਨਾਲ ਬਈ,
'ਕੱਠੇ ਖਾਣਾ ਖਾਣ ਦਾ ਹੈ ਵੱਖਰਾ ਕਮਾਲ ਬਈ,
ਰੱਬ ਵੀ ਆ ਖੜ੍ਹੇਗਾ ਦੁਆਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਅਸੀਸਾਂ ਤੇ ਦੁਆਵਾਂ ਦੀ ਨੇ ਮਾਪੇ ਖਾਨ ਦੋਸਤੋ,
ਭਰਿਆ ਖ਼ਜ਼ਾਨਾ ਨਾ ਦਉ ਹੱਥੋਂ ਜਾਣ ਦੋਸਤੋ,
ਜ਼ਿੰਦਗੀ ਨੂੰ ਕਰੋ, ਸਰਸ਼ਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਦੁਨੀਆਂ ਦੇ ਰਾਜ-ਭਾਗ ਮਾਪਿਆਂ ਦੇ ਪੈਰਾਂ ਵਿੱਚ,
ਰੱਬ ਕੋਲੋਂ ਮੰਗੀਆਂ ਦੁਆਵਾਂ ਅਤੇ ਖ਼ੈਰਾਂ ਵਿੱਚ,
ਖੁਸ਼ੀਆਂ ਦੀ ਰਹਿਣੀ ਭਰਮਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

ਪਿਆਰ ਭਰੇ ਹੱਥ ਮਾਪੇ ਸਿਰ ਉੱਤੇ ਧਰ ਦੇਣ,
ਰਹਿਮਤਾਂ ਦੀ ਵਰਖਾ ਨਾ ਝੋਲੀਆਂ ਵੀ ਭਰ ਦੇਣ,
'ਭੋਗਲ' ਉੱਤੇ ਕਰੋ ਇਤਬਾਰ ਜੀਣ ਜੋਗਿਉ।
ਮਾਪਿਆਂ ਦਾ ਕਰੋ ਸਤਿਕਾਰ ਜੀਣ ਜੋਗਿਉ,
ਮਿਲਦੇ ਨਾ ਮੁੱਲ ਜਾਂ ਉਧਾਰ ਜੀਣ ਜੋਗਿਉ॥

## ਇਨਕਲਾਬ

ਇਨਕਲਾਬ ਤਾਂ ਆਕੇ ਚਲਾ ਗਿਆ,
ਹੁਣ ਫ਼ੇਰ ਨ੍ਹੀਂ ਆਉਣਾ,
ਛੱਡ ਦਿਓ ਲੋਕੋ ਇਸ ਦਾ ਨਾਹਰਾ,
ਹੁਣ ਗਰਜਮਾ ਲਾਉਣਾ।

ਇਹ ਸੀ ਇੱਕ ਛਲਾਵਾ ਜੋ ਕਦੀ,
ਹੱਥ ਨਹੀਂ ਮੁੜ ਆਉਣਾ,
ਜੋ ਹਕੀਕਤ ਨਾ ਬਣ ਸਕਿਆ,
ਹੁਣ ਪਿਆ ਸਭ ਨੂੰ ਪਛਤਾਉਣਾ।

ਫ਼ਲਸਫ਼ੇ ਹੀ ਘੜਦਾ ਰਹਿ ਗਿਆ,
ਮਾਰਕਸ ਬੜਾ ਸਿਆਣਾ,
ਵੇਚ ਕੇ ਖਾ ਗਿਆ ਫ਼ਲਸਫ਼ੇ ਨੂੰ,
ਸਾਰਾ ਰੂਸੀ ਲਾਣਾ।

ਲੈਨਿਨ ਕਰ ਕਰ ਥੱਕ ਗਿਆ ਸੀ,
ਅਣਥੱਕ ਹੀ ਚਾਰਾਜੋਈ,
ਲਾਲ ਫ਼ੌਜ ਦੀ ਦੁਨੀਆ ਵਿੱਚ ਸੀ,
ਬੜੀ ਹੀ ਵਾਹ ਵਾਹ ਹੋਈ।

ਕਿੰਨੇ ਕਾਮੇ ਸ਼ਹੀਦ ਹੋ ਗਏ,
ਕਿੰਨਿਆਂ ਦੀ ਰੱਤ ਚੋਈ,
ਕਿਸ ਦੇ ਹੱਥੋਂ ਕਿਸ ਕਿਸ ਦੀ,
ਸੀ ਕਿੰਨੀ ਦੁਰਗਤ ਹੋਈ।

ਜ਼ਾਰ ਆਪਣੇ ਮਹਿਲ ਖੁਹਾ ਕੇ,
ਜ਼ਾਰ ਜ਼ਾਰ ਸੀ ਰੋਇਆ,
ਲੋਕਾਂ ਦੇ ਅਥਾਹ ਹੜ੍ਹ ਅੱਗੇ,
ਖੁਆਰ ਬੜਾ ਸੀ ਹੋਇਆ।

ਰੂਸ ਨੇ ਦੁਨੀਆ ਦੇ ਵਿੱਚ ਜਾਕੇ,
ਇਨਕਲਾਬ ਦਾ ਕੀਤਾ ਧੰਦਾ,
ਦੋਹੀਂ ਹੱਥੀਂ ਹੀ ਲੁੱਟ ਖਾਧਾ,
ਦੁਨਿਆਵੀ ਭੋਲ਼ਾ ਬੰਦਾ।

ਅਮੀਰ ਹੋਰ ਅਮੀਰ ਹੋ ਗਿਆ,
ਗ਼ਰੀਬ ਹੋਰ ਵੀ ਭੁੱਖਾ,
ਨਾ ਬਰਾਬਰੀ ਦਾ ਪਾੜਾ ਵਧਿਆ,
ਜੋ ਕਦੀ ਵੀ ਨਹੀਂ ਮੁੱਕਾ।


ਮਹਿੰਗੇ ਭਾਅ 'ਤੇ ਸਮਾਜਵਾਦ,
ਵਿਕਿਆ ਬੋਲੀ 'ਤੇ ਚੜ੍ਹ ਕੇ,
ਕਾਮਰੇਡਾਂ ਦੇ ਢੱਠੇ ਘਰਾਂ ਵਿੱਚ,
ਬੱਸ ਖਾਲੀ ਪੀਪੇ ਖੜਕੇ।

ਸਰਮਾਏਦਾਰ ਤਾਂ ਹਰ ਵਾਰ ਹੀ,
ਜਿੱਤਿਆ ਕਰ ਕੋਝੇ ਹੀਲੇ,
ਜਿਹੜਾ ਇਸ ਦੇ ਅੱਗੇ ਅੜਿਆ,
ਉਹਦੇ ਮੂਧੇ ਪਏ ਪਤੀਲੇ।

ਢਿੱਡ ਦੀ ਭੁੱਖ ਨਹੀਂ ਪੂਰੀ ਹੁੰਦੀ,
ਸੁੱਕੀਆਂ ਨੀਤੀਆਂ ਘੜ ਕੇ,
ਪੈਸੇ ਨਾਲ ਹੀ ਰੋਟੀ ਮਿਲਦੀ,
ਸਵਾਦੀ ਲਾ ਲਾ ਤੜਕੇ।

ਸਾੜ ਦਿਓ ਹੁਣ ਸਾਰੇ ਪੋਥੇ,
ਜੋ ਸਿਰ ਖਪਾ ਗਏ ਸਾਡਾ,
ਇਨਕਲਾਬ ਦਾ ਹੁਣ ਭੋਗ ਪਾ ਦਿਓ,
ਛੱਡ ਦਿਓ ਲਾਉਣਾ ਆਢਾ।

ਰਵਿੰਦਰ ਸਿੰਘ
ਕੁੰਦਰਾ
ਕੋਵੈਂਟਰੀ ਯੂ
ਕੇ



## ਟੱਪੇ

ਇੱਥੇ ਹੜ੍ਹ ਨਸ਼ਿਆਂ ਦਾ ਆਇਆ ਏ,
ਉਹ ਗਿਣਤੀ ਵਿੱਚ ਬਹੁਤ ਥੋੜ੍ਹੇ ਨੇ
ਜਿਨ੍ਹਾਂ ਖ਼ੁਦ ਨੂੰ ਇਸ ਤੋਂ ਬਚਾਇਆ ਏ।
ਦਵਾਈਆਂ 'ਚ ਜ਼ਹਿਰ ਮਿਲਾਈ ਜਾਂਦੇ ਨੇ,
ਤੰਦਰੁਸਤੀ ਭਾਲਦੇ ਮਰੀਜ਼ਾਂ ਨੂੰ
ਰੱਬ ਕੋਲ ਪਹੁੰਚਾਈ ਜਾਂਦੇ ਨੇ।
ਧਰਮ ਦੇ ਨਾਂ ਤੇ ਦੁਕਾਨਾਂ ਪਾਈਆਂ ਨੇ,
ਲੋਕਾਂ ਨੇ ਬਾਬਿਆਂ ਪਿੱਛੇ ਲੱਗ ਕੇ
ਆਪਣੀਆਂ ਲੁਟਾ ਦਿੱਤੀਆਂ ਕਮਾਈਆਂ ਨੇ।
ਕੋਈ ਕੱਲਾ ਬਾਹਰ ਜਾ ਸਕਦਾ ਨਹੀਂ,
ਜੇ ਕੋਈ ਕੱਲਾ ਬਾਹਰ ਚਲਾ ਜਾਵੇ
ਉਹ ਬਾਹਰੋਂ ਸਾਬਤ ਆ ਸਕਦਾ ਨਹੀਂ।
ਇੱਥੇ ਕਾਤਲ ਸ਼ਰੇਆਮ ਫਿਰਦੇ ਨੇ,
ਜਿਨ੍ਹਾਂ ਨੇ ਕੁਝ ਨਹੀਂ ਕੀਤਾ ਹੁੰਦਾ
ਉਹ ਜੇਲ੍ਹਾਂ ਦੇ ਵਿੱਚ ਸੜਦੇ ਨੇ।
ਮਹਿੰਗਾਈ ਤੋਂ ਲੋਕ ਡਾਢੇ ਦੁਖੀ ਨੇ,
ਮਹਿਲਾਂ 'ਚ ਰਹਿਣ ਵਾਲਿਆਂ ਨੂੰ
ਉਹ ਲੱਗਦੇ ਬੜੇ ਸੁਖੀ ਨੇ।
ਇੱਥੇ ਨੇਤਾਵਾਂ ਦੀਆਂ ਪੌਂ ਬਾਰਾਂ ਨੇ,
ਜਿਨ੍ਹਾਂ ਦੇ ਕੋਲ ਪਹਿਲਾਂ ਸਾਈਕਲ ਸਨ
ਉਨ੍ਹਾਂ ਕੋਲ ਹੁਣ ਸੈਵਨ ਸੀਟਰ ਕਾਰਾਂ ਨੇ।

ਮਹਿੰਦਰ ਸਿੰਘ ਮਾਨ



* * * * *

## ਹਾਇਕੂ

1) ਚੰਨ ਸੂਰਜ
ਬਣੇ ਪਹਿਰੇਦਾਰ
ਕਰਦੇ ਰਾਖੀ

2) ਯੁੱਗਾਂ ਯੁੱਗਾਂ ਤੋਂ
ਲੱਛਮੀ ਵੰਡੇ ਮਾਯਾ
ਦੀਪ ਮਾਲਾ ਤੇ

3) ਪਾਰ ਨਾ ਲੰਘੇ
ਕਿਸ਼ਤੀ ਮੰਝਧਾਰ
ਸਮੇਂ ਦੀ ਹਾਰ

4) ਪੱਗ ਦੀ ਲਾਜ
ਸ਼ੀਸ਼ ਸਦਾ ਕਟਾਈ
ਜੀਵਨ ਮੁੱਲ

5) ਨਾਰੀ ਸ਼ਿੰਗਾਰ
ਨੈਣ ਹੋਏ ਦੋ ਚਾਰ
ਭੂਤ ਸਵਾਰ

6) ਮਾਸ ਨਾ ਹੱਡੀ
ਦਿਨ ਰਾਤ ਕਬੱਡੀ
ਜਾਨ ਲੈ ਛੱਡੀ

7) ਉਡਦੀ ਹਵਾ
ਤਨ ਛੋਹ ਜਾਂਦੀ ਹੈ
ਛੇੜੇ ਕੰਬਣੀ

8) ਜੜ੍ਹ ਨਾ ਪੱਤੇ
ਧਰਤੀ ਤੋਂ ਆਕਾਸ਼
ਉਡਦੀ ਹਵਾ

9) ਚੰਨ ਸੰਗ ਹੈ
ਹਰ ਚਾਨਣੀ ਰਾਤ
ਬਸ ਤੂੰ ਲੁਕੇਂ

10) ਸੁੱਤੇ ਜਾਗੇ ਹਾਂ
ਜਦ ਪ੍ਰਭਾਤ ਹੋਈ
ਪੰਛੀ ਗਾਉਂਦੇ



ਕਸ਼ਮੀਰੀ ਲਾਲ ਚਾਵਲਾ

* * * * *

## ਕਾਵਿ-ਵਿਅੰਗ

## ਖਾਨਾ-ਜੰਗੀ ਦਾ ਡਰ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਕੋਈ ਧੁੰਮਾਂ ਪਤਿਆਉਣ ਨੂੰ ਭੱਜਦਾ ਏ
ਕੋਈ 'ਧਾਮੀ' ਦੇ ਪੈਰੀਂ ਜਾ ਪਈ ਜਾਵੇ।
ਉਹਨੂੰ ਕਹਿਣ ਨਾ ਬੰਦਾ ਬਣ ਹਟ ਪਿੱਛੇ
ਤਖਤ ਸਾਹਿਬ ਦੇ ਨਾਲ ਜੋ ਖਹੀ ਜਾਵੇ।
ਕੋਈ ਚਾਲ ਨਹੀਂ ਓਸਦੀ ਸਫਲ ਹੋਣੀ
ਬਦਲ ਬਦਲ ਕੇ 'ਪੈਂਤੜੇ' ਲਈ ਜਾਵੇ
'ਰਿਸ਼ਤੇਦਾਰ' ਵੀ ਛੱਡਦਾ ਸਾਥ ਲਗਦਾ
ਗੱਡੀ ਦਿਨੋ ਦਿਨ 'ਲੀਹ' ਤੋਂ ਲਹੀ ਜਾਵੇ।
ਉਸਨੂੰ ਭੋਰਾ ਪ੍ਰਵਾਹ ਨਹੀਂ 'ਪੰਥ' ਵਾਲ਼ੀ
ਪਿੱਛੇ ਬਹਿ ਕੇ 'ਸਕੀਮਾਂ' ਜੋ ਦਈ ਜਾਵੇ।
'ਉੱਲੂ ਆਪਣਾ ਸਿੱਧਾ' ਉਸ ਰੱਖਣਾ ਐਂ
'ਖਾਨਾ-ਜੰਗੀ' ਜੇ ਪੈਂਦੀ ਤਾਂ ਪਈ ਜਾਵੇ !

# ਸਿੱਖ ਪੰਥ ਨੂੰ ਮਿਲ ਰਹੀਆਂ ਦਰਪੇਸ਼ ਚੁਣੌਤੀਆਂ ਦੇ ਸਨਮੁਖ ਆਪਣੀਆਂ ਸੰਸਥਾਵਾਂ ਦੀ ਰੱਖਿਆ ਅਤੇ ਚੁਣੌਤੀਆਂ ਦੇ ਟਾਕਰੇ ਲਈ ਇਕਜੁੱਟ ਹੋਇਆ ਜਾਏ: ਗਿਆਨੀ ਕੁਲਦੀਪ ਸਿੰਘ ਗੜਗਜ

## ✪ ਪੰਜ ਮੈਂਬਰੀ ਕਮੇਟੀ ਨੂੰ ਸੱਦਾ ਪੱਤਰ ਭੇਜਣ ਉਪਰੰਤ ਉਨ੍ਹਾਂ ਨਾਲ ਕੀਤੀ ਗਈ ਮੁਲਾਕਾਤ

ਸ੍ਰੀ ਅੰਮ੍ਰਿਤਸਰ (ਮਨਪ੍ਰੀਤ ਸਿੰਘ ਖਾਲਸਾ)-ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦਫ਼ਤਰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਇੱਕ ਲਿਖਤੀ ਪ੍ਰੈੱਸ ਬਿਆਨ ਵਿੱਚ ਕਿਹਾ ਹੈ ਕਿ ਉਨ੍ਹਾਂ ਨੂੰ ਸੇਵਾ ਸੰਭਾਲੀ ਨੂੰ ਹਾਲੇ ਕੁਝ ਦਿਨ ਹੀ ਹੋਏ ਹਨ ਅਤੇ ਇਹਨਾਂ ਦਿਨਾਂ ਵਿੱਚ ਹੀ ਦਸਵੇਂ ਪਾਤਸ਼ਾਹ ਵਲੋਂ ਬਖਸ਼ਿਆ ਕੌਮੀ ਤਿਉਹਾਰ ਹੋਲਾ ਮਹੱਲਾ ਸੀ।

ਇਸ ਲਈ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸੇਵਾਦਾਰ ਹੋਣ ਦੇ ਨਾਤੇ ਹੋਲੇ ਮਹੱਲੇ ਵਿੱਚ ਰੁੱਝੇ ਹੋਏ ਸਨ, ਜਿਸ ਕਾਰਨ ਦੋ ਦਸੰਬਰ ਨੂੰ ਜੋ ਫੈਸਲੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੋਏ ਉਹਨਾਂ ਬਾਬਤ ਜਾਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸੰਬੰਧੀ ਚੱਲ ਰਹੇ ਮਸਲੇ ਬਾਬਤ ਸਮੇਂ ਦੀ ਘਾਟ ਕਾਰਨ ਕੋਈ ਘੋਖ ਨਹੀਂ ਕਰ ਸਕੇ। ਨਾ ਹੀ ਪਿਛਲੇ ਸਿੰਘ ਸਾਹਿਬਾਨ ਵੱਲੋਂ ਬਣਾਈ ਗਈ ਕਮੇਟੀ ਨਾਲ ਇਸ ਸੰਬੰਧੀ ਕੋਈ ਗੱਲ ਹੋ ਸਕੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਸੰਬੋਧਨ ਦੌਰਾਨ ਵੀ ਪੰਥਕ ਏਕਤਾ ਦਾ ਹੋਕਾ ਦਿੱਤਾ ਸੀ, ਕਿਉਂਕਿ ਇਹ ਸਮੇਂ ਦੀ ਲੋੜ ਹੈ ਤੇ ਇਹ ਸਮੁੱਚੇ ਖ਼ਾਲਸਾ ਪੰਥ ਦੀ ਭਾਵਨਾ ਵੀ ਹੈ। ਉਨ੍ਹਾਂ ਕਿਹਾ ਕਿ ਪੰਥਕ ਏਕਤਾ ਸਬੰਧੀ ਹਾਂ ਪੱਖੀ ਹੁੰਗਾਰਾ ਭਰਦੇ ਹੋਏ ਬੀਤੇ ਕੱਲ੍ਹ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਸ. ਬਲਵਿੰਦਰ ਸਿੰਘ ਭੂੰਦੜ ਨੇ ਪ੍ਰੈੱਸ ਕਾਨਫਰੰਸ ਵਿੱਚ ਜੋ ਨੁਕਤੇ ਉਠਾਏ ਹਨ, ਖਾਸ ਕਰ ਸਿੰਘ ਸਾਹਿਬਾਨ ਵੱਲੋਂ ਦੋ ਦਸੰਬਰ ਨੂੰ ਕੀਤੇ ਫੈਸਲਿਆਂ ਵਿੱਚੋਂ ਜੋ ਕੇਂਦਰੀ ਨੁਕਤੇ ਆਪਸੀ ਏਕਤਾ ਦਾ ਸੀ ਉਸ ਬਾਰੇ ਪਹਿਲ ਕੀਤੀ ਹੈ। ਇਹ ਇੱਕ ਸ਼ੁਭ ਸੰਕੇਤ ਹੈ। ਸਿੰਘ ਸਾਹਿਬ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਸਮੁੱਚੀ ਅਕਾਲੀ ਲੀਡਰਸ਼ਿਪ ਇਸ ਬਾਬਤ ਹੋਰ ਗੰਭੀਰ ਹੁੰਦੇ ਹੋਏ ਯਤਨ ਵੀ ਕਰਨਗੇ । ਉਨ੍ਹਾਂ ਕਿਹਾ ਕਿ ਇਸੇ ਤਹਿਤ ਅੱਜ



ਕਮੇਟੀ ਦੇ ਪੰਜ ਮੈਂਬਰਾਂ ਨੂੰ ਭੇਜੇ ਗਏ ਸੱਦਾ ਪੱਤਰਾਂ ਉਪਰੰਤ ਕਮੇਟੀ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿੱਚ ਪਹੁੰਚ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਗਈ ਅਤੇ ਦੋ ਦਸੰਬਰ ਨੂੰ ਹੋਏ ਫੈਸਲਿਆਂ ਦੀ ਰੋਸ਼ਨੀ ਵਿੱਚ ਪੰਥਕ ਏਕਤਾ ਸੰਬੰਧੀ ਅੱਗੇ ਵੱਧਣ ਬਾਰੇ ਚਰਚਾ ਕੀਤੀ ਗਈ। ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਉਨ੍ਹਾਂ ਦਾ ਇਹ ਮੰਨਣਾ ਹੈ ਕਿ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਸਨਮੁਖ ਇਹ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਸੰਸਥਾਵਾਂ ਦੀ ਰੱਖਿਆ ਅਤੇ ਚੁਣੌਤੀਆਂ ਦੇ ਟਾਕਰੇ ਲਈ ਇਕਜੁੱਟ ਹੋਈਏ। ਇਹ ਏਕਤਾ ਸਮੂਹ ਪੰਥਕ ਧਿਰਾਂ ਵਿੱਚ ਹੀ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਸਮੂਹ ਕਮੇਟੀ ਮੈਂਬਰਾਂ ਵਲੋਂ ਪੰਥਕ ਏਕਤਾ ਲਈ ਹਾਂ ਪੱਖੀ ਹੁੰਗਾਰਾ ਭਰਿਆ ਗਿਆ ਹੈ। ਸਿੰਘ ਸਾਹਿਬ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਇਸ ਬਾਰੇ ਸਾਰੀਆਂ ਹੀ ਧਿਰਾਂ ਨੂੰ ਨਾਲ ਲੈ ਕੇ ਪੰਥਕ ਏਕਤਾ ਤੇ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਅੱਗੇ ਵਧਿਆ ਜਾਵੇਗਾ।

# ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਮਾਮਲਿਆਂ ਵਿੱਚ ਦਿੱਲੀ ਹਾਈ ਕੋਰਟ ਤੋਂ ਪ੍ਰਗਤੀ ਰਿਪੋਰਟ ਮੰਗੀ: ਗੁਰਲਾਡ ਸਿੰਘ ਕਾਹਲੋਂ

## ✪ ਅਦਾਲਤ ਨੇ ਕੇਂਦਰ ਅਤੇ ਦਿੱਲੀ ਸਰਕਾਰ ਨੂੰ ਖਾਰਜ ਕੀਤੀਆਂ ਪਟੀਸ਼ਨਾਂ 'ਤੇ ਐਸਐਲਪੀ ਦਾਇਰ ਕਰਨ ਦਾ ਵੀ ਦਿੱਤਾ ਨਿਰਦੇਸ਼

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ)- ਸੁਪਰੀਮ ਕੋਰਟ ਨੇ ਬੀਤੇ ਦਿਨ 1984 ਦੇ ਸਿੱਖ ਕਤਲੇਆਮ ਦੇ ਮਾਮਲਿਆਂ ਦੀ ਸੁਣਵਾਈ ਕਰਦਿਆਂ ਦਿੱਲੀ ਹਾਈ ਕੋਰਟ ਤੋਂ ਪ੍ਰਗਤੀ ਰਿਪੋਰਟ ਮੰਗੀ ਹੈ। ਅਦਾਲਤ ਨੇ ਕੇਂਦਰ ਅਤੇ ਦਿੱਲੀ ਸਰਕਾਰ ਨੂੰ ਖਾਰਜ ਕੀਤੀਆਂ ਪਟੀਸ਼ਨਾਂ 'ਤੇ ਐਸਐਲਪੀ ਦਾਇਰ ਕਰਨ ਦਾ ਵੀ ਨਿਰਦੇਸ਼ ਦਿੱਤਾ ਹੈ। ਮਾਮਲੇ ਬਾਰੇ ਜਾਣਕਾਰੀ ਦੇਂਦਿਆ ਸਰਦਾਰ ਗੁਰਲਾਡ ਸਿੰਘ ਕਾਹਲੋਂ ਨੇ ਦਸਿਆ ਕਿ 1984 ਦੇ ਸਿੱਖ ਕਤਲੇਆਮ ਦੌਰਾਨ ਦਿੱਲੀ ਵਿੱਚ ਹੋਏ 51 ਕਤਲਾਂ ਦੀ ਜਾਂਚ ਦੀ ਮੰਗ ਕਰਦੇ ਹੋਏ ਸਾਡੇ ਵਲੋਂ 2016 ਵਿਚ ਦਾਇਰ ਕੀਤੀ ਗਈ ਪਟੀਸ਼ਨ 'ਤੇ ਅਦਾਲਤ ਸੁਣਵਾਈ ਕਰ ਰਹੀ ਸੀ।

ਉਨ੍ਹਾਂ ਦਸਿਆ ਕਿ ਸਾਡੇ ਵਲੋਂ ਦਾਇਰ ਕੀਤੀ ਗਈ ਪਟੀਸ਼ਨ ਨੇ ਸੁਪਰੀਮ ਕੋਰਟ ਨੂੰ 1984 ਦੇ ਸਿੱਖ ਕਤਲੇਆਮ, ਜਿਨ੍ਹਾਂ ਵਿੱਚ ਕਈ ਲੋਕਾਂ ਦੀ ਜਾਨ ਚਲੀ ਗਈ ਸੀ, ਦੇ ਮੁੜ ਖੋਲ੍ਹੇ ਗਏ 186 ਮਾਮਲਿਆਂ ਦੀ ਦੁਬਾਰਾ ਤੋ ਜਾਂਚ ਲਈ ਜਸਟਿਸ ਐਸ.ਐਨ. ਢੀਂਗਰਾ ਦੀ ਅਗਵਾਈ ਹੇਠ ਇੱਕ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦਸਿਆ ਕਿ ਪਿਛਲੀ ਸੁਣਵਾਈ ਵਿੱਚ, 17 ਫਰਵਰੀ ਨੂੰ, ਸੁਪਰੀਮ ਕੋਰਟ ਨੇ ਨਿਰਦੇਸ਼ ਦਿੱਤਾ ਸੀ ਕਿ ਵੱਖ-ਵੱਖ ਐਸਐਲਪੀ ਜਿਨ੍ਹਾਂ ਨੂੰ ਦਾਇਰ ਕੀਤੇ ਜਾਣ ਦੀ ਉਮੀਦ ਹੈ, ਨੂੰ ਸਾਡੇ ਵਲੋਂ ਦਾਇਰ ਮੌਜੂਦਾ ਪਟੀਸ਼ਨ ਦੇ ਨਾਲ ਜੋੜਨ ਲਈ ਭਾਰਤ ਦੇ ਚੀਫ



ਜਸਟਿਸ ਦੇ ਸਾਹਮਣੇ ਰੱਖਿਆ ਜਾਵੇ। ਉਨ੍ਹਾਂ ਦਸਿਆ ਕਿ ਅਦਾਲਤ ਨੇ ਇਹ ਵੀ ਨੋਟ ਕੀਤਾ ਕਿ ਰਜਿਸਟਰੀ ਨੇ ਚਾਰ ਸੁਓ ਮੋਟੂ ਰਿਵੀਜ਼ਨ ਪਟੀਸ਼ਨਾਂ 'ਤੇ ਸਥਿਤੀ ਰਿਪੋਰਟ ਦਾਇਰ ਨਹੀਂ ਕੀਤੀ ਹੈ, ਜਿਨ੍ਹਾਂ ਦਾ ਅਜੇ ਹਾਈ ਕੋਰਟ ਦੁਆਰਾ ਨਿਪਟਾਰਾ ਨਹੀਂ ਕੀਤਾ ਗਿਆ ਹੈ। ਇਸ ਤਰ੍ਹਾਂ, ਇਸਨੇ ਹਾਈ ਕੋਰਟ ਰਜਿਸਟਰੀ ਨੂੰ ਇਸ ਸਬੰਧ ਵਿੱਚ ਪ੍ਰਗਤੀ ਰਿਪੋਰਟ ਦਾਇਰ ਕਰਨ ਦਾ ਨਿਰਦੇਸ਼ ਦਿੱਤਾ।

ਅਦਾਲਤ ਅੰਦਰ ਮਾਮਲੇ ਦੀ ਜ਼ਿਰਹ ਕਰਣ ਵਾਸਤੇ ਸਰਦਾਰ ਗੁਰਲਾਡ ਸਿੰਘ ਕਾਹਲੋਂ ਵਲੋਂ ਸੀਨੀਅਰ ਵਕੀਲ ਐਚਐਸ ਫੂਲਕਾ, ਅਮਰਜੀਤ ਸਿੰਘ ਬੇਦੀ, ਗਗਨਮੀਤ ਸਿੰਘ ਸਚਦੇਵਾ ਅਤੇ ਵਰੁਣ ਚੁੱਘ ਪੇਸ਼ ਹੋਏ ਸਨ । ਚਲ ਰਹੇ ਮਾਮਲੇ ਦੀ ਅਗਲੀ ਸੁਣਵਾਈ 25 ਮਾਰਚ ਨੂੰ ਹੋਵੇਗੀ।

# ਦਾਗੀ ਤੇ ਬਾਗੀ ਇਕ ਵਾਰ ਫਿਰ ਲੋਕਾਂ ਪੰਥਕ ਮਖੌਟਾ ਪਾਕੇ ਪੰਜਾਬੀਆਂ ਨੂੰ ਠੱਗਣ ਦੀ ਫਿਰਾਕ 'ਚ: ਸ਼ਮਸ਼ੇਰ ਸਿੰਘ ਪੱਧਰੀ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ)-"ਅਕਾਲੀ ਦਲ ਵਾਰਿਸ ਪੰਜਾਬ ਦੇ" ਦੇ ਜਿਲਾ ਅੰਮ੍ਰਿਤਸਰ ਦੀ ਸ਼ਹਿਰੀ ਕਾਰਜਕਾਰਨੀ ਦੇ ਮੈਂਬਰ ਸ਼ਮਸ਼ੇਰ ਸਿੰਘ ਪੱਧਰੀ ਨੇ ਅੱਜ ਇੱਕ ਪ੍ਰੈਸ ਨੋਟ ਰਾਹੀਂ ਪੰਜਾਬ ਦੇ ਲੋਕਾਂ ਨੂੰ ਨਸ਼ਾ ਰਹਿਤ ਅਤੇ ਨਰੋਏ ਸਮਾਜ ਦੀ ਸਿਰਜਨਾਂ ਲਈ ਭਾਈ ਅੰਮ੍ਰਿਤਪਾਲ ਸਿੰਘ ਜੀ ਦੀ ਪਾਰਟੀ ਨਾਲ ਜੁੜਨ ਦਾ ਸੱਦਾ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰਾਂ ਦੀ ਬੇਪਰਵਾਹੀ ਅਤੇ ਅਣਗਹਿਲੀ ਕਰਕੇ ਪੰਜਾਬ ਨਸ਼ਿਆਂ ਦੀ ਚੁੰਗਲ ਵਿੱਚ ਫਸ ਚੁੱਕਾ ਹੈ। ਸਰਕਾਰੀ ਅੰਕੜਿਆਂ ਅਨੁਸਾਰ ਹਰ ਰੋਜ਼ ਨਸ਼ੇ ਨਾਲ ਦਰਜਨਾਂ ਮੌਤਾਂ ਹੋ ਰਹੀਆਂ ਹਨ, ਪਰ ਪਹਿਲੀਆਂ ਤੇ ਮੌਜੂਦਾ ਸਰਕਾਰ ਨੇ ਅਜੇ ਤੱਕ ਕੋਈ ਢੁਕਵਾਂ ਹੱਲ ਨਹੀਂ ਲੱਭਿਆ।

ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਕਿਹਾ, ਅਸੀਂ ਪੰਜਾਬ ਵਿੱਚ ਨਸ਼ਾ ਮਾਫੀਆ, ਸਰਕਾਰੀ ਧੱਕੇਸ਼ਾਹੀ ਅਤੇ ਗੈਰ-ਜਿੰਮੇਵਾਰ ਸਰਕਾਰਾਂ ਦੀ ਨੀਂਹ ਹਿਲਾਉਣ ਲਈ ਭਾਈ ਅੰਮ੍ਰਿਤਪਾਲ ਸਿੰਘ ਵੱਲੋਂ ਚਲਾਈ ਸਮਾਜਿਕ ਤੇ ਧਾਰਮਿਕ ਕੁਰੀਤੀਆਂ ਵਿਰੋਧੀ ਲਹਿਰ ਨੂੰ ਲੈਕੇ ਚੱਲੇ ਹਾਂ। 'ਅਕਾਲੀ ਦਲ ਵਾਰਿਸ ਪੰਜਾਬ ਦੇ' ਪਾਰਟੀ ਪੰਥਕ ਹਿਤਾਂ, ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਅਤੇ ਨੌਜਵਾਨਾਂ ਨੂੰ ਸੱਚੇ ਰਾਹ 'ਤੇ ਲਿਆਉਣ ਲਈ ਕਦਮ ਪੁੱਟ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੀ ਮੌਜੂਦਾ ਹਾਲਤ ਦੇ ਜ਼ਿੰਮੇਵਾਰ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਹਨ, ਜੋ ਨਿੱਜੀ ਫਾਇਦਿਆਂ ਲਈ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕ ਰਹੀਆਂ ਹਨ।

ਉਨ੍ਹਾਂ ਆਖਿਆ ਕਿ "ਅਕਾਲੀ ਦਲ ਵਾਰਿਸ ਪੰਜਾਬ ਦੇ" ਪੰਜਾਬ ਦੇ ਹਰ ਪਿੰਡ, ਹਰ ਸ਼ਹਿਰ ਅਤੇ ਹਰ ਪਰਿਵਾਰ ਤੱਕ ਭਾਈ ਅੰਮ੍ਰਿਤਪਾਲ ਸਿੰਘ ਜੀ ਵੱਲੋਂ ਸ਼ੁਰੂ ਕੀਤਾ ਨਸ਼ਾ ਮੁਕਤੀ ਦਾ ਸੰਦੇਸ਼ ਪਹੁੰਚਾਵੇਗਾ। ਪਾਰਟੀ ਇਸ ਮਿਸ਼ਨ ਲਈ ਵਿਸ਼ੇਸ਼ ਸਮੇਂ ਸਮੇਂ ਤੇ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ, ਜਿਸ ਵਿੱਚ ਇਲੈਕਟ੍ਰਾਨਿਕ ਮੀਡੀਆ ਅਤੇ ਹੋਰ ਵਿਅਕਤੀਗਤ ਸਾਧਨਾਂ ਰਾਹੀਂ ਧਾਰਮਿਕ ਪ੍ਰਚਾਰ ਨੂੰ ਅੱਗੇ ਵਧਾਇਆ ਜਾਵੇਗਾ। ਇਸਦੇ ਨਾਲ ਹੀ, ਪੱਧਰੀ ਨੇ ਖ਼ੁਲਾਸਾ ਕੀਤਾ ਕਿ ਦਾਗੀ ਤੇ ਬਾਗੀ ਅਕਾਲੀ ਆਗੂ, ਜੋ ਪਹਿਲਾਂ ਪੰਜਾਬ ਨੂੰ ਲੁੱਟ ਚੁੱਕੇ ਹਨ, ਹੁਣ ਆਪਣੇ ਹੀ ਬਣਾਏ ਹੋਏ ਲਾਹੇ ਜਥੇਦਾਰਾਂ ਦੀ ਢਾਲ ਲੈ ਕੇ ਮੁੜ ਪੰਜਾਬੀਆਂ ਨੂੰ ਠੱਗਣ ਦੀ ਫਿਰਾਕ ਵਿੱਚ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਹੁਣ ਚੋਕੰਨੇ ਹੋ ਚੁੱਕੇ ਹਨ।

ਇਹਨਾਂ ਫ਼ਰਜ਼ੀ ਧਾਰਮਿਕ ਤੇ ਸਮਾਜਿਕ ਭਲਾਈ ਦੇ ਸਲੋਗਨਾਂ ਦੀ ਆੜ ਪਿੱਛੇ ਲੁਕੇ ਲੁਟੇਰਿਆਂ ਦੀ ਚਾਲਾਂ ਨੂੰ ਸਮਝ ਚੁੱਕੇ ਹਨ। ਭਾਈ ਪੱਧਰੀ ਨੇ ਪੰਜਾਬ ਦੀ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਝੂਠੇ ਤੇ ਮਤਲਬੀ ਅਕਾਲੀ ਲੀਡਰਾਂ ਤੇ ਨਕਲੀ ਪੰਥ ਧਾਰੀਆਂ ਤੋਂ ਬਚਣ। ਉਨ੍ਹਾਂ ਨੇ ਆਖਿਆ ਕਿ "ਅਕਾਲੀ ਦਲ ਵਾਰਿਸ ਪੰਜਾਬ ਦੇ" ਨਿਰਭਰਤਾ, ਨਿਸ਼ਚਿੰਤਤਾ ਅਤੇ ਗੁਰੂ-ਮਤ ਅਨੁਸਾਰ ਪੰਜਾਬ ਲਈ ਨਵਾਂ ਰਾਹ ਖੋਲ੍ਹਣ ਆਇਆ ਹੈ। ਅਸੀਂ ਪੰਜਾਬ ਨੂੰ ਬਚਾਉਣ ਲਈ ਆਏ ਹਾਂ, ਤੁਸੀਂ ਸਾਡੇ ਨਾਲ ਆਓ - ਅਸੀਂ ਨਸ਼ਿਆਂ ਦੀ ਜੜ੍ਹ ਪੱਟ ਕੇ ਹੀ ਰਹਾਂਗੇ।

# • ਪੰਜਾਬੀ ਫ਼ਿਲਮ ਦਰਪਣ •

## ਰਜਿੰਦਰ ਰੀਤ ਦੀ "ਜਰਨੈਲ" ਤੱਕ ਲੈਣ ਤਨਮਨਜੀਤ ਸਿੰਘ ਢੇਸੀ



ਅੱਜ ਕਲ "ਚੌਪਾਲ ਟੀਵੀ" ਤੇ ਵੈੱਬ ਪੰਜਾਬੀ ਫ਼ਿਲਮ "ਜਰਨੈਲ ਦਾ ਵਾਰੀਅਰ" ਦੀ ਚਰਚਾ ਹੈ ਤੇ ਇਸ ਦੀ ਅਭਿਨੇਤਰੀ ਰਜਿੰਦਰ ਕੌਰ ਰੀਤ ਇੱਕ ਅਭਿਨੇਤਰੀ ਦੇ ਨਾਲ ਪਤਰਕਾਰਿਤਾ ਰੁੱਚੀਆਂ ਵਾਲੀ ਵੀ ਹੈ। ਤਾਂ ਹੀ ਲੇਬਰ ਪਾਰਟੀ ਯੂ ਕੇ ਦੇ ਪ੍ਰਮੁੱਖ ਨੇਤਾ ਤੇ ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਤਨਮਨਜੀਤ ਸਿੰਘ ਢੇਸੀ ਨੂੰ ਓਹ ਮਿਲੀ। ਢੇਸੀ ਸਾਬ ਰਜਿੰਦਰ ਰੀਤ ਦੀ "ਜਰਨੈਲ" ਦੇਖਣਾ ਕਰਨ ਲੱਗੀ ਨੇ ਇਹ ਸ਼ਾਨਦਾਰ ਫ਼ਿਲਮ ਬਣਾਈ ਹੈ ਜਿਸ ਦੀ ਆਲੋਚਕ ਵੀ ਤਰੀਫ ਕਰਦੇ ਹਨ। ਰਜਿੰਦਰ ਨੇ ਫ਼ਿਲਮ ਦੇ ਦਿੱਗਜ ਕਲਾਕਾਰ ਸਰਦਾਰ ਸੋਹੀ ਦੀ ਤਰੀਫ ਕੀਤੀ ਕਿਹਾ ਕਿ ਓਹ ਬਹੁਤ ਮਹਾਨ ਕਲਾਕਾਰ ਹਨ। "ਜਰਨੈਲ ਦਾ ਵਾਰੀਅਰ" ਨੇ ਰੀਤ ਨੂੰ ਪੰਜਾਬੀ ਫ਼ਿਲਮਾਂ ਦੀ ਨਗਰੀ ਵਿੱਚ ਸਟਾਰ ਬਣਾਉਣ ਦਾ ਰਸਤਾ ਦਿਖਾ ਦਿੱਤਾ ਹੈ।

## ਸਰਬਜੀਤ ਚੀਮਾ ਦਾ ਫਿਲਮੀ ਕੈਰੀਅਰ ਸੁਨਹਿਰੀ-ਬੰਨੀ ਸ਼ਰਮਾ



ਬੰਨੀ ਸ਼ਰਮਾ ਟੀਵੀ ਦੁਨੀਆਂ ਦੇ ਦਿੱਗਜ ਨੇ ਤੇ ਪੰਜਾਬੀ ਸੰਗੀਤ ਨਗਰ ਦੇ ਸਟਾਰ ਪ੍ਰੋਜੈਕਟ ਡਾਇਰੈਕਟਰ ਹਨ। ਬੰਨੀ ਸ਼ਰਮਾ ਦੀ ਸਰਬਜੀਤ ਚੀਮਾ ਨਾਲ ਪੁਰਾਣੀ ਦੋਸਤੀ ਹੈ। ਕਨੇਡਾ ਤੋਂ ਭਾਰਤ ਆਏ ਚੀਮਾ ਨੂੰ ਮਿਲਣ ਬਾਅਦ ਬੰਨੀ ਸ਼ਰਮਾ ਨੇ ਕਿਹਾ ਕਿ ਤਿੰਨ ਚਾਰ ਪੰਜਾਬੀ ਫ਼ਿਲਮਾਂ ਨੇ ਦਰਸਾ ਦਿੱਤਾ ਹੈ ਕਿ ਸਰਬਜੀਤ ਚੀਮਾ ਪੰਜਾਬੀ ਫ਼ਿਲਮਾਂ ਦੇ ਸਰਗਰਮ ਕਲਾਕਾਰ ਬਣ ਗਏ ਹਨ। ਉਹਨਾਂ ਅਨੁਸਾਰ ਸਰਬਜੀਤ ਚੀਮਾ ਦੇ ਗੀਤ ਵੀ ਪੰਜਾਬੀ ਫ਼ਿਲਮਾਂ ਨੂੰ ਕਾਮਯਾਬ ਕਰਨ ਲਈ ਸਹਾਈ ਹਨ ਤੇ ਐਕਟਰ ਵੀ ਇਹ ਗ਼ਜ਼ਬ ਦੇ ਬਣ ਚੁੱਕੇ ਹਨ। ਅਮਰਿੰਦਰ ਗਿੱਲ ਯੋਗਰਾਜ ਸਿੰਘ ਜਿਹੇ ਸਟਾਰ ਐਕਟਰਜ ਨਾਲ ਓਹ ਬਰਾਬਰ ਦਾ ਵਧੀਆ ਕੰਮ ਕਰ ਰਹੇ ਹਨ। ਬੰਨੀ ਸ਼ਰਮਾ ਨੇ ਸਰਬਜੀਤ ਚੀਮਾ ਨੂੰ ਭੰਗੜਾ ਗਾਇਕੀ ਦਾ ਸੁਪਰ ਸਿਤਾਰਾ ਕਿਹਾ ਹੈ।

## ਇਫ਼ਤਖ਼ਾਰ ਠਾਕਰ ਆਖਣ ਕਲਾ ਤੇ ਪਹਿਰਾ ਨਹੀਂ ਚਾਹੀਦਾ



ਪਾਕਸਤਾਨੀ ਪੰਜਾਬੀ ਫ਼ਿਲਮਾਂ ਦੇ ਸੁਪਰ ਸਟਾਰ ਇਫ਼ਤਖ਼ਾਰ ਠਾਕਰ ਹਨ ਤੇ ਅੱਜ ਕਲ ਓਹ ਭਾਰਤੀ ਪੰਜਾਬੀ ਫ਼ਿਲਮਾਂ ਵੀ ਕਰਦੇ ਹਨ। ਲਾਲੀ ਵੁੱਡ ਵਿੱਚ ਠਾਕਰ ਨੇ ਸ਼ਾਨ ਤੋਂ ਸਾਇਮਾ ਨੂਰ ਤੱਕ ਨਾਲ ਤੇ ਇਧਰ ਅਮਰਿੰਦਰ ਗਿੱਲ, ਸਰਬਜੀਤ ਚੀਮਾ, ਅੰਮੀ ਵਿਰਕ ਨਾਲ ਫ਼ਿਲਮਾਂ ਕੀਤੀਆਂ ਹਨ। ਇਫ਼ਤਖ਼ਾਰ ਠਾਕਰ ਆਖਦੇ ਨੇ ਕਿ ਦੋਵਾਂ ਪੰਜਾਬ ਦਾ ਇੱਕ ਜਿਹਾ ਹੀ ਕਲਾ ਤੇ ਕਲਚਰ ਹੈ ਤੇ ਰਲ ਕਿ ਫ਼ਿਲਮਾਂ ਬਣਨ। ਉਹਨਾਂ ਪਾਕਸਤਾਨੀ ਟੀਵੀ ਸ਼ੋ "ਗੱਪ ਸ਼ੱਬ" ਦੀ ਐਂਕਰ ਨੂੰ ਕਿਹਾ ਕਿ ਕਲਾ, ਸੰਗੀਤ ਤੇ ਫ਼ਿਲਮਾਂ ਦੋ ਮੁਲਕਾਂ ਭਾਰਤ ਤੇ ਪਾਕਿ ਵਿੱਚ ਮਿੱਤਰਤਾ ਵਧਾਉਣ ਲਈ ਕੰਮ ਆ ਸਕਦੀਆਂ ਹਨ। ਇਵੀ ਆਖ ਰਹੇ ਨੇ ਕਿ ਕਲਾਕਾਰੀ ਦੀਆਂ ਸੀਮਾਵਾਂ ਨਾ ਮਿੱਥੀਆਂ ਜਾਣ ਤੇ ਕਲਾਕਾਰਾਂ ਨੂੰ ਰਲ ਕਿ ਕੰਮ ਲਾਲੀ ਵੁਡ ਨੂੰ ਸੰਕਟ ਵਿੱਚੋਂ ਬਾਹਰ ਕੱਢ ਸਕਦਾ ਹੈ।

## ਡੇਰਾ ਬਿਆਸ ਮੁੱਖੀ ਤੋਂ ਅਸ਼ੀਰਵਾਦ



ਦੀਪਕ ਬਾਲੀ ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਮਹਾਂਰਥੀ ਤੇ ਕੁੱਝ ਦਿਨ ਪਹਿਲਾਂ ਪੰਜਾਬ ਸਰਕਾਰ ਨੇ ਓਹਨਾਂ ਨੂੰ ਸੱਭਿਆਚਾਰ ਸੈਰ ਸਪਾਟਾ ਵਿਭਾਗ ਦਾ ਸਲਾਹਕਾਰ ਬਣਾਇਆ ਹੈ। ਦੀਪਕ ਬਾਲੀ ਨੇ ਵਾਰਿਸ ਭਰਾਵਾਂ ਦੇ ਸੰਗੀਤ ਪ੍ਰਮੋਸ਼ਨ ਵਿੱਚ ਅਹਿਮ ਰੋਲ ਨਿਭਾਅ ਕਿ ਨਾਮਣਾ ਖੱਟਿਆ ਹੈ। ਉਹ ਡੇਰਾ ਬਿਆਸ ਮੁੱਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਜੀ ਨੂੰ ਮਿਲੇ। ਦੀਪਕ ਨਾਲ ਓਹਨਾਂ ਦੇ ਬੇਟੇ ਤੇ ਧਰਮ ਪਤਨੀ ਸੋਨੀਆ ਬਾਲੀ ਵੀ ਸਨ। ਦੀਪਕ ਬਾਲੀ ਨੇ ਕਿਹਾ ਕਿ ਬਾਬਾ ਜੀ ਦੇ ਆਸ਼ੀਰਵਾਦ ਨਾਲ ਓਹ ਪੰਜਾਬੀ ਬੋਲੀ, ਸੰਗੀਤ, ਸਿਨੇਮਾ ਤੇ ਕਲਚਰ ਦੇ ਵਿਕਾਸ ਲਈ ਦਿਨ ਰਾਤ ਇੱਕ ਕਰ ਦੇਣਗੇ। ਦੀਪਕ ਬਾਲੀ ਨੂੰ ਪਿਛਲੇ ਦਿਨੀਂ ਮਾਨ ਸਰਕਾਰ ਨੇ ਸਲਾਹਕਾਰ ਬਣਾਇਆ ਤੇ ਅਮਨ ਅਰੋੜਾ, ਕੁਲਤਾਰ ਸਿੰਘ ਸੰਧਵਾਂ ਅਹੁਦਾ ਸੰਭਾਲਣ ਮੌਕੇ ਓਹਨਾਂ ਨਾਲ ਰਹੇ।

## ਸ਼ਵੇਤਾ ਨੇ ਕਿਹਾ ਗੁਰਦੀਪ ਇਸ ਖੇਤਰ ਵਿੱਚ ਰੀਅਲ ਮਦਦਗਾਰ



ਸ਼ਵੇਤਾ ਮੀਤ ਪੰਜਾਬ ਦੀ ਉੱਚੀ ਲੰਬੀ ਤੇ ਮੇਮ ਦੀ ਦਿੱਖ ਵਾਲੀ ਟੌਪ ਮਾਡਲ ਹੈ। ਬਹੁਤ ਸਾਰੇ ਵੀਡਿਓ ਤੇ ਟੈਲੀ ਫ਼ਿਲਮਾਂ ਦੀ ਨਾਇਕਾ ਸ਼ਵੇਤਾ ਨੇ ਕਿਹਾ ਕਿ ਕਲਾ ਤੇ ਸੰਗੀਤ ਦੇ ਨਾਲ ਵੀਡਿਓ ਤੇ ਫ਼ਿਲਮਾਂ ਲਈ ਐਕਟਰ ਤੇ ਡਾਇਰੈਕਟਰ ਗੁਰਦੀਪ ਸੰਧੂ ਓਸ ਦੇ ਵੱਡੇ ਮਦਦਗਾਰ ਹਨ। ਗੁਰਦੀਪ ਨੇ ਓਸ ਨੂੰ ਮਾਡਲਿੰਗ ਵਿੱਚ ਅੱਗੇ ਲਿਆਂਦਾ ਤੇ "ਥਾਰ" ਜਿਹੇ ਵੱਡੇ ਵੀਡਿਓ ਕਰਵਾਏ ਹਨ। ਟੀਵੀ ਤੱਕ ਸ਼ਵੇਤਾ ਨੂੰ ਗੁਰਦੀਪ ਸੰਧੂ ਲਿਜਾਣ ਵਾਲੇ ਹਨ। ਸ਼ਵੇਤਾ ਮੀਤ ਨੇ ਕਿਹਾ ਕਿ ਓਹ ਗੁਰਦੀਪ ਸੰਧੂ ਨਾਲ ਹੁਣ ਵੱਡੀਆਂ ਫ਼ਿਲਮਾਂ ਕਰ ਕਿ ਚੋਟੀ ਦੀ ਤੇ ਲੋਕ ਪ੍ਰਿਅ ਐਕਟ੍ਰੈਸ ਬਣਨਾ ਚਾਹੁੰਦੀ ਹਾਂ। ਹੋਸ਼ਿਆਰਪੁਰ ਨਾਲ ਸੰਬੰਧਿਤ ਸ਼ਵੇਤਾ ਦਾ ਕਹਿਣਾ ਹੈ ਕਿ ਐਕਟ੍ਰੈਸ ਬਣ ਕਿ ਕਲਾਕਾਰ ਨੂੰ ਸੰਤੁਸ਼ਟੀ ਮਿਲਦੀ ਹੈ।

## ਕਰਮ ਕੌਰ ਨੇ ਕਿਹਾ ਕਰਮ ਸ਼ੁਰੂ ਤੋਂ ਹੀ ਤੇਜ਼ ਹਨ



ਕਰਮ ਕੌਰ ਇਸ ਵੇਲੇ ਬਾਲੀਵੁੱਡ ਅਭਿਨੇਤਰੀ ਬਣ ਵੀ ਸਰਗਰਮ ਹੈ ਜਦ ਕਿ ਦੂਰਦਰਸ਼ਨ ਜਲੰਧਰ ਦੀ ਐਂਕਰ ਰਹੀ ਕਰਮ ਨੇ ਬਹੁਤ ਸਾਰੇ ਪੰਜਾਬੀ ਵੀਡਿਓ ਐਲਬਮ ਗਾਣੇ ਵੀ ਮਾਡਲ ਬਣ ਕੀਤੇ ਹਨ। ਕਰਮ ਕੌਰ ਨੇ ਕਿਹਾ ਕਿ ਓਸ ਦੇ ਕਰਮ ਸ਼ੁਰੂ ਤੋਂ ਤੇਜ਼ ਹਨ ਤੇ ਓਸ ਨੂੰ ਕਾਮਯਾਬੀ ਮਿਲਦੀ ਹੈ। ਟੀਵੀ ਤੋਂ ਵੀਡਿਓ ਤੇ ਫ਼ਿਰ ਪੰਜਾਬੀ ਫ਼ਿਲਮਾਂ ਓਸ ਯੋਗਰਾਜ ਸਿੰਘ ਨਾਲ ਕੀਤੀਆਂ। "ਮਿੱਠਾ ਜ਼ਹਿਰ" ਆ ਰਹੀ ਹੈ ਕਿ ਗੇਵੀ ਚਾਹਲ ਨਾਲ ਹਿੰਦੀ ਦੀ ਵੱਡੀ ਫ਼ਿਲਮ "ਐਸ ਵੀ ਐਸ" ਓਹ ਕਰ ਰਹੀ ਹੈ। ਕਰਮ ਕੌਰ ਨੂੰ ਖੁਸ਼ੀ ਹੈ ਕਿ ਓਸ ਨਾਲ ਇਸ ਫ਼ਿਲਮ ਵਿੱਚ ਸੋਨੀਆ ਮਾਨ ਵੀ ਹੈ। ਕਰਮ ਕੌਰ ਤਾਂ ਸ਼ਾਹਬਾਜ਼ ਖਾਨ ਨਾਲ ਵੀ ਫ਼ਿਲਮ ਹਿੰਦੀ ਦੀ ਕਰ ਚੁੱਕੀ ਹੈ ਤੇ ਕਲਰ ਟੀਵੀ ਤੇ ਵੀ ਇਸ ਕਰਮ ਨੇ ਕੰਮ ਕੀਤਾ ਹੈ।

-ਅੰਮ੍ਰਿਤ ਪਵਾਰ

## ਪੰਜਾਬੀ ਫ਼ਿਲਮਾਂ ਨੂੰ ਮਿਲ ਗਿਆ ਹੈ ਉੱਚਾ ਲੰਬਾ ਤੇ ਡੀਲ ਡੌਲ ਵਾਲਾ ਬੇਹਤਰੀਨ ਅਭਿਨੇਤਾ ਨਾਮ ਸ਼ਰਨਜੀਤ ਸਿੰਘ ਰਟੌਲ



ਨਰਿੰਦਰ ਕੌਰ ਦੀਆਂ ਲੋਰੀਆਂ ਤੇ ਮੁਖਤਿਆਰ ਸਿੰਘ ਦੇ ਲਾਡ ਪਿਆਰ ਨਾਲ ਪਲੇ ਸ਼ਰਨਜੀਤ ਸਿੰਘ ਰਟੌਲ ਨੂੰ ਅੱਜ ਫ਼ਿਲਮ, ਟੀਵੀ ਤੇ ਵੈੱਬ ਸੀਰੀਜ਼ ਪ੍ਰੇਮੀ ਬਤੌਰ ਅੱਛੇ ਐਕਟਰ ਦੇ ਜਾਣਦੇ ਨੇ ਤੇ ਓਸ ਦੀ ਅਭਿਨੈ ਸ਼ੈਲੀ ਦੇ ਮੁਰੀਦ ਹਨ। ਪਿੰਡ ਕੋਟਲੀ ਰਟੌਲ ਤਰਨਤਾਰਨ ਦੇ ਇਸ ਉੱਚੇ ਲੰਬੇ ਤੇ ਪੜ੍ਹ ਲਿਖ ਕਾਬਿਲ ਇਨਸਾਨ ਬਣੇ ਅਭਿਨੇਤਾ ਦੀ "ਗੈਂਗਸਟਰ ਵਾਰਸੀਜ ਰਾਜਨੀਤੀ" ਤੇ ਵੈੱਬ ਫ਼ਿਲਮ "ਸੁੱਖਾ ਰੇਡਰ" ਨਾਲ ਖੂਬ ਚਰਚਾ ਹੈ। ਘਰੇਲੂ ਜ਼ਿੰਮੇਵਾਰੀ ਤੇ ਘਰ ਦੇ ਹਲਾਤ ਸ਼ੌਕ ਵੀ ਕੋਈ ਨਾ ਐਕਟਿੰਗ ਦਾ ਪਰ ਕਿਸੇ ਕਵੀਸ਼ਰ ਮਿੱਤਰ ਨੇ ਦਿਲਜੀਤ ਦੋਸਾਂਝ ਨਾਲ "ਪੰਜਾਬ 1984" ਫ਼ਿਲਮ ਕਰਵਾ ਕਿ ਤੋਰ ਦਿੱਤਾ ਇਸ ਪਾਸੇ ਤੇ ਫਿਰ "ਧਰਮਯੁੱਧ ਮੋਰਚਾ" ਫ਼ਿਲਮ ਓਸ ਕੀਤੀ। ਦੇਵੀ ਸ਼ਰਮਾ ਨੇ ਓਸ ਨੂੰ ਚਮਕਾ ਦਿੱਤਾ ਤੇ ਹਰਦੀਪ ਗਿੱਲ ਜਿਹੇ ਸਟਾਰ ਐਕਟਰ ਦੀ ਸੰਗਤ ਨੇ ਤਰਾਸ਼ ਦਿੱਤਾ ਐਕਟਿੰਗ ਹੀਰਾ ਸ਼ਰਨਜੀਤ ਸਿੰਘ ਰਟੌਲ। ਦਲਜੀਤ ਸਿੰਘ ਸੋਨਾ ਨਾਲ ਰੰਗਮੰਚ ਤੇ ਰੰਗਮੰਚ ਨੇ ਭਾਰਤ ਦੀ ਸੈਰ ਕਰਵਾ ਰਟੌਲ ਕਾਮਯਾਬ ਐਕਟਰ ਬਣਾ ਦਿੱਤਾ ਹੈ। "ਗਾਂਧੀ ਫਿਰ ਆ ਗਿਆ", ਜੱਗਾ ਜਗਰਾਵਾਂ ਵਾਲਾ" ਸਮੇਤ ਬਹੁਤ ਫ਼ਿਲਮਾਂ ਤੇ ਵੈੱਬ ਸੀਰੀਜ਼ "ਕਾਲ" ਕਰ ਚੁੱਕੇ ਰਟੌਲ ਦਾ ਨਾਮ ਹੈ ਤੇ ਪੰਜਾਬੀ ਫ਼ਿਲਮਾਂ ਵਾਲੇ ਓਸ ਨੂੰ ਜਿਸ ਰੋਲ ਵਿੱਚ ਲੈਣ ਫਿੱਟ ਹੈ। ਲੋੜ ਹੈ ਓਸ ਦੇ ਕੱਦ ਕਾਠ ਤੇ ਦਿੱਖ ਨੂੰ ਦੇਖ ਓਸ ਨੂੰ ਸਟਾਰ ਐਕਟਰ ਪਾਲੀਵੁੱਡ ਬਣਾ ਦੇਵੇ। ਅਮਰਦੀਪ ਗਿੱਲ ਓਸ ਦੇ ਉੱਪਰ ਮਿਹਨਤ ਕਰ ਰਹੇ ਹਨ। ਸਟਾਰ ਭਾਰਤ ਤੇ ਜੀ ਟੀਵੀ ਸਮੇਤ ਬਹੁਤ ਸਾਰੇ ਚੈਨਲਾਂ ਤੇ ਅਦਾਕਾਰੀ ਦਿਖਾ ਚੁੱਕੇ ਰਟੌਲ ਨੇ "ਰੋਡੇ ਕਾਲਜ" ਸਮੇਤ ਬਹੁਤ ਫ਼ਿਲਮਜ਼ ਕੀਤੀਆਂ ਹਨ ਤੇ ਕਰ ਰਹੇ ਹਨ। ਇਹਨਾਂ ਵਿੱਚ ਹਿੰਦੀ ਫ਼ਿਲਮਾਂ ਵੀ ਸ਼ਾਮਿਲ ਹਨ। ਧਾਰਮਿਕ ਗਿਆਨ ਤੇ ਅਜੋਕੇ ਹਲਾਤ ਦੇ ਜਾਣਕਾਰ ਰਟੌਲ ਦੇਖਣਾ ਐਵਾਰਡ ਪ੍ਰਾਪਤ ਅਦਾਕਾਰ ਬਣ ਜਾਣਗੇ। ਲੋੜ ਓਹਨਾਂ ਦੀ ਦਿੱਖ ਨੂੰ ਦੇਖ ਫਿੱਟ ਕਿਰਦਾਰ ਦੇਣ ਦੀ ਹੈ ਸਮੇਂ ਦੀ ਗੱਲ ਹੁੰਦੀ ਹੈ ਤੇ ਓਹ ਸਮਾਂ ਆਓਣ ਵਾਲਾ ਹੈ ਜਦ ਸਰਦਾਰਨੀ ਰਟੌਲ ਨੂੰ ਮਾਣ ਹੋਊ ਕਿ ਓਸ ਦੇ ਸਰਦਾਰ ਜੀ ਨੂੰ ਫਲਾਂ ਐਵਾਰਡ ਮਿਲਿਆ, ਵੱਡੇ ਬੈਨਰ ਦੀ ਫ਼ਿਲਮ ਮਿਲੀ ਤੇ ਬੱਚੇ ਵੀ ਫ਼ਖ਼ਰ ਕਰਨਗੇ। ਸ਼ਰਨਜੀਤ ਸਿੰਘ ਰਟੌਲ ਦੇ ਸੁਨਹਿਰੀ ਐਕਟਿੰਗ ਕੈਰੀਅਰ ਲਈ ਦੁਆਵਾਂ। ਅੰਮ੍ਰਿਤਸਰ ਦਾ ਰੰਗਮੰਚ ਓਸ ਨੂੰ ਸਟਾਰ ਕਲਾਕਾਰ ਮੰਨਦਾ ਹੈ ਤੇ ਟੀਵੀ ਚੈਨਲਾਂ ਲਈ ਓਹ ਕਿਸੇ ਬੇਹੱਦ ਪ੍ਰਤਿਭਾਵਾਨ ਅਭਿਨੇਤਾ ਤੋਂ ਘੱਟ ਨਹੀਂ ਹੈ। ਉਮੀਦ ਹੈ ਕਿ ਇਸ ਸਾਲ ਦੇ ਅੰਤ ਤੱਕ ਸ਼ਰਨਜੀਤ ਸਿੰਘ ਰਟੌਲ ਸਟਾਰ ਐਕਟਰ ਹੋਏਗਾ ਤੇ ਬਾਲੀਵੁੱਡ ਵਿੱਚ ਵੀ ਓਸ ਦੀ ਧੁੰਮ ਹੋਏਗੀ।

-ਅੰਮ੍ਰਿਤ ਪਵਾਰ

# ਮਹਾਨ ਸ਼ਹੀਦ ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ

ਪ੍ਰੋ. ਨਿਰਮਲ ਸਿੰਘ ਰੰਧਾਵਾ

• • •

ਸਿੱਖਾਂ ਵਿੱਚ ਸ਼ਹੀਦੀ ਦਾ ਮੁੱਢ ਪੰਜਵੇਂ ਗੁਰੂ ਅਰਜਨ ਦੇਵ ਨੇ ਲਾਹੌਰ ਵਿਚ ਬੰਨ੍ਹਿਆ ਸੀ। ਇਸੇ ਕਰਕੇ ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਕਿਹਾ ਜਾਂਦਾ ਹੈ। ਲਾਹੌਰ ਵਿਚ ਸਿੱਖਾਂ ਦੀਆਂ ਹੋਈਆਂ ਸ਼ਹੀਦੀਆਂ ਦੀ ਸੂਚੀ ਕਾਫੀ ਲੰਮੀ ਹੈ। ਸਮੇਂ ਦੀ ਜ਼ਾਲਮ ਜ਼ਕਰੀਆ ਖਾਨ ਸਰਕਾਰ ਵਲੋਂ ਭਾਈ ਤਾਰੂ ਸਿੰਘ ਨੂੰ ਲਾਹੌਰ 'ਚ ਕੇਸਾਂ ਸਣੇ ਖੋਪੜੀ ਲਾਹ ਕੇ ਸ਼ਹੀਦ ਕੀਤਾ ਗਿਆ ਸੀ। ਲਾਹੌਰ 'ਚ ਹੀ ਭਾਈ ਮਨੀ ਸਿੰਘ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਇਸੇ ਲਾਹੌਰ 'ਚ ਭਾਈ ਸੁਬੇਗ ਸਿੰਘ ਤੇ ਉਨ੍ਹਾਂ ਦੇ 18 ਸਾਲ ਦੇ ਬੇਟੇ ਭਾਈ ਸ਼ਾਹਬਾਜ਼ ਸਿੰਘ ਨੂੰ ਸਮੇਂ ਦੀ ਹਕੂਮਤ ਨੇ 1745 ਈਸਵੀ ਵਿਚ ਚਰਖੜੀਆਂ 'ਤੇ ਚਾੜ੍ਹ ਕੇ ਸ਼ਹੀਦ ਕੀਤਾ।

ਭਾਈ ਸੁਬੇਗ ਸਿੰਘ ਲਾਹੌਰ ਦੇ ਪਿੰਡ ਜੰਬਰ ਦੇ ਰਹਿਣ ਵਾਲੇ ਸਨ। ਫਾਰਸੀ ਦੇ ਵਿਦਵਾਨ ਹੋਣ ਕਰਕੇ ਉਨ੍ਹਾਂ ਨੂੰ ਜ਼ਕਰੀਆ ਖਾਨ ਦੇ ਦਰਬਾਰ ਵਿੱਚ ਨੌਕਰੀ ਮਿਲੀ ਹੋਈ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਉਹ ਕੁਝ ਚਿਰ ਲਾਹੌਰ ਦੇ ਕੋਤਵਾਲ ਵੀ ਰਹੇ। ਇਸ ਦੌਰਾਨ ਉਨ੍ਹਾਂ ਕਈ ਧਾਰਮਿਕ ਯਾਦਗਾਰਾਂ ਤੇ ਗੁਰਦੁਆਰੇ ਵੀ ਬਣਵਾਏ। ਲੋਕ ਭਲਾਈ ਦੇ ਕਾਰਜ ਕਰਨ ਕਰਕੇ ਕੁਝ ਲੋਕ ਉਨ੍ਹਾਂ ਨਾਲ ਖਾਰ ਖਾਂਦੇ ਸਨ। ਲਾਹੌਰ ਦਰਬਾਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਮੁਗਲੀਆ ਹਕੂਮਤ ਦੇ ਬਾਦਸ਼ਾਹ ਮੁਹੰਮਦ ਸ਼ਾਹ ਰੰਗੀਲੇ ਨੂੰ ਦਿੱਲੀ ਵਿਚ ਚਿੱਠੀ ਭੇਜ ਕੇ ਇਸ ਮਤੇ ਦੀ ਮਨਜ਼ੂਰੀ ਲੈ ਲਈ ਸੀ ਕਿ ਸਿੱਖ ਕੌਮ ਨਾਲ ਸੁਲਾਹ ਕਰ ਲਈ ਜਾਵੇ ਤਾਂ ਕਿ ਚੈਨ ਨਾਲ ਹਿੰਦੋਸਤਾਨ 'ਤੇ ਰਾਜ ਕੀਤਾ ਜਾ ਸਕੇ। ਜ਼ਕਰੀਆ ਖਾਨ ਨੇ 29 ਮਾਰਚ 1733 ਵਿੱਚ ਭਾਈ ਸੁਬੇਗ ਸਿੰਘ ਨੂੰ ਆਪਣਾ ਖਾਸ ਨੁਮਾਇੰਦਾ (ਵਕੀਲ) ਬਣਾ ਕੇ ਸਿੱਖ ਪੰਥ ਦੇ ਜਥੇਦਾਰ ਨੂੰ ਨਵਾਬੀ ਦਾ ਖਿਤਾਬ ਅਤੇ ਵੱਡੀਆਂ ਜਗੀਰਾਂ ਨਾਲ ਨਿਵਾਜਣ ਲਈ ਲਾਹੌਰ ਤੋਂ ਅੰਮ੍ਰਿਤਸਰ ਭੇਜਿਆ ਸੀ। ਭਾਈ ਸੁਬੇਗ ਸਿੰਘ ਵੱਲੋਂ ਲਿਜਾਇਆ ਗਿਆ 'ਨਵਾਬੀ ਦਾ ਖਿਤਾਬ' ਪੰਥਕ ਇਕੱਠ ਵਲੋਂ ਸੰਗਤ ਅਤੇ ਸਰਦਾਰ ਕਪੂਰ ਸਿੰਘ ਫੈਜ਼ਲਪੁਰੀਆ ਨੂੰ ਦਿੱਤਾ ਗਿਆ। ਸਿੱਖ ਇਤਿਹਾਸ ਵਿੱਚ ਭਾਈ ਸੁਬੇਗ ਸਿੰਘ ਨੂੰ 'ਵਕੀਲ' ਪਦ ਨਾਲ ਵੀ ਯਾਦ ਕੀਤਾ ਜਾਂਦਾ ਹੈ।



ਸਮੇਂ ਨੇ ਜਦੋਂ ਕਰਵਟ ਬਦਲੀ ਤਾਂ ਭਾਈ ਸੁਬੇਗ ਸਿੰਘ ਦੇ ਸੁਖੀ ਵੱਸਦੇ ਪਰਿਵਾਰ ਵਿਚ ਦੁੱਖਾਂ ਦੇ ਪਹਾੜ ਉਸ ਵੇਲੇ ਟੁੱਟ ਪਏ ਜਦੋਂ ਉਨ੍ਹਾਂ ਦੇ 18 ਸਾਲ ਦੇ ਨੌਜਵਾਨ ਪੁੱਤਰ ਭਾਈ ਸ਼ਾਹਬਾਜ਼ ਸਿੰਘ ਨੇ ਮਦਰੱਸੇ ਪੜ੍ਹਦੇ ਸਮੇਂ ਮੌਲਵੀ ਨੂੰ ਸਿੱਖ ਧਰਮ ਦੀ ਮਰਿਆਦਾ ਤੋਂ ਜਾਣੂ ਕਰਵਾਇਆ। ਇਸ ਮਗਰੋਂ ਚਰਚਾ 'ਚੋ ਹਾਰੇ ਤੇ ਆਪਣੀ ਹੇਠੀ ਸਮਝਦੇ ਹੋਏ ਮੌਲਵੀ ਨੇ ਭਾਈ ਸ਼ਾਹਬਾਜ਼ ਸਿੰਘ ਨੂੰ ਇਸਲਾਮ ਦੀ ਤੌਹੀਨ ਕਰਨ ਦੀਆਂ ਝੂਠੀਆਂ ਤੋਹਮਤਾਂ ਲਾ ਕੇ ਕੈਦ ਕਰਵਾ ਦਿੱਤਾ। ਥੋੜੇ ਸਮੇਂ ਬਾਅਦ ਉਨ੍ਹਾਂ ਦੇ ਪਿਤਾ ਭਾਈ ਸੁਬੇਗ ਸਿੰਘ ਨੂੰ ਵੀ ਬਿਨਾਂ ਕਸੂਰ ਕੈਦ ਕਰ ਲਿਆ ਗਿਆ। ਲਾਹੌਰ ਦਰਬਾਰ ਵਿਚ ਭਾਈ ਸੁਬੇਗ ਸਿੰਘ ਨਾਲ ਖਾਰ ਖਾਣ ਵਾਲੇ ਲੋਕਾਂ ਨੇ ਇਸ ਮੌਕੇ ਦਾ ਫਾਇਦਾ ਉਠਾਉਂਦਿਆਂ ਪਿਉ-ਪੁੱਤਰ ਨੂੰ ਇਸਲਾਮ ਕਬੂਲ ਕਰਵਾਉਣ ਲਈ ਹਾਕਮਾਂ ਨੂੰ ਉਕਸਾਇਆ। ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ਼ ਸਿੰਘ ਨੇ ਇਸਲਾਮ ਧਰਮ ਕਬੂਲ ਕਰਨ ਨਾਲੋਂ ਮੌਤ ਨੂੰ ਗਲੇ ਲਗਾਉਣ ਨੂੰ ਪਹਿਲ ਦਿੱਤੀ। ਭਾਈ ਸੁਬੇਗ ਸਿੰਘ ਦੇ ਨਜ਼ਦੀਕੀਆਂ ਨੇ ਭਾਈ ਜੀ ਨੂੰ ਸਲਾਹ ਦਿੱਤੀ, "ਆਪਣੇ ਇਕਲੌਤੇ ਪੁੱਤਰ ਦੀ ਜਾਨ ਬਖ਼ਸ਼ੀ ਕਰਵਾਉਣ ਲਈ ਹਕੂਮਤ ਦੀਆਂ ਸ਼ਰਤਾਂ ਮੰਨ ਲਵੋ ਤਾਂ ਜੋ ਆਪ ਜੀ ਦੀ ਅੰਸ਼ ਚੱਲਦੀ ਰਹੇ।" ਗੁਰੂ ਗੋਬਿੰਦ ਸਿੰਘ ਦੇ ਲਾਡਲੇ ਸਿੰਘ ਭਾਈ ਸੁਬੇਗ ਸਿੰਘ ਨੇ ਜੋ ਜਵਾਬ ਦਿੱਤਾ ਉਸ ਬਾਰੇ ਭਾਈ ਰਤਨ ਸਿੰਘ ਭੰਗੂ ਨੇ ਆਪਣੀ ਲਿਖਤ 'ਪੰਥ ਪ੍ਰਕਾਸ਼' ਗ੍ਰੰਥ 'ਚ ਬਹੁਤ ਸੋਹਣਾ ਜ਼ਿਕਰ ਕੀਤਾ ਹੈ, "ਸਿਖਨ ਕਾਜ ਸੁ ਗੁਰੂ ਸਵਾਰੇ, ਸੀਸ ਦੀਓ ਨਿਜ ਸੈਣ ਪ੍ਰਵਾਰੇ। ਹਮ ਕਾਰਨ ਗੁਰ ਕੁਲਹਿ ਗਵਾਈ, ਹਮ ਕੁਲ ਰਾਖੈ ਕੌਣ ਬਡਾਈ।" ਕਾਜ਼ੀ ਵੱਲੋਂ ਸੁਣਾਏ ਹੁਕਮ ਅਨੁਸਾਰ ਦੋਵਾਂ ਪਿਉ-ਪੁੱਤਰਾਂ ਨੂੰ ਜ਼ਾਲਮਾਂ ਨੇ ਤਿੱਖੇ ਦੰਦਿਆਂ ਵਾਲੀਆਂ ਦੋ ਵੱਖ ਵੱਖ ਚਰਖੜੀਆਂ 'ਤੇ ਚਾੜ੍ਹ ਕੇ ਕਈ ਵਾਰ ਘੁਮਾਇਆ। ਪਿਉ-ਪੁੱਤਰ ਜ਼ਰਾ ਵੀ ਨਾ ਡੋਲੇ। ਦੋਵੇਂ ਨਿਰਭੈ ਯੋਧੇ ਅਕਾਲ ਅਕਾਲ ਦੇ ਜੈਕਾਰੇ ਛੱਡਦੇ ਅਤੇ ਵਾਹਿਗੁਰੂ ਦੇ ਸਿਮਰਨ ਕਰਦੇ ਰਹੇ:

ਚਰਖੜੀ ਚਾੜ੍ਹ ਫਿਰ ਬਹੁਤ ਘੁਮਾਇਆ।
ਵਾਹਿਗੁਰੂ ਤਿਨ ਨਾਹਿ ਭੁਲਾਇਆ।

ਇਸ ਤਰ੍ਹਾਂ 1745 ਈਸਵੀ ਨੂੰ ਲਾਹੌਰ ਵਿੱਚ ਪਿਉ-ਪੁੱਤਰ ਨੂੰ ਚਰਖੜੀਆਂ 'ਤੇ ਚਾੜ੍ਹ ਕੇ ਬੇ-ਰਹਿਮੀ ਨਾਲ ਸ਼ਹੀਦ ਕੀਤਾ ਗਿਆ। ਇਸੇ ਲਾਹੌਰ ਦੀ ਧਰਤੀ 'ਤੇ ਉਬਲਦੀ ਦੇਗ 'ਚ ਬਹਿ ਕੇ, ਬੰਦ ਬੰਦ ਕਟਵਾ ਕੇ ਅਤੇ ਖੋਪੜੀਆਂ ਲੁਹਾ ਕੇ ਸ਼ਹੀਦ ਹੋਣ ਵਾਲੀ ਸ਼ਹੀਦੀ ਪਰੰਪਰਾ ਨੂੰ ਹੋਰ ਪਰਪੱਕ ਕਰ ਗਏ। ਪਿਉ-ਪੁੱਤਰ ਸ਼ਹੀਦ ਭਾਈ ਸੁਬੇਗ ਸਿੰਘ ਅਤੇ ਭਾਈ ਸ਼ਾਹਬਾਜ਼ ਸਿੰਘ ਦੀ ਲਾਸ਼ਾਨੀ ਸ਼ਹੀਦੀ ਨੂੰ ਰੋਜ਼ਾਨਾ ਸਿੱਖ ਅਰਦਾਸ ਵਿੱਚ, 'ਜਿਨ੍ਹਾਂ ਸਿੰਘਾਂ-ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਬੋਲੋ ਜੀ ਵਾਹਿਗੁਰੂ' ਸਤਿਕਾਰਤ ਸ਼ਬਦਾਂ ਰਾਹੀਂ ਯਾਦ ਕੀਤਾ ਜਾਂਦਾ ਹੈ।

# ★ ਮਿੰਨੀ ਕਹਾਣੀਆਂ ★

## ਹੰਝੂ

ਦੀਪ ਨਾ ਚਾਹੁੰਦੇ ਹੋਏ ਵੀ ਚੁੱਪ ਸੀ ਤੇ ਕੁਝ ਵੀ ਨਾ ਸੁਣਨ ਦਾ ਨਾਟਕ ਕਰ ਰਹੀ ਸੀ, ਕੀ ਹੋਇਆ ਤੂੰ ਚੁੱਪ ਕਿਉਂ ਆ ਬੋਲਦੀ ਕਿਉਂ ਨਹੀਂ..ਮੇਰੇ ਚਿਹਰੇ ਨੂੰ ਕੀ ਹੋਇਆ ? ਇਹ ਤੇਰੇ ਵਰਗਾ ਕਿਉਂ ਨਹੀਂ ?...ਉਸ ਨੂੰ ਆਪਣੇ ਵੀਰ ਦੇ ਕਹੇ ਇਹ ਸ਼ਬਦ ਪਤਾ ਨਹੀਂ ਕਿਉਂ ਅੱਜ ਬਾਰ ਬਾਰ ਯਾਦ ਆ ਰਹੇ ਸਨ। ਚਾਰ ਸਾਲ ਦਾ ਸੀ ਜਦ ਉਸਨੂੰ ਨਾ ਸਮਝ ਆਉਣ ਵਾਲੀ ਬਿਮਾਰੀ ਨੇ ਜਕੜ ਲਿਆ ਸੀ, ਮਾਂ ਦਸਦੀ ਕਿ ਪਹਿਲੇ ਪਹਿਲੇ ਤਾਂ ਠੀਕ ਰਿਹਾ ਪਰ ਹੋਲੀ ਹੋਲੀ ਉਸ ਬਿਮਾਰੀ ਨੇ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਤੇ ਏਨ੍ਹੇ ਇਲਾਜ ਦੇ ਬਾਦ ਵੀ ਕੋਈ ਫਰਕ ਨਾ ਪਿਆ ਤੇ ਹੋਲੀ ਹੋਲੀ ਵੀਰ ਦਾ ਚਿਹਰਾ......। ਹੱਥ ਖਰਾਬ ਹੋ ਗਏ ਤੇ ਚਿਹਰਾ ਵਿਗੜ ਗਿਆ।

ਦੀਪ ਨੂੰ ਹਮੇਸ਼ਾਂ ਇੰਝ ਲਗਦਾ ਕਿ ਵੀਰ ਦੀਆਂ ਨਜ਼ਰਾਂ ਇਹ ਸਵਾਲ ਕਰਦੀਆਂ ਨੇ ਪਰ ਕਿਸੇ ਕੋਲ ਵੀ ਕੋਈ ਜਵਾਬ ਨਾ ਹੁੰਦਾ ਅਤੇ ਫਿਰ ਜਿਓ ਜਿਓ ਵੀਰ ਵੱਡਾ ਹੁੰਦਾ ਗਿਆ ਇਲਾਜ਼ ਦੇ ਬਾਵਜੂਦ ਉਸਦੀ ਸਿਹਤ ਤੇ ਸਰੀਰ ਵਿਗੜਦੇ ਹੀ ਗਏ,ਪਰ ਉਹ ਬਹੁਤ ਹਿੰਮਤੀ ਸੀ ਤੇ ਇੰਝ ਲਗਦਾ ਸੀ ਕੇ ਹੁਣ ਉਸ ਨੇ ਹਾਲਾਤਾਂ ਦੇ ਨਾਲ ਲੜ੍ਹਨਾ ਸਿੱਖ ਲਿਆ ਸੀ।

ਦੀਪ ਦੇਖਦੀ ਕਿ ਜਿਦਾਂ ਜਿਦਾਂ ਵੀਰ ਦੀ ਉਮਰ ਵੱਧ ਰਹੀ ਸੀ ਬਿਮਾਰੀ ਵੀ ਓਸੇ ਤਰ੍ਹਾਂ ਆਪਣੇ ਰੰਗ ਦਿਖਾ ਰਹੀ ਸੀ ਪਰ ਉਹ ਹੋਰ ਮਜਬੂਤ ਹੁੰਦਾ ਜਾ ਰਿਹਾ ਸੀ ਹੁਣ ਉਸਨੇ ਇਹ ਸੋਚਣਾ ਛੱਡ ਦਿੱਤਾ ਸੀ ਕੇ ਲੋਕ ਕੀ ਕਹਿਣਗੇ ਬਸ ਉਹ ਰੱਬ ਦੀ ਰਜ਼ਾ ਵਿੱਚ ਖੁਸ਼ ਰਹਿਣਾ ਸਿੱਖ ਗਿਆ ਸੀ, ਹੁਣ ਉਹ ਜਦ ਵੀ ਦੀਪ ਨਾਲ ਗੱਲ ਕਰਦਾ ਤਾਂ ਉਹ ਦੇਖਦੀ ਕਿ ਹੁਣ ਉਸਦੀਆਂ ਅੱਖਾਂ ਉਹ ਸਵਾਲ ਨਹੀਂ ਕਰਦੀਆ ਪਰ ਇਹ ਕੀ.. ਹੁਣ ਉਹ ਦੇਖਦੀ ਕੇ ਸਵਾਲ ਇਹ ਹੈ ਕੇ ਮੈ ਤੇਰੇ ਨਾਲ, ਅਪਣੀ ਭੈਣ ਦੀਪ ਨਾਲ ਹੋਰ ਕਿੰਨਾ ਸਮਾਂ ਬਿਤਾ ਪਾਵਾਂਗਾ, ਹੁਣ ਉਸਦੀਆਂ ਨਜ਼ਰਾਂ ਇਹ ਸਵਾਲ ਨਹੀਂ ਕਰਦੀਆਂ ਕੇ ਉਸਦਾ ਚਿਹਰਾ ਤੇਰੇ ਵਰਗਾ ਕਿਉਂ ਨਹੀਂ, ਤੇ ਅੰਤ ਵੀਰ ਜ਼ਿੰਦਗੀ ਦੀ ਲੜਾਈ ਹਾਰ ਗਿਆ ਪਰ ਬੜੀ ਹਿੰਮਤ ਤੇ ਦਲੇਰੀ ਨਾਲ, ਉਹ ਵੀ ਆਖਰੀ ਸਮੇਂ ਦੀਪ ਦੇ ਹੱਥਾਂ ਵਿੱਚ ਹੀ ਰੇਤ ਦੀ ਤਰ੍ਹਾਂ, ਤੇ ਅਚਾਨਕ ਦੀਪ ਦੀਆਂ ਯਾਦਾਂ ਦੀ ਲੜੀ ਟੁੱਟੀ ਤੇ ਉਸਦੀ ਨਜ਼ਰ ਸਾਹਮਣੇ ਦੀਵਾਰ ਤੇ ਲੱਗੀ ਵੀਰ ਦੀ ਫੋਟੋ ਤੇ ਗਈ ਉਹ ਉੱਠੀ ਅਤੇ ਤਸਵੀਰ ਉਤਾਰ ਕੇ ਸੀਨੇ ਨਾਲ ਲਾ ਲਈ ਤੇ ਮਨ ਹੀ ਮਨ ਬੋਲੀ, "ਤੂੰ ਦੁਨੀਆਂ ਦਾ ਸਭ ਤੋਂ ਖ਼ੂਬਸੂਰਤ ਬੱਚਾ ਸੀ.. ਸਭ ਤੋਂ ਸੋਹਣਾ ਜਵਾਨ ਗੱਭਰੂ ਸੀ ਹੇ ਮੇਰੇ ਸੋਹਣਿਆ ਵੀਰਾ ਤੂੰ ਸਭ ਨਾਲੋਂ ਸੋਹਣਾ ਸੀ, ਜਿਸਦੇ ਆਉਣ ਤੇ ਘਰ ਵਿਚ ਦੀਪਮਾਲਾ ਹੋਈ ਸੀ...ਤੇ ਜਿਸ ਦੇ ਆਉਣ ਤੇ ਮੇਰੀ ਉਸ ਪਿੰਡ ਨਾਲ ਅੱਜ ਵੀ ਸਾਂਝ ਹੈ.... ਤੇ ਫਿਰ ਸ਼ੁਰੂ ਹੋ ਗਈ ਦੀਪ ਦੀਆਂ ਅੱਖਾਂ ਵਿਚ ਹੰਝੂਆਂ ਦੀ ਬਰਸਾਤ....ਜੋ ਥੰਮਨ ਦਾ ਨਾਮ ਹੀ ਨਹੀਂ ਲੈ ਰਹੀ ਸੀ!!

-ਅਮਨ ਢਿੱਲੋਂ ਕਸੇਲ (ਬਾਬਾ ਬਕਾਲਾ ਸਾਹਿਬ)

## ਹਲੂਣਾ

ਜਗਸੀਰ ਅੱਜ ਖੁਸ਼ੀ ਨਾਲ ਫੁੱਲਾ ਨਹੀਂ ਸਮਾਅ ਰਿਹਾ ਸੀ। ਕਿਉਂ ਜੋ ਅੱਜ ਉਸਦੇ ਵੱਡੇ ਭਰਾ ਨੇ ਫੌਜ ਵਿੱਚੋਂ ਛੁੱਟੀ ਆਉਣਾ ਸੀ। ਕੰਮ ਤਾਂ ਉਹ ਰੋਜ਼ਾਨਾ ਹੀ ਕਰਦਾ ਸੀ,ਪਰ ਅੱਜ ਉਹ ਕੰਮ ਕਾਹਲ ਨਾਲ ਕਰ ਰਿਹਾ ਸੀ।

"ਵੇ ਕਿਉਂ ਲਿਬੜੀ ਜਾਂਦੈ ਪੁੱਤ" ਨਵੇਂ ਕੱਪੜੇ ਪਾ ਲੈ ਤੇਰਾ ਭਰਾ ਆਉਣ ਆਲਾ ਮਾਂ ਨੇ ਜਗਸੀਰ ਨੂੰ ਕਿਹਾ।

"ਨਹੀਂ ਬੇਬੇ ਮੈਨੂੰ ਕੰਮ ਕਰਦੇ ਲਿਬੜਦੇ ਨੂੰ ਦੇਖ ਭਰਾ ਬੜਾ ਖੁਸ਼ ਹੋਊ, ਕਰ ਲੈਣ ਦੇ ਕੰਮ" ਜਗਸੀਰ ਬੋਲਿਆ।

ਕੁਝ ਦੇਰ ਬਾਅਦ ਜਗਸੀਰ ਦੇ ਕੰਮ ਕਰਦੇ ਕਰਦੇ ਉਸਦਾ ਵੱਡਾ ਭਰਾ ਬਲਵੰਤ ਆ ਗਿਆ।

"ਲੈ ਉਹ ਆ ਗਿਆ ਬਾਈ ਬਲਵੰਤ" ਜਗਸੀਰ ਨੇ ਓਦਾਂ ਈ ਲਿਬੜਿਆਂ ਬਲਵੰਤ ਨੂੰ ਜੱਫੀ ਪਾਉਣੀ ਚਾਹੀ।

""ਸੀਰੇ ਪਾਸੇ ਰਹਿ ਹਾਲੇ ਤੂੰ ਲਿਬੜਿਆ ਪਿਆਂ ਨਹਾ ਲੈ ਪਹਿਲਾਂ" ਬਲਵੰਤ ਨੇ ਵਰਦੀ ਦੇ ਗ਼ੁਮਾਨ ਅਤੇ ਤਲਖ਼ੀ ਨਾਲ ਕਿਹਾ।

ਇਨ੍ਹਾਂ ਬੋਲਾਂ ਨੇ ਜਗਸੀਰ ਦੇ ਮਨ ਤੇ ਗਹਿਰੀ ਸੱਟ ਮਾਰੀ। ਉਸਨੂੰ ਲੱਗਿਆ ਜਿਵੇਂ ਉਸਦੇ ਕੰਮ ਦੀ ਕੋਈ ਕਦਰ ਹੀ ਨਾ ਹੋਵੇ ਤੇ ਉਸਨੂੰ ਫਾਲਤੂ ਸਮਝ ਲਿਆ ਹੋਵੇ। ਅੱਜ ਉਸਨੇ ਪ੍ਰਣ ਕਰ ਲਿਆ ਕਿ ਉਹ ਹਰ ਟੈਸਟ ਦੀ ਤਿਆਰੀ ਕਰੇਗਾ। ਉਸਨੇ ਦਿਨ ਰਾਤ ਕਰਕੇ ਟੈਸਟਾਂ ਦੀ ਤਿਆਰੀ ਕੀਤੀ ਅਤੇ ਸਰਕਾਰੀ ਨੌਕਰੀ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ। ਅੱਜ ਉਸਨੂੰ ਆਪਣੇ ਭਰਾ ਦੀ ਤਲਖ਼ੀ ਭਰੀ ਗੱਲ ਇੱਕ ਹਲੂਣਾ ਹੁੰਦੀ ਜਾਪ ਰਹੀ ਸੀ।

ਗੁਰਦਿੱਤ ਸਿੰਘ ਸੇਖੋਂ

## ਨਕਲ

ਮੈਂ ਮੈਟਰੋ ਵਿੱਚ ਸਫ਼ਰ ਕਰ ਰਿਹਾ ਸਾਂ। ਮੇਰੇ ਨੇੜੇ ਬੈਠੀ ਇੱਕ ਔਰਤ ਕਿਤਾਬ ਪੜ੍ਹ ਰਹੀ ਸੀ। ਸਾਹਮਣੇ ਬੈਠਾ ਉਹਦਾ ਛੋਟਾ ਬੱਚਾ ਵੀ ਕਿਤਾਬ ਪੜ੍ਹ ਰਿਹਾ ਸੀ।

ਮੈਂ ਬੱਚੇ ਨੂੰ ਕਿਤਾਬ ਪੜ੍ਹਦੇ ਵੇਖ ਕੇ ਹੈਰਾਨ ਰਹਿ ਗਿਆ, ਤਾਂ ਉਸ ਔਰਤ ਨੂੰ ਪੁੱਛਿਆ, "ਮਾਫ਼ ਕਰਨਾ ਮੈਡਮ, ਤੁਸੀਂ ਸਮਾਰਟ ਫੋਨ ਦੀ ਥਾਂ ਆਪਣੇ ਬੱਚੇ ਦੇ ਹੱਥ ਵਿੱਚ ਕਿਤਾਬ ਕਿਵੇਂ ਦੇ ਦਿੱਤੀ ? ਜਦਕਿ ਅੱਜ ਦੇ ਸਮੇਂ ਵਿੱਚ ਤਾਂ ਹਰੇਕ ਬੱਚੇ ਦੇ ਹੱਥ 'ਚ ਸਮਾਰਟਫੋਨ ਹੀ ਹੁੰਦਾ ਹੈ ਤੇ ਉਹ ਵਧੇਰੇ ਸਮਾਂ ਇਨ੍ਹਾਂ ਫੋਨ- ਸਕਰੀਨਾਂ ਤੇ ਵੀਡੀਓ ਵੇਖਦੇ, ਗੇਮਾਂ ਖੇਡਦੇ ਰਹਿੰਦੇ ਹਨ...।"

ਉਸ ਔਰਤ ਦਾ ਜੁਆਬ ਸੁਣ ਕੇ ਮੈਂ ਦੰਗ ਰਹਿ ਗਿਆ ਤੇ ਕਾਫ਼ੀ ਦੇਰ ਸੋਚਦਾ ਰਿਹਾ। ਉਹਦਾ ਜਵਾਬ ਸੀ, "ਭਾਈ ਸਾਹਿਬ, ਬੱਚੇ ਸਾਡੀ ਕਿੱਥੇ ਸੁਣਦੇ ਨੇ ? ਉਹ ਤਾਂ ਸਾਡੀ ਨਕਲ ਕਰਦੇ ਨੇ...।"

ਪ੍ਰੋ. ਨਵ ਸੰਗੀਤ ਸਿੰਘ



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : Tel / WhatsApp: 07966 388 388



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

**Respectable Arora Sikh family seeking a suitable match for their British born son, he is a doctor (GP), 46 years old, 5'10" tall, clean shaven, slim with good personality. He is sencere and well versed in both culture. Girl must be born and educated in U.K. Cast no bar. For more information call: 07943 196894 or reply to ref. 842 (3066)**


## ਸੁਨੀਤਾ ਵਿਲੀਅਮਸ ਦੀ ਪੁਲਾੜ ਤੋਂ ਧਰਤੀ 'ਤੇ ਸੁਰੱਖਿਅਤ ਵਾਪਸ ਪਰਤੀ



ਨਾਸਾ ਦੇ ਪੁਲਾੜ ਯਾਤਰੀ ਭਾਰਤੀ ਮੂਲ ਦੀ ਸੁਨੀਤਾ ਵਿਲੀਅਮਸ ਤੇ ਬੁਚ ਵਿਲਮੋਰ ਨੌਂ ਮਹੀਨੇ ਪੁਲਾੜ ਵਿਚ ਰਹਿਣ ਮਗਰੋਂ ਧਰਤੀ 'ਤੇ ਪਰਤ ਆਏ ਹਨ। ਪੁਲਾੜ ਯਾਤਰੀਆਂ ਨੂੰ ਲੈ ਕੇ ਆਏ 'ਸਪੇਸਐਕਸ' ਦੇ ਕੈਪਸੂਲ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ ਤੋਂ ਰਵਾਨਗੀ ਪਾਉਣ ਤੋਂ ਕੁਝ ਹੀ ਘੰਟਿਆਂ ਬਾਅਦ ਫਲੋਰੀਡਾ ਪੈਨਹੈਂਡਲ ਦੇ ਤੇਲਾਹਾਸੇ ਜਲ ਖੇਤਰ ਵਿਚ ਉਤਾਰਿਆ ਗਿਆ। ਇਕ ਘੰਟੇ ਅੰਦਰ ਪੁਲਾੜ ਯਾਤਰੀ ਕੈਪਸੂਲ 'ਚੋਂ ਬਾਹਰ ਆ ਗਏ। ਉਨ੍ਹਾਂ ਕੈਮਰਿਆਂ ਵੱਲ ਹੱਥ ਹਿਲਾਏ ਤੇ ਮੁਸਕਰਾਏ। ਉਨ੍ਹਾਂ ਨੂੰ ਡਾਕਟਰੀ ਜਾਂਚ ਲਈ ਸਟਰੈਚਰ 'ਤੇ ਲਿਜਾਇਆ ਗਿਆ। ਵਿਲਮੋਰ ਤੇ ਵਿਲੀਅਮਸ ਪੁਲਾੜ ਵਿਚ 286 ਦਿਨ ਰਹੇ। ਉਨ੍ਹਾਂ ਧਰਤੀ ਦੀ 4,576 ਵਾਰ ਪਰਿਕਰਮਾ ਕੀਤੀ ਤੇ ਸਪਲੈਸ਼ਡਾਊਨ ਦੇ ਸਮੇਂ ਤੱਕ 12 ਕਰੋੜ 10 ਲੱਖ ਮੀਲ ਦਾ ਸਫ਼ਰ ਕੀਤਾ।


## CHANGE OF NAME

I, KULWINDER SINGH BAINS S/O MR GURNAM WHOSE PERMANENT ADDRESS IN INDIA IS VILL: THABALKE, P.O. JANDIALA, TEH: NAKODAR, DIST: JALANDHAR, PIN: 144033, PUNJAB AND NOW LIVING AT 46 KIRKWALL CRESCENT, LEICESTER, LE5 2QB, UK HEREBY GIVE NOTICE OF MY INTENTION TO CHANGE MY NAME TO KULWINDER KUMAR. (U/I)

## CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**

**Account No: 20853011 Sort Code: 20-25-85**


## ਕੈਨੇਡਾ ਦੇ ਮੌਂਟਰੀਆਲ ਰਹਿਣ ਵਾਲੇ ਨੌਜਵਾਨਾਂ ਵਲੋਂ ਮਨੁੱਖਤਾ ਦੀ ਸੇਵਾ ਲਈ ਇੱਕ ਅਹਿਮ ਉਪਰਾਲਾ ਕੀਤਾ ਗਿਆ ਸ਼ੁਰੂ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਕੈਨੇਡਾ ਦੇ ਮੌਂਟਰੀਆਲ ਸ਼ਹਿਰ ਵਿਚ ਰਹਿਣ ਵਾਲੇ ਨੌਜਵਾਨਾਂ ਵਲੋਂ ਮਨੁੱਖਤਾ ਦੀ ਸੇਵਾ ਕਰਣ ਲਈ ਇੱਕ ਅਹਿਮ ਉਪਰਾਲਾ ਕੀਤਾ ਗਿਆ ਹੈ। ਹਰਿਆਣਾ ਦੇ ਰਹਿਣ ਵਾਲੇ ਨੌਜਵਾਨਾਂ ਨੇ ਆਪਣੀ ਪਰਸਨਲ ਗੱਡੀ ਵਿੱਚ ਗਰਭਵਤੀ ਔਰਤਾਂ ਲਈ ਅਤੇ ਬਜ਼ੁਰਗਾਂ ਲਈ ਫਰੀ ਸੇਵਾ ਖੋਲੀ ਹੈ । ਜਾਣਕਾਰੀ ਦਿੰਦੇ ਹੋਏ ਵਿਜੇ ਨੇ ਦੱਸਿਆ ਕਿ ਅਸੀਂ ਤਕਰੀਬਨ ਛੇ ਮਹੀਨਿਆਂ ਤੋਂ ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਲਈ ਜਿਵੇਂ ਕਿ ਐਮਰਜੰਸੀ ਵਿੱਚ ਹਸਪਤਾਲ ਅਤੇ ਦਵਾਈ ਲੈਣ ਵਾਸਤੇ ਜਾਣ ਲਈ ਉਹਨਾਂ ਨੂੰ ਘਰ ਤੋਂ ਪਿੱਕ ਕਰਨਾ ਅਤੇ ਘਰ ਡਰੋਪ ਕਰਨਾ ਫਰੀ ਸੇਵਾ ਕਰਦੇ ਹਾਂ ਪਰ ਜਿਨਾਂ ਨੂੰ ਐਮਰਜੰਸੀ ਵਿੱਚ ਜਾਣਾ ਹੈ ਉਨਾਂ ਨੂੰ ਲਿਜਾਦੇ ਹਾਂ । ਅਗਰ ਕਿਸੇ ਨੇ ਰੈਗੂਲਰ ਚੈੱਕ ਅਪ ਕਰਵਾਣਾ ਹੋਵੇ ਤਾਂ ਉਹਨਾਂ ਨੂੰ ਇੱਕ ਦਿਨ ਪਹਿਲਾਂ ਫੋਨ ਕਰਕੇ ਸਾਨੂੰ ਦੱਸਣਾ ਪਵੇਗਾ । ਵਿਜੇ ਨੇ ਦੱਸਿਆ ਕਿ ਉਹ ਆਪਣੀ ਗੱਡੀ ਵਿੱਚ ਊਬਰ ਡਰਾਈਵ ਕਰਦੇ ਹਨ ਅਤੇ ਨਾਲ-ਨਾਲ ਲੋਕਾਂ ਦੀ ਫਰੀ ਸੇਵਾ ਕਰਦੇ ਹਨ । ਉਨ੍ਹਾਂ ਦਸਿਆ ਕਿ ਉਨਾਂ ਨੂੰ ਇਹ ਪ੍ਰੇਰਨਾ ਇੰਡੀਆ ਵਿੱਚ ਰਹਿੰਦੇ ਹੋਏ ਇਕ ਸੱਜਣ ਦੇ ਰਿਸ਼ਤੇਦਾਰ ਵੱਲੋਂ ਮਿਲੀ ਹੈ । ਇਹ ਉਪਰਾਲਾ ਬਹੁਤ ਹੀ ਸ਼ਲਾਘਾ ਯੋਗ ਹੈ ਜਿੱਥੇ ਕਿ ਕੈਨੇਡਾ ਵਿੱਚ ਕਿਸੇ ਵੀ ਵਿਅਕਤੀ ਕੰਮ ਤੋਂ ਸਿਵਾਏ ਵਕਤ ਨਹੀਂ ਹੈ ਉੱਥੇ ਹੀ ਇਹ ਨੌਜਵਾਨ ਆਪਣੇ ਕੀਮਤੀ ਸਮੇਂ ਤੋਂ ਆਪਣੇ ਕੰਮਕਾਰ ਛੱਡਕੇ ਮਨੁੱਖਤਾ ਲਈ ਨੇਕ ਉਪਰਾਲਾ ਕਰ ਰਹੇ ਹਨ । ਇਸ ਮੌਕੇ ਰਜਤ, ਅਸ਼ੂ, ਭੁਪਿੰਦਰ, ਨਿਕਲ , ਨਿਸ਼ਾਂਤ, ਵਿਕਰਮ ਅਤੇ ਹੋਰ ਬਹੁਤ ਸਾਰੇ ਨੌਜਵਾਨ ਹਾਜ਼ਰ ਸਨ।

## ਵਰਕ ਪਰਮਿਟ ਵਾਲਿਆਂ ਲਈ ਅਮਰੀਕਾ ਦੇ ਦਰਵਾਜ਼ੇ ਬੰਦ



ਨਿਊ ਯਾਰਕ : ਡੌਨਲਡ ਟਰੰਪ ਆਨੇ-ਬਹਾਨੇ ਪ੍ਰਵਾਸੀਆਂ ਨੂੰ ਅਮਰੀਕਾ ਦਾਖਲ ਹੋਣ ਤੋਂ ਰੋਕ ਰਹੇ ਹਨ ਅਤੇ ਹੁਣ ਭਾਰਤ ਸਣੇ ਵੱਖ-ਵੱਖ ਮੁਲਕਾਂ ਵਿਚ ਮੌਜੂਦ ਅਮੈਰਿਕਨ ਅੰਬੈਸੀਜ਼ ਅਤੇ ਕੌਂਸਲੇਟਸ ਵੱਲੋਂ ਅਰਜ਼ੀਆਂ ਲਟਕਾਉਣ ਦਾ ਰੁਝਾਨ ਆਰੰਭ ਹੋ ਗਿਆ ਹੈ। ਜੀ ਹਾਂ, ਇੰਮੀਗ੍ਰੇਸ਼ਨ ਅਟਾਰਨੀਜ਼ ਵੱਲੋਂ ਵਰਕ ਪਰਮਿਟ ਵਾਲਿਆਂ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਸੁਚੇਤ ਕੀਤਾ ਗਿਆ ਹੈ ਕਿ ਉਹ ਭੁੱਲ ਕੇ ਵੀ ਅਮਰੀਕਾ ਤੋਂ ਬਾਹਰ ਜਾਣ ਦਾ ਯਤਨ ਨਾ ਕਰਨ ਕਿਉਂਕਿ ਵਾਪਸੀ ਵੇਲੇ ਦਰਵਜ਼ੇ ਬੰਦ ਕੀਤੇ ਜਾ ਸਕਦੇ ਹਨ। ਸਿਐਟਲ ਦੇ ਇੰਮੀਗ੍ਰੇਸ਼ਨ ਅਟਾਰਨੀ ਕ੍ਰਿਪਾ ਉਪਾਧਿਆਏ ਨੇ ਕਿਹਾ ਕਿ ਸਟੱਡੀ ਵੀਜ਼ਾ ਅਤੇ ਵਰਕ ਵੀਜ਼ਾ ਵਾਲਿਆਂ ਨਾਲ ਬਦਤਰ ਸਲੂਕ ਕੀਤਾ ਜਾ ਰਿਹਾ ਹੈ।

## ਅਮਰੀਕਾ ਦੇ ਹਵਾਈ ਅੱਡਿਆਂ ਤੇ ਘਿਰੇ ਸੈਂਕੜੇ ਭਾਰਤੀ

ਵਾਸ਼ਿੰਗਟਨ : ਅਮਰੀਕਾ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਤੋਂ ਬਾਅਦ ਗਰੀਨ ਕਾਰਡ ਹੋਲ-ਡਰਜ਼ ਦਾ ਮਾੜਾ ਦੌਰ ਵੀ ਸ਼ੁਰੂ ਹੋ ਚੁੱਕਾ ਹੈ। ਜੀ ਹਾਂ, ਕਸਟਮਜ਼ ਅਤੇ ਬਾਰਡਰ ਪ੍ਰੋਟੈਕਸ਼ਨ ਅਫਸਰਾਂ ਵੱਲੋਂ ਅਮਰੀਕਾ ਵਾਪਸੀ ਕਰਨ ਵਾਲੇ ਗਰੀਡ ਕਾਰਡ ਹੋਲਡਰਜ਼ ਨੂੰ ਕਥਿਤ ਤੌਰ ਤੇ ਘੇਰ ਕੇ ਪੀ.ਆਰ. ਛੱਡਣ ਦਾ ਦਬਾਅ ਪਾਇਆ ਜਾ ਰਿਹਾ ਹੈ। ਨਿਸ਼ਾਨਾ ਬਣਨ ਵਾਲਿਆਂ ਵਿਚ ਸਭ ਤੋਂ ਵੱਧ ਗਿਣਤੀ ਭਾਰਤੀ ਬਜ਼ੁਰਗਾਂ ਦੀ ਹੈ ਜੋ ਸਿਆਲ ਦੀ ਰੁੱਤ ਭਾਰਤ ਵਿਚ ਲੰਘਾਉਣ ਮਗਰੋਂ ਅਮਰੀਕਾ ਵਾਪਸੀ ਕਰ ਰਹੇ ਹਨ। ਇੰਮੀਗ੍ਰੇਸ਼ਨ ਵਕੀਲਾਂ ਨੇ ਦੱਸਿਆ ਕਿ ਹਵਾਈ ਅੱਡਿਆਂ ਤੇ ਗਰੀਨ ਕਾਰਡ ਹੋਲਡਰਜ਼ ਨੂੰ ਪੂਰੀ-ਪੂਰੀ ਰਾਤ ਹਿਰਾਸਤ ਵਿਚ ਰੱਖਿਆ ਜਾਂਦਾ ਹੈ ਅਤੇ ਮੌਕੇ ਤੇ ਮੌਜੂਦ ਅਫ਼ਸਰ ਕਾਰਡ ਸਰੰਡਰ ਕਰਨ ਦਾ ਦਬਾਅ ਪਾਉਂਦੇ ਹਨ।

## ਵਿਆਹ ਦੇ ਬੰਧਨ ਵਿੱਚ ਬੱਝਣਗੇ ਟੋਕੀਓ ਓਲੰਪਿਕ ਹਾਕੀ ਸਟਾਰ ਮਨਦੀਪ ਸਿੰਘ ਤੇ ਉਦਿਤਾ ਕੌਰ



ਜਲੰਧਰ- ਓਲੰਪੀਅਨ ਹਾਕੀ ਸਟਾਰ ਮਨਦੀਪ ਸਿੰਘ ਅਤੇ ਉਦਿਤਾ ਦੂਹਨ ਵਿਆਹ ਦੇ ਬੰਧਨ ਵਿੱਚ ਬੱਝਣ ਜਾ ਰਹੇ ਹਨ। ਦੋਵਾਂ ਵੱਲੋਂ ਮਾਡਲ ਟਾਊਨ ਦੇ ਗੁਰਦੁਆਰੇ ਵਿੱਚ 21 ਮਾਰਚ ਨੂੰ ਲਾਵਾਂ ਲਈਆਂ ਜਾਣਗੀਆਂ। ਮਨਦੀਪ ਸਿੰਘ ਜਲੰਧਰ ਅਤੇ ਉਦਿਤਾ ਕੌਰ ਹਿਸਾਰ ਨਾਲ ਸਬੰਧਤ ਹਨ। ਦੋਵੇਂ ਖਿਡਾਰੀ ਟੋਕੀਓ ਓਲੰਪਿਕ ਖੇਡਾਂ-2020 ਵਿੱਚ ਸ਼ਾਮਲ ਹੋਏ ਭਾਰਤੀ ਦਲ ਦਾ ਹਿੱਸਾ ਸਨ। ਇਸ ਦੌਰਾਨ ਮਨਦੀਪ ਸਿੰਘ ਦੀ ਅਗਵਾਈ ਵਾਲੀ ਪੁਰਸ਼ ਟੀਮ ਨੇ ਟੋਕੀਓ ਖੇਡਾਂ ਵਿੱਚ ਕਾਂਸੀ ਦਾ ਤਗ਼ਮਾ ਜਿੱਤ ਕੇ ਪੈਰਿਸ ਓਲੰਪਿਕ-2024 ਲਈ ਕੁਆਲੀਫਾਈ ਕੀਤਾ ਸੀ, ਜਦੋਂਕਿ ਭਾਰਤੀ ਮਹਿਲਾ ਟੀਮ ਟੋਕੀਓ ਵਿੱਚ ਚੌਥੇ ਸਥਾਨ ਤੇ ਰਹੀ ਸੀ। ਉਹ ਪੈਰਿਸ ਓਲੰਪਿਕ ਲਈ ਕੁਆਲੀਫਾਈ ਨਹੀਂ ਕਰ ਸਕੀ।

ੴ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥
ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

## SARDAR SARUP SINGH DHANDIA MBE

WITH GREAT SADNESS, WE REQUEST THAT YOU
JOIN US IN HONOURING OUR DEPARTED FATHER AND GRANDFATHER



4TH SEPTEMBER 1940 - 8TH MARCH 2025

FUNERAL SERVICE
SATURDAY 22ND MARCH 2025

SANSKAR SERVICE 1:30 PM AT GREAT GLEN CREMATORIUM
9 LONDON ROAD, GREAT GLEN, LE8 9DJ

FOLLOWED BY
SEHAJ PAATH BHOG,
KIRTAN, LANGAR AND ANTIM ARDAS
GURU AMAR DAS GURDWARA
219 CLARENDON PARK RD, LEICESTER, LE2 3AN

IF YOU WISH TO WATCH THE SERVICE PLEASE GO TO
https://watch2.obitus.com
username: nufo3689
Password: 438339



In loving memory of

## MR HARBANS SINGH JANDU
'JANDU LITTRANWALA'

7 OCTOBER 1943 - 8 MARCH 2025



FUNERAL PROGRAMME

Tuesday 25th March 2025

9:00am - 10:15am
Guru Ka Niwas Gurdwara - Ramgarhia Board
1 Rothesay Gardens, Wolverhampton WV4 6FD

10:45am
Bushbury Cemetery and Crematorium
Underhill Lane, Wolverhampton WV10 7JG

12:15pm
Bhog, Aantim Ardas and Guru Ka Langar
Guru Ka Niwas Gurdwara - Ramgarhia Board
1 Rothesay Gardens, Wolverhampton WV4 6FD


# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

**ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।**





**ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ**

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
Tel / WhatsApp: 07966 388 388

**ਆਓ ਤੀਜੀ ਪੰਗਤੀ ਦੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...**

ਪਾਠ 5

| | |
|---|---|
| ਚ CH  CHACHAA ਚੱਚਾ SPOONS ਚਮਚੇ | ਛ CHH  CHHACHHAA ਛੱਛਾ umbrella ਛੱਤਰੀ |
| ਜ J  JAJJAA ਜੱਜਾ JORHEE ਜੋੜੀ | ਝ JH  JHAJJAA ਝੱਜਾ FLAG ਝੰਡਾ |
| ਞ NJA ਞ YANYAAN ਞੰਞਾ | ਚ ਛ ਜ ਝ ਞ Practice writing |

# MANAK SOLICITORS



**Jasdeep Singh Jandu**
Conveyancing Director

Jas heads up our Property department and has developed a following of regular clients due to his calm nature, professional attitude and his practical knowledge of the areas in which he specialises.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਡਾ ਅਮਰਜੀਤ ਟਾਂਡਾ ਦੀਆਂ ਕਿਤਾਬਾਂ ਦਾ ਲੋਕ ਅਰਪਣ ਤੇ ਰੂਬਰੂ

**ਅਮਰਜੀਤ ਟਾਂਡਾ**
+61 417271147

ਲੁਧਿਆਣਾ-ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ, ਵਿਸ਼ਵ ਪੰਜਾਬੀ ਸਾਹਿਤ ਪੀਠ ਪੰਜਾਬੀ ਸਾਹਿਤ ਅਕੈਡਮੀ ਸਿਡਨੀ ਆਸਟਰੇਲੀਆ ਅਤੇ ਇੰਟਰਨੈਸ਼ਨਲ ਪੰਜਾਬੀ ਸਾਹਿਤ ਅਕੈਡਮੀ ਦੇ ਸਹਿਯੋਗ ਨਾਲ ਕੱਲ ਦੁਪਹਿਰ ਵੇਲੇ ਡਾ ਅਮਰਜੀਤ ਟਾਂਡਾ ਦੀਆਂ ਕਿਤਾਬਾਂ ਕਵਿਤਾਂਜਲੀ (ਨਜ਼ਮਾਂ), "ਤੇ ਵਕਤ ਬੋਲਦਾ ਗਿਆ" (ਸੁਰਨਾਵਲ) ਅਤੇ ਰਾਗ-ਏ-ਜਿੰਦਗੀ ਲੰਬੀ ਉਮਰ (ਸਿਹਤ ਸਾਹਿਤ) ਦਾ ਪਹਿਲਾਂ ਲੋਕ ਅਰਪਣ ਸਮਾਗਮ ਹੋਇਆ ਤੇ ਨਾਲ ਹੀ ਬਾਅਦ ਵਿਚ ਰੂਬਰੂ, ਸੰਵਾਦ ਵੀ ਰਚਾਇਆ ਗਿਆ। ਡਾ ਅਮਰਜੀਤ ਟਾਂਡਾ ਨੇ ਕਿਹਾ ਜੇ ਕੋਈ ਗ਼ਾਲਿਬ, ਫ਼ੈਜ਼ ਅਹਿਮਦ ਫ਼ੈਜ਼ ਸਾਹਿਰ ਲੁਧਿਆਣਵੀ ਜਾਂ ਡਾ ਹਰਭਜਨ ਸਿੰਘ ਨੂੰ ਪੜ੍ਹ ਕੇ ਆਇਆ ਕੁਝ ਕਹੇ ਤਾਂ ਇਹ ਬੋਲ ਠੀਕ ਹੀ ਹੋਣਗੇ।

ਅਰਸ਼ ਤੇ
ਅਣਗਿਣਤ ਤਾਰੇ ਟਿਮਟਿਮਾਉਂਦੇ
ਜਗਣ ਦੀਪਕ ਅਨੇਕਾਂ
ਇਹਨਾਂ ਚ ਹੀ ਹੈ ਨੁੱਕਰ ਤੇ ਖੜਾ ਮੈਂ ਵੀ ਹਾਂ, ਡਾ ਟਾਂਡਾ ਨੇ ਕਿਹਾ।

ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਦੇ ਸਾਹਿਤਕਕਾਰਾਂ ਨੂੰ ਮਿਲਣ ਸੁਣਨ ਦਾ ਮੌਕਾ ਮੈਨੂੰ 1970-1971 ਤੋਂ ਮਿਲਦਾ ਰਿਹਾ ਹੈ ਤੇ ਇਸ ਅਕਾਡਮੀ ਦਾ ਮੈਨੂੰ ਸਾਹਿਤਕ ਸਿਧਾਂਤਾਂ ਬਾਰੇ ਸੁਣਨ ਲਿਖਣ ਪੜ੍ਹਨ ਵੱਲ ਮੋੜਨ ਵਿਚ ਬਹੁਤ ਵੱਡਾ ਹੱਥ ਰਿਹਾ ਹੈ।

ਫਿਰ ਅਸੀਂ ਵੀ ਦੀਵਿਆਂ ਵਾਂਗ
ਕਦੇ ਜਗਣਾ ਤੇ ਕਦੇ
ਹਾਉਕੇ ਲੈ ਕੇ ਬੁਝਣਾ ਤੇ ਫਿਰ
ਸਿਤਾਰਿਆਂ ਵਾਂਗ ਟਿਮਟਿਮਾਉਣਾ
ਨੱਚਣਾ ਗਾਉਣਾ ਸਿਖਿਆ।

ਆਲਮ ਏ ਸੁਖ਼ਨ ਦੇ ਮੱਥੇ
ਤੇਰਾ ਇਹ ਸਿਤਾਰਾ ਵੀ ਰੌਸ਼ਨ ਰਹੇ
ਤੂੰ ਸਦੀਆਂ ਦੇ
ਰਾਹਾਂ ਰੰਗਾਂ ਵਿਚ
ਇਕ ਸਦੀਵੀ ਪੈੜ ਬਣੇਂ
ਸੂਰਜ ਵਾਂਗ ਮਿਲਦਾ ਰਹੀਂ
ਸਵੇਰਿਆਂ ਵਿਚ

ਬੁਝਦਾ ਰਹੀਂ ਪਲ ਭਰ
ਭਾਵੇਂ ਥੱਕ ਟੁੱਟ ਕੇ
ਦੀਵਿਆਂ ਵਾਂਗ
ਪਰ ਫਿਰ ਮਿਲਦਾ ਰਹੀਂ
ਹਰ ਸ਼ਾਮ ਚ
ਚੰਨ ਸਿਤਾਰਿਆਂ ਵਾਂਗ
ਗੀਤਾਂ ਗ਼ਜ਼ਲਾਂ ਵਿਚ ਵੀ ਟੱਕਰਦਾ ਰਹੀਂ

ਮੈਂ ਸੁਣਿਆ ਹੈ
ਨਾਦ ਅਨਹਦ ਬਹੁਤ ਵਾਰ
ਤੇ ਲਹਿਰਾਂ ਉਤੇ ਤਰਦੇ
ਡੁੱਬ ਗਏ ਗੀਤਾਂ ਦੇ ਹਾਉਕੇ ਵੀ
ਪਰ ਮੇਰੀਆਂ ਰਾਤਾਂ ਵਿੱਚ
ਗਾਉਂਦੀ ਹੈ



ਤੇਰੀਆਂ ਬੱਗੀਆਂ ਵੰਗਾਂ ਦੀ
ਛਣਕ ਜੇਹੀ ਵੀ

ਮੈ ਬਹੁਤ ਸੋਹਣੇ ਸਿਆਣੇ ਦੋਸਤ ਅਜ਼ੀਜ਼ਾਂ ਨੂੰ ਵੀ ਮਿਲਿਆ ਹਾਂ ਜਿਵੇਂ ਡਾ ਮਹਿੰਦਰ ਸਿੰਘ ਰੰਧਾਵਾ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਪ੍ਰੋ ਮੋਹਨ ਸਿੰਘ ਸ ਖੁਸ਼ਵੰਤ ਸਿੰਘ ਸ ਗੁਰਬਖਸ਼ ਸਿੰਘ ਸ ਨਾਨਕ ਸਿੰਘ ਡਾ ਦੁਸਾਂਝ ਸੁਰਜੀਤ ਪਾਤਰ ਨੂੰ ਤੇ ਨਕੋਦਰ ਪਾਸ਼ ਅਮਰਜੀਤ ਚੰਦਨ ਦਾ ਸਾਥ ਵੀ ਮਾਣਿਆ ਹੈ ਤੇ ਅੱਜ ਮੈਂ ਤੁਹਾਨੂੰ ਸਾਰਿਆਂ ਨੂੰ ਡਾ ਸਰਬਜੀਤ ਸਿੰਘ ਡਾ ਸੁਖਦੇਵ ਸਿੰਘ ਸਿਰਸਾ ਡਾ ਗੁਲਜ਼ਾਰ ਪੰਧੇਰ ਤੇ ਸਾਰੀ ਟੀਮ ਦੇ ਮੈਂਬਰ ਸ਼ਾਇਰਾਂ ਸਾਹਿਤਕਾਰਾਂ ਨੂੰ ਸੁਣਨ ਮਿਲਣ ਆਇਆ ਹਾਂ। ਤੁਸੀਂ ਸਾਰੇ ਰੌਸ਼ਨ ਮੱਥਿਆਂ ਵਾਲੇ ਹੋ। ਦਾਨਿਆਂ ਦੀਵਾਨਿਆਂ ਦੀ ਇਸ ਜਗਦੀ ਜਾਗਦੀ ਮਹਿਕਦੀ ਮਹਿਫ਼ਲ ਨੂੰ, ਉਚੀਆਂ ਸੁੱਚੀਆਂ ਜ਼ਮੀਰਾਂ ਦਾਨਿਸ਼ਵਰਾਂ ਨੂੰ ਹਜ਼ਾਰਾਂ ਮੀਲਾਂ ਤੋਂ ਮਾਨਣ ਆਇਆ ਹਾਂ, ਡਾ ਅਮਰਜੀਤ ਟਾਂਡਾ ਨੇ ਆਪਣੀ ਦਿਲ ਦੀ ਰੀਝ ਪੂਰੀ ਹੋਈ ਦੱਸੀ।

ਤੁਹਾਡੇ ਸਾਰਿਆਂ ਦਾ ਦਿਲ ਦਿਮਾਗ਼ ਚੇਤਨ ਹੀ ਨਹੀਂ ਰੌਸ਼ਨ ਵੀ ਹੈ ਸੂਰਜੀ ਰਿਸ਼ਮਾਂ ਵਾਂਗ।

ਮੈਂ ਕਵੀ ਦਰਬਾਰਾਂ ਵਿੱਚ ਭਾਗ ਲੈਣ ਲੱਗ ਗਿਆ ਤੇ ਇਹਨਾਂ ਨੂੰ ਸੁਣ ਪੜ੍ਹ ਕੇ ਕਈ ਕੁਝ ਲਿਖਣ ਵੀ ਲੱਗ ਗਿਆ, ਆਪਣੀਆਂ ਸਤਰਾਂ ਵੀ ਸੁਧਾਰਨ ਲੱਗ ਗਿਆ। ਸ਼ਬਦਾਂ ਦੀ ਚੰਗੀ ਤਰ੍ਹਾਂ ਕਸੀਦਾਕਾਰੀ ਦੀ ਕਲਾ ਸਦਕੇ ਕਾਲਜ ਦੀ ਯੂਨੀਵਰਸਿਟੀ ਦਾ ਵੈਸਟ ਕਵੀ ਬਣ ਗਿਆ ਪੀਏਯੂ ਦੀ ਯੰਗ ਰਾਈਟਰਜ ਆਸੋਸੀਏਸਨ ਦਾ ਟੀਚਰ ਇਨਚਾਰਜ ਲੱਗ ਗਿਆ।

ਸ਼ਾਇਰ ਓਹੀ ਵੱਡਾ ਹੁੰਦਾ ਹੈ ਜੋ ਕਿਸੇ ਰਾਤ ਦੀ ਖਾਮੋਸ਼ੀ ਨੂੰ ਮਹਿਸੂਸ ਕਰਦਾ ਲਿਖਦਾ ਹੈ ਡਾ ਅਮਰਜੀਤ ਟਾਂਡਾ ਨੇ ਕਿਹਾ।

ਅਸੀਂ ਸਾਰੇ ਹੀ ਖਾਮੋਸ਼ੀਆਂ ਨੂੰ ਸਾਹਾਂ ਦੀਆਂ ਪਰਤਾਂ ਵਿੱਚ ਦੱਬੀ ਬੈਠੇ ਰਹਿੰਦੇ ਹਾਂ ਜਿਨ੍ਹਾਂ ਵਿਚ ਡਰ ਭਉ ਖੌਫ ਤਖ਼ਲੇ ਦਫਨਾਏ ਰਹਿ ਜਾਂਦੇ ਹਨ।

ਇਹ ਸਾਰੇ ਤੌਖਲੇ ਰਾਜਨੀਤਕ ਸਮਾਜਿਕ ਤੇ ਟੈਰਰ ਕਰਕੇ ਜਨਮਦੇ ਹਨ ਤੇ ਬਹੁਤੇ ਲੋਕ ਬੋਲ ਵੀ ਨਹੀਂ ਸਕਦੇ ਹੁੰਦੇ, ਉਦੋਂ ਸ਼ਾਇਰ ਦੀਵਾਨੇ ਦਾਨਿਸ਼ਵਰ ਬੁੱਧੀਜੀਵੀ ਹੀ ਬੋਲਦੇ ਹਨ, ਜਿਵੇਂ ਕਿਸੇ ਕਵੀ ਨੇ ਲਿਖਿਆ ਹੈ

ਮੈਂ ਜਹਾਂ ਰਾਤ ਕੋ ਹੂੰ
ਰਾਜ ਸਮਝਣੇ ਵਾਲਾ
ਹੈ ਕੋਈ ਜਹਾਂ ਕੋਈ
ਮੇਰੀ ਬਾਤ ਸਮਝਨੇ ਵਾਲਾ।

ਜਦੋਂ ਖੌਫ ਵਿਚਾਰ ਵੀ ਬਦਲ ਦਿੰਦਾ ਹੈ
ਇਕ ਬੰਦੇ ਦੇ ਹਾਥੀ ਨੂੰ
ਕੋਈ ਚਿੱਟੇ ਤੋਂ ਕਾਲਾ ਕਰ ਗਿਆ
ਉਹਨੇ ਸਾਰਿਆਂ ਨੇ ਪੁੱਛਿਆ ਕਿ ਇਹ ਕਿਸ ਨੇ ਕੀਤਾ ਹੈ ।

ਦੈਂਤ ਵਰਗਾ ਬੰਦਾ ਸਾਹਮਣੇ ਆਇਆ ਤੇ ਉਹਨੇ ਕਿਹਾ ਹਾਂ ਮੈਂ ਕੀਤਾ ਹੈ ਤੇ ਡਰਪੋਕ ਬੰਦਾ ਕਹਿਣ ਲੱਗਾ, ਭਰਾਵਾ ਪਹਿਲਾ ਕੋਟ ਸੁੱਕ ਗਿਆ ਹੈ ਤੇ ਦੂਸਰਾ ਕਰ ਦੇ। ਤੌਖਲਿਆਂ ਡਰ ਖ਼ੌਫ਼ ਤੋਂ ਹੀ ਉਪਜਦੀ ਹੈ ਚੁੱਪ।

ਖਾਮੋਸ਼ ਹੋ ਜਾਂਦੇ ਨੇ ਰੁੱਖ ਪੰਛੀ ਤੇ ਹਵਾਵਾਂ ਵੀ ਕਦੇ ਕਦੇ।

ਲੋਕ ਗੀਤਾਂ ਵਿੱਚ ਬੇਬਾਕੀ ਵੀ ਹੁੰਦੀ ਹੈ
ਇੱਕ ਸੋਹਣੀ ਜਿਹੀ ਕੁੜੀ ਲੋਕ ਗੀਤ ਚ ਕਹਿੰਦੀ ਹੈ

ਰੱਬਾ ਤੇਰਾ ਸ਼ੁਕਰ ਕਰਾਂ
ਸਿੱਧੀ ਦਿੱਲ ਨੂੰ ਜੀਭ ਨਾ ਲਾਈ।

ਫਰਕ ਰੱਖਿਆ ਹੈ ਦਿਲ ਤੇ ਜੀਭ ਵਿੱਚ ਨਹੀਂ ਤਾਂ ਖਬਰੇ ਮੈਂ ਕੀ ਬੋਲ ਦਿੰਦੀ, ਡਾ ਟਾਂਡਾ ਨੇ ਕਿਹਾ।


ਇਸ ਵੇਲੇ ਕਹਾਣੀਕਾਰ ਨਾਵਲਕਾਰ ਨਾਟਕਕਾਰ ਹੀ ਬਿਆਨ ਕਰਦੇ ਹਨ ਚੁੱਪ ਉਦਾਸ ਸ਼ਾਮ ਤੇ ਰਾਤ ਉੱਤੇ ਬੀਤੀ ਖ਼ਮੋਸ਼ੀ ਦਾ ਬਿਆਨ।

ਸ਼ਾਇਰੀ ਉਸ ਚੁੱਪੀਆਂ ਖਮੋਸੀਆਂ ਨੂੰ ਲਿਖਣ ਗਾਉਣ ਵਾਲੀ ਇਕ ਬਹੁਤ ਹੀ ਮਹੱਤਵਪੂਰਨ ਵਿਧ ਤੇ ਅਨੋਖੀ ਤਕਨੀਕ ਹੈ।

ਪਾਕਿਸਤਾਨੀ ਸ਼ਾਇਰ ਲਿਖਦਾ ਹੈ
ਜੇ ਬੋਲਾਂ ਤਾਂ ਮਾਰ ਦੇਣਗੇ
ਨਾ ਬੋਲਾਂ ਤਾਂ ਮਰ ਜਾਵਾਂਗਾ
ਤੇ ਮੈਂ ਲਿਖਿਆ ਸੀ

ਜੇ ਲਿਖਾਂਗਾ ਤਾਂ
ਉਹ ਸਲੀਬੀਂ ਟੰਗ ਦੇਣਗੇ
ਤੇ ਜੇ ਨਾ ਲਿਖਿਆ
ਤਾਂ ਆਪ ਹੀ ਦਫ਼ਨ ਹੋ ਜਾਵਾਂਗਾ
ਮਿੱਟੀ ਵਿੱਚ
ਸੜ ਕੇ ਸਵਾਹ ਹੋ ਜਾਵਾਂਗਾ
ਇਸ ਅੱਗ ਵਿਚ
ਸ਼ਾਇਰ ਕਈ ਵਾਰ
ਦੁਬਿਧਾ ਵਿੱਚ ਵੀ ਹੁੰਦਾ ਹੈ
ਕਿ ਉਹ ਲਿਖੇ ਕੁਝ ਕਹੇ ਕਿ ਮਰੇ
ਇਹ ਉਹਦੀ ਮਰਜ਼ੀ ਹੁੰਦੀ ਹੈ

ਹਾਕਮ ਸ਼ਾਇਰ ਨੂੰ ਕਹਿੰਦਾ ਹੈ
ਲੈਵਲ ਆਫ ਇਨਟੋਲਰੈਂਸ ਦੀ ਦਸ਼ਾ ਇਹ ਹੈ ਅੱਜਕਲ ਕਿ
ਦੇਸ਼ ਦੀ ਸਾਫ਼ ਸਵੱਛ ਹਵਾ ਵਿੱਚ




ਇਸ ਦੀ ਚੰਗੀ ਭਲੀ ਫਿਜ਼ਾ ਵਿਚ
ਤੂੰ ਕਿਉਂ ਡੂੰਘਾ ਹਾਉਕਾ ਭਰਿਆ
ਲੱਗਦਾ ਹੈਂ ਤੂੰ ਉਹੀਂ ਹੈਂ
ਜਾਣੀ ਦੇਸ਼ ਧ੍ਰੋਹੀ ਹੈਂ
ਇਨਟੌਲਰੈਂਸ ਇਥੋਂ ਤੱਕ ਵਧ ਗਈ ਹੈ
ਮੈਂ ਵੀ ਚੁੱਪ ਚਾਪ ਨੂੰ ਲਿਖਣਾ ਸੁਣਨਾ ਏਦਾਂ ਹੀ ਸਿੱਖਿਆ ਹੈ, ਡਾ ਅਮਰਜੀਤ ਟਾਂਡਾ ਨੇ ਕਿਹਾ।

ਸ਼ਾਇਰੀ ਕਲਾ ਹੁਨਰ
ਸ਼ਾਇਰੀ ਸ਼ਿਲਪਕਾਰੀ ਸ਼ਿਦਤ 'ਚ
ਜੁਅਰਤ ਦਾ ਕਣ ਵੀ ਹੋਵੇ। ਸੰਵੇਦਨਾ, ਸ਼ਿੱਦਤ, ਸਰਲਤਾ, ਸੂਖਮਤਾ, ਸਹਿਜਤਾ, ਸੰਜ਼ਮ, ਸੰਕੋਚ, ਸੁਹੱਪਣਤਾ, ਸੰਜੀਦਗੀ, ਸੁੱਚਮਤਾ, ਸੁਚੱਜਤਾ, ਸੁਹਜ, ਸਿਆਣਪ ਦਾ ਮੁਜੱਸਮਾ ਵੀ ਹੁੰਦੀ ਹੈ ਸ਼ਾਇਰੀ। ਗੱਲ ਕਹਿਣ ਦਾ ਸਲੀਕਾ, ਸ਼ਬਦ ਬੀੜਨ ਦੀ ਕਲਾ ਤੇ ਕਹਿਣ ਦਾ ਅੰਦਾਜ਼ । ਮੰਤਰ ਮੁਗਧ ਕਰਨ ਵਾਲੇ ਸ਼ਬਦ, ਚੋਟੀ ਦੀਆਂ ਸਿਮਲੀਆਂ ਦੇ ਫੁੱਲ ਹੀ ਪ੍ਰਵਾਨ ਹੁੰਦੇ ਹਨ। ਸ਼ਾਇਰੀ 'ਚ ਸਹਿਜ ਸਾਹਾਂ ਦੇ ਵਲਵਲੇ, ਮਨ ਦੇ ਜਜ਼ਬੇ ਹਵਾ ਦਾ ਰੁਮਕਣਾ, ਹੰਝੂਆਂ ਦਾ ਟਪਕਣਾ, ਫੁੱਲ ਪੱਤੀਆਂ ਦੀਆਂ ਸੁਗੰਧੀਆਂ ਦਾ ਬਿਖਰਨਾ।

ਹੋਰ ਕੀ ਹੁੰਦੀ ਹੈ ਨਜ਼ਮ, ਚਿੜੀਆਂ ਦੀ ਚੀਂ ਚੀਂ, ਕੋਇਲ ਦਾ ਰਾਗ, ਕਬੂਤਰਾਂ ਦਾ ਗੁਟਕਣਾ ਜਾਂ ਨਦੀਆਂ ਦੇ ਵਹਿਣ ਦੀ ਬਾਤ।

ਇਸ ਸਮਾਗਮ ਵਿੱਚ,ਡਾ.ਸਰਬਜੀਤ ਸਿੰਘ, ਡਾ. ਸੁਖਦੇਵ ਸਿੰਘ ਸਿਰਸਾ, ਡਾ.ਗੁਲਜਾਰ ਸਿੰਘ ਪੰਧੇਰ ਡਾ.ਅਨੂਪ ਸਿੰਘ, ਵਰਗਿਸ ਸਲਾਮਤ, ਡਾ ਹਰਵਿੰਦਰ ਸਿੰਘ ਸਿਰਸਾ, ਨਰਿੰਦਰਜੀਤ ਕੌਰ, ਡਾ.ਅਮਰਜੀਤ ਕੌਰ ਕਾਕੜਾ ਸ੍ਰ. ਸਹਿਜਪਰੀਤ ਸਿੰਘ ਮਾਂਗਟ, ਸੁਰਿੰਦਰ ਕੈਲੇ, ਡਾ. ਹਰੀ ਸਿੰਘ ਜਾਚਕ, ਕਰਮਜੀਤ ਸਿੰਘ ਗਰੇਵਾਲ ਡਾਕਟਰ ਵਰਿੰਦਰ ਚਾਹਲ ਡਾਕਟਰ ਪ੍ਰਿਤਪਾਲ ਕੌਰ ਚਾਹਲ ਡਾਕਟਰ ਰਮੇਸ਼ ਸ਼ਰਮਾ ਤੇ ਹੋਰ ਸਾਰੇ ਦੋਸਤਾਂ ਲੇਖਕਾਂ ਨੇ ਵੀ ਹਾਜ਼ਰੀ ਲਗਵਾਈ।

ਡਾ ਅਮਰਜੀਤ ਟਾਂਡਾ ਦੀਆਂ ਸਾਰੀਆਂ ਕਿਤਾਬਾਂ ਪੁਲਾਂਘ ਪ੍ਰਕਾਸ਼ਨ ਵਲੋਂ ਬਹੁਤ ਹੀ ਖ਼ੂਬਸੂਰਤੀ ਨਾਲ ਛਾਪੀਆਂ ਗਈਆਂ ਹਨ, ਸ੍ਰੀਮਾਨ ਕੋਮਲ ਕਜ਼ਾਕ ਜੀ ਕੋਲੋਂ ਮੰਗਵਾਈਆਂ ਜਾ ਸਕਦੀਆਂ ਹਨ।

* * * * * * *

# ਅੰਤਰਰਾਸ਼ਟਰੀ ਮਹਿਲਾ ਦਿਵਸ: ਇਤਿਹਾਸ, ਮਹੱਤਤਾ ਅਤੇ ਅੱਜ ਦੀ ਹਕੀਕਤ


**ਸੰਦੀਪ ਕੁਮਾਰ**
7009807121




ਅੱਜ ਦਾ ਯੁਗ ਮਹਿਲਾਵਾਂ ਦੇ ਹੱਕ ਅਤੇ ਸਮਾਨਤਾ ਦੀ ਗੱਲ ਕਰਦਾ ਹੈ। ਅੰਤਰਰਾਸ਼ਟਰੀ ਮਹਿਲਾ ਦਿਵਸ ਹਰ ਸਾਲ 8 ਮਾਰਚ ਨੂੰ ਮਨਾਇਆ ਜਾਂਦਾ ਹੈ, ਜੋ ਕਿ ਸਿਰਫ਼ ਇੱਕ ਦਿਨ ਮਹਿਲਾਵਾਂ ਦੇ ਹੱਕ ਅਤੇ ਸਮਾਨਤਾ ਨੂੰ ਉਤਸ਼ਾਹਿਤ ਕਰਨ ਲਈ ਨਹੀਂ, ਬਲਕਿ ਮਹਿਲਾਵਾਂ ਦੇ ਹੱਕਾਂ, ਉਨ੍ਹਾਂ ਦੀ ਸਫ਼ਲਤਾ, ਅਤੇ ਆਉਣ ਵਾਲੀਆਂ ਚੁਣੌਤੀਆਂ ਬਾਰੇ ਵਿਚਾਰ ਕਰਨ ਦਾ ਇੱਕ ਵੱਡਾ ਮੌਕਾ ਹੈ। ਇਹ ਦਿਨ ਮਹਿਲਾਵਾਂ ਦੀ ਹਿੰਮਤ, ਉਨ੍ਹਾਂ ਦੀ ਮੇਹਨਤ ਅਤੇ ਉਹਨਾਂ ਦੀ ਯੋਗਤਾ ਨੂੰ ਮਨਾਉਂਦਾ ਹੈ, ਜੋ ਕਿ ਅੱਜ ਦੇ ਯੁਗ ਵਿੱਚ ਹਰ ਖੇਤਰ ਵਿੱਚ ਆਪਣਾ ਲੋਹਾ ਮਨਵਾ ਰਹੀਆਂ ਹਨ। ਮਹਿਲਾ ਦਿਵਸ ਦੀ ਸ਼ੁਰੂਆਤ 20ਵੀਂ ਸਦੀ ਦੀ ਸ਼ੁਰੂਆਤ ਵਿੱਚ ਹੋਈ, ਜਦੋਂ 1908 ਵਿੱਚ ਨਿਊਯਾਰਕ ਦੀਆਂ 15,000 ਮਜ਼ਦੂਰ ਮਹਿਲਾਵਾਂ ਨੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਉਹਨਾਂ ਨੇ ਕੰਮ ਦੇ ਘੰਟਿਆਂ ਵਿੱਚ ਕਮੀ, ਵਾਜਬ ਤਨਖ਼ਾਹ ਅਤੇ ਵੋਟਿੰਗ ਦੇ ਅਧਿਕਾਰ ਦੀ ਮੰਗ ਕੀਤੀ। ਸਾਲ 1910 ਵਿੱਚ, ਜਰਮਨੀ ਦੀ ਮਸ਼ਹੂਰ ਸਮਾਜਿਕ ਕ੍ਰਾਂਤੀਕਾਰੀ ਨੇਤਾ ਕਲਾਰਾ ਜ਼ੇਟਕਿਨ ਨੇ ਵਿਸ਼ਵ ਪੱਧਰੀ ਮਹਿਲਾ ਦਿਵਸ ਮਨਾਉਣ ਦੀ ਪੇਸ਼ਕਸ਼ ਕੀਤੀ, ਜਿਸ ਨੂੰ 1911 ਵਿੱਚ 17 ਦੇਸ਼ਾਂ ਨੇ ਮਨਾਇਆ। ਆਖ਼ਰਕਾਰ, 1977 ਵਿੱਚ ਸੰਯੁਕਤ ਰਾਸ਼ਟਰ ਨੇ 8 ਮਾਰਚ ਨੂੰ ਅੰਤਰਰਾਸ਼ਟਰੀ ਮਹਿਲਾ ਦਿਵਸ ਵਜੋਂ ਮਾਨਤਾ ਦਿੱਤੀ।

ਅੱਜ ਭਾਵੇਂ ਮਹਿਲਾਵਾਂ ਨੇ ਹਰ ਖੇਤਰ ਵਿੱਚ ਉੱਤਮ ਪ੍ਰਦਰਸ਼ਨ ਕੀਤਾ ਹੈ, ਪਰ ਇਹ ਸਫ਼ਰ ਆਸਾਨ ਨਹੀਂ ਰਿਹਾ। ਪੁਰਸ਼ ਪ੍ਰਧਾਨ ਸਮਾਜ ਨੇ ਹਮੇਸ਼ਾ ਮਹਿਲਾਵਾਂ ਨੂੰ ਘੱਟ ਸਮਝਿਆ। ਸਦੀਆਂ ਤੱਕ ਉਹ ਸਿਰਫ਼ ਘਰ ਦੀ ਚਾਰ ਦਿਵਾਰੀ ਵਿੱਚ ਸਿਮਟ ਕੇ ਰਹੀਆਂ। ਵਿਦਿਆ, ਰੋਜ਼ਗਾਰ, ਰਾਜਨੀਤੀ, ਵਿਗਿਆਨ, ਖੇਡਾਂ, ਫ਼ੌਜ ਅਤੇ ਹੋਰ ਖੇਤਰਾਂ ਵਿੱਚ ਮਹਿਲਾਵਾਂ ਦੀ ਸ਼ਮੂਲੀਅਤ ਬਹੁਤ ਘੱਟ ਰਹੀ। ਪਰ, ਉਨ੍ਹਾਂ ਨੇ ਆਪਣੀ ਮੇਹਨਤ, ਹਿੰਮਤ ਅਤੇ ਸਹਿਣਸ਼ੀਲਤਾ ਨਾਲ ਸਾਬਤ ਕਰ ਦਿੱਤਾ ਕਿ ਉਹ ਕਿਸੇ ਵੀ ਮੈਦਾਨ ਵਿੱਚ ਪੁਰਸ਼ਾਂ ਤੋਂ ਘੱਟ ਨਹੀਂ ਹਨ। ਪੜ੍ਹਾਈ-ਲਿਖਾਈ ਨੇ ਮਹਿਲਾਵਾਂ ਨੂੰ ਆਪਣਾ ਹੱਕ ਸਮਝਣ ਦੀ ਤਾਕਤ ਦਿੱਤੀ। ਪਿਛਲੇ ਕੁਝ ਦਹਾਕਿਆਂ ਵਿੱਚ, ਵਿਦਿਆ ਦੇ ਖੇਤਰ ਵਿੱਚ ਮਹਿਲਾਵਾਂ ਨੇ ਵੱਡੀ ਤਰੱਕੀ ਕੀਤੀ ਹੈ। ਹੁਣ ਉਹ ਡਾਕਟਰ, ਇੰਜੀਨੀਅਰ, ਵਿਗਿਆਨੀ, ਅਧਿਆਪਕ, ਉੱਤੇਲੇ ਅਫ਼ਸਰ, ਨੌਕਰੀਪੇਸ਼ਾ ਅਤੇ ਉਦਯੋਗਪਤੀ ਬਣ ਰਹੀਆਂ ਹਨ। ਮਹਿਲਾਵਾਂ ਦੀ ਤਰੱਕੀ ਦੇ ਬਾਵਜੂਦ, ਅਜੇ ਵੀ ਉਹਨਾਂ ਨੂੰ ਕਈ ਥਾਵਾਂ ‘ਤੇ ਪੱਛੜਿਆ ਸਮਝਿਆ ਜਾਂਦਾ ਹੈ। ਉਨ੍ਹਾਂ ਦੀ ਤਨਖਾਹ ਅਜੇ ਵੀ ਪੁਰਸ਼ਾਂ ਤੋਂ ਘੱਟ ਹੁੰਦੀ ਹੈ, ਉਨ੍ਹਾਂ ਨੂੰ ਅਗੇ ਵਧਣ ਲਈ ਹੋਰ ਵੱਧ ਮਿਹਨਤ ਕਰਨੀ ਪੈਂਦੀ ਹੈ।

ਰਾਜਨੀਤੀ ਵਿੱਚ ਮਹਿਲਾਵਾਂ ਦੀ ਭੂਮਿਕਾ ਹੌਲੀ-ਹੌਲੀ ਵਧ ਰਹੀ ਹੈ। ਭਾਰਤ ਵਿੱਚ ਇੰਦਰਾ ਗਾਂਧੀ, ਸ਼ੁਸ਼ਮਾ ਸਵਰਾਜ ਅਤੇ ਪ੍ਰਤੀਭਾ ਪਾਟਿਲ ਵਰਗੀਆਂ ਮਹਿਲਾਵਾਂ ਨੇ ਸਭ ਤੋਂ ਉੱਚੇ ਪਦ ਉੱਤੇ ਰਹਿ ਕੇ ਇਹ ਸਾਬਤ ਕੀਤਾ ਕਿ ਮਹਿਲਾਵਾਂ ਵਿੱਚ ਸ਼ਕਤੀ, ਲੀਡਰਸ਼ਿਪ ਅਤੇ ਦੂਰਅੰਦੇਸ਼ੀ ਦੇ ਗੁਣਾਂ ਨਾਲ ਮਹਾਨ ਆਗੂ ਵੀ ਬਣ ਸਕਦੀਆਂ ਹਨ। ਹਾਲਾਂਕਿ, ਅਜੇ ਵੀ ਕਈ ਦੇਸ਼ਾਂ ਵਿੱਚ ਮਹਿਲਾਵਾਂ ਨੂੰ ਰਾਜਨੀਤੀ ਵਿੱਚ ਪੂਰਾ ਮੌਕਾ ਨਹੀਂ ਮਿਲਦਾ, ਉਨ੍ਹਾਂ ਨੂੰ ਹਮੇਸ਼ਾ ਪੁਰਸ਼ ਆਗੂਆਂ ਦੀ ਛਾਂ ਹੇਠ ਰੱਖਿਆ ਜਾਂਦਾ ਹੈ। ਸਭ ਤਰੱਕੀਆਂ ਦੇ ਬਾਵਜੂਦ ਵੀ, ਮਹਿਲਾਵਾਂ ‘ਤੇ ਹੁਣ ਵੀ ਹਿੰਸਾ ਹੋ ਰਹੀ ਹੈ। ਲਿੰਗ ਅਧਾਰਿਤ ਵਿਤਕਰੇ, ਦਹੇਜ ਹੱਤਿਆ, ਘਰੈਲੂ ਹਿੰਸਾ, ਬਲਾਤਕਾਰ, ਲਿੰਗ ਚੋਣ ਅਤੇ ਮਜਬੂਰੀ ਵਿਆਹ ਵਰਗੀਆਂ ਸਮੱਸਿਆਵਾਂ ਅਜੇ ਵੀ ਬਹੁਤ ਵੱਡੀ ਚੁਣੌਤੀ ਹਨ। ਭਾਵੇਂ ਕਾਨੂੰਨਾਂ ਨੇ ਕਈ ਹੱਕ ਦਿੱਤੇ ਹਨ, ਪਰ ਸਮਾਜਕ ਸੋਚ ਅਜੇ ਵੀ ਪੂਰਣ ਤੌਰ ’ਤੇ ਨਹੀਂ ਬਦਲੀ।

ਅੱਜ ਦੇ ਸਮੇਂ ਵਿੱਚ, ਜਦੋਂ ਵਿਸ਼ਵ ਹਰ ਖੇਤਰ ਵਿੱਚ ਅੱਗੇ ਵਧ ਰਿਹਾ ਹੈ, ਮਹਿਲਾਵਾਂ ਦੀ ਭੂਮਿਕਾ ਹੋਰ ਵਧਣੀ ਚਾਹੀਦੀ ਹੈ। ਉਨ੍ਹਾਂ ਨੂੰ ਸਿਰਫ਼ ਵਿਦਿਆ ਵਿੱਚ ਹੀ ਨਹੀਂ, ਬਲਕਿ ਆਤਮ-ਨਿਰਭਰ ਬਣਨਾ ਵੀ ਜ਼ਰੂਰੀ ਹੈ। ਉਨ੍ਹਾਂ ਨੂੰ ਆਤਮ-ਸੁਰੱਖਿਆ, ਵਧੀਆ ਨੀਤੀ-ਨਿਰਮਾਣ ਅਤੇ ਆਰਥਿਕ ਆਜ਼ਾਦੀ ਵੱਲ ਧਿਆਨ ਦੇਣਾ ਪਵੇਗਾ। ਸਾਨੂੰ ਅਜਿਹੀ ਸਮਾਜਕ ਤਰੱਕੀ ਕਰਨੀ ਚਾਹੀਦੀ ਹੈ, ਜਿੱਥੇ ਮਹਿਲਾਵਾਂ ਲਈ ਅਣੁਕੂਲ ਮਾਹੌਲ ਹੋਵੇ। ਨਵੀਂ ਪੀੜ੍ਹੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਮਹਿਲਾਵਾਂ ਕਿਸੇ ਵੀ ਤਰੀਕੇ ਨਾਲ ਪੁਰਸ਼ਾਂ ਤੋਂ ਘੱਟ ਨਹੀਂ ਹਨ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਧੀ-ਪੁੱਤਰ ਵਿੱਚ ਕੋਈ ਫ਼ਰਕ ਨਾ ਕਰਨ, ਉਨ੍ਹਾਂ ਨੂੰ ਹਮੇਸ਼ਾ ਬਰਾਬਰੀ ਦੇ ਮੌਕੇ ਦਿੱਤੇ ਜਾਣੇ ਚਾਹੀਦੇ ਹਨ। ਅੰਤਰਰਾਸ਼ਟਰੀ ਮਹਿਲਾ ਦਿਵਸ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਮਹਿਲਾਵਾਂ ਦੀ ਯੋਗਤਾ, ਉਨ੍ਹਾਂ ਦੀ ਹਿੰਮਤ ਅਤੇ ਉਨ੍ਹਾਂ ਦੀ ਮੇਹਨਤ ਨੂੰ ਅਸੀਂ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦੇ। ਸਾਨੂੰ ਸਿਰਫ਼ 8 ਮਾਰਚ ਨੂੰ ਹੀ ਨਹੀਂ, ਬਲਕਿ ਹਰ ਰੋਜ਼ ਮਹਿਲਾਵਾਂ ਨੂੰ ਆਦਰ ਦੇਣਾ ਚਾਹੀਦਾ ਹੈ। ਜਦੋਂ ਤੱਕ ਸਮਾਜ ਵਿੱਚ ਮਹਿਲਾਵਾਂ ਨੂੰ ਪੂਰਾ ਸਨਮਾਨ ਨਹੀਂ ਮਿਲਦਾ, ਤਦ ਤੱਕ ਅਸੀਂ ਅੱਗੇ ਵਧਣ ਦੀ ਗੱਲ ਨਹੀਂ ਕਰ ਸਕਦੇ। ਸੱਚੀ ਤਰੱਕੀ ਤਾਂ ਉਹੀ ਹੋਵੇਗੀ, ਜਦੋਂ ਹਰੇਕ ਮਹਿਲਾ ਬਿਨਾਂ ਕਿਸੇ ਡਰ ਦੇ, ਆਤਮ-ਨਿਰਭਰ ਹੋ ਕੇ, ਆਪਣੇ ਸੁਪਨਿਆਂ ਦੀ ਉਡਾਣ ਭਰ ਸਕੇ।


ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com


# ਕੁੱਲੂ-ਮਨਾਲੀ ਦੀ ਸੈਰ: ਦੇਖਣ ਯੋਗ ਥਾਵਾਂ ਅਤੇ ਬੱਚਿਆਂ ਲਈ ਮਨੋਰੰਜਨ ਗਤੀਵਿਧੀਆਂ


**ਅਭਿਰੂਪ ਕੌਰ ਬਰਾੜ**
ਕਲਾਸ ਛੇਵੀਂ,
ਸੇਕਰਿਡ ਹਾਰਟ ਸੀਨੀਅਰ ਸਕੈਨਡਰੀ
ਸਕੂਲ਼, ਲੁਧਿਆਣਾ




ਇਸ ਸਾਲ ਗਰਮੀ ਦੀਆਂ ਛੁੱਟੀਆਂ ਵਿੱਚ ਮੇਰੇ ਪਰਿਵਾਰ ਨੇ ਕੁੱਲੂ-ਮਨਾਲੀ ਜਾਣ ਦਾ ਪ੍ਰੋਗਰਾਮ ਬਣਾਇਆ। ਹਿਮਾਚਲ ਪ੍ਰਦੇਸ਼ ਵਿੱਚ ਸਥਿਤ ਕੁੱਲੂ-ਮਨਾਲੀ ਇੱਕ ਪ੍ਰਸਿੱਧ ਸੈਲਾਨੀ ਸਥਾਨ ਹੈ, ਜੋ ਆਪਣੇ ਖੂਬਸੂਰਤ ਪਹਾੜਾਂ, ਹਰੀਆਂ-ਭਰੀਆਂ ਵਾਦੀਆਂ ਅਤੇ ਬਰਫ਼ੀਲੇ ਮੰਜ਼ਰਾਂ ਕਰਕੇ ਸੈਲਾਨੀਆਂ ਨੂੰ ਖਿੱਚਦਾ ਹੈ। ਇਸ ਖੇਤਰ ਦੀ ਸੁੰਦਰਤਾ ਅਤੇ ਮਨਮੋਹਕ ਦ੍ਰਿਸ਼ ਹਰ ਕਿਸੇ ਦਾ ਦਿਲ ਮੋਹ ਲੈਂਦੇ ਹਨ। ਕੁੱਲੂ-ਮਨਾਲੀ ਦਾ ਸਫ਼ਰ ਹਰ ਉਮਰ ਦੇ ਇਨਸਾਨਾਂ ਲਈ ਮਨੋਰੰਜਨ ਅਤੇ ਸਿੱਖਣ ਯੋਗ ਹੁੰਦਾ ਹੈ। ਬੱਚਿਆਂ ਲਈ ਕਈ ਅਜਿਹੇ ਸਥਾਨ ਹਨ ਜਿੱਥੇ ਉਹ ਕੁਦਰਤੀ ਖੂਬਸੂਰਤੀ ਨੂੰ ਦੇਖ ਸਕਦੇ ਹਨ ਅਤੇ ਕਈ ਕਸਰਤਾਂ ਵਿੱਚ ਹਿੱਸਾ ਲੈ ਕੇ ਮਨੋਰੰਜਨ ਦਾ ਮਜ਼ਾ ਲੈ ਸਕਦੇ ਹਨ।

ਮਨਾਲੀ ਦਾ ਮਾਲ ਰੋਡ ਬੱਚਿਆਂ ਲਈ ਖਰੀਦਦਾਰੀ ਅਤੇ ਮਨੋਰੰਜਨ ਦਾ ਇਕ ਵਧੀਆ ਸਥਾਨ ਹੈ। ਮਾਲ ਰੋਡ ’ਤੇ ਕਈ ਕਿਸਮ ਦੇ ਰੰਗ-ਬਿਰੰਗੇ ਸਮਾਨ, ਸੂਵਨਿਅਰ, ਹੱਥ ਕਾਰੀਗਰੀ ਦੇ ਸਮਾਨ, ਅਤੇ ਖਾਸ ਤੌਰ ’ਤੇ ਮਨਾਲੀ ਦੀਆਂ ਯਾਦਗਾਰੀ ਚੀਜ਼ਾਂ ਮਿਲਦੀਆਂ ਹਨ। ਇੱਥੇ ਖਰੀਦਦਾਰੀ ਤੋਂ ਇਲਾਵਾ ਵਿਦਿਆਰਥੀ ਮਨਾਲੀ ਦੇ ਖਾਣੇ ਦਾ ਵੀ ਮਜ਼ਾ ਲੈ ਸਕਦੇ ਹਨ। ਮਾਲ ਰੋਡ ਦੇ ਕਈ ਖਾਸ ਰੇਸਟੋਰੈਂਟ ਤੇ ਕਾਫੀ ਅਜਿਹੇ ਪਕਵਾਨ ਮਿਲਦੇ ਹਨ ਜੋ ਬੱਚਿਆਂ ਦੇ ਮਨਪਸੰਦ ਹਨ। ਇਹ ਸਥਾਨ ਬੱਚਿਆਂ ਲਈ ਆਪਣੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਲਈ ਯਾਦਗਾਰ ਤੋਹਫ਼ੇ ਲੈਣ ਦਾ ਵੀ ਵਧੀਆ ਮੌਕਾ ਦਿੰਦਾ ਹੈ।

## ਮਨੋਰੰਜਨ

1) ਸੋਲੰਗ ਘਾਟੀ : ਮਨਾਲੀ ਤੋਂ ਕੁਝ ਦੂਰ ਸਥਿਤ ਸੋਲੰਗ ਘਾਟੀ ਬਰਫ਼ੀਲੇ ਖੇਡਾਂ ਅਤੇ ਸਾਹਸਿਕ ਕਸਰਤਾਂ ਲਈ ਮਸ਼ਹੂਰ ਹੈ। ਬੱਚਿਆਂ ਲਈ ਇਹ ਘਾਟੀ ਬਹੁਤ ਹੀ ਦਿਲਚਸਪ ਹੋ ਸਕਦੀ ਹੈ ਕਿਉਂਕਿ ਇੱਥੇ ਉਹ ਕਈ ਕਿਸਮ ਦੀਆਂ ਖੇਡਾਂ ਦਾ ਅਨੰਦ ਲੈ ਸਕਦੇ ਹਨ। ਬਰਫ਼ੀਲੇ ਮੌਸਮ ਵਿੱਚ ਸਨੋਬੋਰਡਿੰਗ, ਸਕੀਇੰਗ ਅਤੇ ਬਰਫ਼ ਦੇ ਗੋਲਿਆਂ ਨਾਲ ਖੇਡਣ ਦਾ ਮੌਕਾ ਮਿਲਦਾ ਹੈ। ਬੱਚੇ ਇੱਥੇ ਜ਼ੋਰਬਿੰਗ, ਰਾਪਲਿੰਗ ਅਤੇ ਪੈਰਾਗਲਾਈਡਿੰਗ ਵੀ ਕਰ ਸਕਦੇ ਹਨ।

2) ਰੋਹਤਾਂਗ ਪਾਸ : ਰੋਹਤਾਂਗ ਪਾਸ ਸਮੁੰਦਰ ਤਲ ਤੋਂ 3,978 ਮੀਟਰ ਉੱਚਾਈ ਤੇ ਸਥਿਤ ਹੈ ਅਤੇ ਇਕ ਇੱਕ ਪ੍ਰਸਿੱਧ ਸੈਲਾਨੀ ਸਥਾਨ ਹੈ। ਇਸ ਪਾਸ ਵਿੱਚ ਜਾ ਕੇ ਬੱਚੇ ਬਰਫ਼ ਦੇ ਨਾਲ ਖੇਡ ਸਕਦੇ ਹਨ ਅਤੇ ਬਰਫ਼ੀਲੀ ਹਵਾਵਾਂ ਦਾ ਅਨੰਦ ਮਾਣ ਸਕਦੇ ਹਨ। ਰੋਹਤਾਂਗ ਦੇ ਮਨਮੋਹਕ ਨਜ਼ਾਰੇ, ਬਰਫ਼ ਦੇ ਢਕੇ ਪਹਾੜਾਂ ਅਤੇ ਪਾਸ ਦੀ ਸੁੰਦਰਤਾ ਹਰ ਕਿਸੇ ਨੂੰ ਆਕਰਸ਼ਿਤ ਕਰਦੀ ਹੈ।

3) ਵਸ਼ਿਸ਼ਟ ਹੌਟ ਸਪਰਿੰਗਜ : ਵਸ਼ਿਸ਼ਟ ਗ੍ਰਾਮ ਦੇ ਹੌਟ ਸਪ੍ਰਿੰਗਜ਼ ਮਨਾਲੀ ਦੇ ਇਤਿਹਾਸਿਕ ਅਤੇ ਪ੍ਰਕ੍ਰਿਤਿਕ ਸਥਾਨਾਂ ਵਿੱਚੋਂ ਇੱਕ ਹੈ। ਇੱਥੇ ਬੱਚੇ ਕੁਦਰਤੀ ਗਰਮ ਪਾਣੀ ਦੇ ਚਸ਼ਮਿਆਂ ਵਿੱਚ ਹੌਲੀ ਚੁੱਬਣ ਦਾ ਅਨੰਦ ਮਾਣ ਸਕਦੇ ਹਨ। ਇਹ ਹੌਟ ਸਪ੍ਰਿੰਗਜ਼ ਹਮੇਸ਼ਾਂ ਆਮ ਤੌਰ ਤੇ 35 ਤੋਂ 45 ਡਿਗਰੀ ਸੈਲਸੀਅਸ ਤੱਕ ਰਹਿੰਦੇ ਹਨ, ਜੋ ਕਿ ਸਰੀਰ ਲਈ ਬਹੁਤ ਹੀ ਲਾਭਦਾਇਕ ਮੰਨੇ ਜਾਂਦੇ ਹਨ।

4) ਪੈਰਾਗਲਾਈਡਿੰਗ ਅਤੇ ਟ੍ਰੇਕਿੰਗ : ਮਨਾਲੀ ਵਿੱਚ ਬੱਚਿਆਂ ਲਈ ਪੈਰਾਗਲਾਈਡਿੰਗ ਅਤੇ ਟ੍ਰੈਕਿੰਗ ਵਰਗੀਆਂ ਗਤੀਵਧੀਆਂ ਦਾ ਵਿਸ਼ਾਲ ਮੌਕਾ ਹੈ। ਉਹ ਇਸ ਤੋਂ ਸਿੱਖਣ ਦੇ ਨਾਲ ਨਾਲ ਸਾਹਸਿਕ ਕਸਰਤਾਂ ਦੀ ਵਰਤੋਂ ਵੀ ਕਰ ਸਕਦੇ ਹਨ, ਜਿਸ ਨਾਲ ਉਹਨਾਂ ਵਿੱਚ ਸਹਿਮਤੀ ਅਤੇ ਸੰਘਰਸ਼ ਦੀ ਕਲਾ ਵੀ ਵਿਕਸਤ ਹੁੰਦੀ ਹੈ।

## ਧਾਰਮਿਕ ਸੰਸਥਾਵਾਂ

1) ਮਨੀਕਰਨ ਸਾਹਿਬ : ਮਨੀਕਰਨ ਸਾਹਿਬ ਗੁਰਦਵਾਰਾ ਮੌਜਦਾ ਸਮੇਂ ਵਿੱਚ ਵੀ ਕਾਫੀ ਪ੍ਰਸਿੱਧ ਹੈ। ਇਹ ਸਥਾਨ ਸਿੱਖ ਧਰਮ ਲਈ ਮਹੱਤਵਪੂਰਨ ਹੈ ਅਤੇ ਹਿੰਦੂਆਂ ਲਈ ਵੀ ਇੱਕ ਪਵਿੱਤਰ ਸਥਾਨ ਹੈ।

2) ਬਿਜਲੀ ਮਹਾਦੇਵ ਮੰਦਰ : ਕੁੱਲੂ ਵਾਦੀ ਵਿੱਚ ਸਥਿਤ ਬਿਜਲੀ ਮਹਾਦੇਵ ਮੰਦਰ ਇੱਕ ਪ੍ਰਸਿੱਧ ਤੀਰਥ ਸਥਾਨ ਹੈ ਜੋ ਸ਼ਿਵ ਭਗਤਾਂ ਨੂੰ ਸਮਰਪਿਤ ਹੈ। ਇਹ ਮੰਦਰ ਜਿਸ ਥਾਂ ’ਤੇ ਸਥਿਤ ਹੈ ਉਥੋਂ ਸਾਰੀ ਵਾਦੀ ਦਾ ਨਜ਼ਾਰਾ ਲਿਆ ਜਾ ਸਕਦਾ ਹੈ। ਇਸ ਮੰਦਰ ਦੀ ਖਾਸੀਅਤ ਇਹ ਹੈ ਕਿ ਮੰਦਰ ਦੇ ਸ਼ਿਵਲਿੰਗ ’ਤੇ ਹਰ ਕੁਝ ਸਮੇਂ ਬਾਅਦ ਬਿਜਲੀ ਗਿਰਦੀ ਹੈ।

3) ਹਦਿੰਬਾ ਦੇਵੀ ਮੰਦਰ : ਹਦਿੰਬਾ ਦੇਵੀ ਮੰਦਰ ਮਨਾਲੀ ਦੇ ਸਭ ਤੋਂ ਪ੍ਰਸਿੱਧ ਸਥਾਨਾਂ ਵਿੱਚੋਂ ਇੱਕ ਹੈ। ਇਹ ਮੰਦਰ ਪੁਰਾਣੀ ਕਲਾਵਾਂ ਅਤੇ ਪਹਾੜੀ ਇਮਾਰਤ ਕਲਾ ਦਾ ਬੇਹਤਰੀਨ ਨਮੂਨਾ ਹੈ।

ਨਤੀਜਾ : ਕੁੱਲੂ-ਮਨਾਲੀ ਦਾ ਤਿੰਨ ਦਿਨਾਂ ਸਫ਼ਰ ਬੱਚਿਆਂ ਲਈ ਇੱਕ ਬਹੁਤ ਹੀ ਯਾਦਗਾਰ ਅਤੇ ਸਿੱਖਣ ਯੋਗ ਤਜ਼ਰਬਾ ਹੋ ਸਕਦਾ ਹੈ। ਇਸ ਵਿੱਚ ਉਹਨਾਂ ਨੂੰ ਕੁਦਰਤ ਨਾਲ ਜੋੜਨ, ਸੈਲਾਨੀ ਥਾਂਵਾਂ ਦੇ ਬਾਰੇ ਜਾਨਣ ਅਤੇ ਖ਼ੂਬਸੂਰਤ ਹਵਾਵਾਂ ਅਤੇ ਸਥਾਨਾਂ ਵਿੱਚ ਰੋਮਾਂਚਕ ਗਤੀਵਿਧੀਆਂ ਕਰਨ ਦਾ ਮੌਕਾ ਮਿਲਦਾ ਹੈ।

○ ○ ○

### ਵਿਸ਼ਵ ਖੁਸ਼ੀ ਦਿਵਸ 'ਤੇ ਵਿਸ਼ੇਸ਼

# ਖੁਸ਼ ਰਹਿਣ ਨੂੰ ਆਪਣਾ ਜੀਵਨ ਮਨੋਰਥ ਬਣਾਓ !!

ਜਸਵਿੰਦਰ ਸਿੰਘ ਰੁਪਾਲ
9814715796



ਹਰ ਸਾਲ 20 ਮਾਰਚ ਦਾ ਦਿਨ ਅੰਤਰਰਾਸ਼ਟਰੀ ਖੁਸ਼ੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਖੁਸ਼ੀ ਜਾਂ ਹਾਸੇ ਬਾਰੇ ਹੋਰ ਕੋਈ ਗੱਲ ਕਰਨ ਤੋਂ ਪਹਿਲਾਂ ਇਸ ਦਿਨ ਦੀ ਮਹੱਤਤਾ ਨੂੰ ਹੀ ਜਾਣ ਲਈਏ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਸੰਸਾਰ ਭਰ ਦੇ ਲੋਕਾਂ ਦੇ ਜੀਵਨ ਵਿਚ ਖੁਸ਼ੀਆਂ ਦੀ ਮਹੱਤਤਾ ਦੀ ਪਹਿਚਾਣ ਹੈ। ਇਹ ਦਿਨ ਸਾਨੂੰ ਯਾਦ ਕਰਵਾਉਂਦਾ ਹੈ ਕਿ ਖੁਸ਼ੀ ਮਨੁੱਖ ਦਾ ਮੁੱਢਲਾ ਮਾਨਵੀ ਆਦਰਸ਼ ਹੈ ਅਤੇ ਇਹ ਦਿਨ ਵਿਅਕਤੀਆਂ, ਸਰਕਾਰਾਂ, ਅਤੇ ਵੱਖ ਵੱਖ ਜਥੇਬੰਦੀਆਂ ਆਦਿ ਨੂੰ ਸਰੀਰਕ ਅਤੇ ਮਾਨਸਿਕ ਖੁਸ਼ ਹੋਣ ਨੂੰ ਪਹਿਲ ਦੇਣ ਲਈ ਉਤਸ਼ਾਹਿਤ ਕਰਦਾ ਹੈ।

ਇਸ ਦਿਨ ਦਾ ਇਤਿਹਾਸ : ਯੂਨਾਈਟਡ ਨੇਸ਼ਨਜ਼ ਨੇ 2012 ਵਿੱਚ ਇਸ ਦਿਨ ਨੂੰ ਸਥਾਪਿਤ ਕੀਤਾ ਸੀ। ਇਹ ਭੂਟਾਨ ਦੀ ਪਹਿਲ ਨੂੰ ਮੁੱਖ ਰੱਖ ਕੇ ਕੀਤਾ ਗਿਆ ਸੀ। ਭੂਟਾਨ ਇੱਕ ਅਜਿਹਾ ਦੇਸ਼ ਹੈ ਜਿਸ ਨੂੰ ਗਰਾਸ ਡੋਮੈਸਟਿਕ ਪ੍ਰੋਡਕਟ (ਜੀਡੀਪੀ) ਤੋਂ ਨਹੀਂ, ਸਗੋਂ ਗਰਾਸ ਨੈਸ਼ਨਲ ਹੈਪੀਨੈਸ (ਜੀਐਨਐਚ) ਤੋਂ ਜਾਣਿਆ ਜਾਂਦਾ ਹੈ। 1970 ਦੇ ਦਹਾਕੇ ਵਿੱਚ ਭੂਟਾਨ ਨੇ ਰਾਸ਼ਟਰੀ ਆਮਦਨ ਦੇ ਮੁੱਲ ਨਾਲੋਂ ਰਾਸ਼ਟਰੀ ਖੁਸ਼ੀ ਨੂੰ ਤਰਜੀਹ ਦਿੱਤੀ। ਯੂਨਾਈਟਡ ਨੇਸ਼ਨਜ਼ ਨੇ ਇਸ ਦਿਨ ਨੂੰ ਕਿਸੇ ਵੀ ਦੇਸ਼ ਦੀ ਤਰੱਕੀ ਲਈ ਉਸਦੇ ਲੋਕਾਂ ਦੇ ਖੁਸ਼ ਹੋਣ ਨੂੰ ਵਿਸ਼ਵ ਪੱਧਰ ਦਾ ਜਰੂਰੀ ਮਾਪਦੰਡ ਮੰਨ ਲਿਆ ਸੀ। 2013 ਤੋਂ ਸੰਸਾਰ, ਟਿਕਾਊ ਤਰੱਕੀ ਨੂੰ ਉਤਸ਼ਾਹਿਤ ਕਰਨ, ਮਾਨਸਿਕ ਸਿਹਤ ਜਾਗਰੂਕਤਾ, ਅਤੇ ਸਕਾਰਾਤਮਕ ਸਮਾਜਿਕ ਸੰਬੰਧਾਂ ਖਾਤਰ ਖੁਸ਼ੀ ਨੂੰ ਇੱਕ ਬ੍ਰਹਿਮੰਡੀ ਅਧਿਕਾਰ ਤੇ ਜੋਰ ਦੇਣ ਵਜੋਂ ਮਨਾਉਂਦਾ ਆ ਰਿਹਾ ਹੈ। ਅੰਤਰਰਾਸ਼ਟਰੀ ਖੁਸ਼ੀ ਦਿਵਸ ਦਾ ਬਹੁਤ ਵੱਡਾ ਮਹੱਤਵ ਹੈ ਕਿਉਂਕਿ ਖੁਸ਼ੀ ਕਿਸੇ ਵੀ ਵਿਅਕਤੀ ਦੇ ਜੀਵਨ ਵਿਚ ਸਭ ਤੋਂ ਮਹੱਤਵਪੂਰਨ ਚੀਜ ਹੁੰਦੀ ਹੈ।

ਇਸ ਦਿਨ ਲਈ 2025 ਦਾ ਥੀਮ :- ਸੰਯੁਕਤ ਰਾਸ਼ਟਰ ਹਰ ਸਾਲ ਇਸ ਦਿਨ ਲਈ ਇੱਕ ਥੀਮ ਦਿੰਦਾ ਹੈ। ਸਾਰੇ ਸਾਲ ਦੀਆਂ ਗਤੀਵਿਧੀਆਂ ਇਸ ਥੀਮ ਦੁਆਲੇ ਘੁੰਮਦੀਆਂ ਹਨ। 2025 ਲਈ ਯੂ ਐਨ ਵਲੋਂ ਦਿੱਤਾ ਗਿਆ ਥੀਮ ਹੈ "Caring and Sharing" (ਖਿਆਲ ਰੱਖਣਾ ਅਤੇ ਸਾਂਝਾ ਕਰਨਾ) ਇਹ ਦੂਸਰੇ ਦੀ ਭਲਾਈ, ਹਮਦਰਦੀ ਅਤੇ ਵਿਸ਼ਵਾਸ਼ ਦੀ ਮਹੱਤਤਾ ਤੇ ਹੋਈ ਨਵੀ ਖੋਜ ਤੇ ਅਧਾਰਿਤ ਹੈ। ਦੂਸਰੇ ਦੇ ਕੰਮ ਆ ਕੇ, ਉਸ ਦਾ ਖਿਆਲ ਰੱਖ ਕੇ ਅਤੇ ਉਸਦੇ ਦੁੱਖ ਅਤੇ ਖੁਸ਼ੀਆਂ ਨੂੰ ਵੰਡ ਕੇ ਅਸਲ ਖੁਸ਼ੀ ਪ੍ਰਾਪਤ ਹੁੰਦੀ ਹੈ। ਖੁਸ਼ੀ ਲਈ ਬਹੁਤ ਵੱਡੇ ਕਾਰਜ ਕਰਨ ਦੀ ਲੋੜ ਨਹੀਂ, ਸਗੋਂ ਛੋਟੇ ਛੋਟੇ ਕੰਮਾਂ ਵਿਚੋਂ ਖੁਸ਼ੀ ਲੱਭਣ ਦਾ ਯਤਨ ਕਰਨਾ ਚਾਹੀਦਾ ਹੈ। ਅਮਰੀਕੀ ਇਤਿਹਾਸਕਾਰ ਅਤੇ ਨਾਟਕਕਾਰ ਹੋਵਾਰਡ ਜਿਨ ਦੇ ਸ਼ਬਦਾਂ ਵਿੱਚ, "ਸਾਨੂੰ ਤਬਦੀਲੀ ਦੀ ਪ੍ਰਕਿਰਿਆ ਵਿੱਚ ਵੱਡੇ ਅਤੇ ਨਾਇਕਾਂ ਵਾਲੇ ਕੰਮਾਂ ਵਿੱਚ ਪੈਣ ਦੀ ਲੋੜ ਨਹੀਂ। ਛੋਟੇ ਛੋਟੇ ਕਾਰਜ, ਜਦੋਂ ਕਰੋੜਾਂ ਲੋਕਾਂ ਨਾਲ ਜਾ ਮਿਲਦੇ ਹਨ, ਸੰਸਾਰ ਵਿੱਚ ਤਬਦੀਲੀ ਲਿਆ ਸਕਦੇ ਹਨ।"

ਡਾ. ਮਾਰਕ ਵਿਲੀਅਮਸਨ, ਜੋ ਖੁਸ਼ੀਆਂ ਵਾਲੀਆਂ ਗਤੀਵਿਧੀਆਂ ਦੇ ਸਹਿ ਸੰਸਥਾਪਕ ਅਤੇ ਡਾਇਰੈਕਟਰ ਹਨ, ਉਹਨਾਂ ਦੇ ਹੇਠ ਲਿਖੇ ਸ਼ਬਦ ਬਹੁਤ ਮਹੱਤਵਪੂਰਨ ਹਨ :- "ਦੂਸਰਿਆਂ ਨਾਲ ਸਾਡੇ ਸੰਬੰਧ ਹੀ ਸਾਡੀ ਚਿਰਸਥਾਈ ਤੰਦਰੁਸਤੀ ਅਤੇ ਖੁਸ਼ੀਆਂ ਦਾ ਸਭ ਤੋਂ ਵੱਡਾ ਭਵਿੱਖ ਬਾਣੀ ਕਰਨ ਵਾਲਾ ਕਾਰਕ ਹੈ। ਵੱਧ ਰਹੇ ਧਰੁਵੀਕਰਣ ਅਤੇ ਵਖਰਾਵ ਦੇ ਸਮੇਂ ਸਭ ਤੋਂ ਵੱਧ ਮਹੱਤਵਪੂਰਨ ਕੰਮ ਜੋ ਅਸੀਂ ਕਰ ਸਕਦੇ ਹਾਂ ,ਉਹ ਹੈ ਆਪਣੀ ਵੰਡ ਨੂੰ ਕਾਬੂ ਕਰਨ ਲਈ ਸਕਾਰਾਤਮਕ ਤਰੀਕੇ ਲੱਭਣੇ ਅਤੇ ਦੂਸਰਿਆਂ ਨਾਲ ਹੋਰ ਗਹਿਰਾਈ ਨਾਲ ਜੁੜਨਾ। ਅੱਜ ਇਹ ਹੋਰ ਕਿਸੇ ਵੀ ਮਸਲੇ ਨਾਲੋਂ ਵਧੇਰੇ ਮਹੱਤਤਾ ਰੱਖਦਾ ਹੈ।"

ਖੁਸ਼ੀ ਇੱਕ ਆਦਰਸ਼ ਵਜੋਂ :- ਖੁਸ਼ੀ ਸਿਰਫ ਇੱਕ ਮਹਿਸੂਸ ਕੀਤੀ ਜਾ ਸਕਣ ਵਾਲੀ ਭਾਵਨਾ ਹੀ ਨਹੀਂ, ਸਗੋਂ ਇਹ ਹੋਰ ਸੋਹਣੇ ਸੰਬੰਧ, ਸੁਧਰੀ ਹੋਈ ਸਕਾਰਤਮਕਤਾ, ਅਤੇ ਸਮੂਹ ਦੀ ਲੰਮੀ ਅਤੇ ਚਿਰ ਸਥਾਈ ਸੁੱਖ ਸਲਾਮਤੀ ਦਾ ਵਰਤਾਰਾ ਹੈ। ਸੱਚੀ ਖੁਸ਼ੀ ਸਿਰਫ ਮਾਇਆ ਜਾਂ ਪਦਾਰਥਕ ਤਰੱਕੀ ਦਾ ਹੀ ਨਾਂ ਨਹੀਂ ਸਗੋਂ ਇਹ ਤਾਂ ਅੰਦਰੂਨੀ ਸ਼ਾਂਤੀ, ਸ਼ੁਕਰਾਨਾ ਭਾਵ, ਮਕਸਦ ਅਤੇ ਅਰਥਪੂਰਨ ਸੰਬੰਧਾਂ ਨਾਲ ਡੂੰਘੇ ਤੌਰ ਤੇ ਜੁੜੀ ਹੋਈ ਹੈ।

ਖੁਸ਼ੀ ਪ੍ਰਾਪਤ ਕਿਵੇਂ ਹੋਵੇ :-ਖੁਸ਼ੀ ਨੂੰ ਪ੍ਰਾਪਤ ਕਰਨ ਲਈ ਮਾਨਸਿਕ, ਭਾਵਨਾਤਮਕ ਤੇ ਸਮਾਜਿਕ ਸੁੱਖ ਸਲਾਮਤੀ ਦੀਆਂ ਭਾਵਨਾਵਾਂ ਨੂੰ ਪ੍ਰਬਲ ਕਰਨ ਦੀ ਲੋੜ ਹੈ। ਇਸ ਖੁਸ਼ੀ ਨੂੰ ਪ੍ਰਾਪਤ ਕਰਨ ਦੇ ਸੌਖੇ ਅਤੇ ਪਰਖੇ ਗਏ ਢੰਗ ਹੇਠ ਲਿਖੇ ਹਨ--

੧ ਆਭਾਰ ਦਾ ਅਭਿਆਸ :- ਜੋ ਕੁਝ ਵੀ ਸਾਨੂੰ ਪ੍ਰਾਪਤ ਹੋਇਆ ਹੈ ਉਸ ਲਈ ਅਭਾਰੀ ਹੋਣਾ ਜਾਂ ਪਰਮਾਤਮਾ ਦਾ ਸ਼ੁਕਰਾਨਾ ਕਰਨਾ ਸੰਤੋਖੀ ਬਿਰਤੀ ਵਧਾਉਂਦਾ ਹੈ ਅਤੇ ਤਣਾਅ ਘਟਾਉਂਦਾ ਹੈ। ਇਹ ਅਹਿਸਾਸ ਬਿਨਾਂ ਕਿਸੇ ਧਰਮ ਨੂੰ ਮੰਨਣ ਦੇ ਜਾਂ ਕਿਸੇ ਕਰਮ ਕਾਂਡ ਵਿਚ ਪਏ ਤੋਂ ਬਿਨਾਂ ਵੀ ਹੋ ਸਕਦਾ ਹੈ। ਇਹ ਤਾਂ ਭਰਿਆ ਭਰਿਆ ਦੇਖਣ ਦੀ ਬਿਰਤੀ ਹੈ, ਸਬਰ ਅਤੇ ਸੰਤੋਖ ਅੰਦਰੂਨੀ ਖੁਸ਼ੀ ਦੇ ਵਾਹਕ ਹਨ। ਹਰ ਉਸ ਵਿਅਕਤੀ ਦਾ ਧੰਨਵਾਦ ਕਰੋ, ਜੋਂ ਤੁਹਾਡੇ ਜਰਾ ਵੀ ਕੰਮ ਆਇਆ ਹੈ। ਪਰਿਵਾਰਿਕ ਮੈਂਬਰਾਂ ਮਾਤਾ, ਪਿਤਾ, ਪਤੀ, ਪਤਨੀ, ਧੀਆ, ਪੁੱਤ ਦਾ ਵੀ ਸ਼ੁਕਰਾਨਾ ਜਰੂਰ ਕਰੋ ਕਿਉਂਕਿ ਇਹਨਾਂ ਨੇ ਆਪਣਾ ਸਮਾਂ ਅਤੇ ਊਰਜਾ ਦੇ ਕੇ ਆਪਣੇ ਪਿਆਰ ਸਤਿਕਾਰ ਨਾਲ ਤੁਹਾਡੀ ਜਿੰਦਗੀ ਨੂੰ ਜਿਊਣ ਯੋਗ ਬਣਾਇਆ ਹੈ।

੨. ਸਕਾਰਾਤਮਕ ਸੰਬੰਧ ਬਣਾਓ :- ਆਪਣਿਆਂ ਨਾਲ ਵਕਤ ਬਿਤਾਉਣਾ ਅਤੇ ਨਵੀਆਂ ਦੋਸਤੀਆਂ ਬਣਾਉਣੀਆਂ ਖੁਸ਼ੀ ਪੈਦਾ ਕਰਦੀਆਂ ਹਨ। ਬਹੁਤੇ ਜਿਆਦਾ ਦੋਸਤ ਬਣਾਉਣ ਨਾਲੋਂ ਜੋ ਵੀ ਹਨ, ਉਹਨਾਂ ਨਾਲ ਹੀ ਮਿੱਠੇ ਅਤੇ ਗੂੜ੍ਹੇ ਸੰਬੰਧ ਰੱਖਣੇ ਜਰੂਰੀ ਹਨ। ਸ਼ੱਕ, ਸ਼ਿਕਵੇ ਅਤੇ ਸ਼ਿਕਾਇਤਾਂ ਤੋਂ ਪਰ੍ਹੇ ਗੁਣਾਂ ਦੀ ਸਾਂਝ ਸੰਬੰਧ ਸੁਖਾਵੇਂ ਕਰਦੀ ਹੈ।

੩. ਅਰਥਪੂਰਨ ਗਤੀਵਿਧੀਆਂ ਵਿੱਚ ਹਿੱਸਾ ਲੈਣਾ :- ਅਜਿਹੇ ਕੰਮ ਕਰਨੇ ਜਿਹੜੇ ਤੁਹਾਡੇ ਸ਼ੌਕ ਨਾਲ ਮੇਲ ਖਾਂਦੇ ਹੋਣ । ਇਹਨਾਂ ਕੰਮਾਂ ਦੇ ਕਰਨ ਨਾਲ ਜੀਵਨ ਪ੍ਰਤੀ ਸੰਤੁਸ਼ਟੀ ਦਾ ਵਾਧਾ ਹੁੰਦਾ ਹੈ। ਕਦੇ ਵੀ ਆਪਣੇ ਆਪ ਨੂੰ ਬੇਕਾਰ ਨਾ ਸਮਝੋ। ਕੰਮ ਸਿਰਫ ਮਾਇਆ ਪ੍ਰਾਪਤੀ ਲਈ ਹੀ ਨਹੀਂ ਕਰਨਾ, ਸਗੋਂ ਕੋਈ ਵੀ ਸਾਰਥਕ ਕੰਮ ਜੋ ਸਮਾਜ ਲਈ ਵੀ ਫਾਇਦੇਮੰਦ ਹੋਵੇ ਅਤੇ ਨਿਜ ਨੂੰ ਵੀ ਤਸੱਲੀ ਦੇਵੇ ।

੪. ਸਰੀਰਕ ਤੌਰ ਤੇ ਚੁਸਤ ਫੁਰਤ ਰਹੋ :- ਸਰੀਰਕ ਕਸਰਤ ਐਂਡਰੋਫਿਨ ਨਾਂ ਦੇ ਰਸ ਦਾ ਰਿਸਾਵ ਕਰਦੀ ਹੈ ,ਜਿਸ ਨੂੰ ਖੁਸ਼ੀਆਂ ਵਾਲਾ ਹਾਰਮੋਨ ਕਿਹਾ ਜਾਂਦਾ ਹੈ। ਇਸ ਨਾਲ ਮੂਡ ਅਤੇ ਊਰਜਾ ਪੱਧਰ ਦੋਵਾਂ ਦਾ ਸੁਧਾਰ ਹੁੰਦਾ ਹੈ। ਆਪਣੇ ਸਰੀਰ ਬਾਰੇ ਜਾਣਕਾਰ ਹੋਣਾ , ਉਸਨੂੰ ਤੰਦਰੁਸਤ ਰੱਖਣ ਲਈ ਵੱਧ ਤੋਂ ਵੱਧ ਯਤਨ ਕਰਨੇ ਅਤੇ ਉਸਤੋਂ ਵੱਧ ਤੋਂ ਵੱਧ ਕੰਮ ਲੈਣਾ ਸਾਡੀ ਜ਼ਿੰਦਗੀ ਨੂੰ ਮੁੱਲਵਾਨ ਬਣਾ ਦੇਵੇਗਾ ਅਤੇ ਜੀਵਨ ਸਾਰਥਕ ਜਾਪਣ ਲੱਗੇਗਾ।

੫. ਜ਼ਿੰਦਾਦਿਲੀ ਅਤੇ ਭਗਤੀ ਦਾ ਅਭਿਆਸ ਕਰੋ :- ਵਰਤਮਾਨ ਪਲਾਂ ਵਿੱਚ ਜਿਊਣ ਦੀ ਜਾਚ ਸਿੱਖਣੀ ਕਿਸੇ ਵੀ ਤਰਾਂ ਦੇ ਤਣਾਅ ਨੂੰ ਘਟਾਉਂਦੀ ਹੈ। ਇਸੇ ਤਰਾਂ ਭਗਤੀ ਜਾਂ ਸਿਮਰਨ ਵੀ ਮਾਨਸਿਕ ਚੜ੍ਹਦੀ ਕਲਾ ਪੈਦਾ ਕਰਦਾ ਹੈ ਅਤੇ ਬਣਾਈ ਰੱਖਦਾ ਹੈ। ਨਾ ਟਾਲਿਆ ਜਾ ਸਕਣ ਵਾਲਾ ਕੋਈ ਵੀ ਦੁੱਖ, ਸੰਕਟ, ਸਦਾ ਨਹੀਂ ਰਹਿੰਦਾ, ਨਾ ਹੀ ਸਾਡੇ ਇੱਕਲਿਆਂ ਤੇ ਆਉਂਦਾ ਹੈ। ਉਸਨੂੰ ਖੁਸ਼ੀ ਨਾਲ ਝੱਲਣ ਦਾ ਅਭਿਆਸ ਕਰੋ । ਬੀਤੇ ਉੱਤੇ ਝੂਰਨਾ ਅਤੇ ਭਵਿੱਖ ਬਾਰੇ ਚਿੰਤਾ ਕਰਨੀ ਖੁਸ਼ੀ ਦੇ ਮਾਰਗ ਵਿੱਚ ਰੁਕਾਵਟ ਬਣਦੇ ਹਨ।

੬ ਦੂਜਿਆਂ ਦੀ ਮੱਦਦ ਕਰੋ :- ਨਿਰਸਵਾਰਥ ਦੂਜਿਆਂ ਦੇ ਕੰਮ ਆਉਣਾ, ਸੇਵਾ ਕਰਨੀ ਆਦਿ ਵਰਗੇ ਕੰਮ ਜਿੰਦਗੀ ਨੂੰ ਮਕਸਦਪੂਰਨ ਬਣਾਉਂਦੇ ਹਨ ਅਤੇ ਇਸ ਨਾਲ ਇੱਕ ਮਾਨਸਿਕ ਸਕੂਨ ਮਿਲਦਾ ਹੈ ਜੋ ਅੰਦਰੂਨੀ ਖੁਸ਼ੀ ਦਾ ਆਧਾਰ ਹੈ। ਇਸਦੇ ਖਾਤਰ ਛੋਟੇ ਛੋਟੇ ਕੰਮ ਵੀ ਬਹੁਤ ਵੱਡਾ ਅਰਥ ਰੱਖਦੇ ਹਨ ।

੭. ਯਥਾਰਥਕ ਟੀਚੇ ਸਾਹਮਣੇ ਰੱਖੋ :- ਬਹੁਤ ਹੀ ਸਪਸ਼ਟ ਅਤੇ ਪੂਰੇ ਕੀਤੇ ਜਾ ਸਕਣ ਵਾਲੇ ਟੀਚੇ ਸਾਹਮਣੇ ਰੱਖ ਕੇ ਵਿਚਰੋ। ਇਸ ਨਾਲ ਪ੍ਰਾਪਤੀ ਦਾ ਅਹਿਸਾਸ ਪੈਦਾ ਹੁੰਦਾ ਹੈ। ਛੋਟੇ ਟੀਚੇ ਪੂਰੇ ਹੁੰਦੇ ਰਹਿਣ ਨਾਲ ਵੱਡੇ ਟੀਚੇ ਪੂਰੇ ਕਰਨ ਦਾ ਉਤਸ਼ਾਹ ਅਤੇ ਚਾਅ ਬਣਿਆ ਰਹਿੰਦਾ ਹੈ।

੮. ਤਣਾਅ ਅਤੇ ਨਕਾਰਤਮਕਤਾ ਨੂੰ ਘੱਟ ਕਰੋ :-ਉਦਾਸੀ ਵਾਲੇ ਅਤੇ ਨਫਰਤ ਵਾਲੇ ਵਾਤਾਵਰਣ ਤੋਂ ਦੂਰ ਰਹੋ। ਆਪਣੇ ਆਪ ਨੂੰ ਚੰਗੀਆਂ ਅਤੇ ਹਾਂ ਵਾਚਕ ਨਸੀਹਤਾਂ ਦਿੰਦੇ ਰਹਿਣ ਨਾਲ ਮਾਨਸਿਕ ਤੰਦਰੁਸਤੀ ਬਣੀ ਰਹੇਗੀ। ਇਸ ਲਈ ਚੰਗੀਆਂ ਪੁਸਤਕਾਂ, ਚੰਗੀਆਂ ਵੀਡੀਓਜ਼, ਚੰਗੇ ਮਿੱਤਰ ਸਹਾਇਕ ਹੋ ਸਕਦੇ ਹਨ।

ਖੁਸ਼ ਰਹਿਣ ਦੇ ਲਾਭ :- ਖੁਸ਼ ਰਹਿਣ ਦੇ ਸਾਡੇ ਸਰੀਰ ਨੂੰ ਵੀ ਅਤੇ ਮਨ ਨੂੰ ਵੀ ਬੇਅੰਤ ਲਾਭ ਹਨ, ਜੋ ਸਾਡੀ ਤੰਦਰੁਸਤੀ ਬਣਾਈ ਰੱਖਣ ਵਿੱਚ ਮੱਦਦ ਕਰਦੇ ਹਨ। ਸਦਾ ਹੱਸਦੇ ਰਹਿਣ ਵਾਲੇ ਛੇਤੀ ਕੀਤੇ ਬਿਮਾਰ ਨਹੀਂ ਹੁੰਦੇ।

੧ ਉਦਾਸੀ ਅਤੇ ਤਣਾਅ ਘਟਦੀ ਹੈ :- ਸੰਤੁਸ਼ਟੀ ਅਤੇ ਆਸ਼ਾਵਾਦ ਮਾਨਸਿਕ ਸਿਹਤ ਦੀਆਂ ਬੇਤਰਤੀਬੀਆਂ ਦਾ ਖਤਰਾ ਘੱਟ ਕਰਦੀ ਹੈ। ਅੱਜ ਉਦਾਸੀ ਬਹੁਤ ਵੱਡਾ ਰੋਗ ਬਣ ਚੁੱਕਿਆ ਹੈ ਪਰ ਜੇ ਖੁਸ਼ ਰਹਿਣ ਦੀ ਆਦਤ ਬਣਾ ਲਈ ਜਾਵੇ ,ਤਾਂ ਉਦਾਸੀ ਨੇੜੇ ਵੀ ਨਹੀਂ ਫਟਕੇਗੀ।

੨. ਬੌਧਿਕ ਸਮਰੱਥਾ ਵਧਾਉਂਦੀ ਹੈ : ਉਸਾਰੂ ਅਤੇ ਹਾਂ ਵਾਚਕ ਨਜ਼ਰੀਆ ਸਿਰਜਣਾਤਮਕਤਾ, ਸਮੱਸਿਆ ਹੱਲ ਕਰਨ, ਕੁਸ਼ਲਤਾ ਅਤੇ ਯਾਦ ਨੂੰ ਤੇਜ਼ ਕਰਦਾ ਹੈ। ਬੁੱਧੀ ਦਾ ਵਿਕਾਸ ਹੁੰਦਾ ਹੈ।

੩. ਲਚਕੀਲੇਪਣ ਵਿੱਚ ਮਜ਼ਬੂਤੀ ਆਉਂਦੀ ਹੈ :- ਖੁਸ਼ ਲੋਕ ਚੁਣੌਤੀਆਂ ਦਾ ਸਾਹਮਣਾ ਵਧੇਰੇ ਸੌਖ ਨਾਲ ਕਰ ਸਕਦੇ ਹਨ। ਕਿਸੇ ਵੀ ਤਰਾਂ ਦੇ ਝਟਕੇ ਤੋਂ ਛੇਤੀ ਉੱਠ ਸਕਦੇ ਹਨ। ਕਿਸੇ ਤਰਾਂ ਦੀ ਕੱਟੜਤਾ ਤੋਂ ਦੂਰ ਰਹਿ ਕੇ ਲਚਕੀਲਾ ਵਿਵਹਾਰ ਰੱਖਦੇ ਹਨ ਜਿਸ ਨਾਲ ਉਹ ਆਪਣੇ ਦੁਨਿਆਵੀ ਕਰ ਵਿਹਾਰ ਅਤੇ ਸਮਾਜਿਕ ਸੰਬੰਧ ਹੋਰ ਨਿਖਾਰ ਲੈਂਦੇ ਹਨ ।

੪. ਭਾਵਨਾਤਮਕ ਸੰਤੁਲਨ ਬਣਦਾ ਹੈ:- ਖੁਸ਼ ਰਹਿਣ ਵਾਲਾ ਇਨਸਾਨ ਆਪਣੀਆਂ ਭਾਵਨਾਵਾਂ ਤੇ ਸੌਖਿਆਂ ਕਾਬੂ ਪਾ ਸਕਦਾ ਹੈ। ਇਸ ਨਾਲ ਉਹ ਗੁੱਸੇ ਅਤੇ ਨਿਰਾਸ਼ਾ ਤੋਂ ਬਚਾਅ ਕਰ ਸਕਦਾ ਹੈ ਅਤੇ ਸੰਤੁਲਿਤ ਰਹਿੰਦਾ ਹੈ।

ਅਜੋਕੀ ਦਸ਼ਾ :- ਅੱਜ ਦਾ ਇਨਸਾਨ ਮਾਇਆ ਵਿਚੋਂ, ਮਹਿੰਗੇ ਕੱਪੜਿਆਂ, ਕਾਰਾਂ, ਕੋਠੀਆਂ ਅਤੇ ਹੋਰ ਦਿਖਾਵੇ ਦੇ ਪਦਾਰਥਾਂ ਵਿਚੋਂ ਖੁਸ਼ੀ ਭਾਲਦਾ ਹੈ। ਇਹ ਜਾਣਦੇ ਹੋਏ ਵੀ ਕਿ ਇਹ ਸਭ ਆਰਜੀ ਹਨ, ਉਹ ਇਹਨਾਂ ਦੀ ਹੋਰ ਅਤੇ ਹੋਰ ਦੀ ਪ੍ਰਾਪਤੀ ਵਿੱਚ ਆਪਣੀ ਸ਼ਾਂਤੀ ਅਤੇ ਸਕੂਨ ਗੁਆ ਬੈਠਦਾ ਹੈ। ਨਿੱਜਵਾਦ ਬਹੁਤ ਭਾਰੂ ਹੋ ਚੁੱਕਿਆ ਹੈ। ਕੁਝ ਦੇਣ ਦੀ ,ਵੰਡਣ ਦੀ ਅਤੇ ਆਪਾ ਤਿਆਗ ਕੇ ਦੂਸਰੇ ਦੇ ਕੰਮ ਆਉਣ ਦੀ ਖੁਸ਼ੀ ਨੂੰ ਉਹ ਭੁਲਾ ਚੁੱਕਿਆ ਹੈ। ਕਾਹਲ, ਬੇਚੈਨੀ, ਉਦਾਸੀ, ਨਿਰਾਸ਼ਾ, ਤਣਾਅ, ਦੂਸਰੇ ਤੋਂ ਅੱਗੇ ਨਿਕਲਣ ਦੀ ਤੀਬਰ ਇੱਛਾ ਨਾਲ ਲੈਸ ਮਨੁੱਖ ਕਿੰਨੇ ਹੀ ਹੋਰ ਵਿਕਾਰਾਂ ਵਿਚ ਫਸ ਜਾਂਦਾ ਹੈ। ਨਾ ਤਾਂ ਕਦੇ ਆਪਣੇ ਅੰਦਰਲੇ ਨਾਲ ਹੀ ਸਹਿਜ ਵਿੱਚ ਗੱਲ ਕਰ ਸਕਦਾ ਹੈ, ਨਾ ਹੀ ਉਹ ਪਰਿਵਾਰ, ਦੋਸਤਾਂ ਅਤੇ ਗੁਆਂਢੀਆਂ ਨਾਲ ਦਿਲੀ ਸਾਂਝ ਬਣਾ ਸਕਦਾ ਹੈ। ਦਿਨੋ ਦਿਨ ਡਿਪ੍ਰੈਸ਼ਨ ਦੇ ਮਰੀਜਾਂ ਵਿੱਚ ਵਾਧਾ ਹੋ ਰਿਹਾ ਹੈ। ਮਹਾਂ ਨਗਰਾਂ ਵਿੱਚ ਬਣੇ ਹੋਏ ਲਾਫਟਰ ਕਲੱਬ ਭਿਆਨਕ ਸਥਿਤੀ ਹੀ ਬਿਆਨ ਕਰਦੇ ਹਨ। ਹੱਸਣ ਲਈ ਵੀ ਉਚੇਚ ਕਰਨਾ ਪੈ ਰਿਹਾ ਹੈ। ਸਾਡੇ ਮੌਲਿਕ ਹਾਸੇ, ਕਿਲਕਾਰੀਆਂ ਅਤੇ ਅਨੰਦ ਵਿਗਾਸ ਕਿੱਥੇ ਖੋ ਗਏ ਹਨ ਅਤੇ ਕਿਉਂ ?

ਅਜਿਹੇ ਵਿਚ ਬਹੁਤ ਜਰੂਰੀ ਹੋ ਜਾਂਦਾ ਹੈ ਕਿ ਉਸਨੂੰ ਖੁਸ਼ੀ ਦੇ ਅਸਲ ਅਰਥ ਸਮਝ ਆਉਣ। ਕੁਝ ਪਲ ਦਾ ਠਹਿਰਾਅ ਅਤੇ ਚਿੰਤਨ ਗੱਲ ਸਪਸ਼ਟ ਕਰ ਸਕਦਾ ਹੈ। ਮਾਇਆਵੀ ਦੌੜ, ਦਿਖਾਵੇ ਦੀ ਬਹੁ ਪਰਤੀ ਸ਼ਖਸ਼ੀਅਤ ਵਿਚੋਂ ਬਾਹਰ ਆ ਕੇ ਸਬਰ, ਸ਼ੁਕਰ ਅਤੇ ਦੂਸਰਿਆਂ ਪ੍ਰਤੀ ਹਮਦਰਦਾਨਾ ਨਜ਼ਰੀਆ ਰੱਖ ਕੇ ਛੋਟੀਆਂ ਛੋਟੀਆਂ ਖੁਸ਼ੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ, ਜਿਹੜੀਆਂ ਸਦੀਵੀ ਅਤੇ ਲੰਮੀ ਦੇਰ ਦੀ ਟਿਕਾਊ ਅਤੇ ਅੰਦਰੂਨੀ ਖੁਸ਼ੀ ਲੱਭਣ ਵਿਚ ਸਹਾਇਤਾ ਕਰਦੀਆਂ ਹਨ।

ਸਿੱਟਾ :- ਅੰਤਰਰਾਸ਼ਟਰੀ ਖੁਸ਼ੀ ਦਿਵਸ ਇਹ ਯਾਦ ਕਰਵਾਉਂਦਾ ਹੈ ਕਿ ਖੁਸ਼ੀ ਇੱਕ ਵਿਸ਼ੇਸ਼ ਅਧਿਕਾਰ ਨਹੀਂ ਹੈ, ਸਗੋਂ ਇਹ ਹਰ ਮਨੁੱਖ ਲਈ ਬਹੁਤ ਹੀ ਜਰੂਰੀ ਹੈ। ਸਕਾਰਤਮਕਤਾ ਰੱਖਦੇ ਹੋਏ, ਮਜਬੂਤ ਸੰਬੰਧ ਬਣਾਉਂਦੇ ਹੋਏ, ਸਰੀਰਕ ਅਤੇ ਮਾਨਸਿਕ ਤੰਦਰੁਸਤੀ ਬਣਾਉਂਦੇ ਹੋਏ ਵਿਅਕਤੀ ਅਤੇ ਸੋਸਾਇਟੀਆਂ ਵਧੇਰੇ ਖੁਸ਼ ਅਤੇ ਸਿਹਤਮੰਦ ਸੰਸਾਰ ਸਿਰਜ ਸਕਦੇ ਹਨ। ਇਸ ਦਿਨ ਤੇ ਆਓ ਆਪਾਂ ਸਾਰੇ ਖੁਸ਼ੀ ਨੂੰ ਆਪਣੀਆਂ ਜਿੰਦਗੀਆਂ ਵਿੱਚ ਸਭ ਤੋਂ ਵੱਧ ਤਰਜੀਹ ਦੇਣ ਦਾ ਸੰਕਲਪ ਕਰੀਏ।

* * * * * * *

# ਪਹਿਲੀ ਚੇਤ (14 ਮਾਰਚ) ਨਾਨਕਸ਼ਾਹੀ ਨਵਾਂ ਵਰ੍ਹਾਂ 557 ਦੀ ਖੇੜਿਆਂ ਭਰੀ, ਮਾਣਮੱਤੀ - ਸੱਜਰੀ ਸਵੇਰ ਤੇ ਸਮੂਹ ਸਿੱਖ ਕੌਮ ਨੂੰ ਲੱਖ ਲੱਖ ਵਧਾਈਆਂ!

## ਸਰਬਤ ਦੇ ਭਲੇ ਵਾਲੇ ਸਿੱਖ ਰਾਜ ਦੀ ਸਿਰਜਣਾ ਲਈ ਵੱਧ ਤੋਂ ਵੱਧ ਆਪਣਾ ਯੋਗਦਾਨ ਪਾਉਣ ਦਾ ਪ੍ਰਣ ਕਰੀਏ : ਗੁਰਚਰਨ ਸਿੰਘ ਗੁਰਾਇਆ

ਮਨੁੱਖਤਾ ਦੇ ਰਹਿਬਰ ਗੁਰੂ ਨਾਨਕ ਸਾਹਿਬ ਜੀ ਦੇ ਚਲਾਏ, ਨਿਰਾਲੇ ਸਿੱਖ ਪੰਥ ਦੇ 14 ਮਾਰਚ ਪਹਿਲੀ ਚੇਤ ਨੂੰ ਨਵੇਂ ਸਾਲ ਨਾਨਕਸ਼ਾਹੀ ਸੰਮਤ 557 ਦੀ ਅਰੰਭਤਾ ਦੀਆਂ ਸਮੂਹ ਨਾਨਕ ਲੇਵਾ ਸਿੱਖ ਜਗਤ ਨੂੰ ਬਹੁਤ ਬਹੁਤ ਵਧਾਈਆਂ। ਇਹ ਨਾਨਕਸ਼ਾਹੀ ਸੰਮਤ ਦਾ ਨਵ੍ਹਾਂ ਸਾਲ ਸਭ ਲਈ ਖੁਸ਼ੀਆਂ ਖੇੜੇ ਲੈ ਕੇ ਆਵੇ। ਉਥੇ ਬਿਖੜੇ ਪੈਡਿਆਂ ਤੇ ਪਰਾਇਆ ਦੀ ਗੁਲਾਮੀ ਵਿੱਚੋ ਗੁਜ਼ਰ ਰਿਹੀ ਸਿੱਖ ਕੌਮ ਨੂੰ ਅਕਾਲ ਪੁਰਖ ਆਪਣਾ ਮੇਹਰ ਭਰਿਆ ਹੱਥ ਰੱਖ ਕੇ ਬਾਹਰੀ ਤੇ ਅੰਦਰੂਨੀ ਗੁਲਾਮੀ ਤੋ ਛੁਟਕਾਰਾ ਪਾਉਣ ਦਾ ਬੱਲ ਬੱਖਸ਼ੇ। ਅਕਾਲ ਪੁਰਖ ਸਿੱਖ ਕੌਮ ਤੇ ਕ੍ਰਿਪਾ ਕਰੇ ਕਿ ਇਹ ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ, "ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਨਿਓ ਗ੍ਰੰਥ!" ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਤੇ ਹੀ ਆਪਣਾ ਨਿਸਚਾ ਰੱਖ ਕੇ ਇਸ ਤੋਂ ਹੀ ਸੇਧ ਲੈ ਕੇ ਪੰਥਕ ਮੱਸਲਿਆਂ ਤੇ ਸਿੱਖ ਸਮੱਸਿਆਵਾਂ ਦਾ ਹੱਲ ਲੱਭਣ ਦੀ ਕੋਸ਼ਿਸ਼ ਕਰੇ।

ਗੁਰੂ ਨਾਨਕ ਸਾਹਿਬ ਜੀ ਨੇ ਇਲਾਹੀ ਗੁਰਬਾਣੀ ਰੂਪੀ ਵੀਚਾਰਧਾਰਾਂ ਦੁਆਰਾ ਸਿੱਖ ਕੌਮ ਨੂੰ ਜਿਨ੍ਹਾਂ ਵਿਪਰ ਦੀਆਂ ਰੀਤਾਂ ਵਿੱਚੋ ਬਾਹਰ ਕੱਢਿਆ ਸੀ। ਅੱਜ ਉਸੇ ਵਿੱਚ ਧੱਸਦੀ ਜਾ ਰਿਹੀ ਕੌਮ ਨੂੰ ਅਕਾਲ ਪੁਰਖ ਸੋਝੀ ਬਖਸ਼ੇ ਤੇ ਉਹ ਬਾਬੇ ਨਾਨਕ ਦੇ ਇਸ ਚਲਾਏ ਨਿਰਾਲੇ ਸਿੱਖ ਪੰਥ ਨੂੰ ਨਿਰਾਲਾ ਰੱਖ ਸਕੇ ਤੇ ਇਸ ਦੀ ਮਹਿਕ ਦੁਨੀਆਂ ਵਿੱਚ ਵਖੇਰ ਸਕੇ। ਬ੍ਰਹਮਵਾਦੀ ਸੋਚ ਤੇ ਅੱਜ ਤੋਂ ਲੱਗਭੱਗ ਸਾਡੇ ਪੰਜ ਸਦੀਆਂ ਪਹਿਲਾਂ ਜਦੋ ਗੁਰੂ ਨਾਨਕ ਸਾਹਿਬ ਜੀ ਨੇ ਇਸ ਦੇ ਕਰਮਕਾਂਡੀ, ਉਚ ਨੀਚ, ਜਾਤ ਪਾਤ, ਤੇ ਧਾਗੇ ਦੇ ਜਨੇਊ ਪਾਉਣ ਤੋਂ ਇਨਕਾਰ ਕਰ ਕਿ ਧਰਮ ਦੇ ਨਾ ਤੇ ਹੋ ਰਹੇ ਅਧਰਮ ਤੇ ਚੋਟ ਮਾਰੀ ਸੀ।

ਇਹ ਵਿਪਰਵਾਦ ਗੁਰੂ ਨਾਨਕ ਸਾਹਿਬ ਜੀ ਦੀ ਵੀਚਾਰਧਾਰਾਂ ਨੂੰ ਮੰਨਣ ਵਾਲਿਆ ਤੇ ਉਸੇ ਦਿਨ ਤੋਂ ਕਿਸੇ ਨਾ ਕਿਸੇ ਰੂਪ ਵਿੱਚ ਹਮਲੇ ਕਰਦਾ ਆ ਰਿਹਾ ਹੈ। ਉਹ ਮੌਕੇ ਦੀਆਂ ਸਰਕਾਰਾਂ ਕੋਲ ਸਿੱਖੀ ਤੇ ਇਥੋ ਤੱਕ ਗੁਰੂ ਸਾਹਿਬਾਂ, ਸਾਹਿਬਜ਼ਾਦਿਆਂ ਤੇ ਸਿੱਖਾਂ ਦੇ ਖਿਲਾਫ ਕੰਨ ਭਰਕੇ ਉਹਨਾਂ ਨੂੰ ਸ਼ਹੀਦ ਕਰਾਉਣਾ, ਸਿੱਖਾਂ ਤੇ ਤਸ਼ਦੱਦ ਕਰਾਉਣਾ ਤੇ ਭਾਰਤ ਦੀ ਸੱਤਾ ਦੇ ਮਾਲਕ ਬਣਨ ਤੇ ਸਿੱਖਾਂ ਦੀ ਨਸਲਕੁਸ਼ੀ ਕਰਨ ਲਈ ਇਸ ਦੀ ਨੌਜਵਾਨੀ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨਾ,ਸਿੱਖ ਕੌਮ ਦੇ ਪਵਿੱਤਰ ਰੂਹਾਨੀਅਤ ਦੇ ਪ੍ਰਤੀਕ ਸ੍ਰੀ ਦਰਬਾਰ ਸਾਹਿਬ ਤੇ ਹੋਰ ਸਿੱਖ ਗੁਰਧਾਮਾਂ ਤੇ ਹਮਲੇ ਕਰਕੇ ਉਹਨਾਂ ਨੂੰ ਢਹਿ ਢੇਰੀ ਕਰਨਾ, ਸਿੱਖ ਕੌਮ ਦੇ ਸੁਨਹਿਰੀ ਇਤਿਹਾਸ ਵਿੱਚ ਬ੍ਰਹਮਵਾਦੀ ਸੋਚ ਦੇ ਲਿਖਾਰੀਆਂ ਦੁਆਰਾ ਰਲ ਗੱਡ ਕਰਾਉਣਾ, ਧਾਰਮਿਕ ਆਗੂਆਂ ਤੇ ਕੁਰਸੀ ਦੇ ਲਾਲਚੀ ਰਾਜਨੀਤਿਕ ਆਗੂਆਂ ਦੀ ਖਰੀਦੋ ਫਰੋਖਤ ਕਰਕੇ, ਵਿਕਾਊ ਮੀਡੀਆ ਤੇ ਜ਼ਮੀਰ ਵੇਚੂ ਜਨਰਲਿਸਟਾਂ ਦੁਆਰਾ ਸਿੱਖ ਕੌਮ ਤੇ ਸਰੀਰਕ ਤੇ ਮਾਨਿਸਿਕ ਤੌਰ ਤੇ ਹਮਲੇ ਕਰਦਾ ਆ ਰਿਹਾ ਹੈ ਜੋ ਕਿ ਅੱਜ ਤੱਕ ਨਿਰੰਤਰ ਜਾਰੀ ਹਨ।

ਅੱਜ ਸਿੱਖ ਕੌਮ ਦਾ ਇੱਕ ਵੱਡਾ ਹਿੱਸਾ 'ਗੁਲਾਮੀ' ਅਤੇ 'ਆਜ਼ਾਦੀ' ਵਿਚਕਾਰ ਫਰਕ ਸਮਝਣ ਤੋਂ ਹੀ ਅਸਮਰੱਥ ਹੋ ਚੁੱਕਾ ਹੈ। ਜਿਵੇਂ ਪਿੰਜਰੇ 'ਚ ਕੈਦ ਇੱਕ ਤੋਤਾ ਉਸੇ ਪਿੰਜਰੇ ਨੂੰ ਆਪਣਾ ਘਰ ਸਮਝ ਕੇ, ਉਥੇ ਹੀ ਖੁਸ਼ੀ ਲੱਭਣ ਲੱਗ ਪੈਂਦਾ ਹੈ, ਠੀਕ ਉਸੇ ਤਰ੍ਹਾਂ ਸਿੱਖ ਕੌਮ ਗੁਲਾਮੀ ਦੇ ਪਿੰਜਰੇ 'ਚੋਂ ਹੀ ਛੋਟੀਆਂ-ਛੋਟੀਆਂ ਖੁਸ਼ੀਆਂ ਲੱਭ ਰਹੀ ਹੈ ਪਰ ਸਾਰੀਆਂ ਸਮੱਸਿਆਵਾਂ ਦੀ ਜੜ੍ਹ 'ਗੁਲਾਮੀ' ਨੂੰ ਗਲੋਂ ਲਾਹੁਣ ਲਈ ਬਿਲਕੁਲ ਵੀ ਚੇਤੰਨ ਨਹੀਂ। ਪੰਜਾਬ ਦੀ ਜਵਾਨੀ, ਨਸ਼ਿਆਂ ਦੀ ਭੇਂਟ ਚੜ੍ਹ ਕੇ, 'ਆਚਰਣਵਾਨ' ਤੇ 'ਆਚਰਣਹੀਣਤਾ' ਵਿਚਕਾਰਲਾ ਫਾਸਲਾ ਹੀ ਮਿਟਾਈ ਜਾਂਦੀ ਹੈ ਪਵਿੱਤਰਤਾ, ਅਣਖ, ਬਹਾਦਰੀ ਦੇ ਮੁਜੱਸਮੇ ਮਾਤਾ ਗੁਜਰੀ, ਮਾਤਾ ਸਾਹਿਬ ਕੌਰ, ਮਾਈ ਭਾਗੋ ਅਤੇ ਬੀਬੀ ਹਰਸ਼ਰਨ ਕੌਰ ਦੀਆਂ ਪੁੱਤਰੀਆਂ, ਅੱਜ ਕਿਨ੍ਹਾਂ ਵਾਟਾਂ 'ਤੇ ਚੱਲ ਨਿੱਕਲੀਆਂ ਹਨ? ਅੱਜ ਕੌਮੀ ਹੋਣੀ ਅਤੇ ਕੌਮੀ ਨਿਸ਼ਾਨੇ - ਖਾਲਿਸਤਾਨ ਦੇ ਵਾਰਸ ਖਾਲਸਾ, ਭੁਝੰਗੀ ਅਤੇ ਭੁਝੰਗਣਾਂ ਕਿੱਥੇ ਹਨ? ਕੌਮੀ ਆਜ਼ਾਦੀ ਲੈਣ ਦੀ ਮੰਜ਼ਿਲ ਤੋਂ ਭਟਕ ਕੇ, ਸਾਡੇ ਬੁੱਧੀਜੀਵੀ, ਬਾਬੇ, ਸ਼ਰਧਾਲੂ ਸਿੱਖ ਉਨ੍ਹਾਂ ਮਸਲਿਆਂ ਵਿੱਚ ਕਿਉਂ ਉਲਝੇ ਹੋਏ ਹਨ, ਜਿਨ੍ਹਾਂ ਨੂੰ ਆਜ਼ਾਦੀ (ਖਾਲਿਸਤਾਨ) ਦੇ ਮਾਹੌਲ ਵਿੱਚ ਹੀ ਨਜਿੱਠਿਆ ਜਾ ਸਕਦਾ ਹੈ? ਕੀ ਇਹੋ ਜਿਹੇ ਮਸਲੇ ਖੜ੍ਹੇ ਕਰਨ ਵਾਲੇ, ਕਿਤੇ 'ਆਜ਼ਾਦੀ ਤੇ ਸਿੱਖ ਰਾਜ ਤੋਂ ਭਗੌੜੇ ਤਾਂ ਨਹੀਂ? ਆਪਣੇ 'ਭਰਾ' ਦੇ ਵਿਰੋਧੀ ਵਿਚਾਰਾਂ ਕਰਕੇ ਤਾਂ ਅਸੀਂ ਉਸ ਦਾ 'ਲਹੂ-ਪੀਣਾ' ਚਾਹੁੰਦੇ ਹਾਂ ਪਰ ਪਿਛਲੇ ਚਾਰ ਦਹਾਕਿਆਂ ਤੋਂ ਹਜ਼ਾਰਾਂ ਸਿੱਖਾਂ ਦਾ ਲਹੂ ਪੀ ਚੁੱਕੀ, ਦਿੱਲੀ ਦੀ ਜ਼ਾਲਮ ਸਰਕਾਰ ਦਾ ਤਖਤਾ ਪਲਟਣ ਦਾ ਸੰਕਲਪ ਸਾਨੂੰ ਕਿਉਂ ਨਹੀਂ ਔੜਦਾ?

ਬ੍ਰਹਮਵਾਦੀ ਸੋਚ ਭਾਰਤ ਦੇ ਸੰਵਿਧਾਨ ਵਿੱਚ ਵੀ ਸਿੱਖ ਕੌਮ ਨੂੰ ਵੱਖਰੀ ਕੌਮ ਮੰਨਣ ਤੋਂ ਵੀ ਇਨਕਾਰੀ ਹੈ ਉੱਥੇ ਸਿੱਖ ਕੌਮ ਦੀ ਵੱਖਰੀ ਨਿਆਰੀ ਹੋਂਦ ਦਾ ਪ੍ਰਤੀਕ ਨਾਨਕਸ਼ਾਹੀ ਕੈਲੰਡਰ ਜੋ ਕਿ ਸ੍ਰ. ਪਾਲ ਸਿੰਘ ਜੀ ਪੁਰੇਵਾਲ ਨੇ ਤਿਆਰ ਕੀਤਾ ਸੀ ਤੇ 2003 ਵਿੱਚ ਸ਼੍ਰੀ ਅਕਾਲ ਤਖਤ ਦੇ ਜਥੇਦਾਰ ਵੱਲੋ ਜਾਰੀ ਕੀਤਾ ਸੀ। ਉਹ ਵਿਪਰਾਂ ਨੂੰ ਕਿਸੇ ਵੀ ਤਰ੍ਹਾਂ ਭਾਉਂਦਾ ਨਹੀ ਸੀ, ਤੇ ਉਹਨਾਂ ਨੇ ਆਪਣੇ ਹੱਥ ਠੋਕੇ ਜਥੇਦਾਰਾਂ ਤੇ ਸਿੱਖੀ ਭੇਸ ਵਿੱਚ ਸਿੱਖੀ ਸਿਧਾਂਤਾਂ ਦੇ ਦੁਸ਼ਮਣ ਸਾਧਾ ਦੁਆਰਾ, ਸੋਧਾਂ ਦੇ ਨਾਮ ਤੇ ਇਸਦਾ ਬਿਕ੍ਰਮੀਕਰਣ ਕਰਕੇ ਇਸ ਤੇ ਵੀ ਭਗਵਾਂ ਰੰਗ ਚਾੜ ਦਿੱਤਾ, ਬੇਸ਼ੱਕ ਬਹੁਗਿਣਤੀ ਸਿੱਖ ਕੌਮ ਨੇ ਇਸ ਨੂੰ ਨਿਕਾਰ ਦਿੱਤਾ ਹੈ।

ਨਾਨਕਸ਼ਾਹੀ ਨਵੇਂ ਵਰ੍ਹੇ ਦੀ ਆਮਦ ਤੇ ਅਕਾਲ ਪਰਖ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਕੁਰਸੀ ਦੀ ਲਾਲਸਾਂ, ਨਿੱਜੀ



ਸਵਾਰਥਾਂ ਤੇ ਪਰਿਵਾਰ ਵਾਦ ਵਿੱਚ ਧੱਸੇ ਜ਼ਮੀਰ ਵੇਚੂ ਲੀਡਰਾਂ ਨੂੰ ਸਮੱਤ ਬਖੱਸ਼ੇ ਤੇ ਇਹ ਆਪਣੇ ਨਿੱਜੀ ਹਿੱਤਾਂ ਤੋਂ ਉਪਰ ਉਠਕੇ ਕੌਮ ਦੇ ਭਲੇ ਬਾਰੇ ਸੋਚਣ ਤੇ ਇਹਨਾਂ ਬਚਨਾਂ ਵੱਲ ਧਿਆਨ ਦੇਵੇ ਕਿ ਜਬ ਲਗ ਖਾਲਸਾ ਰਹੇ ਨਿਆਰਾ, ਤਬ ਲਗ ਤੇਜ ਦਿਉ ਮੈ ਸਾਰਾ, ਜਬ ਇਹ ਗਏ ਬਿਪ੍ਰਨ ਕੀ ਰੀਤ, ਮੈ ਨਾ ਕਰੋ ਇਨ ਕੀ ਪ੍ਰਤੀਤ ਨੂੰ ਸਮਝੀਏ ਤੇ ਬਿਪਰਾਂ ਦੀ ਸੋਚ ਛੱਡ ਕੇ ਗੁਰੂ ਦੇ ਨਿਆਰੇ ਖਾਲਸਾ ਬਣਨ ਦੀ ਕੋਸ਼ਿਸ਼ ਕਰੀਏ।

ਸੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਣ ਵਾਲਾ ਖਾਲਸਾ ਪੰਥ ਨਾਨਕਸ਼ਾਹੀ ਸੰਮਤ 557 ਦੀ ਆਮਦ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿੱਚ ਵਿਪਰਵਾਦੀ ਸੋਚ ਵੱਲੋ ਬਾਹਰੀ ਤੇ ਸਿੱਖੀ ਭੇਸ ਵਾਲੇ ਅੰਦਰੂਨੀ ਹਮਲਿਆਂ ਨੂੰ ਗੰਭੀਰਤਾ ਨਾਲ ਵੀਚਾਰੇ ਤੇ ਇਹਨਾਂ ਵਿਪਰਵਾਦੀ ਹਮਲਿਆਂ ਦਾ ਸਦੀਵੀ ਹੱਲ ਸਿੱਖ ਕੌਮ ਦਾ ਆਪਣਾ ਪ੍ਰਭੂਸੱਤਾ ਸੰਪਨ ਅਜ਼ਾਦ ਦੇਸ਼ ਖਾਲਿਸਤਾਨ ਹੈ। ਜਿਸ ਦੀ ਖਾਤਰ ਸਿੱਖ ਕੌਮ ਦੇ ਅਣਖੀ ਸੂਰਬੀਰਾ ਨੇ ਅਥਾਹ ਕੁਰਬਾਨੀਆਂ ਕੀਤੀਆਂ ਹਨ।

ਸੋ ਆਉ ਇਸ ਨਵੇਂ ਵਰ੍ਹੇ ਤੇ ਉਸ ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਕਰੀਏ ਕਿ ਸਮੂਹ ਲੋਕਾਈ ਲਈ ਨਾਨਕਸ਼ਾਹੀ ਸੰਮਤ ਖ਼ਸ਼ੀਆਂ ਭਰਿਆਂ ਆਵੇ ਤੇ ਉਹਨਾਂ ਹਕੂਮਤਾਂ ਨੂੰ ਸੋਝੀ ਆਵੇ ਜੋ ਆਪਣੇ ਰਾਜ ਸ਼ਕਤੀ ਦੇ ਨਸ਼ੇ ਵਿੱਚ ਮਨੁੱਖਤਾਂ ਤੇ ਜ਼ੁਲਮ ਕਰਦੀਆਂ ਹਨ ਤੇ ਉਹਨਾਂ ਦੇ ਹੱਕ ਹਕੂਕਾਂ ਤੋਂ ਬਾਝਾਂ ਰੱਖਦੀਆਂ ਹਨ। ਦੁਨੀਆਂ ਅੰਦਰ ਆਪਣੀਆਂ ਕੌਮਾਂ ਦੇ ਹੱਕਾਂ ਹਿੱਤਾਂ ਦੀ ਖਾਤਰ ਸੰਘਰਸ਼ ਕਰ ਰਹੇ ਸਮੂਹ ਸੰਘਰਸ਼ਕਾਰੀਆਂ ਨੂੰ ਇਸ ਨਵੇਂ ਸਾਲ ਤੇ ਸਫਲਤਾ ਮਿਲੇ।

* * * * * * * *

# ਨਿਊ ਜਰਸੀ ਦੇ ਹਵਾਈ ਅੱਡੇ 'ਤੇ ਇਕ ਵਿਅਕਤੀ ਦੀ ਪੈਂਟ ਵਿਚੋਂ ਜੀਂਦਾ ਕੱਛੂਕੁੰਮਾ ਮਿਲਿਆ



ਨਿਊ ਜਰਸੀ ਹਵਾਈ ਅੱਡੇ 'ਤੇ ਇਕ ਯਾਤਰੀ ਕੋਲੋਂ ਮਿਲਿਆ ਕੱਛੂਕੁੰਮਾ


ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨਿਊ ਜਰਸੀ ਦੇ ਹਵਾਈ ਅੱਡੇ 'ਤੇ ਪੈਨਸਿਲਵਾਨੀਆ ਦੇ ਇਕ ਵਿਅਕਤੀ ਦੀ ਪੈਂਟ ਵਿਚੋਂ ਇਕ ਜੀਂਦਾ ਕੱਛੂਕੁੰਮਾ ਮਿਲਣ ਦੀ ਖਬਰ ਹੈ। ਸੰਘੀ ਟਰਾਂਸਪੋਰਟੇਸ਼ਨ ਸਕਿਉਰਿਟੀ ਐਡਮਨਿਸਟ੍ਰੇਸ਼ਨ (ਟੀ ਐਸ ਏ) ਅਨੁਸਾਰ ਨਿਊਆਰਕ ਲਿਬਰਟੀ ਇੰਟਰਨੈਸ਼ਨਲ ਏਅਰਪੋਰਟ 'ਤੇ ਬੌਡੀ ਸਕੈਨਰ ਦੌਰਾਨ ਇਕ ਵਿਅਕਤੀ ਦੀ ਪੈਂਟ ਵਿਚ ਕੁਝ ਲੁਕੋਇਆ ਹੋਣ ਦਾ ਸ਼ੱਕ ਪਿਆ। ਜਦੋਂ ਉਸ ਵਿਅਕਤੀ ਨੂੰ ਪੁੱਛਿਆ ਗਿਆ ਕਿ ਪੈਂਟ ਵਿਚ ਕੀ ਹੈ ਤਾਂ ਉਸ ਨੇ ਪੈਂਟ ਵਿਚੋਂ ਕੱਛੂਕੁਮਾ ਕੱਢ ਕੇ ਬਾਹਰ ਰਖ ਦਿੱਤਾ । ਤਕਰੀਬਨ 5 ਇੰਚ ਲੰਬੇ ਕੱਛੂਕੁੰਮੇ ਨੂੰ ਉਸ ਨੇ ਨੀਲੇ ਰੰਗ ਦੇ ਤੌਲੀਏ ਵਿਚ ਲਪੇਟਿਆ ਹੋਇਆ ਸੀ। ਉਸ ਵਿਅਕਤੀ ਨੇ ਕਿਹਾ ਕਿ ਇਹ ਲਾਲ ਕੰਨ ਵਾਲਾ ਕੱਛੂਕੁੰਮਾ ਆਮ ਨਹੀਂ ਮਿਲਦਾ ਤੇ ਇਸ ਨੂੰ ਪਾਲਤੂ ਜਾਨਵਰ ਦੀ ਤਰਾਂ ਰਖਿਆ ਜਾਂਦਾ ਹੈ। ਵਿਅਕਤੀ ਜਿਸ ਦਾ ਨਾਂ ਨਸ਼ਰ ਨਹੀਂ ਕੀਤਾ ਹੈ, ਨੂੰ ਪੁਲਿਸ ਆਪਣੇ ਨਾਲ ਲੈ ਗਈ ਹੈ। ਕੱਛੂਕੁੰਮੇ ਨੂੰ ਜ਼ਬਤ ਕਰ ਲਿਆ ਗਿਆ ਹੈ। ਨਿਊ ਜਰਸੀ ਦੇ ਟੀ ਐਸ ਏ ਦੇ ਫੈਡਰਲ ਸਕਿਉਰਿਟੀ ਡਾਇਰੈਕਟਰ ਥਾਮਸ ਕਾਰਟਰ ਨੇ ਕਿਹਾ ਹੈ ਕਿ ਯਾਤਰੀ ਚਾਕੂ ਜਾਂ ਕੋਈ ਹਥਿਆਰ ਲਕੋ ਕੇ ਲਿਜਾਂਦੇ ਤਾਂ ਫੜੇ ਗਏ ਹਨ ਪਰੰਤੂ ਮੇਰਾ ਵਿਸ਼ਵਾਸ਼ ਹੈ ਕਿ ਇਹ ਪਹਿਲਾ ਮਾਮਲਾ ਹੈ ਕਿ ਕੋਈ ਵਿਅਕਤੀ ਆਪਣੀ ਪੈਂਟ ਵਿਚ ਜੀਂਦਾ ਜਾਨਵਰ ਲੁਕਾ ਕੇ ਲਿਜਾ ਰਿਹਾ ਸੀ। ਉਨਾਂ ਕਿਹਾ ਕਿ ਵਧੀਆ ਗੱਲ ਇਹ ਹੈ ਕਿ ਕੱਛੂਕੁੰਮੇ ਨੂੰ ਕੋਈ ਨੁਕਸਾਨ ਨਹੀਂ ਪੁੱਜਾ ਹੈ। ਥਾਮਸ ਅਨੁਸਾਰ ਮਾਮਲਾ ਜਾਂਚ ਅਧੀਨ ਹੈ ਤੇ ਅਜੇ ਇਹ ਸਾਫ ਨਹੀਂ ਹੈ ਕਿ ਵਿਅਕਤੀ ਵਿਰੁੱਧ ਮਾਮਲਾ ਦਰਜ ਕੀਤਾ ਜਾਵੇਗਾ ਜਾਂ ਜੁਰਮਾਨਾ ਲਾਇਆ ਜਾਵੇਗਾ।

# ਦਲੀਪ ਸਿੰਘ ਉਪਲ ਦੀ 'ਸੰਵੇਦਨਾ ਦੇ ਰੰਗ' ਪਾਠਕ ਨੂੰ ਕਰਦੇ ਨੇ ਦੰਗ

ਉਜਾਗਰ ਸਿੰਘ



ਦਲੀਪ ਸਿੰਘ ਉਪਲ ਵਿਲੱਖਣ ਬਿਰਤੀ ਵਾਲਾ ਬਹੁ-ਰੰਗੀ ਤੇ ਬਹੁ-ਮੰਤਵੀ ਵਿਦਵਾਨ ਹੈ। ਉਸਦੀ ਜ਼ਿੰਦਗੀ ਤੇ ਬਿਰਤੀ ਦੇ ਰੰਗਾਂ ਦੀਆਂ ਪਰਤਾਂ ਦੀ ਜਾਣਕਾਰੀ ਲੈਣ ਲਈ, ਉਸਦੀਆਂ ਮੌਲਿਕ ਅਤੇ ਅਨੁਵਾਦਿਤ ਪੁਸਤਕਾਂ ਪੜ੍ਹਨੀਆਂ ਪੈਣਗੀਆਂ। ਉਨ੍ਹਾਂ ਪੁਸਤਕਾਂ ਵਿੱਚੋਂ ਦਲੀਪ ਸਿੰਘ ਉਪਲ ਦਾ ਵਿਅਕਤਿਤਵ ਨਿਖਰਕੇ ਸਾਹਮਣੇ ਆਉਂਦਾ ਹੈ। 'ਸੰਵੇਦਨਾ ਦੇ ਰੰਗ' ਪੁਸਤਕ ਪੜ੍ਹਨ ਤੋਂ ਬਾਅਦ ਉਸਦੀ ਬਿਰਤੀ ਦੇ ਕਈ ਪੱਖਾਂ ਦਾ ਖੁਲਾਸਾ ਹੁੰਦਾ ਹੈ। ਉਹ ਟਾਈਪਿਸਟ, ਸਟੈਨੋਗ੍ਰਾਫ਼ਰ, ਨਿੱਜੀ ਸਹਾਇਕ, ਡਿਪਟੀ ਰਜਿਸਟਰਾਰ ਪ੍ਰਬੰਧਕ ਅਤੇ ਵਿਤ ਅਧਿਕਾਰੀ ਰਿਹਾ ਹੈ। ਬੜੀ ਹੈਰਾਨੀ ਹੁੰਦੀ ਹੈ ਕਿ ਇੱਕ ਪਾਸੇ ਉਹ ਪੰਜਾਬੀ ਦਾ ਵਿਦਵਾਨ ਹੈ, ਪੰਜਾਬੀ ਵਿੱਚ ਇੱਕ ਦਰਜਨ ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਕਰਵਾ ਚੁੱਕਿਆ ਹੈ, ਰਾਜਨੀਤੀ ਵਿਗਿਆਨ ਦਾ ਗਿਆਤਾ, ਕਾਨੂੰਨੀ ਦਾਅ ਪੇਚਾਂ ਦਾ ਮਾਹਿਰ ਅਤੇ ਵਿਤ ਅਧਿਕਾਰੀ। 'ਸੰਵੇਦਨਾ ਦੇ ਰੰਗ' ਪੁਸਤਕ ਪੰਜ ਭਾਗਾਂ ਵਿੱਚ ਵੰਡੀ ਹੋਈ ਹੈ। ਪਹਿਲੇ ਭਾਗ ਵਿੱਚ ਮੁਲਾਕਾਤਾਂ, ਦੂਜਾ ਸਮਕਾਲੀ ਸਰੋਕਾਰ ਚਿੰਤਨ ਅਤੇ ਚੁਣੌਤੀਆਂ, ਤੀਜਾ ਭਾਗ ਹਿੰਮਤ ਦੇ ਹਾਸਲ ਬਾਰੇ ਰਾਵਾਂ ਤੇ ਲੇਖ, ਚੌਥਾ ਭਾਗ ਮੋਹ ਦਾ ਇਜ਼ਹਾਰ ਚਿੱਠੀਆਂ ਅਤੇ ਪੰਜਵੇਂ ਵਿੱਚ ਤਿੰਨ ਅੰਤਿਕਾ ਹਨ। ਚਰਚਾ ਅਧੀਨ ਪੁਸਤਕ ਵਿੱਚ ਪੜ੍ਹਦਿਆਂ ਇਹ ਵੀ ਪਤਾ ਲੱਗਾ ਕਿ ਪਹਿਲੇ ਭਾਗ ਵਿੱਚ ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਜਿਨ੍ਹਾਂ ਵਿੱਚ ਚਾਰ ਧੁਰੰਦਰ ਵਿਦਵਾਨਾਂ ਡਾ.ਮਲਕੀਅਤ ਸਿੰਘ, ਡਾ.ਦਲੀਪ ਕੌਰ ਟਿਵਾਣਾ, ਬੀਬੀ ਉਰਮਿਲਾ ਕੁਮਾਰੀ ਅਤੇ ਪ੍ਰਗਟ ਸਿੰਘ ਸਤੌਜ ਦੀਆਂ ਮੁਲਕਾਤਾਂ ਸ਼ਾਮਲ ਹਨ। ਚਾਰੇ ਮੁਲਾਕਾਤਾਂ ਵੱਖਰੇ-ਵੱਖਰੇ ਵਿਸ਼ਿਆਂ/ਖੇਤਰਾਂ ਦੇ ਮਾਹਿਰਾਂ ਨਾਲ ਕੀਤੀਆਂ ਹਨ। ਮੁਲਕਾਤਾਂ ਕਰਨ ਵਾਲੇ ਵਿਅਕਤੀ ਨੂੰ ਉਸ ਖੇਤਰ ਦੀ ਜਾਣਕਾਰੀ ਜ਼ਰੂਰੀ ਹੁੰਦੀ ਹੈ। ਦਲੀਪ ਸਿੰਘ ਉਪਲ ਦੀ ਕਮਾਲ ਹੈ ਕਿ ਉਸਨੂੰ ਜੀਵ ਵਿਗਿਆਨ, ਸਮਾਜ ਸੇਵਾ ਅਤੇ ਸਾਹਿਤ ਬਾਰੇ ਬਾਖ਼ੂਬੀ ਜਾਣਕਾਰੀ ਹੈ ਕਿਉਂਕਿ ਜਦੋਂ ਤੁਸੀਂ ਉਸ ਖੇਤਰ ਦੇ ਵਿਦਵਾਨ ਨੂੰ ਸਵਾਲ ਕਰਦੇ ਹੋ ਤਾਂ ਤੁਹਾਨੂੰ ਉਸ ਵਿਸ਼ੇ ਦੀ ਡੂੰਘੀ ਜਾਣਕਾਰੀ ਹੋਣੀ ਚਾਹੀਦੀ ਹੈ। ਦਲੀਪ ਸਿੰਘ ਉਪਲ ਨੇ ਬਹੁਤ ਵਧੀਆ ਢੰਗ ਨਾਲ ਮੁਲਾਕਾਤਾਂ ਕੀਤੀਆਂ ਹਨ ਅਤੇ ਉਨ੍ਹਾਂ ਨੂੰ ਲਿਖਦਿਆਂ ਦਿਲਚਸਪ ਬਣਾਈ ਰੱਖਿਆ ਹੈ ਤਾਂ ਜੋ ਪਾਠਕ ਪੜ੍ਹਦਿਆਂ ਅਕੇਵਾਂ ਮਹਿਸੂਸ ਨਾ ਕਰੇ, ਸਗੋਂ ਅੱਗੇ ਪੜ੍ਹਨ ਦੀ ਉਤਸੁਕਤਾ ਪੈਦਾ ਹੁੰਦੀ ਰਹੇ। ਮੈਂ ਚਾਰੇ ਮੁਲਾਕਾਤਾਂ ਇੱਕੋ ਬੈਠਕ ਵਿੱਚ ਪੜ੍ਹ ਲਈਆਂ। ਇਨ੍ਹਾਂ ਮੁਲਾਕਾਤਾਂ ਵਿੱਚੋਂ ਵਿਦਵਾਨਾ ਦੀ ਜ਼ਿੰਦਗੀ ਦੇ ਵੱਖੋ-ਵੱਖਰੇ ਰੰਗ ਵੇਖਣ ਨੂੰ ਮਿਲੇ, ਜਿਨ੍ਹਾਂ ਨੂੰ ਪੜ੍ਹਕੇ ਪਾਠਕਾਂ ਦੀ ਇਨ੍ਹਾਂ ਖੇਤਰਾਂ/ਵਿਸ਼ਿਆਂ ਦੀ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ। ਨੌਜਵਾਨ ਵਿਦਿਆਰਥੀਆਂ ਲਈ ਇਹ ਮੁਲਾਕਾਤਾਂ ਪ੍ਰੇਰਨਾ ਸਰੋਤ ਹੋਣਗੀਆਂ ਕਿਉਂਕ ਇਨ੍ਹਾਂ ਵਿਦਵਾਨਾ ਨੂੰ ਉਚੇਰਾ ਮੁਕਾਮ ਹਾਸਲ ਕਰਨ ਲਈ ਬੜੀ ਜਦੋਜਹਿਦ ਅਤੇ ਮਿਹਨਤ ਕਰਨੀ ਪਈ ਸੀ। ਡਾ.ਮਲਕੀਅਤ ਸਿੰਘ, ਡਾ.ਦਲੀਪ ਕੌਰ ਟਿਵਾਣਾ ਅਤੇ ਪ੍ਰਗਟ ਸਿੰਘ ਸਤੌਜ ਦੀਆਂ ਮੁਲਾਕਾਤਾਂ ਤੋਂ ਸਪਸ਼ਟ ਹੋ ਗਿਆ ਹੈ ਕਿ ਵਿਦਿਅਕ ਪ੍ਰਣਾਲੀ ਵਿੱਚ ਕਈ ਤਰ੍ਹਾਂ ਦੀਆਂ ਤਰੁਟੀਆਂ ਹਨ। ਅੱਖਰੀ ਪੜ੍ਹਾਈ ਜੀਵਨ ਵਿੱਚ ਵਿਚਰਣ ਲਈ ਲਾਭਦਾਇਕ ਨਹੀਂ ਹੁੰਦੀ, ਨਾ ਗਿਆਨ ਅਤੇ ਨਾ ਸਿਆਣਪ ਦਿੰਦੀ ਹੈ। ਵਿਦਿਆਰਥੀਆਂ ਵਿੱਚ ਖੋਜ ਦੀ ਰੁਚੀ ਨਹੀਂ ਰਹੀ। ਇਸ ਵਿੱਚ ਅਧਿਆਪਕਾਂ ਦੀ ਵੀ ਅਣਗਹਿਲੀ ਮੰਨੀ ਗਈ ਹੈ। ਅੰਦਰੂਨੀ ਪ੍ਰੀਖਿਆ ਪ੍ਰਣਾਲੀ ਵਿਦਿਆਰਥੀਆਂ ਲਈ ਲਾਹੇਬੰਦ ਨਹੀਂ। ਵਿਗਿਆਨ ਪੰਜਾਬੀ ਵਿੱਚ ਵੀ ਪੜ੍ਹਾਇਆ ਜਾ ਸਕਦਾ ਹੈ, ਬਸ਼ਰਤੇ ਅਧਿਆਪਕ ਦਾ ਮਨ ਸਾਫ਼ ਹੋਵੇ। ਪ੍ਰਾਈਵੇਟ ਯੂਨੀਵਰਸਿਟੀਆਂ ਮਹਿੰਗੀਆਂ ਦੁਕਾਨਾ ਬਣ ਗਈਆਂ। ਯੂਨੀਵਰਸਿਟੀਆਂ ਰਾਜਨੀਤੀ ਦੇ ਅਖਾੜੇ ਬਣ ਗਏ। ਵਿਦਿਆਰਥੀਆਂ ਨੂੰ ਇੱਕ ਵਿਸ਼ੇ ਤੇ ਹੀ ਕੰਮ ਕਰਨਾ ਚਾਹੀਦਾ। ਉਰਮਿਲ ਕੁਮਾਰੀ ਦੀ ਮੁਲਾਕਾਤ ਤੋਂ ਸਾਫ਼ ਹੋ ਗਿਆ ਕਿ ਸਾਡਾ ਆਧੁਨਿਕ ਸਮਾਜ ਬਜ਼ੁਰਗਾਂ ਨੂੰ ਅਣਡਿਠ ਕਰ ਰਿਹਾ ਹੈ, ਜਿਸ ਕਰਕੇ ਬਿਰਧ ਆਸ਼ਰਮਾ ਦੀ ਲੋੜ ਪੈਂਦੀ ਹੈ। ਪ੍ਰਗਟ ਸਿੰਘ ਸਤੌਜ ਦੇ ਲੇਖ ਤੋਂ ਪਤਾ ਲੱਗਦਾ ਹੈ ਕਿ ਜ਼ਿੰਦਗੀ ਵਿੱਚ ਸਫਲ ਹੋਣ ਲਈ ਹਾਲਾਤ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ ਪ੍ਰੰਤੂ ਸਾਰਾ ਕੁਝ ਵਿਅਕਤੀ ਦੀ ਭਾਵਨਾ ਤੇ ਨਿਰਭਰ ਕਰਦਾ ਹੁੰਦਾ ਹੈ।





ਦੂਜੇ ਭਾਵ 'ਸਮਕਾਲੀ ਸਰੋਕਾਰ ਚਿੰਤਨ ਤੇ ਚੁਣੌਤੀਆਂ' ਵਿੱਚ ਦਸ ਲੇਖ ਹਨ। ਇਨ੍ਹਾਂ ਸਾਰੇ ਲੇਖਾਂ ਦੇ ਵਿਸ਼ੇ ਬਹੁਤ ਹੀ ਮਹੱਤਵਪੂਰਨ ਹਨ। ਇਨ੍ਹਾਂ ਸਾਰੇ ਲੇਖਾਂ ਵਿੱਚ ਤੱਥਾਂ ਤੇ ਉਦਾਹਰਨਾ ਦੇ ਕੇ ਸਮਝਾਇਆ ਗਿਆ ਹੈ। ਇਨ੍ਹਾਂ ਲੇਖਾਂ ਤੋਂ ਨੌਜਵਾਨੀ ਨੂੰ ਪ੍ਰੇਰਨਾ ਮਿਲੇਗੀ ਕਿਉਂਕਿ ਇਨ੍ਹਾਂ ਵਿੱਚ ਦਰਸ਼ਨ ਸਿੰਘ ਫੇਰੂਮਾਨ ਬਾਰੇ ਲੇਖ ਬਹੁਤ ਹੀ ਪ੍ਰੇਰਨਾ ਦੇਣ ਵਾਲਾ ਹੈ, ਕਿਸ ਪ੍ਰਕਾਰ ਸਾਡੇ ਧਾਰਮਿਕ ਆਗੂਆਂ ਦੀ ਆਪਣੀ ਬਦਨੀਤੀ ਵਾਲੀ ਧਾਰਮਿਕ ਸੋਚ ਕਰਕੇ ਲੋਕਾਂ ਦਾ ਉਨ੍ਹਾਂ ਵਿੱਚੋਂ ਵਿਸ਼ਵਾਸ਼ ਉਠ ਗਿਆ ਸੀ, ਜਿਸਨੂੰ ਦਰਸ਼ਨ ਸਿੰਘ ਫੇਰੂਮਾਨ ਨੇ ਸਿੱਖ ਧਰਮ ਅਤੇ ਸਮਾਜਿਕ ਜ਼ਿੰਮੇਵਾਰੀ ਸੰਬੰਧੀ ਆਪਣੀ ਕੁਰਬਾਨੀ ਦੇ ਕੇ ਮੁੜ ਸਥਾਪਤ ਕੀਤਾ। ਰਾਜਨੀਤੀ ਸ਼ਾਸਤਰ ਦੇ ਮਹੱਤਵਪੂਰਨ ਤੱਤਾਂ ਬਾਰੇ ਵਿਆਖਿਆ ਕਰਕੇ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਰਾਜਨੀਤੀਵਾਨਾ ਅਤੇ ਸਰਕਾਰਾਂ ਦੀ ਅਣਗਹਿਲੀ ਕਰਕੇ ਰਾਜ ਅਤੇ ਕੇਂਦਰੀ ਸਰਕਾਰ ਦੇ ਕੰਮ ਕਾਰ ਵਿੱਚ ਵਿਘਨ ਪੈ ਰਿਹਾ ਹੈ। ਰਾਜਾਂ ਨੂੰ ਵੱਧ ਅਧਿਕਾਰ ਮਿਲਣੇ ਚਾਹੀਦੇ ਹਨ ਤਾਂ ਵਿਕਾਸ ਸੁਚੱਜੇ ਢੰਗ ਨਾਲ ਹੋ ਸਕਦਾ ਹੈ। ਸਭ ਤੋਂ ਮਹੱਤਵਪੂਰਨ ਲੇਖ ਬਜ਼ੁਰਗਾਂ ਨੂੰ ਕਿਸ ਪ੍ਰਕਾਰ ਆਪਣਾ ਬੁਢਾਪਾ ਗੁਜ਼ਾਰਨਾ ਅਤੇ ਅਡਜਸਟਮੈਂਟ ਕਰਨੀ ਚਾਹੀਦੀ ਹੈ, ਉਸ ਸੰਬੰਧੀ ਨੁਕਤੇ ਦੱਸੇ ਗਏ ਹਨ। ਵਰਤਮਾਨ ਸਮਾਜ ਵਿੱਚ ਨੌਜਵਾਨ ਆਪਣੇ ਮਾਪਿਆਂ ਸੰਬੰਧੀ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਅਸਫਲ ਹੋ ਰਹੇ ਹਨ। ਅਜਿਹੇ ਮੌਕੇ 'ਤੇ ਬਜ਼ੁਰਗ ਉਨ੍ਹਾਂ ਨਾਲ ਕਿਸ ਤਰ੍ਹਾਂ ਵਿਵਹਾਰ ਕਰਕੇ ਆਪਣਾ ਜੀਵਨ ਸੁਖਾਲਾ ਬਣਾਉਣ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਹੈ। 'ਜਰਾ ਵਿਗਿਆਨ ਕੀ ਹੈ ?' ਲੇਖ ਵੀ ਬਾਕਮਾਲ ਹੈ, ਆਮ ਲੋਕਾਂ ਨੂੰ ਜਰਾ ਵਿਗਿਆਨ ਦੀ ਜਾਣਕਾਰੀ ਹੀ ਨਹੀਂ ਹੈ। ਡਾ.ਦਲੀਪ ਸਿੰਘ ਉਪਲ ਨੇ ਇਸ ਪੱਖ ਦੀ ਵਿਲੱਖਣ ਜਾਣਕਾਰੀ ਦਿੱਤੀ ਹੈ। ਗੁਰਬਾਣੀ ਵਿੱਚੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਬਦ 'ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ॥' ਰਾਹੀ ਦੱਸਿਆ ਕਿ ਜੀਵਨ ਦੀਆਂ ਤਿੰਨ ਅਵਸਥਾਵਾਂ ਹੁੰਦੀਆਂ ਹਨ, ਇਨ੍ਹਾਂ ਨੂੰ ਕਿਵੇਂ ਜੀਵਿਆ ਜਾ ਸਕਦਾ ਹੈ। ਜਰਾ ਵਿਗਿਆਨ ਦੇ ਵਿਸ਼ੇ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲਾ 'ਜਰਾ ਸਵਾਸਥ ਵਿਗਿਆਨ' ਜਿਸ ਵਿੱਚ ਦੱਸਿਆ ਗਿਆ ਹੈ ਕਿ ਵਿਦੇਸ਼ਾਂ ਦੀ ਤਰ੍ਹਾਂ ਭਾਰਤ ਵਿੱਚ ਵੀ ਬਜ਼ੁਰਗਾਂ ਦੀਆਂ ਬਿਮਾਰੀਆਂ ਦੇ ਇਲਾਜ਼ ਲਈ ਵੱਖਰਾ ਵਿਭਾਗ ਹੋਣਾ ਚਾਹੀਦਾ ਹੈ। ਇਸੇ ਤਰ੍ਹਾਂ 'ਜਰਾ ਅਰਥ ਵਿਗਿਆਨ' ਵਿੱਚ ਦੱਸਿਆ ਗਿਆ ਹੈ ਕਿ ਸਮਾਜ ਵਿੱਚ ਚਾਰ ਪ੍ਰਕਾਰ ਦੇ ਲੋਕ ਅਮੀਰ : ਲੋੜ ਤੋਂ ਵੱਧ ਧਨ, ਸਾਧਾਰਨ : ਲੋੜਾਂ ਸੌਖੀਆਂ ਹੀ ਪੂਰੀਆਂ ਕਰਨਯੋਗ, ਨਿਮਨ : ਲੋੜਾਂ ਔਖਿਆਈ ਨਾਲ ਪੂਰੀਆਂ ਕਰਨਯੋਗ ਅਤੇ ਗ਼ਰੀਬ : ਲੋੜਾਂ ਪੂਰੀਆਂ ਕਰਨ ਤੋਂ ਅਸਮਰਥ। ਇਸ ਲਈ ਇਨ੍ਹਾਂ ਚਾਰੇ ਵਰਗਾਂ ਦੇ ਬਜ਼ੁਰਗਾਂ ਦੇ ਰਹਿਣ ਸਹਿਣ ਅਤੇ ਲੋੜਾਂ ਪੂਰੀਆਂ ਕਰਨ ਦਾ ਪ੍ਰਬੰਧ ਹੋਣਾ ਚਾਹੀਦਾ ਹੈ। 'ਜਰਾ ਮਨੋਵਿਗਿਆਨ' ਵਿੱਚ ਦੱਸਿਆ ਹੈ ਕਿ ਬਜ਼ੁਰਗਾਂ ਦੇ ਸੁਭਾਅ ਬੱਚਿਆਂ ਵਰਗੇ ਹੋ ਜਾਂਦੇ ਹਨ, ਉਨ੍ਹਾਂ ਲਈ ਅਧਿਆਤਮਿਕ ਅਤੇ ਭੌਤਿਕ ਉਪਾਅ ਜ਼ਰੂਰੀ ਹੈ ਹਨ। ਭੌਤਿਕ ਤਤਕਾਲੀ ਪ੍ਰੰਤੂ ਅਧਿਆਤਮਿਕ ਸਥਾਈ ਹੁੰਦੇ ਹਨ। ਸਮਾਜ ਸੇਵਾ ਦੇ ਕਾਰਜ ਕਰਕੇ ਸਮਾਂ ਬਿਤਾਇਆ ਜਾ ਸਕਦਾ ਹੈ। 'ਜਰਾ ਸਮਾਜ ਵਿਗਿਆਨ' ਦੇ ਦੋ ਅੰਗ ਹਨ। ਬਿਰਧਾਂ ਦਾ ਸਮਾਜ ਅਤੇ ਬਿਰਧਾਂ ਦੀ ਸਮਾਜ ਵਿੱਚ ਥਾਂ। ਸੀਨੀਅਰ ਸ਼ਹਿਰੀਆਂ ਦੀਆਂ ਸੰਸਥਾਵਾਂ ਬਿਰਧ ਸਮਾਜ ਨੂੰ ਸੰਗਠਤ ਕਰਨ ਦਾ ਯਤਨ ਹੈ। ਆਸ਼ਰਮ ਧਾਰਮਿਕ ਸੰਸਥਾ, ਪਰ ਬਿਰਧ ਘਰ ਧਰਮ ਨਿਰਪੇਖ ਸੰਸਥਾ। 'ਸਮਾਜਵਾਦ ਆਖ਼ਰ ਕੀ ਹੈ' ਸੰਬੰਧੀ ਦੱਸਿਆ ਗਿਆ ਹੈ, ਇਸ ਵਿੱਚ ਸਮਾਜ ਦੇ ਸਾਰੇ ਵਰਗਾਂ ਦੇ ਅਧਿਕਾਰ ਅਤੇ ਹੱਕ ਬਰਾਬਰ ਹੁੰਦੇ ਹਨ। ਸਾਰੇ ਲੋਕ ਬਰਾਬਰ ਗਿਣੇ ਜਾਂਦੇ ਹਨ। ਗੁਰਪ੍ਰੀਤ ਸਿੰਘ ਤੂਰ ਦੀਆਂ ਦੋ ਪੁਸਤਕਾਂ ਸੰਭਲੋ ਪੰਜਾਬ ਅਤੇ ਜੀਵੇ ਜਵਾਨੀ ਬਾਰੇ ਵਿਸਤਾਰ ਨਾਲ ਦੱਸਿਆ ਗਿਆ ਹੈ ਕਿ ਤੂਰ ਨੇ ਕਿਤਨੀ ਸੰਜੀਦਗੀ ਨਾਲ ਪੁਰਾਣੇ ਪੰਜਾਬ ਜਿਸ ਵਿੱਚ ਖ਼ੁਸ਼ਹਾਲੀ ਤੇ ਹੁਣ ਦੇ ਪੰਜਾਬ ਵਿੱਚ ਨਸ਼ੇ, ਪ੍ਰਦੂਸ਼ਣ, ਬੇਰੋਜ਼ਗਾਰੀ, ਭਰਿਸ਼ਟਾਚਾਰ ਕਰਕੇ ਨੌਜਵਾਨੀ ਦੀ ਹਾਲਤ ਬਾਰੇ ਬਾਖ਼ੂਬੀ ਚਾਨਣਾ ਪਾਇਆ ਹੈ। 'ਜੀਵੇ ਜਵਾਨੀ' ਪੁਸਤਕ ਵਿੱਚ ਨੌਜਵਾਨਾਂ ਨੂੰ ਜਿਲਤ ਵਿੱਚੋਂ ਕੱਢਣ ਲਈ ਪੰਜ ਨੁਕਤੇ : ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗ੍ਰਤ ਕਰਨਾ, ਅਪਰਾਧਕ ਬਿਰਤੀਆਂ ਬਾਰੇ ਸੁਚੇਤ ਕਰਨਾ, ਜਵਾਨੀ ਨੂੰ ਖੇਡਾਂ ਅਤੇ ਕਿਤਾਬਾਂ ਨਾਲ ਜੋੜਨਾ, ਸੱਚੀ ਸੁੱਚੀ ਕਿਰਤ ਦੀ ਚੇਤਨਾ ਪੈਦਾ ਕਰਨਾ ਅਤੇ ਸੁਚੱਜੀ ਜੀਵਨ ਜਾਚ ਦੇ ਪੂਰਨੇ ਪਾਉਣੇ ਬਾਰੇ ਸਹੀ ਢੰਗ ਨਾਲ ਪ੍ਰੇਰਿਤ ਕੀਤਾ ਜਾਵੇ। ਪੁਲਿਸ ਅਧਿਕਾਰੀ ਹੋਣ ਕਰਕੇ ਗੁਰਪ੍ਰੀਤ ਸਿੰਘ ਤੂਰ ਨੇ ਜ਼ਮੀਨੀ ਪੱਧਰ ਤੇ ਖੋਜ ਕਰਕੇ ਸੁਝਾਅ ਦਿੱਤੇ ਹਨ। ਇਸ ਤੋਂ ਇਲਾਵਾ ਵਿਸ਼ਵੀਕਰਨ ਤੇ ਉਦਾਰੀ ਕਰਨ ਦੇ ਲਾਭ ਹਾਨੀਆਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਤੀਜੇ ਭਾਗ ਵਿੱਚ ਦਲੀਪ ਸਿੰਘ ਉਪਲ ਦੀਆਂ ਪੁਸਤਕਾਂ ਦੀ 9 ਵਿਦਵਾਨਾ ਵੱਲੋਂ ਕੀਤੀ ਗਈ ਪੜਚੋਲ ਪ੍ਰਕਾਸ਼ਤ ਕੀਤੀ ਗਈ ਹੈ। ਚੌਥੇ ਭਾਗ ਵਿੱਚ ਵੀ ਉਪਲ ਸਾਹਿਬ ਨੂੰ 8 ਵੱਖ-ਵੱਖ ਉਚ ਕੋਟੀ ਦੇ ਵਿਦਿਆ ਸਾਸਤਰੀਆਂ ਅਤੇ ਸਾਹਿਤਕਾਰਾਂ ਵੱਲੋਂ ਉਨ੍ਹਾਂ ਦੀ ਪ੍ਰਸੰਸਾ ਵਿੱਚ ਲਿਖੀਆਂ ਗਈਆਂ ਚਿੱਠੀਆਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਦਲੀਪ ਸਿੰਘ ਉਪਲ ਨੇ ਇਸ ਪੁਸਤਕ ਵਿੱਚ ਸਮਾਜ ਦੇ ਅਤੇ ਖਾਸ ਤੌਰ 'ਤੇ ਨੌਜਵਾਨੀ ਦੇ ਪੜ੍ਹਨ ਲਈ ਇਹ ਇੱਕ ਬਿਹਤਰੀਨ ਪੁਸਤਕ ਦਿੱਤੀ ਹੈ, ਜਿਸ ਤੋਂ ਬਹੁਤ ਕੁਝ ਸਿੱਖਣ ਨੂੰ ਮਿਲ ਸਕਦਾ ਹੈ। ਸ਼ਾਲਾ ਪਰਮਾਤਮਾ ਉਪਲ ਸਾਹਿਬ ਨੂੰ ਲੰਬੀ ਤੇ ਤੰਦਰੁਸਤ ਜ਼ਿੰਦਗੀ ਬਖ਼ਸ਼ੇ ਤਾਂ ਜੋ ਸਮਾਜ ਦੀ ਹੋਰ ਸੇਵਾ ਕਰ ਸਕਣ। 192 ਪੰਨਿਆਂ, 295 ਰੁਪਏ ਕੀਮਤ ਵਾਲੀ ਇਹ ਪੁਸਤਕ ਸੰਗਮ ਪਬਲੀਕੇਸ਼ਨ ਸਮਾਣਾ ਨੇ ਪ੍ਰਕਾਸ਼ਤ ਕੀਤੀ ਹੈ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਪ੍ਰਾਪਰ ਨੀਂਦ ਲਵੋ ਤੰਦਰੁਸਤੀ ਲਈ

**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)



''ਵਿਸ਼ਵ ਸਲੀਪ ਦਿਵਸ 2025 ਦਾ ਥੀਮ ਹੈ- 'ਹੈਲਦੀ ਸਲੀਪ ਫਾਰ ਆਲ'. ਵਿਸ਼ਵ ਭਰ ਵਿੱਚ ਜ਼ਿਆਦਾ ਸਟ੍ਰੈਸ, ਚਿੰਤਾ ਅਤੇ ਉਦਾਸੀ ਰਹਿਣ ਨਾਲ ਨੀਂਦ ਦਾ ਸਾਈਕਲ ਬਿਗੜਦਾ ਜਾ ਰਿਹਾ ਹੈ। ਨੀਂਦ ਘੱਟ ਜਾਂ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਹਰ ਉਮਰ 'ਚ ਚਿੰਤਾ ਘੱਟ ਕਰਨ ਲਈ ਖਿਆਲ ਰੱਖਣਾ ਜਰੂਰੀ ਹੋ ਗਿਆ ਹੈ''-

ਹੈਲਥ ਮੀਡੀਆ ਕੈਨੇਡਾ: ਵਿਸ਼ਵ ਸਲੀਪ ਦਿਵਸ 14 ਮਾਰਚ, 2025 ਨੂੰ ਵਿਸ਼ਵ ਭਰ 'ਚ ਨੀਂਦ ਸੰਬੰਧੀ ਬਿਮਾਰੀਆਂ ਪ੍ਰਤੀ ਜਾਗਰੁਕਤਾ ਦੇ ਤੌਰ ਮਨਾਇਆ ਗਿਆ। ਅੱਜ ਹਰ ਵਿਅਕਤੀ ਲਈ ਜਰੂਰੀ ਹੋ ਗਈ ਹੈਲਦੀ ਨੀਂਦ। ਹੈਲਦੀ ਸਲੀਪ ਵਿਸ਼ਵ ਸਲੀਪ ਅਦਾਰੇ ਦੇ ਪਹਿਲੇ ਸਹਿ-ਚੇਅਰ ਲਿਬਰੋ ਪੈਰਿਨੋ, ਪਰਮਾ ਯੁਨੀਵਰਸਿਟੀ ਇਟਲੀ ਦੇ ਨਿਊਰੋਲੋਜ਼ੀ ਦੇ ਪ੍ਰੋਫੈਸਰ ਅਤੇ ਐਂਟੋਨੀਓ ਕੁਲੇਬਰਾਸ ਅਪਸਟੇਟ ਮੈਡੀਕਲ ਯੁਨੀਵਰਸਿਟੀ 'ਤੇ ਕਮਿਉਨਿਟੀ ਜਨਰਲ ਹਸਪਤਾਲ ਸੀਰਾਕਯੂਸ ਨਿਊਯਾਰਕ ਯੂ.ਐਸ.ਏ ਤੋਂ ਸਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਵਿਸ਼ਵ ਭਰ ਵਿਚ ਮਨੋਵਿਗਿਆਨਕ ਸਮੱਸਿਆਵਾਂ ਜ਼ਿਆਦਾ ਸਟ੍ਰੈਸ, ਚਿੰਤਾ ਅਤੇ ਉਦਾਸੀ ਰਹਿਣ ਨਾਲ ਨੀਂਦ ਦਾ ਸਾਈਕਲ ਬਿਗੜਦਾ ਜਾ ਰਿਹਾ ਹੈ। ਨੀਂਦ ਘੱਟ ਜਾਂ ਨਾ ਆਉਣ ਦੀ ਸਮੱਸਿਆ ਤੇਜ਼ੀ ਨਾਲ ਵੱਧ ਰਹੀ ਹੈ। ਨੌਜਵਾਨ, ਅਤੇ ਸੀਨੀਅਰਜ਼, ਕਰੀਬਨ 264 ਮਿਲੀਅਨ ਦਾ ਆਂਕੜਾ ਪਾਰ ਕਰ ਚੁੱਕੇ ਹਨ। ਨਾਰਥ-ਅਮਰੀਕਾ ਵਿਚ 20-59 ਸਾਲ ਦੇ 67 ਤੋਂ 75% ਲੋਕ ਇਨਸੋਮਨੀਆ ਦੇ ਅਤੇ 60-80% ਨੀਂਦ ਦੇ ਦੌਰਾਨ ਸਨੋਰਿੰਗ ਦੇ ਸ਼ਿਕਾਰ ਹਨ। ਸਟਡੀ ਮੁਤਾਬਿਕ 9-12% ਸੈਕਸੋਮੀਆ ਯਾਨਿ ਆਪਣੇ ਸਾਥੀ ਨਾਲ ਯੋਨ ਸੰਬੰਧ ਲਈ ਅੱਧੀ ਰਾਤ ਵੇਲੇ ਜਾਗਣਾ, ਦੇ ਸ਼ਿਕਾਰ ਹਨ। ਹਰ ਆਦਮੀ ਜਾਣਦਾ ਹੈ ਕਿ ਸਰੀਰਕ ਅਤੇ ਮਾਨਸਿਕ ਸਿਹਤ ਲਈ ਨੀਂਦ ਜ਼ਰੂਰੀ ਹੈ, ਕੱੁਝ ਇਹ ਨਹੀਂ ਜਾਣਦੇ ਕਿ ਕਿਨਾਂ ਮਹੱਤਵਪੂਰਣ ਹੈ।

ਦੁਨੀਆ ਭਰ ਵਿਚ ਨੀਂਦ ਸੰਬੰਧੀ ਸਮੱਸਿਅਵਾਂ ਇਨਸੋਮਨੀਆ, ਸਲੀਪ ਐਪਨੀਆ, ਨਾਰਕੋਲਪਸੀ, ਘੱਟ ਨੀਂਦ, ਸਨੋਰਿੰਗ, ਰਾਤ ਵੇਲੇ ਡਰਨਾ ਤੇਜ਼ੀ ਨਾਲ ਵੱਧ ਰਹੀਆਂ ਹਨ। ਅਮਰੀਕਾ ਵਿਚ ਕਰੀਬਨ 9 ਮਿਲੀਅਨ ਸੌਣ ਤੋਂ ਪਹਿਲਾਂ ਸਲੀਪ ਲਈ ਡਾਕਟਰੀ ਤਜਵੀਜ਼ ਵਾਲੀਆਂ ਦਵਾਈਆਂ ਲੈ ਰਹੇ ਹਨ। ਤੇਜ਼ ਰਫਤਾਰ ਜ਼ਿੰਦਗੀ ਵਿਚ ਵਰਕ-ਪਲੇਸ 'ਤੇ ਸ਼ਿਫਟਾਂ ਦੀ ਰੋਟੇਸ਼ਨ, ਜੋੜਾਂ ਦਾ ਦਰਦ, ਗਠੀਆ, ਸਟ੍ਰੈਸ, ਕਲੇਸ਼ ਦਾ ਮਾਹੌਲ, ਲੋੜ ਤੋਂ ਵੱਧ ਓਟੀਸੀ ਦਵਾਈਆਂ ਦੀ




ਵਰਤੋਂ, ਸਿਰ ਦਰਦ, ਕਾਰਨ ਨੀਂਦ ਸੰਬੰਧੀ ਰੋਗ ਵੱਧ ਰਹੇ ਹਨ। ਪ੍ਰੈਗਨੈਂਸੀ ਦੌਰਾਣ ਔਰਤਾਂ ਪਹਿਲੇ ਅਤੇ ਤੀਜੇ ਮਹੀਨੇ ਰਾਤ ਵੇਲੇ ਨੀਂਦ ਅਤੇ ਦਿਨ ਵਿਚ ਥਕਾਵਟ ਮਹਿਸੂਸ ਕਰਦੀਆਂ ਹਨ। ਪਹਿਲੇ ਤਿਮਾਹੀ ਦੇ ਦੌਰਾਨ ਬਾਰ-ਬਾਰ ਪਿਸ਼ਾਬ ਆਉਣ ਕਰਕੇ ਨੀਂਦ ਭੰਗ ਹੋ ਜਾਂਦੀ ਹੈ। ਬੱਚੇ ਦੇ ਜਨਮ ਤੋਂ ਬਾਅਦ ਲਗਾਤਾਰ ਦੇਖਭਾਲ, ਦੀ ਚਿੰਤਾ, ਸਟ੍ਰੈਸ ਨਾਲ ਮਾਨਸਿਕ ਪ੍ਰੇਸ਼ਾਨੀਆਂ ਵੱਧ ਜਾਂਦੀਆਂ ਹਨ।

ਖਿਆਲ ਰੱਖੋ : ਲੰਬੀ ਤੰਦਰੁਸਤ ਜ਼ਿੰਦਗੀ ਲਈ ਵਰਕ-ਪਲੇਸ ਦੀਆਂ ਸ਼ਿਫਟਾਂ ਦੇ ਬਾਵਜੂਦ ਡੇਲੀ ਸਲੀਪ ਅਤੇ ਜਾਗਣ ਦਾ ਸਮਾਂ ਨਿਸ਼ਚਿਤ ਕਰਕੇ ਰੋਜਾਣਾ ਘੱਟੋ-ਘੱਟ 8-10 ਘੰਟੇ ਦੀ ਨੀਂਦ ਜਰੂਰ ਲਵੋ।

ਅਲਕੋਹਲ, ਕੈਫੀਨ, ਅਤੇ ਨਿਕੋਟਿਨ, ਮਸਾਲੇਦਾਰ ਫ੍ਰਾਈਡ ਫੂਡ ਦਾ ਬੈਡ 'ਤੇ ਜਾਣ ਤੋਂ ਪਹਿਲਾਂ ਇਸਤੇਮਾਲ ਕਰਨ ਨਾਲ ਸਰੀਰ 'ਤੇ ਮਨ ਬਿਮਾਰ ਹੋ ਸਕਦਾ ਹੈ।

8-10 ਬਦਾਮ ਗਿਰੀ ਖਾ ਕੇ ਗਰਮਾ-ਗਰਮ ਦੁੱਧ ਪੀਓ। ਦੁੱਧ ਅੰਦਰ ਮੌਜੂਦ ਕੈਲਸੀਅਮ, ਜੋ ਦਿਮਾਗ ਨੂੰ ਮੇਲਾਟੋਨਿਨ ਬਣਾਉਣ ਵਿਚ ਮਦਦ ਕਰਦਾ ਹੈ।

ਖੁਰਾਕ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ, ਪੰਪਕਿਨ ਸੀਡਜ਼, ਸ਼ਹਿਦ ਵਾਲਾ ਗਰਮ ਦੁੱਧ, ਸ਼ਾਮਿਲ ਕਰੋ। ਸਰੀਰ ਅੰਦਰ ਮੈਗਨੀਸ਼ੀਅਮ ਦੀ ਕਮੀ ਨੀਂਦ ਲਈ ਦਿਮਾਗ ਦਾ ਸਾਈਕਲ ਬਿਗਾੜ ਸਕਦੀ ਹੈ।

ਸੌਣ ਤੋਂ ਪਹਿਲਾਂ ਲਵੈਂਡਰ ਅਰੋਮਾ ਤੇਲ ਦੀ 2-4 ਬੂੰਦਾਂ ਕਾਟਨ ਬਾਲ (ਰੂਈ) 'ਤੇ ਪਾ ਕੇ ਸੁੰਘੋ। ਇਨਸੋਮਨੀਆ ਦੀ ਹਾਲਤ ਵਿਚ ਮਦਦ ਮਿਲ ਸਕਦੀ ਹੈ।

ਪੂਰੇ ਦਿਨ ਵਿੱਚ 8-10 ਗਿਲਾਸ ਕੌਸਾ ਪਾਣੀ ਪੀਣ ਦੀ ਆਦਤ ਪਾ ਲਵੋ। ਪਾਣੀ ਵਿਚ ਤਾਜ਼ਾ ਨਿੰਬੂ ਰੱਸ ਵੀ ਮਿਕਸ ਕਰ ਸਕਦੇ ਹੋ।

ਨੋਟ: ਕਿਸੇ ਵੀ ਬਿਮਾਰੀ ਅਤੇ ਪ੍ਰੈਗਨੈਂਸੀ ਦੌਰਾਣ ਨੀਂਦ ਦੀ ਹਰ ਸਮੱਸਿਆ ਦੇ ਲਈ ਡਾਕਟਰੀ ਸਲਾਹ, ਪੂਰੀ ਜਾਂਚ 'ਤੇ ਇਲਾਜ਼ ਕਰਾਓ। ਆਪਣੀ ਮਰਜ਼ੀ ਨਾਲ ਕੋਈ ਵੀ ਦਵਾਈ ਅਤੇ ਸਪਲੀਮੈਂਟ ਲਗਾਤਾਰ ਨਾ ਲਵੋ। ਤੁਸੀਂ ਘਰ 'ਚ ਰੱਖੇ ਆਪਣੇ ਪੈੱਟ ਨੂੰ ਜਾਗਦੇ 'ਤੇ ਨੀਂਦ 'ਚ ਵਾਚ ਕਰ ਸਕਦੇ ਹੋ।

# ਕੇਸਰ ਕਰਮਜੀਤ ਦਾ ਗ਼ਜ਼ਲ ਸੰਗ੍ਰਹਿ ਨਦੀਏ ਤੇਰਾ ਕੀ ਸਿਰਨਾਵਾਂ ਹੋਇਆ ਲੋਕ ਅਰਪਣ



ਜਲੰਧਰ (ਤੇਜਿੰਦਰ ਮਨਚੰਦਾ)-ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਰਜਿ ਵਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਰਜਿ ਦੇ ਸਹਿਯੋਗ ਨਾਲ ਅੱਜ ਪੰਜਾਬ ਪ੍ਰੈਸ ਕਲੱਬ ਜਲੰਧਰ ਵਿਖੇ ਸ਼ਾਨਦਾਰ ਸਾਹਤਿਕ ਪ੍ਰੋਗਰਾਮ ਦਾ ਆਯੋਜਨ ਕਰ ਕੇ ਪ੍ਰਸਿੱਧ ਸ਼ਾਇਰ ਕੇਸਰ ਕਰਮਜੀਤ ਦਾ ਦੂਜਾ ਗ਼ਜ਼ਲ ਸੰਗ੍ਰਹਿ ਨਦੀਏ ਤੇਰਾ ਕੀ ਸਿਰਨਾਵਾਂ ਲੋਕ ਅਰਪਣ ਕੀਤਾ ਗਿਆ।

ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ, ਸੀਨੀ ਮੀਤ ਪ੍ਰਧਾਨ ਡਾ.ਗੁਰਚਰਨ ਕੌਰ ਕੋਚਰ, ਉਸਤਾਦ ਸ਼ਾਇਰ ਗੁਰਦਿਆਲ ਰੌਸ਼ਨ, ਕੇਸਰ ਕਰਮਜੀਤ, ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ ਅਤੇ ਜਨ ਸਕੱਤਰ ਲੋਕ ਸ਼ਾਇਰ ਜਗਦੀਸ਼ ਰਾਣਾ ਵਿਰਾਜਮਾਨ ਹੋਏ। ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ ਅਤੇ ਜਗਦੀਸ਼ ਰਾਣਾ ਨੇ ਕਿਹਾ ਕਿ ਪ੍ਰਪੱਕ ਗ਼ਜ਼ਲਕਾਰ ਕੇਸਰ ਕਰਮਜੀਤ ਦਾ ਗ਼ਜ਼ਲ ਸੰਗ੍ਰਹਿ ਲੋਕ ਅਰਪਣ ਕਰਨਾ ਸਾਡੇ ਲਈ ਫ਼ਖ਼ਰ ਵਾਲੀ ਗੱਲ ਹੈ। ਕਿਤਾਬ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆਂ ਪ੍ਰੋ.ਸੰਧੂ ਵਰਿਆਣਵੀ ਨੇ ਕਿਹਾ ਕਿ ਕੇਸਰ ਕਰਮਜੀਤ ਦੀ ਸ਼ਾਇਰੀ ਸਵਾਲ ਖੜ੍ਹੇ ਕਰਦੀ ਹੈ ਤੇ ਅਜਿਹੀ ਸ਼ਾਇਰੀ ਹੀ ਵਧੀਆ ਸ਼ਾਇਰੀ ਮੰਨੀ ਜਾਂਦੀ ਹੈ। ਉਸਤਾਦ ਸ਼ਾਇਰ ਗੁਰਦਿਆਲ ਰੌਸ਼ਨ ਅਤੇ ਡਾ.ਗੁਰਚਰਨ ਕੌਰ ਕੋਚਰ ਨੇ ਮੰਚ ਨੂੰ ਅਤੇ ਕੇਸਰ ਕਰਮਜੀਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੇਸਰ ਕਰਮਜੀਤ ਜਿਹਾ ਜਿਹਾ ਲਿਖਦਾ ਹੈ, ਕਿਰਦਾਰ ਵਜੋਂ ਵੀ ਉਹੋ ਜਿਹਾ ਹੀ ਇਨਸਾਨ ਹੈ। ਇਸ ਮੌਕੇ ਮੰਚ ਵਲੋਂ ਕੇਸਰ ਕਰਮਜੀਤ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਕੇਸਰ ਕਰਮਜੀਤ ਨੇ ਆਪਣੀਆਂ ਤਿੰਨ ਗ਼ਜ਼ਲਾਂ ਸੁਣਾਉਂਦਿਆਂ ਕਿਹਾ ਕਿ ਜੋ ਉਸ ਨੇ ਆਪਣੇ ਆਲ਼ੇ ਦੁਆਲ਼ੇ ਵਾਪਰਦਾ ਵੇਖਿਆ , ਮਹਿਸੂਸ ਕੀਤਾ ਉਸ ਨੂੰ ਸ਼ਾਇਰੀ ਵਿਚ ਉਤਾਰਨ ਦੀ ਕੋਸ਼ਿਸ਼ ਕੀਤੀ ਹੈ।

ਇਸ ਮੌਕੇ ਹੋਏ ਪ੍ਰਭਾਵਸ਼ੀਲ ਕਵੀ ਦਰਬਾਰ ਦੌਰਾਨ ਉਸਤਾਦ ਸ਼ਾਇਰ ਹਰਬੰਸ ਸਿੰਘ ਅਕਸ, ਸਰਬਜੀਤ ਸਿੰਘ ਸੰਧੂ, ਡਾ. ਸੋਮਾ ਸਬਲੋਕ, ਗੁਰਦੀਪ ਸਿੰਘ ਸੈਣੀ, ਸੁਰਜੀਤ ਸਾਜਨ, ਕੁਲਬੀਰ ਸਿੰਘ ਕੰਵਲ, ਮਨੋਜ ਫਗਵਾੜਵੀ, ਮਿੱਤਰ ਮਨਜੀਤ, ਬਲਜੀਤ ਕੌਰ ਸੈਣੀ, ਕੀਮਤੀ ਕੈਸਰ, ਸਵਿੰਦਰ ਸੰਧੂ, ਬਿੱਟੂ ਮਹਿਤਪੁਰੀ, ਦਲਜੀਤ ਮਹਿਮੀ, ਲਾਲੀ ਕਰਤਾਰਪੁਰੀ, ਸਰੂਪ ਸਿਆਲਵੀ, ਰੀਤੂ ਕਲਸੀ, ਲਾਡੀ ਭੁੱਲਰ, ਪਰਮਦਾਸ ਹੀਰ, ਗੁਰਦੀਪ ਸਿੰਘ ਉਜਾਲਾ, ਹੀਰਾ ਲਾਲ ਮਲਹੋਤਰਾ, ਹਰਜਿੰਦਰ ਸਿੰਘ ਜਿੰਦੀ, ਕੁਲਵਿੰਦਰ ਗਾਖਲ, ਰੋਹਿਤ ਸਿੱਧੂ ਅਲੱਗ, ਸੁਖਦੇਵ ਗੰਦਵਾਂ, ਆਦਿ ਤੇ ਹੋਰ ਸ਼ਾਇਰਾਂ ਨੇ ਆਪਣੀਆਂ ਰਚਨਾਵਾਂ ਨਾਲ਼ ਖ਼ੂਬ ਰੰਗਬੰਨ੍ਹਿਆ।

ਗ਼ਜ਼ਲ ਗਾਇਕ ਸੁਰਿੰਦਰ ਗੁਲਸ਼ਨ ਨੇ ਗੁਰਦਿਆਲ ਰੌਸ਼ਨ ਅਤੇ ਉਲ਼ਫ਼ਤ ਬਾਜਵਾ ਦੀਆਂ ਗ਼ਜ਼ਲਾਂ ਗਾ ਕੇ ਵਾਹਵਾ ਤਾੜੀਆਂ ਬਟੋਰੀਆਂ।

ਮੰਚ ਵਲੋਂ ਬੀਤੇ ਦਿਨੀਂ ਸਦੀਵੀ ਵਿਛੋੜੇ ਦੇ ਗਏ ਨਾਮਵਰ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਹੋਰਾਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਰਨਲ ਜਗਬੀਰ ਸਿੰਘ ਸੰਧੂ, ਇੰਜੀ.ਕਰਮਜੀਤ ਸਿੰਘ (ਸੰਪਾਦਕ ਰਣਜੀਤ), ਗੀਤਾ ਵਰਮਾ, ਪ੍ਰੋ.ਅਕਵੀਰ ਕੌਰ, ਅੰਮ੍ਰਿਤਪਾਲ ਸਿੰਘ, ਰਾਕੇਸ਼ ਸੁਰੀ, ਪ੍ਰਿੰਸੀਪਲ ਪ੍ਰੋਮਿਲਾ ਅਰੋੜਾ ਵਿਸ਼ੇਸ਼ ਤੌਰ ਤੇ ਹਾਜ਼ਿਰ ਰਹੇ।

# ਇਟਲੀ ਦੇ ਰੋਮ ਫਿਊਮੀਚੀਨੋ ਅੰਤਰਰਾਸ਼ਟਰੀ ਹਵਾਈ ਅੱਡੇ ਨੇ 8ਵੇਂ ਸਾਲ ਵੀ ਯੂਰਪ ਭਰ 'ਚ ਅੱਵਲ ਰਹਿ ਕੇ ਹਾਸਲ ਕੀਤਾ 'ਸਰਬੋਤਮ ਹਵਾਈ ਅੱਡਾ' ਹੋਣ ਦਾ ਖਿਤਾਬ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਇਸ ਵਿੱਚ ਕੋਈ ਦੋ ਰਾਏ ਨਹੀ ਕਿ ਯੂਰਪ ਦਾ ਬੇਹੱਦ ਖੂਬਸੂਰਤ ਦੇਸ਼ ਇਟਲੀ ਜਿਹੜਾ ਕਿ ਆਪਣੀਆਂ ਅਨੇਕਾਂ ਖੂਬੀਆਂ ਲਈ ਦੁਨੀਆ ਵਿੱਚ ਵਿਲੱਖਣ ਸਥਾਨ ਰੱਖਦਾ ਹੈ ਤੇ ਹੁਣ ਵੀ ਇਟਲੀ ਦਾ ਨਾਮ ਕਿਸੇ ਨਾ ਕਿਸੇ ਖੇਤਰ ਵਿੱਚ ਆਏ ਦਿਨ ਧੂਮ ਮਚਾ ਰਿਹਾ ਹੈ। ਜਿਨ੍ਹਾਂ ਲੋਕਾਂ ਦਾ ਮਹਿਬੂਬ ਦੇਸ਼ ਇਟਲੀ ਹੈ ਉਨ੍ਹਾ ਲੋਕਾਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ ਕਿ ਇਟਲੀ ਦੀ ਰਾਜਧਾਨੀ ਰੋਮ ਦੇ ਪ੍ਰਸਿੱਧ ਅੰਤਰਰਾਸ਼ਟਰੀ ਹਵਾਈ ਅੱਡਾ 'ਲਿਓਨਾਰਦੋ ਦਾ ਵਿੰਚੀ' ਫਿਊਮੀਚੀਨੋ ਪਿਛਲੇ ਸੱਤ ਸਾਲਾਂ ਤੋਂ ਯੂਰਪੀਅਨ ਦੇਸ਼ਾਂ ਦੇ ਹਵਾਈ ਅੱਡਿਆਂ ਨੂੰ ਪਛਾੜ ਕੇ ਦੁਨੀਆਂ ਭਰ ਵਿੱਚ ਯਾਤਰੀਆਂ ਦੀ ਸੁਰੱਖਿਆ ਦੇ ਮੱਦੇ ਨਜ਼ਰ ਵਧੀਆ ਸੇਵਾਵਾਂ ਦੇਣ ਵਾਲਾ ਯੂਰਪ ਦਾ ਪਹਿਲੇ ਦਰਜੇ ਦਾ ਹਵਾਈਂ ਅੱਡਾ ਹੋਣ ਦਾ "ਸਰਬੋਤਮ ਹਵਾਈ ਅੱਡਾ" ਮਾਣਮੱਤਾ ਖਿਤਾਬ 7ਵੀ ਵਾਰ ਆਪਣੀ ਝੋਲੀ ਪੁਆ ਚੁੱਕਾ ਹੈ। ਹਾਲ ਵਿੱਚ ਹੀ (ਏ ਸੀ ਆਈ) ਏਅਰਪੋਰਟ ਕੌਂਸਲ ਇੰਟਰਨੈਸ਼ਨਲ ਜੋ ਕਿ ਅੰਤਰਰਾਸ਼ਟਰੀ ਹਵਾਈ ਅੱਡਿਆਂ ਦੀ ਐਸੋਸੀਏਸ਼ਨ ਹੈ ਵਲੋ ਜਾਰੀ ਕੀਤੇ ਗਏ ਸਾਲ 2025 ਦੇ ਸਰਵੇਖਣ ਵਿੱਚ ਦੱਸਿਆ ਹੈ ਕਿ ਸਾਲ 2024 ਦੌਰਾਨ ਰੋਮ ਹਵਾਈ ਅੱਡੇ ਤੇ ਯਾਤਰੀਆਂ ਨੂੰ ਵਧੀਆ ਸਹੂਲਤਾਂ ਤੇ ਸੁਰੱਖਿਆ ਪ੍ਰਤੀ ਵਧੀਆ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਰਕੇ ਉਹਨਾਂ ਲਗਾਤਾਰ ਅੱਠਵੀਂ ਵਾਰ ਫਿਊਮੀਚੀਨੋ ਹਵਾਈ ਅੱਡੇ ਨੂੰ ਇਸ ਖਿਤਾਬ ਨਾਲ ਨਿਵਾਜਿਆ ਹੈ। ਦੂਜੇ ਪਾਸੇ ਹਵਾਈ ਅੱਡੇ ਦੇ ਸੀ.ਈ.ਓ. ਮਾਰਕੋ ਤਰੋਨਕੋਨੇ ਨੇ ਹਰ ਵਾਰ ਦੀ ਤਰ੍ਹਾ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਉਹਨਾਂ ਨੂੰ ਉਚੇਚੇ ਤੌਰ ਤੇ ਮਾਣ ਹੈ ਕਿ ਸਾਲ 2025 ਵਿੱਚ ਵੀ ਰੋਮ ਹਵਾਈ ਅੱਡੇ ਨੂੰ ਸਰਵਉੱਤਮ ਹਵਾਈ ਸੇਵਾਵਾਂ ਤੇ ਸੁਰੱਖਿਆ ਪ੍ਰਬੰਧਕਾਂ ਕਰਕੇ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ।




ਸਾਲ 2024 ਦੇ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 119 ਯੂਰਪੀਅਨ ਹਵਾਈ ਅੱਡਿਆਂ ਵਿੱਚੋਂ ਇਟਲੀ ਦਾ ਹਵਾਈ ਅੱਡਾ ਪਹਿਲੇ ਸਥਾਨ 'ਤੇ ਸੀ । ਲਿਓਨਾਰਦੋ ਦਾ ਵਿੰਚੀ ' ਹਵਾਈ ਅੱਡਾ ਸਾਰੇ ਹਵਾਈ ਅੱਡਿਆਂ ਵਿੱਚੋਂ ਯਾਤਰੀਆਂ ਦੀ ਸੰਤੁਸ਼ਟੀ ਦੇ ਸਭ ਤੋਂ ਉੱਚੇ ਪੱਧਰ ਵਾਲਾ ਹਵਾਈ ਅੱਡਾ ਵੀ ਹੈ, ਜਿੱਥੇ ਪ੍ਰਤੀ ਸਾਲ ਔਸਤਨ 25 ਮਿਲੀਅਨ ਤੋਂ ਵੱਧ ਆਵਾਜਾਈ ਹੁੰਦੀ ਹੈ। ਪਰ ਸਾਲ 2024 ਵਿੱਚ ਯਾਤਰੀਆਂ ਦੀ ਗਿਣਤੀ 40 ਮਿਲੀਅਨ ਤੋ ਉੱਪਰ ਦਰਜ ਕੀਤੀ ਗਈ ਹੈ। ਇਸ ਹਵਾਈ ਅੱਡੇ ਨੂੰ "ਸਰਬੋਤਮ ਹਵਾਈ ਅੱਡਾ" ਪੁਰਸਕਾਰ ਤੋਂ ਇਲਾਵਾ, ਰੋਮ ਫਿਊਮੀਚੀਨੋ ਨੂੰ ਹੇਠ ਲਿਖੇ ਪੁਰਸਕਾਰ ਵੀ ਮਿਲੇ: ਯੂਰਪ ਵਿੱਚ ਸਭ ਤੋਂ ਸਮਰਪਿਤ ਸਟਾਫ ਵਾਲਾ ਹਵਾਈ ਅੱਡਾ; ਯੂਰਪ ਵਿੱਚ ਸਭ ਤੋਂ ਆਸਾਨ ਹਵਾਈ ਅੱਡੇ ਦੀ ਯਾਤਰਾ; ਯੂਰਪ ਦਾ ਸਭ ਤੋਂ ਮਨੋਰੰਜਕ ਹਵਾਈ ਅੱਡਾ ਅਤੇ ਯੂਰਪ ਦਾ ਸਭ ਤੋਂ ਸਾਫ਼ ਸੁਥਰਾ ਹਵਾਈ ਅੱਡਾ ਹੋਣ ਦੇ ਸਨਮਾਨ ਪ੍ਰਾਪਤ ਹੋਏ ਹਨ।

ਦੱਸਿਆ ਜਾ ਰਿਹਾ ਹੈ ਕਿ ਦੁਨੀਆ ਭਰ ਦੇ 360 ਤੋਂ ਵੱਧ ਹਵਾਈ ਅੱਡਿਆਂ ਤੇ 700.000 ਯਾਤਰੀਆਂ ਤੋ ਉਨ੍ਹਾਂ ਦੀ ਰਾਏ ਲਈ ਗਈ ਸੀ। ਜਿਸ ਤੋ ਬਾਅਦ ਇਹ ਪੁਰਸਕਾਰ ਇਟਲੀ ਦੇ ਹਿੱਸੇ ਆਇਆ ਹੈ।

ਦੱਸਣਯੋਗ ਹੈ ਕਿ ਫਿਊਮੀਚੀਨੋ ਹਵਾਈ ਅੱਡੇ ਨੂੰ ਸਾਲ 2020 ਸਤੰਬਰ ਮਹੀਨੇ ਵਿੱਚ ਕੋਵਿਡ ਸਮੇਂ ਦੌਰਾਨ ਯਾਤਰੀ ਦੀ ਸਿਹਤ ਸੰਬੰਧੀ ਵਧੀਆ ਸਹੂਲਤਾਂ ਦੇਣ ਵਾਲਾ ਖਿਤਾਬ ਵੀ ਮਿਲ ਚੁੱਕਾ ਹੈ ਤੇ ਨਾਲ ਹੀ ਸਕਾਈਟਰੈਕਸ ਵਲੋਂ ਇਸ ਹਵਾਈ ਅੱਡੇ ਨੂੰ ਪੰਜ ਸਿਤਾਰਾ ਐਂਟੀ ਕੋਵਿਡ ਹਵਾਈ ਅੱਡੇ ਦਾ ਖਿਤਾਬ ਹਾਸਲ ਹੋਇਆ ਸੀ। ਰੋਮ ਹਵਾਈ ਅੱਡੇ ਨੂੰ 8ਵੀਂ ਵਾਰ ਯੂਰਪ ਦਾ ਸਰਬੋਤਮ ਹਵਾਈ ਅੱਡੇ ਦਾ ਤੇ "ਚਮਪੀਨੋ ਜੋਵਨ ਬਤੀਸਤਾ ਪਸਤੀਨੇ" ਅੰਤਰਰਾਸ਼ਟਰੀ ਹਵਾਈ ਅੱਡੇ ਨੂੰ ਪਹਿਲੀ ਵਾਰ "ਯੂਰਪ ਵਿੱਚ ਸਭ ਤੋਂ ਸਮਰਪਿਤ ਸਟਾਫ ਵਾਲਾ ਹਵਾਈ ਅੱਡਾ" ਦਾ ਖਿਤਾਬ ਮਿਲਣਾ ਇਟਲੀ ਵਾਸੀਆਂ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ।


ਜ਼ਿਕਰਯੋਗ ਹੈ ਇਹ ਦੋਵੇ ਹਵਾਈ ਅੱਡੇ ਰਾਜਧਾਨੀ ਰੋਮ ਦੀ ਗੋਦ ਵਿੱਚ ਸਥਿਤ ਹਨ। ਭਾਵੇ ਚਮਪੀਨੋ ਹਵਾਈ ਅੱਡਾ ਬਹੁਤਾ ਵੱਡਾ ਨਹੀਂ ਹੈ ਪਰ ਫਿਰ ਵੀ ਘਰੇਲੂ, ਯੂਰਪੀਅਨ ਤੇ ਇੰਗਲੈਂਡ ਵਰਗੇ ਦੇਸ਼ਾਂ ਨੂੰ ਹਵਾਈ ਸੇਵਾਵਾਂ ਪ੍ਰਦਾਨ ਕਰ ਰਿਹਾ। ਦੂਜੇ ਏ ਡੀ ਆਰ (ਏਅਰਪੋਰਟ ਡੀ ਰੋਮਾ) ਵਲੋ ਵੀ ਆਪਣੇ ਸੋਸ਼ਲ ਮੀਡੀਆ ਅਕਾਊਟ ਤੇ ਇਸ ਖੁਸ਼ੀ ਨੂੰ ਬਹੁਤ ਹੀ ਮਾਣ ਨਾਲ ਸਾਝਾਂ ਕੀਤਾ ਹੈ।

# ਕੈਂਸਰ ਦੀ ਸੁਨਾਮੀ ਦੀ ਸੰਭਾਵਨਾ ਚਿੰਤਾਜਨਕ

ਸੁਖਪਾਲ ਸਿੰਘ ਗਿੱਲ
9878111445
ਅਬਿਆਣਾ ਕਲਾਂ



ਪ੍ਰਸਿੱਧ ਦਾਰਸ਼ਨਿਕ ਕਨਫਿਊਸ਼ੀਅਸ ਦਾ ਕਥਨ ਹੈ ਕਿ ਗਲਤੀ ਦਾ ਗਿਆਨ ਹੋ ਜਾਣ ਤੇ ਫੇਰ ਗਲਤੀ ਨਾ ਸੁਧਰੇ ਤਾਂ ਅਗਲੀ ਗਲਤੀ ਜ਼ਰੂਰ ਹੋ ਜਾਂਦੀ ਹੈ। ਇਹ ਤੱਥ ਬਿਮਾਰੀਆਂ ਸਬੰਧੀ ਸਾਡੀ ਮਾਨਸਿਕਤਾ ਉੱਤੇ ਢੁੱਕਦਾ ਹੈ। ਕੈਂਸਰ ਬਾਰੇ ਬਹੁਤ ਕੁਝ ਪਰਖਿਆ ਪੜਚੋਲਿਆ ਗਿਆ ਪਰ ਗਲਤੀ ਦੀ ਗੁੰਜਾਇਸ਼ ਹੁੰਦੀ ਗਈ। ਅਮਰੀਕਾ ਵਿੱਚ ਕਲੀਵਲੈਂਡ ਕਲੀਨਿਕ ਵਿਭਾਗ ਦੇ ਮੁੱਖੀ ਡਾ. ਜਾਮੇ ਇਬਰਾਹਿਮ ਨੇ ਚਿਤਾਵਨੀ ਦਿੱਤੀ ਹੈ ਕਿ ਭਾਰਤ ਵਿੱਚ ਜਿਸ ਤਰ੍ਹਾਂ ਗੰਭੀਰ ਬਿਮਾਰੀਆਂ ਵੱਧਦੀਆਂ ਹਨ। ਉਹਨਾਂ ਦੀ ਰੋਕਥਾਮ ਅਤੇ ਉਪਚਾਰ ਤੇਜ਼ੀ ਨਾਲ ਕਰੇ। ਸੰਸਾਰ ਸਿਹਤ ਸੰਸਥਾ ਦੀ ਰਿਪੋਰਟ ਵਿੱਚ ਕੋਡ ਹੋਇਆ ਹੈ ਕਿ 2020 ਵਿੱਚ ਕਿ ਕੈਂਸਰ ਦੇ ਪਸਾਰ ਲਈ ਭਾਰਤ ਦਾ ਤੀਜਾ ਨੰਬਰ ਹੈ। ਇਸਦਾ ਮੁੱਖ ਕਾਰਨ ਖਾਣ ਪੀਣ, ਗਲਤ ਜਿੰਦਗੀ ਜੀਉਣ ਦਾ ਤਰੀਕਾ, ਗਲੋਬਲਾਈਜ਼ੇਸ਼ਨ, ਗਲਤੀ ਦਾ ਦੋਹਰਾਓ ਅਤੇ ਵੱਧਦੀ ਜਨਸੰਖਿਆ ਹੈ। ਕੈਂਸਰ ਬਾਰੇ ਅਖਬਾਰਾਂ, ਮੈਡੀਕਲ ਵਿਭਾਗ ਅਤੇ ਸਰਕਾਰ ਦੇ ਜਾਗਰੂਕ ਕੈਂਪਾ ਰਾਹੀਂ ਉਪਰਾਲੇ ਹੋਣ ਦੇ ਬਾਵਜੂਦ ਵੀ ਜਿਸ ਰਫਤਾਰ ਨਾਲ ਕੈਂਸਰ ਰੋਗ ਵੱਧ ਰਿਹਾ ਹੈ ਉਸਤੋਂ ਇਸਦੀ ਸੁਨਾਮੀ ਦੀ ਸੰਭਾਵਨਾ ਬਣੀ ਹੋਈ ਹੈ। ਇਹ ਵਿਸ਼ਾ ਚਿੰਤਾਜਨਕ ਹੈ।



ਇਸ ਬਿਮਾਰੀ ਦੇ ਸੰਭਾਵੀ ਖਤਰਿਆਂ ਲਈ ਭਾਰਤ ਨੂੰ ਕੈਂਸਰ ਦੀਆਂ ਦਵਾਈਆਂ, ਆਰਟੀਫੀਸ਼ਲ ਇਨਟੈਲੀਜੈਂਸ ਡੀਜੀਟਲ ਤਕਨੀਕਾਂ ਅਤੇ ਖੋਜਾਂ ਨਾਲ ਮੈਡੀਕਲ ਤਕਨੀਕ ਨੂੰ ਅੱਗੇ ਵਧਾਉਣਾ ਬਹੁਤ ਜ਼ਰੂਰੀ ਹੈ। ਭਾਰਤ ਵਿੱਚ ਆਦਤਾਂ ਅਤੇ ਸ਼ਰੀਰਕ ਅੰਗਾਂ ਕਰਕੇ ਕੈਂਸਰ ਦੀ ਸਮੱਸਿਆ ਮਰਦ ਅਤੇ ਔਰਤ ਦੀ ਬਰਾਬਰ ਜਿਹੀ ਹੀ ਹੈ ।ਮਰਦਾਂ ਨੂੰ ਤੰਬਾਕੂ ਨਸ਼ਾ ਗਲਤ ਆਦਤਾਂ ਮਾਰਦੀਆਂ ਹਨ ਜਦੋਂ ਕਿ ਔਰਤ ਨੂੰ ਇਸਦੇ ਨਾਲ - ਨਾਲ ਪ੍ਰਜਣਨ ਅੰਗਾਂ ਦਾ ਕੈਂਸਰ ਵੀ ਮਾਰਦਾ ਹੈ। ਭਾਰਤ ਵਿੱਚ ਇਸ ਰੋਗ ਦੀ ਮੌਤ ਦਰ 2020 ਵਿੱਚ 13.92 ਲੱਖ, 2021 ਵਿੱਚ 14.26 ਲੱਖ ਅਤੇ 2022 ਵਿੱਚ 14.61 ਲੱਖ ਤੱਕ ਸੀ। ਇਸ ਅੰਕੜੇ ਨਾਲ ਕੈਂਸਰ ਸੁਨਾਮੀ ਦੀ ਸ਼ੰਕਾ ਹੋਰ ਗੂੜੀ ਬਣੀ ਰਹਿੰਦੀ ਹੈ।

ਭਾਰਤੀ ਲੋਕਾਂ ਨੂੰ ਇਸ ਵਿਸ਼ੇ ਤੇ ਖਾਸ ਤਵੱਜੋ ਦੇਣ ਦੀ ਲੋੜ ਹੈ। ਸਰਕਾਰ ਨੇ 2012 ਤੋਂ ਕੈਂਸਰ ਰੋਗੀਆਂ ਲਈ ਰਾਹਤ ਕੋਸ਼ ਦਾ ਉਪਰਾਲਾ ਕੀਤਾ ਹੋਇਆ ਹੈ। ਪਰ ਇਸ ਨੂੰ ਰੋਕਣ ਅਤੇ ਗਲਤੀ ਸੁਧਾਰਨ ਦਾ ਧਿਆਨ ਨਹੀਂ ਦਿੱਤਾ। ਕੀਟਨਾਸ਼ਕਾ ਨੂੰ ਇਸ ਬਿਮਾਰੀ ਦੀ ਜੜ੍ਹ ਮੰਨਿਆ ਗਿਆ ਸੀ ਕਾਰਨ ਭਾਵੇਂ ਹੋਰ ਵੀ ਹੋਣ। ਅਮਰੀਕਾ ਨੇ 1972 ਵਿੱਚ ਡੀ.ਡੀ.ਟੀ ਤੇ ਪਾਬੰਦੀ ਲਾਈ ਜਦੋਂ ਕਿ ਭਾਰਤ ਨੇ 1989 - 90 ਵਿੱਚ ਇਸ ਦਵਾਈ ਤੇ ਪਾਬੰਦੀ ਲਾਈ। ਸਾਡੇ ਦੇਸ਼ ਵਿੱਚ ਲੁੱਕ ਛਿਪ ਕੇ ਫੇਰ ਵੀ ਚੱਲੀ ਗਈ। ਪੰਜਾਬ ਵਿੱਚ ਪਿੱਛਲੀ ਸਰਕਾਰ ਨੇ 20 ਕੀਟਨਾਸ਼ਕਾ ਤੇ ਪਾਬੰਦੀ ਲਾਈ ਸੀ ਜੋ ਵਧੀਆ ਉਪਰਾਲਾ ਸੀ। ਭਾਰਤ ਵਿੱਚ ਪਦਾਰਥਵਾਦੀ ਦੋੜ ਨੇ ਇਸ ਬਿਮਾਰੀ ਦੀ ਵੱਧਦੀ ਦਰ ਅਤੇ ਮੌਤ ਦਰ ਨਾਲ ਸਿਹਤ ਪੱਖ ਲਈ ਭਵਿੱਖੀ ਵੰਗਾਰ ਖੜੀ ਕੀਤੀ ਹੋਈ ਹੈ। ਹਰੀ ਕ੍ਰਾਂਤੀ ਨੇ 5 ਗੁਣਾਂ ਫਸਲਾਂ ਤਾਂ ਵਧਾਈਆਂ ਪਰ ਨਾਂਹ ਪੱਖੀ ਪ੍ਰਭਾਵ ਵੇਲਾ ਬੀਤਣ ਤੋਂ ਬਾਅਦ ਖੋਜੇ।

ਇਸਦਾ ਇਲਾਜ ਬਾਹਰਲੇ ਮੁਲਕਾਂ ਵਿੱਚ ਵੀ ਸੰਭਵ ਨਹੀਂ ਹੈ ਪਰ ਮੁੱਢਲੀ ਪਛਾਣ ਤੇ ਸਿਹਤ ਯਾਬੀ ਜਾਂ ਸਹਿਕਦੇ ਸਹਿਮੇਂ ਹੋਏ ਉਮਰ ਵਧਾਈ ਜਾ ਸਕਦੀ ਹੈ। ਕੇਂਦਰ ਅਤੇ ਰਾਜ਼ ਸਰਕਾਰਾ ਇਸ ਵਿਸ਼ੇ ਤੇ ਗੰਭੀਰ ਹਨ। ਪਰ ਮੁਕੰਮਲ ਇਲਾਜ ਲੱਭਣ ਲਈ ਅਸਮਰੱਥ ਹਨ। ਭਾਰਤ ਸਰਕਾਰ ਨੇ ਪੰਜਾਬ ਵਿੱਚ ਕੈਂਸਰ ਨਾਲ ਸਬੰਧਤ ਕਈ ਪ੍ਰਜੈਕਟ ਦਿੱਤੇ ਹਨ। ਆਮ ਤੌਰ ਤੇ ਇਸ ਬਿਮਾਰੀ ਦਾ ਨਾਂ ਹੀ ਮਾੜਾ ਮੰਨਿਆ ਜਾਂਦਾ ਹੈ ਪਤਾ ਲੱਗਣ ਤੇ ਦਹਿਲ ਅਤੇ ਇਲਾਜ ਨਾਲ ਹੀ ਬੰਦਾ ਮਾਰਿਆ ਜਾਂਦਾ ਹੈ। ਸਾਡੇ ਦੇਸ਼ ਵਿੱਚ ਇਸਦੇ ਭਵਿੱਖੀ ਅਸਰ, ਅਲਾਮਤਾਂ ਅਤੇ ਸੁਨਾਮੀ ਰੋਕਣ ਲਈ ਬੇਹੱਦ ਉਪਰਾਲਿਆ ਦੀ ਜ਼ਰੂਰਤ ਹੈ। ਇਸ ਲਈ ਪਾਣ ਪੀਣ, ਜੀਵਨ ਜੀਉਣ ਦੀ ਜਾਂਚ ਅਤੇ ਮੈਡੀਕਲ ਪੁਣਛਾਣ ਦੀ ਦੇਸ਼ ਵਾਸੀਆਂ ਨੂੰ ਖਾਸ ਜ਼ਰੂਰਤ ਹੈ। ਪਰਮਾਤਮਾ ਭਲਾ ਕਰੇ।

# ਇਟਲੀ ਦੇ ਅਪ੍ਰੀਲੀਆ ਸ਼ਹਿਰ 'ਚ ਔਰਤ ਦਿਵਸ ਨੂੰ ਸਮਰਪਿਤ ਕਰਵਾਇਆ ਵੱਖ-ਵੱਖ ਦੇਸ਼ਾਂ ਦੇ ਸੱਭਿਆਚਾਰਕ ਪਹਿਰਾਵੇ ਦਾ ਵਿਸ਼ੇਸ਼ ਪ੍ਰੋਗਰਾਮ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)- ਲਾਸੀਓ ਸੂਬੇ ਦਾ ਪ੍ਰਸਿੱਧ ਸ਼ਹਿਰ ਅਪ੍ਰੀਲੀਆ ਵਿਖੇ ਆਏ ਦਿਨ ਵਿਖੇ ਨਗਰ ਕੌਂਸਲ (ਕਮੂਨਾ) ਅਤੇ ਵੱਖ-ਵੱਖ ਸੰਸਥਾਵਾਂ ਵਲੋਂ ਸਾਂਝੇ ਤੌਰ ਤੇ ਅੰਤਰਰਾਸ਼ਟਰੀ ਰਾਸ਼ਟਰੀ ਔਰਤ ਦਿਵਸ ਨੂੰ ਸਮਰਪਿਤ ਵੱਖ-ਵੱਖ ਦੇਸ਼ਾਂ ਦੀਆਂ ਔਰਤਾਂ ਜੋ ਕਿ ਇਸ ਸ਼ਹਿਰ ਦੇ ਵਸਨੀਕ ਹਨ ਉਨ੍ਹਾਂ ਦੇ ਪਿਛੋਕੜ ਦੇਸ਼ਾਂ ਦੇ ਸੱਭਿਆਚਾਰ ਤੇ ਪਹਿਰਾਵੇ ਨੂੰ ਸਮਰਪਿਤ ਇੱਕ ਔਰਤਾਂ ਲਈ ਪ੍ਰੋਗਰਾਮ ਕਰਵਾਇਆ ਗਿਆ ਜਿਸ 14 ਦੇਸ਼ਾਂ ਦੀਆਂ ਮਹਿਲਾਵਾਂ ਨੇ ਭਾਗ ਲਿਆ ਤੇ ਜਿਨ੍ਹਾਂ ਵਿੱਚ ਬੋਲਵੀਨੀਅਨ ਪਹਿਰਾਵਾ, ਕੰਲੋਬੀਆ, ਮੈਕਸੀਕਨ, ਪੰਜਾਬੀ (ਭਾਰਤੀ) ਟਿਊਨੀਸ਼ੀਅਨ, ਮਰੋਕੋ, ਅਲਜੀਰੀਅਨ, ਜਾਰਡਨ, ਫਲਸਤੀਨੀ, ਸਰਦੈਨੀਆ (ਇਟਲੀ), ਅਫਰੀਕੀਅ , ਮਿਸ਼ਰ, ਗਿਨੀ (ਗਾਨਾ) ਅਤੇ ਰੋਮਾਨੀਅਨ ਆਦਿ ਦੇਸ਼ਾਂ ਦੇ ਪਹਿਰਾਵੇ ਤੇ ਸੰਗੀਤ ਦਾ ਅਗਾਜ਼ ਕੀਤਾ ਗਿਆ। ਇਸ ਮੌਕੇ ਭਾਰਤੀ ਭਾਈਚਾਰੇ ਦੇ ਪੰਜਾਬੀ ਪਹਿਰਾਵੇ ਲਈ ਪੰਜਾਬੀ ਮੁਟਿਆਰਾਂ ਵੱਲੋਂ ਪੰਜਾਬੀ ਤੇ ਭਾਰਤੀ ਸੱਭਿਆਚਾਰ ਨੂੰ ਸਮਰਪਿਤ ਸੂਟ ਤੇ ਸਾੜ੍ਹੀ ਪਹਿਨ ਕੇ ਇਸ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ ਗਈ ਤੇ ਵੱਖ-ਵੱਖ ਦੇਸ਼ਾਂ ਦੇ ਕਲਚਰਲ ਸੰਗੀਤ ਦੀਆਂ ਧੁਨ੍ਹਾ ਵੀ ਵਿਸ਼ੇਸ਼ ਤੌਰ ਤੇ ਚਲਾਈਆਂ ਗਈਆਂ। ਪੰਜਾਬੀ ਮੁਟਿਆਰਾਂ ਵੱਲੋਂ ਵਿਸ਼ੇਸ਼ ਤੌਰ ਫੁਲਕਾਰੀਆਂ ਪਹਿਨ ਕੇ ਢੋਲ ਦੇ ਡੱਗੇ ਤੇ ਗਿੱਧਾ ਪਾ ਕੇ ਦੂਜੇ ਦੇਸ਼ਾਂ ਦੀਆਂ ਔਰਤਾਂ ਨੂੰ ਨੱਚਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਭਾਰਤੀ ਭਾਈਚਾਰੇ ਦੀ ਅਗਵਾਈ ਕਰਨ ਵਾਲੇ ਮਾਸਟਰ ਦਵਿੰਦਰ ਸਿੰਘ ਮੋਹੀ ਨੇ ਕਿਹਾ ਕਿ ਅਸੀਂ ਧੰਨਵਾਦੀ ਹਾਂ ਨਗਰ ਕੌਂਸਲ ਅਪ੍ਰੀਲੀਆ ਤੇ ਵੱਖ-ਵੱਖ ਸੰਸਥਾਵਾਂ ਵਲੋਂ ਵੱਖ-ਵੱਖ ਭਾਈਚਾਰਿਆਂ ਦੇ ਸੱਭਿਆਚਾਰ ਅਤੇ



ਕਲਚਰਲ ਪ੍ਰੋਗਰਾਮ ਕਰਵਾ ਕੇ ਏਕਤਾ ਦਾ ਸੰਦੇਸ਼ ਦੇ ਰਹੇ ਹਨ। ਉਨ੍ਹਾਂ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੀਆਂ ਭਾਰਤੀ ਮਹਿਲਾਵਾਂ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ।

ਜਿਕਰਯੋਗ ਹੈ ਕਿ ਨਗਰ ਕੌਂਸਲ ਅਪ੍ਰੀਲੀਆ ਹਰ ਸਾਲ ਵੱਖ-ਵੱਖ ਸੰਸਥਾਵਾਂ ਨਾਲ ਮਿਲ ਕੇ ਵੱਖ-ਵੱਖ ਤਰ੍ਹਾਂ ਦੇ ਸੱਭਿਆਚਾਰਕ ਤੇ ਕਲਚਰਲ ਸਮਾਗਮ ਕਰਵਾਉਣ ਦੀ ਸੇਵਾ ਨਿਭਾ ਰਿਹਾ।

ਦੱਸਣਯੋਗ ਹੈ ਕਿ ਇਸ ਸ਼ਹਿਰ ਵਿੱਚ ਵੱਖ-ਵੱਖ ਭਾਈਚਾਰਿਆਂ ਦੇ ਬੱਚਿਆਂ ਲਈ ਵਿਸ਼ੇਸ਼ ਤੌਰ ਤੇ ਉਨ੍ਹਾਂ ਦੀ ਮਾਂ ਬੋਲੀ ਦੀਆਂ ਕਲਾਸਾਂ ਵੀ ਚਲਾਈਆਂ ਜਾ ਰਹੀਆਂ ਹਨ ਤਾਂ ਜੋ ਬੱਚਿਆਂ ਇਟਾਲੀਅਨ ਭਾਸ਼ਾ ਦੇ ਨਾਲ- ਨਾਲ ਆਪਣੇ ਦੇਸ਼ਾਂ ਦੀ ਮਾਂ ਬੋਲੀ ਨਾਲ ਵੀ ਜੁੜੇ ਰਹਿਣ। ਜੋ ਕਿ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਦੂਜੇ ਪਾਸੇ ਸੰਸਥਾਵਾਂ ਦੇ ਆਗੂਆਂ ਵਲੋਂ ਸੰਬੋਧਨ ਕਰਦਿਆਂ ਕਿਹਾ ਕਿ ਔਰਤਾਂ ਨੂੰ ਸਮਾਜ ਵਿੱਚ ਵਿਸ਼ੇਸ਼ ਦਰਜਾ ਦੇਣਾ ਹਰ ਇੱਕ ਦਾ ਫਰਜ਼ ਹੈ। ਕਿਉਂਕਿ ਅੱਜ ਦੇ ਦੌਰ ਵਿੱਚ ਔਰਤਾਂ ਮਰਦਾਂ ਨਾਲੋਂ ਘੱਟ ਨਹੀਂ ਹਨ ਤੇ ਅੱਜ ਦੀਆਂ ਮਹਿਲਾਵਾਂ ਹਰ ਖੇਤਰ ਵਿੱਚ ਆਪਣੇ ਮਾਪਿਆਂ ਤੇ ਦੇਸ਼ ਦਾ ਨਾਮ ਰੌਸ਼ਨ ਕਰਦੀਆਂ ਆ ਰਹੀਆਂ ਹਨ।

# ਗੁੱਜਰਖਾਨ ਕੈਂਪਸ ਵਿਚ ਸਟੱਡੀ ਸਰਕਲ ਵਲੋਂ ਹੋਲੇ ਮੁਹੱਲੇ ਸਮੇਂ ਖੇਡਾਂ, ਵਿਰਾਸਤੀ ਗੱਤਕਾ ਅਤੇ ਵਿਚਾਰਾਂ ਸਨਮਾਨਾਂ ਦਾ ਆਯੋਜਨ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਲੁਧਿਆਣਾ ਜ਼ੋਨ ਦੇ ਮਾਡਲ ਟਾਊਨ ਖੇਤਰ ਵਿਚ ਅੱਜ ਹਰ ਸਾਲ ਦੀ ਤਰ੍ਹਾਂ ਗੁਰੂ ਨਾਨਕ ਖਾਲਸਾ ਸੀ. ਸੈ. ਸਕੂਲ, ਗੁੱਜਰਖਾਨ ਕੈਂਪਸ, ਲੁਧਿਆਣਾ ਵਿਚ ਹੋਲਾ ਮਹੱਲਾ ਤੇ ਖੇਡ ਪ੍ਰਦਰਸ਼ਨੀ ਦਾ ਆਯੋਜਨ ਹੋਇਆ। ਮਾਡਲ ਟਾਊਨ ਐਕਸ: ਦੇ ਸਟੱਡੀ ਸਰਕਲ ਕੰਪਲੈਕਸ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਅਤੇ ਬਾਬਾ ਦੀਪ ਸਿੰਘ ਚੌਕ ਤੋਂ ਹੋਲਾ ਮਹੱਲਾ ਨਗਰ ਕੀਰਤਨ ਆਰੰਭ ਹੋਇਆ ਜਿਸ ਵਿਚ ਮੋਹਰੀ ਨਗਾਰਾ, ਪੰਜ ਪਿਆਰੇ, ਪਾਈਪ ਬੈਂਡ, ਸ਼ਬਦੀ ਜੱਥਾ, ਐਥਲੀਟਾਂ ਤੇ ਖਿਡਾਰੀਆਂ ਦੀ ਟੀਮ ਅਤੇ ਮਿਸ਼ਨਰੀ ਸੇਵਕਾਂ ਅਤੇ ਸਟੱਡੀ ਸਰਕਲ ਦੇ ਸੇਵਾਦਾਰਾਂ ਦਾ ਉਤਸ਼ਾਹ ਭਰਿਆ ਕਾਫਲਾ ਗੁੱਜਰਖਾਨ ਕੈਂਪਸ ਵਿਚ ਪਹੁੰਚਿਆ। ਹਾਰਦਿਕ ਸਵਾਗਤ ਉਪਰੰਤ ਨਿਸ਼ਾਨ ਸਾਹਿਬ ਲਹਿਰਾਇਆ ਗਿਆ। ਭਾਈ ਸਮੁੰਦ ਸਿੰਘ ਸੰਗੀਤ ਇੰਸਟੀਚਿਊਟ ਦੇ ਵਿਦਿਆਰਥੀਆਂ "ਦੇਹਿ ਸ਼ਿਵਾ ਬਰ ਮੋਹਿ ਇਹੈ" ਸ਼ਬਦ ਗਾਇਣ ਕੀਤਾ। ਗੁਰਦੁਆਰਾ ਸ਼ਹੀਦਾਂ ਦੇ ਪ੍ਰਧਾਨ ਜਸਜੀਤ ਸਿੰਘ, ਸ: ਗੁਰਮੀਤ ਸਿੰਘ ਸਲੂਜਾ ਪ੍ਰਧਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਹਰਨਾਮ ਨਗਰ ਆਪਣੀਆਂ ਟੀਮਾਂ ਸੰਗ ਹਾਜ਼ਰ ਸਨ। ਜਨਰਲ ਸਕੱਤਰ ਸ: ਇਕਬਾਲ ਸਿੰਘ ਹੁਰਾਂ ਨਿਸ਼ਾਨ ਸਾਹਿਬ ਦੇ ਇਤਿਹਾਸ ਤੋਂ ਬਾਖੂਬੀ ਜਾਣੂ ਕਰਵਾਇਆ। ਸ: ਅਮਰਜੀਤ ਸਿੰਘ ਟੈਕਸਲਾ, ਸ: ਜਸਪਾਲ ਸਿੰਘ ਪਿੰਕੀ, ਪ੍ਰੋ; ਕੁਲਵਿੰਦਰ ਸਿੰਘ, ਸ: ਹਰਵਿੰਦਰ ਸਿੰਘ, ਸ: ਅਮਨਪ੍ਰੀਤ ਸਿੰਘ, ਸ: ਗੁਰਨਾਮ ਸਿੰਘ, ਸ: ਮਨਮੋਹਣ ਸਿੰਘ ਤੇ ਹੋਰਨਾਂ ਦੀ ਪ੍ਰੰਬਧਨ ਟੀਮ ਦੀ ਕਮਾਲ ਦੇਖਦਿਆਂ ਹੀ ਬਣਦੀ ਸੀ। ਗੱਤਕਾ ਟੀਮ ਵਿਸ਼ੇਸ਼ ਤੌਰ ਤੇ ਆਈ ਸੀ ਜਿਸਨੇ ਲੁਧਿਆਣਾ ਕਾਰਪੋਰੇਸ਼ਨ ਦੇ ਮੇਅਰ ਡਾ:









ਪ੍ਰਿੰਸੀਪਲ ਇੰਦਰਜੀਤ ਕੌਰ ਦੀ ਆਮਦ ਸਮੇਂ ਕਮਾਲ ਦੇ ਜੌਹਰ ਦਿਖਾਏ। ਸ: ਜਸਪਾਲ ਸਿੰਘ ਪਿੰਕੀ ਹੁਰਾਂ ਸਵਾਗਤੀ ਸ਼ਬਦ ਕਹਿੰਦੇ ਹੋਏ ਦੱਸਿਆ ਕਿ ਤਲਵੰਡੀ ਕਲਾਂ (ਨੇੜੇ ਸਤਲੁਜ ਪੁੱਲ) ਪਿੰਡ ਤੋਂ ਸਿੰਮੀ ਕੌਰ ਦੀ ਅਗਵਾਈ ਵਿਚ ਬੱਚੀਆਂ ਨੂੰ ਡਿਜ਼ੀਟਲ ਸਿਖਲਾਈ ਅਤੇ ਸਿਲਾਈ ਕਢਾਈ ਸੈਂਟਰ ਸਥਾਪਤ ਕੀਤਾ ਗਿਆ ਹੈ।ਸ: ਜਸਪਾਲ ਸਿੰਘ ਕੋਚ ਜ਼ੋਨਲ ਸਕੱਤਰ ਹੁਰਾਂ ਸਵਾਗਤ ਕਰਦਿਆਂ ਦੱਸਿਆ ਕਿ ਲੁਧਿਆਣਾ ਵਿਚ ਪੰਜ ਥਾਵਾਂ ਤੇ ਹੋਲਾ ਮਹੱਲਾ ਖੇਡਾਂ ਕਰਵਾਈਆ ਜਾ ਰਹੀਆਂ ਹਨ। ਚੀਫ਼ ਆਰਗੇਨਾਈਜਰ ਸਟੱਡੀ ਸਰਕਲ ਸ: ਬਰਜਿੰਦਰਪਾਲ ਸਿੰਘ ਲਖਨਊ, ਰਿਟਾ: ਚੀਫ਼ ਕੋਚ ਕਬੱਡੀ (ਸੋਈ) ਉਚੇਚੇ ਤੌਰ ਤੇ ਪੁੱਜੇ ਸਨ, ਉਨ੍ਹਾਂ ਨੇ ਪ੍ਰਹਿਲਾਦ ਦੀ ਤਰ੍ਹਾਂ ਪ੍ਰੇਮ ਨਾਲ ਨਿਰਭਉ ਨਿਰਵੈਰ ਹੋ ਕੇ ਉਸਾਰੂ ਹੋਣ ਲਈ ਪ੍ਰੇਰਿਤ ਕੀਤਾ। ਡਾ: ਬਲਵਿੰਦਰਪਾਲ ਸਿੰਘ ਹੁਰਾਂ ਵੀ ਸਵਾਗਤੀ ਸ਼ਬਦ ਦੇ ਨਾਲ ਹੋਲੇ ਮਹੱਲੇ ਦੀ ਮਹਾਨਤਾ ਬਾਰੇ ਜਾਣੂ ਕਰਵਾਇਆ।

ਆਪਣੇ ਮੁੱਖ ਭਾਸ਼ਣ ਵਿਚ ਡਾ: ਇੰਦਰਜੀਤ ਕੌਰ ਹੁਰਾਂ ਉਪਰਾਲੇ ਦੀ ਸ਼ਲਾਘਾ ਕਰਦਿਆਂ ਭਰੋਸਾ ਦਿਵਾਇਆ ਕਿ ਨਵੀਂ ਪੀੜੀ ਦੇ ਉਭਾਰ ਦੇ ਲਈ ਉਹ ਹਰ ਤਰ੍ਹਾਂ ਦਾ ਸਹਿਯੋਗ ਦੇਣਗੇ। ਉਹਨਾਂ ਆਸ ਪ੍ਰਗਟ ਕੀਤੀ ਕਿ ਸਮਾਜ ਉਥਾਨ ਅਤੇ ਲੁਧਿਆਣੇ ਸ਼ਹਿਰ ਦੇ ਵਿਕਾਸ ਵਿਚ ਲੋਕ ਵੀ ਭਰਪੂਰ ਯੋਗਦਾਨ ਦੇਣਗੇ। ਖੇਡਾਂ ਵਿਚ ਤਕਰੀਬਨ 1000 ਬੱਚਿਆਂ, ਬੱਚੀਆਂ, ਨੌਜਵਾਨਾਂ, ਇਸਤਰੀਆਂ ਅਤੇ ਖਿਡਾਰੀਆਂ ਨੇ ਬਹੁਭਾਂਤੀ ਮੁਕਾਬਲਿਆਂ ਵਿਚ ਮੈਡਲ ਅਤੇ ਹੋਰ ਇਨਾਮ ਜਿੱਤੇ। ਸ: ਜਤਿੰਦਰਪਾਲ ਸਿੰਘ ਸਾਬਕਾ ਚੇਅਰਮੈਨ ਹੁਰਾਂ ਨਵੇਂ ਨਾਨਕਸ਼ਾਹੀ ਵਰ੍ਹੇ ਦੀ ਆਮਦ ਦੀ ਅਤੇ ਹੋਲੀ-ਹੋਲੇ ਮੁਹੱਲੇ ਦੀ ਵਧਾਈ ਦਿੱਤੀ। ਉਨ੍ਹਾਂ ਪੰਜਾਬੀ ਭਾਸ਼ਾ ਦੇ ਵਿਕਾਸ ਵਿਸਥਾਰ ਲਈ ਪ੍ਰੇਰਿਤ ਕੀਤਾ। ਸ: ਉਪਕਾਰ ਸਿੰਘ ਚੇਅਰਮੈਨ ਸੀਸੂ ਹੁਰਾਂ ਬੱਚਿਆਂ ਲਈ ਬਹੁਤ ਆਕਰਸ਼ਕ ਇਨਾਮ ਦਿੱਤੇ ਅਤੇ ਮੇਅਰ ਹੁਰਾਂ ਨੂੰ ਸਵਾਗਤੀ ਸ਼ਬਦ ਕਹੇ। ਤੇਜਵਿੰਦਰ ਸਿੰਘ ਬਿੱਗ ਬੈਨ ਹੁਰਾਂ ਵੀ ਸਵਾਗਤੀ ਸ਼ਬਦ ਕਹੇ ਅਤੇ ਖੇਡਾਂ ਦੇ ਸਮਾਗਮ ਦੀ ਸ਼ਲਾਘਾ ਕੀਤੀ। ਸਾਬਕਾ ਕੈਬਨਿਟ ਮੰਤਰੀ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਲੁਧਿਆਣਾ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ: ਮਹੇਸ਼ਇੰਦਰ ਸਿੰਘ ਗਰੇਵਾਲ ਹੁਰਾਂ ਇਤਿਹਾਸ ਦੇ ਨਾਲ ਬੱਚਿਆਂ ਨੂੰ ਜਾਣੂ ਕਰਵਾਉਣ ਤੇ ਜ਼ੋਰ ਦਿੱਤਾ। ਉਹਨਾਂ ਸੁਝਾਅ ਦਿੱਤਾ ਕਿ ਬੱਚਿਆਂ ਨੂੰ ਇੰਨੀ ਸਿਖਲਾਈ ਦਿਓ ਕਿ ਉਹ ਸੱਤ-ਅੱਠ ਸਾਲ ਦਾ ਆਪਣੇ ਆਪ ਅੰਮ੍ਰਿਤ ਛੱਕਣ ਲਈ ਕਹੇ।

ਇਸ ਸਮੇਂ ਫਤਿਹ ਟੀ. ਵੀ. ਦੇ ਮੈਨੇਜਿੰਗ ਡਾਇਰੈਕਟਰ ਸ: ਰਾਜਵੰਤ ਸਿੰਘ ਵੋਹਰਾ ਉਚੇਚੇ ਤੌਰ ਤੇ ਸ਼ਾਮਲ ਹੋਏ। ਉਹਨਾਂ ਦੇ ਨਾਲ ਪੱਤਰਕਾਰ ਸ: ਰਣਜੀਤ ਸਿੰਘ ਖਾਲਸਾ ਆਪਣੀ ਟੀਮ ਨਾਲ ਹਾਜ਼ਰ ਸਨ।ਸ: ਰਾਜਵੰਤ ਸਿੰਘ ਹੁਰਾਂ ਨੇ ਸਮਾਗਮ ਦੀ ਸ਼ਲਾਘਾ ਕੀਤੀ ਅਤੇ ਜੇਤੂਆਂ ਨੂੰ ਮੈਡਲ ਪਹਿਨਾਏ। ਸਟੱਡੀ ਸਰਕਲ ਦੇ ਵੀਰਾਂ ਵਲੋਂ ਉਹਨਾਂ ਦਾ ਉਚੇਚੇ ਤੌਰ ਤੇ ਸਨਮਾਨ ਕੀਤਾ ਗਿਆ।ਇਸ ਮੌਕੇ ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਬੱਚੀਆਂ ਨੂੰ ਸਿਲਾਈ-ਕਢਾਈ ਦੀ ਸਿਖਲਾਈ ਦੇਣ ਲਈ ਮੇਅਰ ਸਾਹਿਬ ਵਲੋਂ ਸ: ਸੁਰਜੀਤ ਸਿੰਘ ਮੰਗਾ ਕਿਸਾਨ ਆਗੂ ਅਤੇ ਪ੍ਰਧਾਨ ਗੁਰਦੁਆਰਾ ਪਿੰਡ ਤਲਵੰਡੀ ਕਲਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਸਮੇਂ ਮਾਡਲ ਟਾਊਨ ਐਕਸ: ਇਸਤਰੀ ਸਤਿਸੰਗ ਤੋਂ ਮਾਤਾ ਜਸਬੀਰ ਕੌਰ ਜੀ, ਮਾਡਲ ਹਾਊਸ ਤੋਂ ਬੀਬੀ ਅਮਰਜੀਤ ਕੌਰ ਰਾਣੋ ਅਤੇ ਚੌਪਈ ਸਾਹਿਬ ਸੁਸਾਇਟੀ ਤੋਂ ਬੀਬੀ ਜਸਬੀਰ ਕੌਰ ਆਪਣੇ ਜੱਥੇ ਨਾਲ ਸ਼ਾਮਲ ਹੋਏ।ਮਾਡਲ ਐਕਸ: ਏ-ਬਲਾਕ ਵੈਲਫੇਅਰ ਤੋਂ ਸ: ਇਕਬਾਲ ਸਿੰਘ ਖੁਰਾਣਾ, ਸ: ਗੁਰਦੀਪ ਸਿਘ ਡੀ-ਮਾਰਟੇ ਅਤੇ ਕਥੂਰੀਆ ਸਾਹਿਬ ਹਾਜ਼ਰ ਹੋਏ ਅਤੇ ਬੀ-ਬਲਾਕ ਤੋਂ ਸ: ਜਸਬੀਰ ਸਿੰਘ ਜੀ ਹਾਜ਼ਰ ਹੋਏ ਸਨ।